*Published in Punjabi & English*
Distributed in Toronto, Calgary, Vancouver, Winnipeg and Online Worldwide.
Sarokaran Di Awaz
Voice of Social Concerns
Pro-People Arts Project Media Group
# ਸਰੋਕਾਰਾਂ ਦੀ ਆਵਾਜ਼
Email: ppapmg@gmail.com | ਸਾਲ- 11, ਅੰਕ-12, ਦਸੰਬਰ 2021 | Website: www.ppapmg.com
HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

## ਇਸ ਅੰਕ 'ਚ

ਪੂੰਜੀਵਾਦ ਬਨਾਮ ਧਰਤੀ ਦੀ ਹੋਂਦ/2
ਕਿਸਾਨਾਂ ਦੀ ਇਤਿਹਾਸਕ ਜਿੱਤ ਲਈ ਕੈਨੇਡਾ 'ਚ ਵੀ ਜਸ਼ਨ ਮਨਾਏ ਗਏ/3
ਖਾਲਿਸਤਾਨ ਦੀ ਸਾਜ਼ਿਸ਼, ਸਿੱਖਾਂ ਨਾਲ਼ ਵਿਤਕਰੇ ਦਾ ਬਿਰਤਾਂਤ ਅਤੇ ਵੀਹਵੀਂ ਸਦੀ ਦੀ ਸਿੱਖ ਲੀਡਰਸ਼ਿਪ !/4
ਆਤਿਸ਼ਬਾਜ਼ੀ ਦਾ ਇਤਿਹਾਸ/6
ਤ੍ਰਿਪੁਰਾ ਸੜ ਰਿਹਾ ਹੈ : ਭਾਜਪਾ ਦੀ ਫਿਰਕੂ ਹਿੰਸਕ ਖੇਡ ਤੋਂ ਚੌਕਸ ਹੋਵੋ/10
ਰਾਜਕੀ ਦਹਿਸ਼ਤਵਾਦ ਅਤੇ ਆਲੋਚਕ ਆਵਾਜ਼ਾਂ ਅੱਗੇ ਨਵੀਂਆਂ ਚੁਣੌਤੀਆਂ/12
ਭਾਰਤੀ ਨਿਆਂ ਪ੍ਰਬੰਧ ਦਾ ਜਮਾਤੀ ਖਾਸਾ/13
ਕੋਵਿਡ-19 ਮਹਾਂਮਾਰੀ ਦੌਰਾਨ ਭਾਰਤੀ ਹਾਕਮ ਕੈਹਿਰਵਾਨ ਸਾਬਤ ਹੋਏ !/18
ਗਾਉਂਦਾ ਤੁਰ ਗਿਆ ਸੁਖਮਿੰਦਰ ਰਾਮਪੁਰੀ/20
ਕਿਸਾਨ-ਸੰਘਰਸ਼ ਬਨਾਮ ਸਮਾਜਿਕ ਚੇਤਨਾ ਲਹਿਰ/22
ਕਿਸਾਨ ਅੰਦੋਲਨ ਦਾ ਮਾਣ - ਅਮਰੀਕਾ ਦਾ ਡਾ. ਸਵੈਮਾਣ ਸਿੰਘ ਪੱਖੋਕੇ/26
ਬੁੱਧ ਭ੍ਰਿਸ਼ਟ ਕਰ ਰਿਹਾ ਫੇਸਬੁੱਕੀ ਪ੍ਰੇਤ/36

# ਮਹਾਂਅੰਦੋਲਨ, ਕਾਨੂੰਨ ਵਾਪਸੀ ਅਤੇ ਭਵਿੱਖੀ ਚੁਣੌਤੀਆਂ






**ਬੂਟਾ ਸਿੰਘ ਨਵਾਂਸ਼ਹਿਰ**

ਆਖ਼ਿਰਕਾਰ 29 ਨਵੰਬਰ 2021 ਨੂੰ ਆਰ.ਐੱਸਐੱਸ-ਬੀ.ਜੇ.ਪੀ. ਹਕੂਮਤ ਵੱਲੋਂ ਉਸੇ ਲੋਕ-ਸਭਾ ਅਤੇ ਰਾਜ ਸਭਾ ਵਿਚ ਵਿਸ਼ੇਸ਼ ਬਿੱਲ ਪੇਸ਼ ਕਰਕੇ ਅਤੇ ਜ਼ਬਾਨੀ ਵੋਟ ਰਾਹੀਂ ਇਹ ਬਿੱਲ ਪਾਸ ਕਰਵਾ ਕੇ ਤਿੰਨੋਂ ਕਾਲੇ ਕਾਨੂੰਨ ਵਾਪਸ ਲੈ ਲਏ ਗਏ ਜਿਨ੍ਹਾਂ ਸਦਨਾਂ ਨੇ ਸਤੰਬਰ 2020 'ਚ ਇਹ ਕਾਨੂੰਨ ਪਾਸ ਕੀਤੇ ਸਨ। ਇੰਞ, ਮਹਾਂਅੰਦੋਲਨ ਦੀ ਇਕ ਮੁੱਖ ਮੰਗ ਪੂਰੀ ਹੋ ਗਈ, ਜਿਸ ਬਾਰੇ ਐਲਾਨ ਨਰਿੰਦਰ ਮੋਦੀ ਨੇ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਵਸ ਦੇ ਮੌਕੇ 'ਤੇ ਆਪਣੇ 'ਮਾਸਟਰ ਸਟਰੋਕ' ਅੰਦਾਜ਼ 'ਚ ਟੀ.ਵੀ. ਚੈਨਲਾਂ ਉੱਪਰ ਅਚਾਨਕ ਪ੍ਰਗਟ ਹੋ ਕੇ ਕੀਤਾ ਸੀ। ਇਖ਼ਲਾਕੀ ਤੌਰ 'ਤੇ ਤਾਂ ਕਿਸਾਨ ਸੰਘਰਸ਼ ਪਹਿਲੇ ਦਿਨ ਤੋਂ ਹੀ ਜਿੱਤ ਚੁੱਕਾ ਸੀ, ਸਿਰਫ਼ ਆਰ.ਐੱਸ.ਐੱਸ.-ਬੀ.ਜੇ.ਪੀ. ਹਕੂਮਤ ਵੱਲੋਂ ਤਮਾਮ ਕਪਟੀ ਚਾਲਾਂ 'ਚ ਅਸਫ਼ਲ ਰਹਿਣ ਤੋਂ ਬਾਦ ਆਪਣੀ ਹਾਰ ਮੰਨਣ ਦਾ ਰਸਮੀਂ ਐਲਾਨ ਕਰਨਾ ਬਾਕੀ ਸੀ ਜੋ ਹੁਣ ਕਰ ਦਿੱਤਾ ਗਿਆ ਹੈ। ਜਿਸ ਸ਼ਖ਼ਸ ਨੇ ਮਹਾਂਅੰਦੋਲਨ ਦੌਰਾਨ ਪੂਰਾ ਸਾਲ ਮੂੰਹ ਨਹੀਂ ਖੋਲ੍ਹਿਆ, ਜਦੋਂ ਖੋਲ੍ਹਿਆ ਤਾਂ ਕਿਸਾਨਾਂ ਨੂੰ "ਅੰਦੋਲਨਜੀਵੀ" ਯਾਨੀ ਪਰਜੀਵੀ ਕਹਿ ਕੇ ਭੰਡਣ ਲਈ; ਜਿਸ ਦਾ ਪੱਥਰ ਦਿਲ ਲਖੀਰਪੁਰ ਖੀਰੀ ਅਤੇ ਟੀਕਰੀ 'ਚ ਬੇਕਿਰਕੀ ਨਾਲ ਗੱਡੀਆਂ ਹੇਠ ਕੁਚਲਕੇ ਮਾਰ ਦਿੱਤੇ ਗਏ ਕਿਸਾਨਾਂ ਅਤੇ ਬੀਬੀਆਂ ਲਈ ਵੀ ਨਹੀਂ ਸੀ ਪਸੀਜਿਆ, ਉਸ ਨੇ ਮੁਲਕ ਤੋਂ ਮਾਫ਼ੀ ਤਾਂ ਮੰਗੀ ਪਰ ਉਨ੍ਹਾਂ ਮਹਾਂ ਪਾਪਾਂ ਦੀ ਨਹੀਂ ਜੋ ਉਸ ਦੀ ਹਕੂਮਤ ਨੇ ਪਿਛਲੇ ਇਕ ਸਾਲ 'ਚ ਇਸ ਮਹਾਂਅੰਦੋਲਨ ਵਿਰੁੱਧ ਕੀਤੇ ਸਨ। ਮਾਫ਼ੀ ਦਰਅਸਲ ਉਸ ਨੇ ਕਾਰਪੋਰੇਟ ਜੋਟੀਦਾਰਾਂ ਤੋਂ ਮੰਗੀ ਜਿਨ੍ਹਾਂ ਦੇ ਹਿਤਾਂ ਲਈ ਬਣਾਏ ਤਿੰਨ ਖੇਤੀ ਕਾਨੂੰਨ ਉਹ ਮੁਲਕ ਉੱਪਰ ਥੋਪਣ 'ਚ ਅਸਫ਼ਲ ਰਿਹਾ। ਅੰਦੋਲਨ 'ਚ ਸ਼ਹੀਦ ਹੋਏ 700 ਦੇ ਕਰੀਬ ਕਿਸਾਨਾਂ ਲਈ ਉਹ ਇਕ ਸ਼ਬਦ ਵੀ ਨਹੀਂ ਬੋਲਿਆ, ਜੋ ਅੰਦੋਲਨ ਪ੍ਰਤੀ ਉਸ ਦੀ ਹਕੂਮਤ ਦੇ ਅਤਿ ਬੇਕਿਰਕ ਰਵੱਈਏ ਕਾਰਨ ਬੇਵਕਤ ਹੀ ਇਸ ਦੁਨੀਆ ਤੋਂ ਤੁਰ ਗਏ। ਉਸ ਦੇ ਸੰਬੋਧਨ ਵਿਚ ਆਰ.ਐੱਸ.ਐੱਸ.-ਬੀ.ਜੇ.ਪੀ. ਦੇ ਮੰਤਰੀਆਂ, ਉਨ੍ਹਾਂ ਦੀ ਆਈ.ਟੀ. ਫ਼ੌਜ ਅਤੇ ਗੋਦੀ ਮੀਡੀਆ ਵੱਲੋਂ ਕੀਤੇ ਘਿਣਾਉਣੇ ਭੰਡੀ ਪ੍ਰਚਾਰ ਬਾਰੇ ਵੀ ਕੋਈ ਪਛਤਾਵਾ ਨਹੀਂ ਸੀ ਜੋ ਹੱਕ-ਸੱਚ ਦੀ ਲੜਾਈ ਲੜ ਰਹੇ ਕਿਸਾਨਾਂ ਨੂੰ ਖ਼ਾਲਸਤਾਨੀ, ਅੱਤਵਾਦੀ, ਦਿਹਾੜੀ 'ਤੇ ਲਿਆਂਦੇ ਨਕਲੀ ਕਿਸਾਨ, ਨਕਸਲੀ-ਮਾਓਵਾਦੀ ਆਦਿ ਨਾਂ ਦੇ ਕੇ ਭੰਡਦੇ ਰਹੇ। ਮੀਡੀਆ ਦਾ ਵੱਡਾ ਹਿੱਸਾ ਵੀ ਮਹਾਂਅੰਦੋਲਨ ਨੂੰ "ਦਹਿਸ਼ਤਵਾਦੀ" ਕਰਾਰ ਦੇ ਕੇ ਬਦਨਾਮ ਕਰਨ ਦੀ ਮੁਹਿੰਮ ਲਗਾਤਾਰ ਚਲਾਉਂਦਾ ਰਿਹਾ। ਇਹ ਮੀਡੀਆ ਦੀ ਭੂਮਿਕਾ ਤੋਂ ਪੂਰੀ ਤਰ੍ਹਾਂ ਉਲਟ ਸੀ, ਮੀਡੀਆ ਆਮ ਤੌਰ 'ਤੇ ਜਾਂ ਤਾਂ ਹਕੂਮਤ ਵਿਰੋਧੀ ਅੰਦੋਲਨਾਂ ਦੇ ਪੱਖ ਦੀ ਗੱਲ ਕਰਦਾ ਹੈ ਜਾਂ ਘੱਟੋਘੱਟ ਨਿਰਪੱਖ ਰਹਿ ਕੇ ਰਿਪੋਰਟਿੰਗ ਕਰਦਾ ਹੈ।

ਮੋਦੀ ਅਤੇ ਆਰ.ਐੱਸ.ਐੱਸ.-ਬੀ.ਜੇ.ਪੀ. ਅਜੇ ਵੀ ਨਿਹਾਇਤ ਬੇਸ਼ਰਮੀ ਨਾਲ ਬਜ਼ਿੱਦ ਹਨ ਕਿ ਉਨ੍ਹਾਂ ਦੇ ਲਿਆਂਦੇ ਖੇਤੀ ਕਾਨੂੰਨ ਕਿਸਾਨਾਂ ਦੀ ਬਿਹਤਰੀ ਲਈ ਸਨ, ਉਨ੍ਹਾਂ ਵਿਚ ਕੁਛ ਵੀ 'ਕਾਲਾ' ਨਹੀਂ। ਇਸੇ ਹਕੂਮਤ ਨੇ ਜਨਵਰੀ 2020 'ਚ ਸੁਪਰੀਮ ਕੋਰਟ 'ਚ ਹਲਫ਼ਨਾਮਾ ਦੇ ਕੇ ਕਾਨੂੰਨਾਂ ਨੂੰ ਵਾਪਸ ਲੈਣ


(ਬਾਕੀ ਸਫ਼ਾ 16 'ਤੇ)

CONGRATULATIONS
TEAM OVER 750 REALTORS
HomeLife Silvercity Realty Inc., Brokerage
905-913-8500
11775 Bramalea Rd # 201, Brampton
GARCHA BROTHERS

Call for your home BUYING & SELLING needs
BALJINDER SANGHA
REALTOR
(Certified Condominium Specialist)
403-680-3212
baljindersangha@urban-realty.ca
REALTOR MLS urban Real Estate Services Ltd.



ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance • Home Insurance • Life Insurance • Critical illness • Disability Insurance • Car Loans • Business Insurance
SAVE UPTO 30%
• ਕਾਰ ਇੰਸ਼ੋਰੈਂਸ • ਹੋਮ ਇੰਸ਼ੋਰੈਂਸ • ਲਾਈਫ ਇੰਸ਼ੋਰੈਂਸ • ਕਰਿਟੀਕਲ ਇਲਨੈਸ ਇੰਸ਼ੋਰੈਂਸ • ਡਿਸਅਬਿਲਿਟੀ ਇੰਸ਼ੋਰੈਂਸ • ਕਾਰ ਲੋਨ • ਬਿਜਨਸ ਇੰਸ਼ੋਰੈਂਸ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
210 - 2323 32 Ave NE Calgary AB T2E 6Z3



For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com

Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
Ph : 604-240-8002
or : 604-250-3834
3822 Marine Way
Burnaby, B.C. V5J 3H4

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana
416.910.9000
Sandeep Ahuja
416.660.1010

# ਪੂੰਜੀਵਾਦ ਬਨਾਮ ਧਰਤੀ ਦੀ ਹੋਂਦ



ਹਰੀਪਾਲ
403-714-4816

ਪੂੰਜੀਵਾਦ ਤਾਂ ਖ਼ਤਰਨਾਕ ਹੈ ਹੀ ਪਰ ਪੂੰਜੀਵਾਦੀ ਸੋਚ ਜਿਹੜੀ ਆਮ ਲੋਕਾਂ ਦੇ ਦਿਮਾਗ ਵਿੱਚ ਘਰ ਕਰ ਗਈ ਹੈ , ਇਸਤੋਂ ਵੀ ਵੱਧ ਖਤਰਨਾਕ ਹੈ। ਅਸੀਂ ਇਹੋ ਜਿਹੇ ਸਮੇਂ ਵਿੱਚ ਜੀਅ ਰਹੇ ਹਾਂ ਜਦ ਕੋਈ ਕਿਸੇ ਤੇ ਇਤਬਾਰ ਨਹੀਂ ਕਰ ਸਕਦਾ ਜਾਂ ਕਹੀਏ ਕਿ ਇਹ ਬੇਇਤਬਾਰੀ ਦਾ ਯੁਗ ਹੈ , ਹਾਲਤ ਇਹ ਹੋ ਗਏ ਹਨ ਕਿ ਰਿਸ਼ਤਿਆਂ ਦਾ ਗੂਹੜਾਪਣ ਪਤਲਾ ਪੈ ਗਿਆ ਹੈ । ਬਾਹਰ ਨੂੰ ਜਾਣ ਵਾਲ਼ਾ ਵਿਆਕਤੀ ਆਪਦੀ ਕੋਠੀ ਜਾਂ ਜਮੀਨ ਵਗੈਰਾ ਆਪਦੇ ਰਿਸ਼ਤੇਦਾਰਾਂ ਨੂੰ ਸੰਭਾਲ਼ ਜਾਂਦਾ ਹੈ ਤੇ ਜਦ ਵਾਪਸ ਆ ਕੇ ਆਪਦੀ ਕੋਠੀ ਜਾਂ ਜਮੀਨ ਵਾਪਸ ਮੰਗਦਾ ਹੈ ਤਾਂ ਕਈ ਵਾਰੀ ਆਪਦੀ ਜਾਨ ਤੋਂ ਵੀ ਹੱਥ ਧੋ ਬੈਠਦਾ ਹੈ । ਕਿੰਨੇ ਹੀ ਭਰਾਅ ਜਿਹਨਾਂ ਨੇ ਬਾਹਰ ਜਾ ਕੇ ਬੇਹੱਦ ਕੰਮ ਕਰਕੇ ਆਪਦੇ ਘਰਾਂ ਨੂੰ ਪੈਰਾਂ ਸਿਰ ਕੀਤਾ, ਆਪਦੇ ਹੀ ਭਰਾਵਾਂ ਹੱਥੋਂ ਮਾਰੇ ਗਏ। ਕਿੰਨੀਆਂ ਹੀ ਸਾਡੀਆਂ ਧੀਆਂ ਜਾਂ ਭੈਣਾਂ ਆਪਦੇ ਮਾਪਿਆਂ ਤੋਂ ਜਮੀਨ ਵਿੱਚੋਂ ਹਿੱਸਾ ਲੈ ਲੈਂਦੀਆਂ ਹਨ ਜਾਂ ਮੰਗਦੀਆਂ ਹਨ ਪਰ ਆਪਦੇ ਸੌਹਰਿਆਂ ਦੀ ਜ਼ਮੀਨ ਵਿਚੋਂ ਆਪਦੀਆਂ ਨਣਦਾਂ ਨੂੰ ਹਿੱਸਾ ਦੇਣ ਨੂੰ ਤਿਆਰ ਨਹੀਂ। ਪੂੰਜੀਵਾਦੀ ਸੋਚ ਨੇ ਮਨੁੱਖ ਨੂੰ ਹਾਬੜਾ ਲਾ ਦਿੱਤਾ ਹੈ । ਹਰ ਵੇਲ਼ੇ ਪੈਸਾ ਪੈਸਾ। ਮਨੁੱਖ ਨੇ ਪੈਸਾ ਕਮਾਉਣ ਲਈ ਫੈਕਟਰੀਆਂ ਲਾਈਆਂ, ਮਜ਼ਦੂਰਾਂ ਦੀ ਲੁੱਟ ਖਸੁੱਟ ਕੀਤੀ, ਫੈਕਟਰੀਆਂ ਦਾ ਗੰਦ ਧਰਤੀ ਵਿੱਚ ਬੋਰ ਕਰਕੇ ਗਰਕ ਕਰ ਰਿਹਾ ਹੈ ਜਾਂ ਦਰਿਆਵਾਂ ਵਿੱਚ ਸੁੱਟ ਰਿਹਾ ਹੈ, ਨਾਲ਼ੇ ਉਸਨੂੰ ਪਤਾ ਹੈ ਕਿ ਪਾਣੀ ਹੀ ਜੀਵਨ ਹੈ ਪਰ ਫਿਰ ਵੀ ਥੋੜਚਿਰੇ ਮੁਨਾਫੇ ਲਈ ਕੁੱਝ ਵੀ ਨਹੀਂ ਦੇਖਦਾ । ਸਾਰੇ ਮੁਲਕਾਂ ਵਿੱਚ ਪਲਾਸਟਿਕ ਦੀਆਂ ਫੈਕਟਰੀਆਂ ਹਨ, ਐਸ ਵੇਲ਼ੇ ਇੱਕ ਟਨ ਤੋਂ ਉਪਰ ਪਲਾਸਟਿਕ ਹਰ ਘੰਟੇ ਸਮੁੰਦਰ ਵਿੱਚ ਜਾ ਰਿਹਾ ਹੈ, ਪਰ ਕੋਈ ਵੀ ਪਰਵਾਹ ਨਹੀਂ ਕਰ ਰਿਹਾ। ਸਮੁੰਦਰ ਵਿੱਚ ਤਿੰਨ ਵੱਡੇ ਵੱਡੇ ਪਲਾਸਟਿਕ ਦੇ ਗਾਰਬੇਜ ਦੇ ਟਾਪੂ ਬਣ ਗਏ ਹਨ। ਕੈਲੇਫੋਰਨੀਆਂ ਅਤੇ ਹਵਾਈ ਦੇ ਵਿੱਚਕਾਰ ਇੱਕ ਪਲਾਸਟਿਕ ਦਾ ਟਾਪੂ ਫਰਾਂਸ ਤੋਂ ਵੀ ਵੱਡਾ ਹੈ, ਜਿਸਤੋਂ ਸਮੁੰਦਰੀ ਜਹਾਜ ਵੀ ਪਾਸੇ ਹੋ ਕੇ ਲੰਘਦੇ ਹਨ। ਪਰ ਕਿਸ ਸਰਕਾਰ ਦੀ ਜੁਰਅਤ ਹੈ ਜਿਹੜੀ ਪਲਾਸਟਿਕ ਬਨਾਉਣ ਵਾਲ਼ੀਆਂ ਫੈਕਟਰੀਆਂ ਨਾਲ਼ ਪੰਗਾ ਲਵੇ। ਮਾਹਰ ਕਹਿੰਦੇ ਹਨ ਕਿ 2050 ਤੱਕ, ਜੇਕਰ ਇੱਸੇ ਹਿਸਾਬ ਨਾਲ਼ ਪਲਾਸਟਿਕ ਸਮੁੰਦਰ ਵਿੱਚ ਜਾਂਦਾ ਰਿਹਾ ਤਾਂ ਸਮੁੰਦਰ ਵਿੱਚ ਪਲਾਸਟਿਕ ਸਮੁੰਦਰੀ ਜੀਵਾਂ ਨਾਲ਼ੋ ਵੀ ਵਧ ਜਾਵੇਗਾ। ਫਿਰ ਜਿਹੜੇ ਲੋਕ ਸਿਰਫ ਸਮੁੰਦਰੀ ਜੀਵਾਂ ਤੋਂ ਆਪਦਾ ਰੁਜ਼ਗਾਰ ਕਮਾਂਉਦੇ ਹਨ ਜਾਂ ਜਿਹਨਾਂ ਦੀ ਖੁਰਾਕ ਹੀ ਸਮੁੰਦਰੀ ਜੀਵ ਹਨ ਉਹ ਕੀ ਕਰਨਗੇ ? ਕੁੱਝ ਚਿਰ ਬਾਦ ਇਹ ਕਾਰਪੋਰੇਸ਼ਨਾਂ ਸਰਕਾਰਾਂ ਤੋਂ ਪੈਸੇ ਲੈ ਕੇ ਸਮੁੰਦਰ ਵਿੱਚੋਂ ਪਲਾਸਟਿਕ ਕੱਢਣ ਦਾ ਕੰਮ ਸ਼ੁਰੂ ਕਰਨਗੀਆਂ ਅਤੇ ਆਮ ਲੋਕ ਟੈਕਸਾਂ ਰਾਹੀਂ ਇਸਦੀ ਭਰਪਾਈ ਕਰਨਗੇ। ਜਿਹੜੀ ਹੇਠਲੀ ਜਮਾਤ ਪਹਿਲਾਂ ਹੀ ਟੈਕਸਾਂ ਦੇ ਬੋਝ ਨਾਲ਼ ਮਾਰੀ ਪਈ ਹੈ ਉਸ ਤੇ ਹੋਰ ਬੋਝ ਪਾਇਆ ਜਾਵੇਗਾ। ਧਰਤੀ ਦੀ ਇੱਕ ਹੋਰ ਦੁਸ਼ਮਣ ਹੈ, ਮਾਈਨਿੰਗ, ਸਮੁੰਦਰੀ ਰੇਤ ਜਾਂ ਦਰਿਆਵਾਂ ਦੀ ਰੇਤ ਅੱਜ ਕੱਲ੍ਹ ਬੁਰੀ ਤਰਾਂ ਕੱਢੀ ਜਾ ਰਹੀ ਹੈ। ਅਸਟਰੇਲੀਆਂ ਦੀਆਂ ਕੰਪਨੀਆਂ, ਇੰਡੋਨੇਸ਼ੀਆਂ ਦੇ ਲਾਗੋਂ ਸਮੁੰਦਰ ਵਿੱਚੋਂ ਰੇਤ ਕੱਢਦੀਆਂ ਹਨ। ਵੱਡੀਆਂ ਵੱਡੀਆਂ ਪਾਈਪਾਂ ਰਾਹੀਂ ਧਰਤੀ ਵਿੱਚੋਂ ਰੇਤ ਸੱਕ ਕੱਢੀ 'ਕੀਤੀ ਜਾਂਦੀ ਹੈ, ਰੇਤ ਦੇ ਨਾਲ਼ ਹੀ ਸਮੁੰਦਰੀ ਜੀਵ ਕੀੜੇ ਮਕੌੜੇ ਵਗੈਰਾ ਖਿੱਚੇ ਜਾਂਦੇ ਹਨ। ਇਹ ਕੀੜੇ ਮਕੌੜੇ ਘੋਗੇ ਸਿੱਪੀਆਂ ਮਨੁੱਖ ਦੀ ਲਾਲਚ ਦੀ ਭੇਟਾ ਚੜ੍ਹ ਜਾਂਦੇ ਹਨ। ਤੁਸੀਂ ਹੈਰਾਨ ਹੋਵੋਗੇ ਕਿ ਸਮੁੰਦਰ ਵਿੱਚ ਇਸ ਸੈਂਡ ਮਾਈਨਿੰਗ ਕਰਕੇ ਇੰਡੋਨੇਸ਼ੀਆ ਦਾ ਇੱਕ ਟਾਪੂ ਸਮੁੰਦਰ ਵਿੱਚ ਹੀ ਗਰਕ ਗਿਆ। ਬਹੁਤ ਸਾਰੇ ਮੁਲਕਾਂ ਵਿੱਚ ਧਰਤੀ ਚੋਂ ਪੱਥਰ ਕੱਢਣ ਦਾ ਰੁਝਾਨ ਹੈ, ਧਰਤੀ ਵਿਚੋਂ ਵੱਡੇ ਵੱਡੇ ਟੋਏ ਜਾਂ ਖੁੱਲੀਆਂ ਖਦਾਣਾਂ ਰਾਹੀਂ ਪੱਥਰ ਕੱਢਿਆ ਜਾਂਦਾ ਹੈ, ਫਿਰ ਇਸ ਪੱਥਰ ਨੂੰ ਕਰੱਸ਼ ਕਰਕੇ ਕੰਸਟਰੱਕਸ਼ਨ ਲਈ ਵਰਤਿਆ ਜਾਂਦਾ ਹੈ। ਪੰਜਾਬ ਵਿੱਚ ਹੁਸ਼ਿਆਰਪੁਰ ਲਾਗੇ ਇਹ ਕੰਮ ਜੋਰਾਂ ਸ਼ੋਰਾਂ ਨਾਲ਼ ਚੱਲ ਰਿਹਾ ਹੈ। ਇਹ ਉਪਜਾਊ ਧਰਤੀ ਜਿਸਨੇ ਮਨੁੱਖਤਾ ਲਈ ਅੰਨ ਪੈਦਾ ਕਰਨਾ ਸੀ , ਵੱਡੇ ਵੱਡੇ ਟੋਇਆਂ ਦੀ ਸ਼ਕਲ ਵਿੱਚ ਵੈਰਾਨੀ ਹੀ ਛੱਡ ਦਿੱਤੀ ਜਾਂਦੀ ਹੈ।

ਬਹੁਤ ਮੁਲਕਾਂ ਵਿੱਚ ਪਹਾੜਾਂ ਨੂੰ ਡਾਇਨਾਮਾਈਟ ਰਾਹੀਂ ਉੜਾ ਦਿੱਤਾ ਜਾਂਦਾ ਹੈ ਕਿਉਂਕਿ ਪਹਾੜਾਂ ਵਿੱਚ ਹੀਰੇ ਜਵਾਹਰਾਤ ਜਾਂ ਹੋਰ ਬਹੁਤ ਤਰਾਂ ਦੇ ਖਣਿਜ ਪਦਾਰਥ ਭਰੇ ਪਏ ਹਨ। ਇਹ ਪਹਾੜ ਨਮੀਂ ਨਾਲ਼ ਭਰੀਆਂ ਹਵਾਵਾਂ ਨੂੰ ਰੋਕ ਕੇ ਬਾਰਸ਼ ਦਾ ਕਾਰਨ ਬਣਦੇ ਹਨ। ਇਹ ਬਾਰਸ਼ ਦਰਿਆਵਾਂ ਨੂੰ ਪਾਣੀ ਨਾਲ਼ ਭਰਪੂਰ ਕਰਦੀ ਹੈ ਅਤੇ ਇਹਨਾਂ ਦਰਿਆਵਾਂ ਤੋਂ ਨਹਿਰਾਂ ਵਗੈਰਾ ਕੱਢ ਕੇ ਖੇਤਾਂ ਨੂੰ ਪਾਣੀ ਦਿੱਤਾ ਜਾਂਦਾ ਹੈ। ਕਿੰਨਾ ਜਨ ਜੀਵਨ ਇਹਨਾਂ ਦਰਿਆਵਾਂ ਤੇ ਨਿਰਭਰ ਕਰਦਾ ਹੈ ਅਤੇ ਇੱਕ ਗੱਲ ਹੋਰ, ਇਹਨਾਂ ਪਹਾੜਾਂ ਤੋਂ ਦਰੱਖਤਾਂ ਦਾ ਵੜਾਂਗਾ ਕਰਕੇ ਦਰੱਖਤ ਰੋਡੇ ਭੋਡੇ ਕੀਤੇ ਜਾ ਰਹੇ ਹਨ। ਇਸ ਕਰਕੇ ਪਹਾੜਾਂ ਦੀ ਮਿੱਟੀ ਖਿਸਕ ਕੇ ਫਿਰ ਤਬਾਹੀ ਲਿਆਂਉਂਦੀ ਹੈ । ਪਰ ਕੌਣ ਪਰਵਾਹ ਕਰਦਾ ਹੈ, ਪੈਸਾ ਚਾਹੀਦਾ ਹੈ ਕਾਰਪੋਰੇਸ਼ਨਾਂ ਨੂੰ ਅਤੇ ਸਰਕਾਰਾਂ ਨੂੰ। ਮਨੁੱਖ ਦੀ ਸੋਚਣੀ ਕਿੰਨੀ ਛੋਟੀ ਹੋ ਗਈ ਹੈ। ਧਰਤੀ ਦੇ ਮੌਸਮ ਦਾ ਵਿਗਾੜ ਤਾਂ ਇਹਨਾਂ ਅਮੀਰਾਂ ਦੀਆਂ ਪੀੜ੍ਹੀਆਂ ਨੂੰ ਵੀ ਝੱਲਣਾਂ ਪਵੇਗਾ, ਇਹਨਾਂ ਅਮੀਰਾ ਦੇ ਪੋਤੇ ਪੋਤੀਆਂ ਜਾਂ ਦੋਹਤੇ ਦੋਹਤੀਆਂ ਐਡੀ ਛੇਤੀ ਤਾਂ ਮੰਗਲ਼ ਤੇ ਕਲੋਨੀਆਂ ਨਹੀਂ ਪਾ ਸਕਣਗੀਆਂ। ਦੁਨੀਆਂ ਤੇ ਸਰਦਾਰੀ ਕਾਰਪੋਰੇਸ਼ਨਾਂ ਦੀ ਹੈ ਅਤੇ ਸਰਕਾਰਾਂ ਉਹਨਾਂ ਦੀਆਂ ਰਖੇਲ਼ ਹਨ। ਸਾਰੀ ਦੁਨੀਆਂ ਵਿੱਚ ਜੰਗਲ਼ਾਂ ਦਾ ਵੜਾਂਗਾ ਬੁਰੀ ਤਰ੍ਹਾਂ ਹੋ ਰਿਹਾ ਹੈ, ਇਸ ਧਰਤੀ ਦੇ ਜੀਅ ਜੰਤ ਦੀ ਆਕਸੀਜਨ ਦੀ ਪੂਰਤੀ ਦਰੱਖਤ ਕਰਦੇ ਹਨ। ਜੰਗਲ਼ ਧਰਤੀ ਦੇ ਫੇਫੜੇ ਹਨ। ਪਿਛਲੇ ਸਾਲ ਐਮਾਜੌਨ ਦੇ ਜੰਗਲ਼ ਨੂੰ ਜਾਣ ਬੁੱਝ ਕੇ ਅੱਗ ਲਗਾਈ ਗਈ ਅਤੇ ਫਿਰ ਜੰਗਲ਼ ਨੂੰ ਬੁਰੀ ਤਰਾਂ ਮੱਚਣ ਦਿੱਤਾ ਗਿਆ ਤਾਂ ਕਿ ਸਾਫ਼ ਹੋਈ ਧਰਤੀ ਤੇ ਫਾਰਮਿੰਗ ਕੀਤੀ ਜਾ ਸਕੇ । ਜਦ ਐਮਾਜੌਨ ਦੇ ਆਦੀਵਾਸੀਆਂ ਨੇ ਉਹ ਲੋਕ ਫੜ ਲਏ ਜਿਹਨਾਂ ਨੇ ਅੱਗ ਲਾਈ ਸੀ ਤਾਂ ਸਰਕਾਰ ਨੇ ਅੱਗ ਲਾਉਣ ਵਾਲ਼ਿਆਂ ਨੂੰ ਤਾਂ ਕੁੱਝ ਨਹੀਂ ਕਿਹਾ ਪਰ ਉਹਨਾ ਆਦੀਵਾਸੀਆਂ ਨੂੰ ਜੇਲ਼ਾਂ ਵਿੱਚ ਸੁੱਟ ਦਿੱਤਾ ਤਾਂ ਕਿ ਹੋਰ ਵੀ ਕੋਈ ਸਰਕਾਰ ਨੂੰ ਚੈਲਿੰਜ ਕਰਨ ਦੀ ਹਿਮਾਕਤ ਨਾ ਕਰੇ। ਇਹ ਹੈ ਇਨਸਾਫ ਜਿਹੜਾ ਧਰਤੀ ਪੁੱਤਰਾਂ ਨੂੰ ਮਿਲ਼ਦਾ ਹੈ। ਹਰ ਸਾਲ ਵਾਤਾਵਰਣ ਨੂੰ ਬਚਾਉਣ ਵਾਲ਼ੇ ਲੋਕਾਂ ਦੇ ਕਤਲ ਹੋ ਰਹੇ ਹਨ। ਬਰਟਾ ਕੈਸਰਸ 'ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ' ਵਰਗੀ ਵਾਤਾਵਰਣ ਐਕਟਵਿਸਟ ਨੂੰ ਉਸਦੇ ਘਰੇ ਜਾ ਕੇ ਗੋਲ਼ੀਆਂ ਨਾਲ਼ ਭੁੰਨ ਦਿੱਤਾ ਜਾਂਦਾ ਹੈ ਅਤੇ ਕਾਤਲਾਂ ਨੂੰ ਸ਼ੱਕ ਦੇ ਅਧਾਰ ਤੇ ਛੱਡ ਦਿੱਤਾ ਜਾਂਦਾ ਹੈ। ਸਾਰੀ ਦੁਨੀਆਂ ਵਿੱਚ ਹੀ ਜਲ ਜੰਗਲ਼ ਨੂੰ ਬਚਾਉਣ ਵਾਲ਼ੇ ਲੋਕਾਂ ਨੂੰ ਅੱਤਵਾਦੀ ਗਰਦਾਨ ਕੇ ਗੋਲ਼ੀਆਂ ਨਾਲ਼ ਭੁੰਨ ਦਿੱਤਾ ਜਾਂਦਾ ਹੈ ਜਾਂ ਜੇਲ਼ਾਂ ਵਿੱਚ ਸੁੱਟ ਦਿੱਤਾ ਜਾਂਦਾ ਹੈ।

ਦੁਨੀਆਂ ਭਰ ਦਾ ਗੰਦ ਸਮੁੰਦਰ ਵਿੱਚ ਡੰਪ ਹੋ ਰਿਹਾ ਹੈ। ਸਮੁੰਦਰੀ ਕਿਨਾਰੇ ਦੇ ਬਹੁਤ ਸ਼ਹਿਰ ਉਹ ਹਨ ਜਿਹੜੇ ਕਿ ਅਨਟਰੀਟਡ ਸੀਵਰੇਜ ਸਮੁੰਦਰ ਵਿੱਚ ਸੁੱਟ ਰਹੇ ਹਨ। ਇਸਤੋਂ ਬਿਨਾਂ ਕਿੰਨੇ ਹੀ ਸਮੁੰਦਰੀ ਜਹਾਜ ਵੀ ਹਿਊਮਨ ਵੇਸਟ, ਸਮੁੰਦਰ ਵਿੱਚ ਡੰਪ ਕਰ ਦਿੰਦੇ ਹਨ। ਸਭ ਨੂੰ ਪਤਾ ਹੈ ਕਿ ਇਹ ਕੱਚਾ ਸੀਵਰੇਜ ਸਮੁੰਦਰ ਨੂੰ ਕਿੰਨਾ ਤੇਜ਼ਾਬੀ ਕਰ ਰਿਹਾ ਹੈ ਪਰ ਕੋਈ ਨਹੀਂ ਬੋਲਦਾ, ਸਮੁੰਦਰ ਵਿਚੋਂ ਤੇਲ ਕੱਢਣਾ ਗੈਰ ਕਨੂੰਨੀ ਕਰ ਦੇਣਾ ਚਾਹੀਦਾ ਹੈ ਕਿਉਂਕਿ ਜਦ ਇਹ ਤੇਲ ਕੱਢਣ ਵਾਲ਼ੇ ਬੋਰ ਸਮੁੰਦਰ ਵਿੱਚ ਫਟ ਜਾਂਦੇ ਹਨ ਤਾਂ ਜਿਹੜੀ ਤਬਾਹੀ ਆਉਂਦੀ ਹੈ, ਉਹ ਮੈਕਸੀਕੋ ਦੀ ਖਾੜੀ ਵਿੱਚ ਦੇਖੀ ਹੈ ਜਦ ਬਰਿਟਿਸ਼ ਪਟਰੋਲੀਅਮ ਦਾ ਬੋਰ ਸਮੁੰਦਰ ਵਿੱਚ ਫਟ ਗਿਆ ਸੀ ਅਤੇ ਕਈ ਹਫਤੇ ਸਾਰਾ ਕੱਚਾ ਤੇਲ ਸਮੁੰਦਰ ਵਿੱਚ ਰਲ਼ੀ ਗਿਆ ਸੀ ਅਤੇ ਕਿੰਨੇ ਹੀ ਜੀਵ ਜੰਤੂ ਮੱਛੀਆਂ, ਮੁਰਗਾਬੀਆਂ, ਸਮੁੰਦਰੀ ਮਗਰਮੱਛ, ਗੀਜ਼ ਵਗੈਰਾ ਤੜਫ ਤੜਫ ਕੇ ਮਰੇ। ਪਰ ਸਦਕੇ ਜਾਈਏ ਇਹੋ ਜਿਹੀਆਂ ਯੂ. ਐਨ. ਓ. ਵਗੈਰਾ ਇੰਟਰਨੈਸ਼ਨਲ ਸੰਸਥਾਵਾਂ ਦੇ ਜਿਹੜੀਆਂ ਵਾਤਾਵਰਣ ਦੀ ਐਨੀ ਤਬਾਹੀ ਹੋਣ ਦੇ ਬਾਵਜੂਦ ਵੀ ਟੱਸ ਤੋਂ ਮੱਸ ਨਹੀਂ ਹੋਈਆਂ। ਇੱਥੇ ਤਾਂ ਐਕਸਨ ਵਾਲਦੀਜ ਜਾਂ ਸ਼ੈਲ ਵਰਗੀਆਂ ਕੰਪਨੀਆਂ ਨੂੰ ਜਦ ਤੇਲ ਸਪਿੱਲ ਕਰਨ ਤੇ ਜ਼ੁਰਮਾਨਾ ਕੀਤਾ ਜਾਂਦਾ ਹੈ ਤਾਂ ਹਾਸਾ ਆਂਉਦਾ ਹੈ ਜਿਹੜੀਆਂ ਕੰਪਨੀਆਂ ਅਰਬਾਂ ਦਾ ਵਪਾਰ ਕਰਦੀਆਂ ਹਨ, ਉਹਨਾਂ ਨੂੰ ਜ਼ੁਰਮਾਨਾ ਹੁੰਦਾ ਹੈ ਕੁੱਝ ਲੱਖ ਡਾਲਰ ਅਤੇ ਕਈ ਵਾਰੀ ਉਹ ਵੀ ਬਾਦ ਵਿੱਚ ਮਾਫ ਕੀਤਾ

(ਬਾਕੀ ਸਫ਼ਾ 27 'ਤੇ)








**SAROKARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Chief advisor**
Buta Singh Nawan Shahr (Punjab)
946-347-4342
atoozed@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

**Graphic Desinger**
Baljinder Singh Waraich
+91-92167-29598
akashdeep.1064@gmail.com

**Honorary Advisory Board**
Sukhdev Singh Sandhu (Toronto)
Master Balbir Singh Gill (Toronto)
Jaspreet Dhaliwal (Toronto)
Harcharan Singh Parhar Calgary
Narbhinder Singh (India) (Punjab)
935-443-0211

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

# ਕਿਸਾਨਾਂ ਦੀ ਇਤਿਹਾਸਕ ਜਿੱਤ ਲਈ ਕੈਨੇਡਾ 'ਚ ਵੀ ਜਸ਼ਨ ਮਨਾਏ ਗਏ




**ਪਰਮਿੰਦਰ ਸਵੈਚ**

ਤਰਕਸ਼ੀਲ ਰੈਸ਼ਨੇਲਿਸਟ ਸੁਸਾਇਟੀ ਕੈਨੇਡਾ ਸਰ੍ਹੀ ਵਲੋਂ ਭਾਰਤੀ ਕਿਸਾਨਾਂ ਦੇ ਮਹਾਂ ਅੰਦੋਲਨ ਦੀ ਹਮਾਇਤ ਕਰਦੇ ਹੋਏ, ਸੰਯੁਕਤ ਮੋਰਚੇ ਦੇ ਸੱਦੇ ਤੇ ਭਰਾਤਰੀ ਜਥੇਬੰਦੀ ਈਸਟ ਇੰਡੀਅਨ ਡੀਫੈਂਸ ਕਮੇਟੀ ਅਤੇ ਬਹੁਤ ਸਾਰੇ ਅੰਦੋਲਨ ਦੀ ਵਚਨਵੱਧਤਾ ਨਾਲ ਜੁੜੇ ਲੋਕ ਜੋ ਹਮੇਸ਼ਾਂ ਹੀ ਸਰ੍ਹੀ ਦੇ ਇਸ ਚੌਂਕ (ਕਿੰਗ ਜੌਰਜ਼ ਤੇ 88 ਐਵੇਨਿਊ) ਵਿੱਚ ਹਰ ਐਤਵਾਰ 11 ਵਜੇ ਤੋਂ 2 ਵਜੇ ਤੱਕ ਭਾਰਤ ਦੀ ਫਾਸ਼ੀਵਾਦੀ ਮੋਦੀ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕਰਦੇ ਰਹੇ ਹਨ, ਨੇ ਰਲ਼ ਕੇ ਜਸ਼ਨ ਮਨਾਏ ਤੇ ਮੁਜ਼ਾਹਰਾ ਕੀਤਾ। ਬੇਸ਼ੱਕ ਬੀ.ਸੀ. ਵਿੱਚ ਆ ਰਹੇ ਹੜ੍ਹਾਂ ਦੇ ਕਾਰਣ ਅੱਜ ਸਰਕਾਰ ਵਲੋਂ ਬਹੁਤ ਜ਼ਿਆਦਾ ਬਾਰਸ਼ ਹੋਣ ਦੀ ਚਿਤਾਵਨੀ ਦਿੱਤੀ ਗਈ ਸੀ ਤਾਂ ਵੀ ਹਰ ਵਿਚਾਰਧਾਰਾ ਦੇ ਲੋਕਾਂ ਨੇ ਇਸ ਇਕੱਠ ਵਿੱਚ ਸ਼ਾਮਲ ਹੋ ਕੇ ਸੰਸਾਰ ਦੇ ਇਸ ਇਤਿਹਾਸਕ ਸੰਘਰਸ਼ ਵਿੱਚ ਆਪਣੀ ਵਚਨਬੱਧਤਾ ਦਾ ਪ੍ਰਗਟਾਵਾ ਕੀਤਾ। ਯਾਦ ਰਹੇ ਜਿੱਥੇ ਭਾਰਤੀ ਲੋਕਾਂ ਨੇ ਦਿੱਲੀ ਦੀਆਂ ਬਰੂੰਹਾਂ ਤੇ ਬੈਠ ਕੇ ਗਰਮੀਆਂ, ਸਰਦੀਆਂ, ਬਰਸਾਤਾਂ ਝੱਲਦੇ ਹੋਏ ਇਸ ਸੰਘਰਸ਼ ਨੂੰ ਜਿੱਤ ਦਾ ਜਾਮਾ ਪਹਿਨਾਉਣ ਦਾ ਹਰ ਯਤਨ ਕੀਤਾ ਹੈ ਉੱਥੇ ਵਿਦੇਸ਼ਾਂ ਵਿੱਚ ਵਸਦੇ ਭਾਰਤੀਆਂ ਨੇ ਵੀ ਧੁੱਪਾਂ, ਠੰਢਾਂ, ਬਰਫਾਂ, ਬਾਰਸ਼ਾਂ ਵਿੱਚ ਆਪਣਾ ਬਣਦਾ ਯੋਗਦਾਨ ਰੈਲੀਆਂ, ਮੁਜ਼ਾਹਰੇ, ਸੈਮੀਨਾਰ, ਵੈਬੀਨਾਰ, ਕੌਂਸਲਖਾਨਿਆਂ ਅੱਗੇ ਰੋਸ ਪ੍ਰਦਰਸ਼ਨ, ਈ-ਮੇਲਾਂ, ਗੀਤ, ਕਵਿਤਾਵਾਂ, ਲੇਖ, ਕਹਾਣੀਆਂ ਲਿਖ ਕੇ ਜਾਂ ਵਿਦੇਸ਼ੀ ਹਕੂਮਤਾਂ ਤੱਕ ਪਹੁੰਚ ਕਰਕੇ, ਮਿਊਸੀਪੈਲਟੀਆਂ ਵਿੱਚ ਮਤੇ ਪਵਾ ਕੇ, ਤਨੋਂ-ਮਨੋਂ ਜਾਂ ਫੰਡਾਂ ਰਾਹੀਂ ਮੱਦਦ ਕਰਕੇ ਇਸ ਸੰਘਰਸ਼ ਦਾ ਹਿੱਸਾ ਬਣਕੇ ਮਨੁੱਖਤਾ ਪ੍ਰਤੀ ਫਰਜ਼ ਨੂੰ ਪੂਰਾ ਕੀਤਾ ਹੈ। ਇਸ ਕਰਕੇ ਹੀ ਲੋਕਾਂ ਦੇ ਏਕੇ ਦੀ ਜਿੱਤ ਹੋਈ ਹੈ ਤੇ ਜੋ ਅਜੇ ਅਧੂਰੀ ਹੈ ਉਹ ਵੀ ਪੂਰੀ ਕਰਕੇ ਹੀ ਲੋਕ, ਸਰਕਾਰਾਂ ਨੂੰ ਲੋਕਤੰਤਰ ਕੀ ਹੁੰਦਾ ਹੈ ਦਾ ਪਾਠ ਜ਼ਰੂਰ ਪੜ੍ਹਾ ਦੇਣਗੇ ਅਤੇ ਅਧੂਰੀ ਨੂੰ ਪੂਰੀ ਜਿੱਤ ਵਿੱਚ ਬਦਲ ਦੇਣਗੇ। ਸ਼ੁਰੂ ਵਿੱਚ ਇਕਬਾਲ ਸਿੰਘ ਢੱਟ ਅਤੇ ਉਹਨਾਂ ਦੇ ਸਮੁੱਚੇ ਪਰਿਵਾਰ ਤੇ ਸਾਥੀ ਜੋ ਲਗਾਤਾਰਤਾ ਨਾਲ ਇਸ ਕਿਸਾਨੀ ਸੰਘਰਸ਼ ਵਿੱਚ 11 ਮਹੀਨਿਆਂ ਤੋਂ ਇੱਥੇ ਹਾਜ਼ਰੀ ਦਿੰਦੇ ਹਨ, ਉਹਨਾਂ ਵਲੋਂ ਅਰਦਾਸ ਕੀਤੀ ਗਈ ਤੇ ਕੜਾਹ ਪ੍ਰਸ਼ਾਦ ਵਰਤਾਇਆ ਗਿਆ।

ਇਸ ਤੋਂ ਬਾਅਦ ਤਰਕਸ਼ੀਲ ਸੁਸਾਇਟੀ ਦੇ ਕਾਰਕੁੰਨ ਸਰਬਜੀਤ ਉਖਲਾ ਨੇ ਅੰਦੋਲਨ ਵਿੱਚ ਦਿੱਲੀ ਦੀਆਂ ਬਰੂਹਾਂ ਤੇ ਹਾਜ਼ਰੀ ਲਗਵਾਉਂਦੇ ਹੋਏ ਅੰਦੋਲਨ ਦਾ ਜੋ ਅੱਖੀਂ ਡਿੱਠਾ ਹਾਲ ਦੇਖਿਆ ਅਤੇ ਉੱਥੋਂ ਦੇ ਤੁਜਰਬੇ ਸਾਂਝੇ ਕੀਤੇ ਕਿ ਸਰਕਾਰ ਨੇ ਕਿਵੇਂ ਸ਼ਾਜ਼ਸ਼ਾਂ ਰਚ ਕੇ ਖਾਲਿਸਤਾਨੀ, ਪਾਕਿਸਤਾਨੀ, ਇਕੱਲਾ ਪੰਜਾਬ, ਜਾਂ ਹਰਿਆਣਾ ਆਦਿ ਕਹਿ ਕੇ ਲੋਕਾਂ ਨੂੰ ਤੋੜਨ ਦੀ ਕੋਸ਼ਿਸ਼ ਕੀਤੀਆਂ, ਬਾਰੇ ਬਹੁਤ ਵਿਸਥਾਰ ਨਾਲ ਦੱਸਿਆ। ਲਖਵੀਰ ਸਿੰਘ ਹੋਰਾਂ ਨੇ ਵੀ ਕਿਹਾ ਕਿ ਸਾਨੂੰ ਤਮਾਸ਼ਬੀਨ ਨਹੀਂ ਬਣਨਾ ਚਾਹੀਦਾ ਸਗੋਂ ਲੋਕਾਂ ਦੇ ਹੱਕਾਂ ਲਈ ਜਿੱਥੇ ਵੀ ਕਿਤੇ ਹੋਈਏ ਜ਼ਰੂਰ ਬੋਲਣਾ ਚਾਹੀਦਾ ਹੈ। ਇਕਬਾਲ ਢੱਟ ਨੇ ਕਿਹਾ ਕਿ ਇਸ ਅੰਦੋਲਨ ਨੇ ਸਾਨੂੰ ਬਹੁਤ ਕੁੱਝ ਸਿਖਾਇਆ ਹੈ ਕਿ ਅਸੀਂ ਸ਼ੋਸ਼ਲ ਮੀਡੀਏ ਰਾਹੀਂ ਆਪਣੀ ਅਵਾਜ਼ ਲੋਕਾਂ ਤੱਕ ਕਿਵੇਂ ਪਹੁੰਚਾ ਸਕਦੇ ਹਾਂ ਤੇ ਆਪਣੇ ਵਿੱਚ ਪਾਈਆਂ ਜਾ ਰਹੀਆਂ ਵਿੱਥਾਂ ਨੂੰ ਕਿਵੇਂ ਸਮਝਣਾ ਹੈ।ਇਸ ਕਰਕੇ ਹੀ ਜਿੱਤ ਯਕੀਨੀ ਹੋਈ ਹੈ।ਪਰਮਿੰਦਰ ਕੌਰ ਸਵੈਚ ਨੇ ਆਪਣੇ ਭਾਸ਼ਨ ਵਿੱਚ ਮੋਰਚੇ ਵਿੱਚ ਸ਼ਹੀਦ ਕਿਸਾਨਾਂ ਨੂੰ ਸ਼ਰਧਾਂਜ਼ਲੀ ਦਿੱਤੀ ਅਤੇ ਕਿਹਾ ਕਿ ਇਹ ਜਿੱਤ ਉਹਨਾਂ ਦੀਆਂ ਕੁਰਬਾਨੀਆਂ ਕਰਕੇ ਹਾਸਲ ਹੋਈ ਹੈ। ਇਹ ਵੀ ਕਿਹਾ ਕਿ ਮੋਰਚੇ ਨੇ ਭਾਰਤੀ ਲੋਕਾਂ ਵਿੱਚ ਸਾਹਿਤਕ ਅਤੇ ਸਭਿਆਚਾਰਕ ਤਬਦੀਲੀਆਂ ਪੈਦਾ ਕਰਨ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਲੋਕਾਂ ਵਿੱਚ ਆਰਥਿਕ ਤੇ ਰਾਜਨੀਤਕ ਸਮਝ ਵਿੱਚ ਬਹੁਤ ਵੱਡਾ ਮੋੜਾ ਦਿੱਤਾ ਜਿਸ ਕਰਕੇ ਲੋਕ ਲੀਡਰਾਂ ਅੱਗੇ ਸਵਾਲ ਕਰ ਰਹੇ ਹਨ। ਉਹਨਾਂ ਇਹ ਵੀ ਕਿਹਾ ਕਿ ਕੈਨੇਡਾ ਵਿੱਚ ਇੱਥੇ ਵੀ ਆਦਿਵਾਸੀਆਂ ਨਾਲ ਧੱਕਾ ਹੋ ਰਿਹਾ ਹੈ ਉਹਦੇ ਬਾਰੇ ਵੀ ਸਾਨੂੰ ਜਾਨਣ, ਸਮਝਣ, ਪੜ੍ਹਨ ਤੇ ਉਹਨਾਂ ਲਈ ਖੜ੍ਹਨ ਦੀ ਲੋੜ ਹੈ।ਗੁਰਮੇਲ ਗਿੱਲ ਨੇ ਔਰਤਾਂ ਦੀ ਬਹੁਤ ਜ਼ਿਆਦਾ ਸ਼ਮੂਲੀਅਤ ਕਰਕੇ ਇਸਨੂੰ ਜਿੱਤ ਦਾ ਹਾਸਲ ਕਿਹਾ। ਹਰਨੇਕ ਰਾਣਾ ਨੇ ਆਪਣਾ ਇੱਕ ਗੀਤ "ਏੱਦਾਂ ਹੀ ਏਕਾ ਰੱਖਣਾ, ਟੁੱਟਣ ਨਹੀਂ ਦੇਣਾ" ਸਾਂਝਾ ਕਰਕੇ ਮਾਹੌਲ ਵਿੱਚ ਜੋਸ਼ ਭਰਿਆ।

ਤਰਕਸ਼ੀਲ ਸੁਸਾਇਟੀ ਦੇ ਪ੍ਰਧਾਨ ਅਵਤਾਰ ਗਿੱਲ ਨੇ ਕਿਹਾ ਕਿ ਦੁਸ਼ਮਣ ਨੇ ਸਾਡੇ ਕਿਸਾਨਾਂ ਵਿੱਚ ਬਹੁਤ ਕਿਸਮ ਦੇ ਫਲੂਹੇ ਸੁੱਟ ਕੇ ਅੱਗਾਂ ਲਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਕਿ ਉਹ ਆਪ ਹੀ ਆਪਸ ਵਿੱਚ ਲੜ ਭਿੜ ਕੇ ਰਹਿ ਜਾਣ ਪਰ ਕਿਸਾਨਾਂ ਦੀ ਲੀਡਰਸ਼ਿੱਪ ਦੀ ਕਾਰਗੁਜ਼ਾਰੀ ਸਰਾਹੁਣਯੋਗ ਹੈ ਜਿਨ੍ਹਾਂ ਬਹੁਤ ਹੀ ਸ਼ਾਂਤ ਢੰਗ ਨਾਲ ਆਪਣੀ ਲੜਾਈ ਜਾਰੀ ਰੱਖੀ ਅਤੇ ਸਰਕਾਰ ਨੂੰ ਲੋਕਾਂ ਦੇ ਸੰਗਠਿਤ ਰੂਪ ਅੱਗੇ ਝੁਕਣਾ ਪਿਆ ਹੈ।ਲਖਬੀਰ ਖੁਣਖੁਣ ਨੇ ਕਿਹਾ ਕਿ ਇਸ ਅੰਦੋਲਨ ਵਿੱਚ ਦਲਿਤਾਂ, ਬੁੱਧੀਜੀਵੀਆਂ, ਵਿਦਿਆਰਥੀਆਂ, ਔਰਤਾਂ, ਬੱਚਿਆਂ, ਕਲਾਕਾਰਾਂ, ਮੁਲਾਜ਼ਮਾਂ ਸਦਕਾ ਇਹ ਜਨ ਅੰਦੋਲਨ ਬਣਿਆ ਹੈ। ਬਿੱਕਰ ਸਿੰਘ ਚੂਹੜਚੱਕ ਜੋ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੀ ਮੋਗਾ ਇਕਾਈ ਦੇ ਸਰਗਰਮ ਮੈਂਬਰ ਹਨ, ਨੇ ਕਿਹਾ ਕਿ ਅਜੇ ਜਿੱਤ ਅਧੂਰੀ ਹੈ ਜਿੰਨਾ ਚਿਰ ਐਮ. ਐੱਸ. ਪੀ. ਦਾ ਬਹੁਤ ਜ਼ਰੂਰੀ ਮੁੱਦਾ ਵਿੱਚ ਵਿਚਾਲੇ ਹੈ, ਉਨਾ ਚਿਰ ਸੰਘਰਸ਼ ਜਾਰੀ ਰਹੇਗਾ। ਸਾਨੂੰ ਅਜੇ ਸੰਯੁਕਤ ਮੋਰਚੇ ਦੇ ਆਉਣ ਵਾਲੇ ਫੈਸਲਿਆਂ ਦੀ ਉਡੀਕ ਕਰਨੀ ਚਾਹੀਦੀ ਹੈ। ਇਹ ਲਗਾਤਾਰ ਤਿੰਨ ਮਹੀਨੇ ਮੋਰਚੇ 'ਤੇ ਬੈਠੇ ਰਹੇ ਹਨ। ਇਹਨਾਂ ਤੋਂ ਇਲਾਵਾ ਕੈਨੇਡੀਅਨ ਜੰਮਪਲ ਬੱਚੇ ਰਮਨਦੀਪ ਕੌਰ, ਏਕਮ ਸਿੰਘ ਤੇ ਜਸਦੀਪ ਕੌਰ ਜੋ 11 ਮਹੀਨਿਆਂ ਤੋਂ ਹੀ ਹਮੇਸ਼ਾਂ ਚਾਹ ਪਾਣੀ ਦਾ ਪ੍ਰਬੰਧ ਅਤੇ ਬੈਨਰ ਲੈ ਕੇ ਇੱਥੇ ਹਾਜ਼ਰੀ ਭਰਦੇ ਰਹੇ ਹਨ, ਉਹਨਾਂ ਦੀ ਜਾਣ ਪਛਾਣ ਸਭ ਨਾਲ ਕਰਵਾਈ ਗਈ। ਰਮਨਦੀਪ ਕੌਰ ਨੇ ਵੀ ਅੰਗਰੇਜ਼ੀ ਵਿੱਚ ਭਾਸ਼ਨ ਦਿੱਤਾ ਅਤੇ ਮੋਰਚੇ ਦੇ ਸੰਘਰਸ਼ ਬਾਰੇ ਵਿਚਾਰ ਪੇਸ਼ ਕੀਤੇ। ਈਸਟ ਇੰਡੀਅਨ ਡੀਫੈਂਸ ਕਮੇਟੀ ਦੇ ਸਕੱਤਰ ਹਰਭਜਨ ਚੀਮਾ ਨੇ ਕਿਹਾ ਕਿ ਹੱਕਾਂ ਦੀ ਲੜਾਈ ਲਈ ਲੜਿਆ ਜਾਣ ਵਾਲਾ ਇਹ ਅਜਿਹਾ ਸੰਘਰਸ਼ ਹੈ ਜਿਸ ਵਿੱਚ ਧਰਮਾਂ ਤੇ ਵਿਚਾਰਧਾਰਾਵਾਂ ਦੇ ਬਖੇੜੇ ਖੜ੍ਹੇ ਕਰਕੇ ਫੁੱਟ ਪਾਉਣ ਦੀਆਂ ਬਹੁਤ ਕੋਸ਼ਿਸ਼ਾਂ ਹੋਈਆਂ ਹਨ ਪਰ ਸੁਹਿਰਦ ਲੀਡਰਸ਼ਿੱਪ ਕਰਕੇ ਕੋਈ ਵੀ ਜਾਤਾਂ, ਧਰਮਾਂ ਜਾਂ ਵਿਚਾਰਧਾਰਾਵਾਂ ਦਾ ਮਸਲਾ ਪੈਦਾ ਨਹੀਂ ਹੋਣ ਦਿੱਤਾ ਗਿਆ ਸਗੋਂ ਲੀਡਰਸ਼ਿੱਪ ਦੇ 50-50 ਸਾਲਾਂ ਦੇ ਤਜੁਰਬਿਆਂ ਨੇ ਆਪਣੇ ਨਿਸ਼ਾਨੇ ਨੂੰ ਤੇ ਦੁਸ਼ਮਣ ਦੀਆਂ ਚਾਲਾਂ ਨੂੰ ਮੁੱਖ ਰੱਖ ਕੇ ਹੀ ਇਹ ਸੰਘਰਸ਼ ਲੜਿਆ ਗਿਆ ਹੈ ਇਸ ਕਰਕੇ ਉਹਨਾਂ ਨੂੰ ਸਲਾਮ ਕਰਨੀ ਬਣਦੀ ਹੇ। ਇਸ ਜਿੱਤ ਨੇ ਦੁਨੀਆਂ ਭਰ ਦੇ ਲੋਕਾਂ ਨੂੰ ਸੇਧ ਦਿੱਤੀ ਹੈ। ਰਾਜਵੀਰ ਚੌਹਾਨ ਨੇ ਦੱਸਿਆ ਕਿ ਹੁਣ ਸਾਹਮਣੇ ਆ ਰਿਹਾ ਹੈ ਕਿ 26 ਦੀ ਘਟਨਾ ਹੋਣ ਸਮੇਂ ਤੋਂ ਸ਼ੋਸ਼ਲ ਮੀਡੀਏ ਤੇ ਫੇਕ ਅਕਾਊਂਟ ਬਣਾ ਕੇ ਮਸ਼ਹੂਰ ਹਸਤੀਆਂ ਦੇ ਨਾਵਾਂ ਨੂੰ ਵਰਤ ਕੇ ਲੱਖਾਂ ਦੀ ਗਿਣਤੀ ਵਿੱਚ ਨਾਂਹ ਪੱਖੀ ਪ੍ਰਚਾਰ ਨੂੰ ਤੂਲ ਦੇ ਕੇ ਇੱਕ ਇਹੋ ਜਿਹਾ ਤੰਤਰ ਖੜ੍ਹਾ ਕਰ ਦਿੱਤਾ ਗਿਆ ਸੀ ਜਿਸ ਦੁਆਰਾ ਲੋਕਾਂ ਨੂੰ ਗੁੰਮਰਾਹ ਕੀਤਾ ਜਾਂਦਾ ਰਿਹਾ ਹੈ, ਸਾਨੂੰ ਇਸਤੋਂ ਸੁਚੇਤ ਹੋਣ ਦੀ ਲੋੜ ਹੈ, ਨਾ ਕਿ ਸ਼ੋਸ਼ਲ ਸਾਈਟਾਂ ਤੇ ਆਪਸ ਵਿੱਚ ਉਲਝਣ ਦੀ। ਜਗਵਿੰਦਰ ਸਿੰਘ ਨੇ ਕਿਹਾ ਕਿ ਇਹ ਲੋਕਾਂ ਦਾ ਸਿਰੜ ਹੀ ਸੀ ਜਿਨ੍ਹਾਂ ਨੇ ਅੱਜ ਜਿੱਤ ਨੂੰ ਅੰਜ਼ਾਮ ਦਿੱਤਾ ਹੈ ਪਰ ਫਾਸ਼ੀਵਾਦੀ ਮੋਦੀ ਸਰਕਾਰ ਨੇ ਜਿਸ ਹਿਸਾਬ ਨਾਲ ਆਪਣੇ ਕਾਰਜਕਾਲ ਵਿੱਚ ਚੰਮ ਦੀਆਂ ਹੀ ਚਲਾਈਆਂ ਹਨ, ਉਹ ਝੁਕਣ ਵਾਲੀ ਨਹੀਂ ਸੀ ਪਰ ਲੋਕ ਏਕੇ ਨੇ ਉਸਨੂੰ ਗੋਡਣੀਆਂ ਲਵਾ ਦਿੱਤੀਆਂ ਹਨ। ਜਿਸਤੋਂ ਦੁਨੀਆਂ ਭਰ ਦੇ ਲੋਕ ਇਸ ਮਿਸਾਲੀ ਜਿੱਤ ਤੋਂ ਕੁੱਝ ਸਿੱਖਣਗੇ। ਅੱਜ ਦੇ ਮੁਜ਼ਾਹਰੇ ਵਿੱਚ ਜਿੱਥੇ ਸਾਥੀਆਂ ਵਲੋਂ ਚਾਹ ਪਾਣੀ ਤੇ ਸਮੋਸਿਆ ਦਾ ਪ੍ਰਬੰਧ ਕੀਤਾ ਗਿਆ ਉਥੇ 'ਖੇਤਾਂ ਦਾ ਪੁੱਤ :ਪਾਸ਼' ਕਿਤਾਬ ਅਤੇ ਨਿਰਪੱਖ ਪੇਪਰ ਲੋਕਾਂ ਦੀ ਅਵਾਜ਼ 'ਸਰੋਕਾਰਾਂ ਦੀ ਅਵਾਜ਼' ਵੀ ਲੋਕਾਂ ਵਿੱਚ ਵੰਡਿਆ ਗਿਆ। ਮੀਂਹ ਦੇ ਵਿੱਚ 3 ਘੰਟੇ ਖੜ੍ਹੇ ਹੋ ਕੇ ਲੋਕਾਂ ਨੇ ਜਿੱਤ ਦੇ ਜਸ਼ਨ ਮਨਾਏ ਤੇ ਵਾਅਦੇ ਕੀਤਾ ਕਿ ਜਿੱਥੇ ਵੀ ਲੋਕਾਂ ਨਾਲ ਕਿਤੇ ਧੱਕਾ ਹੁੰਦਾ ਦੇਖਿਆ ਜਾਵੇਗਾ ਉਹਦੇ ਲਈ ਅਵਾਜ਼ ਵੀ ਉਠਾਵਾਂਗੇ।

**Reliance /Legal Group LLP**
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in
IMMIGRATION: Applications for Family Class and APPEALS, Skilled Workers, Investors, Refugee Claims
REAL ESTATE: Buying and Selling Commercial and Residential Land Development Condominium Projects; WILLS & ESTATE; CRIMINAL LAW
SMALL BUSINESS: Buying and Selling Franchises, Shareholder Agreements and Incorporations; FORMATION OF PUBLIC COMPANIES
Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਖਾਲਿਸਤਾਨ ਦੀ ਸਾਜ਼ਿਸ਼, ਸਿੱਖਾਂ ਨਾਲ਼ ਵਿਤਕਰੇ ਦਾ ਬਿਰਤਾਂਤ ਅਤੇ ਵੀਹਵੀਂ ਸਦੀ ਦੀ ਸਿੱਖ ਲੀਡਰਸ਼ਿਪ !



ਹਰਚਰਨ ਸਿੰਘ ਪਰਹਾਰ
403-681-8689
hp8689@gmail.com

'ਜਿਸ ਦਿਨ 9 ਸਤੰਬਰ, 1981 ਨੂੰ ਲਾਲਾ ਜਗਤ ਨਰਾਇਣ ਦਾ ਕਤਲ ਹੋਇਆ, ਭਿੰਡਰਾਂਵਾਲਾ ਚੰਦੋ ਕਲਾਂ (ਹਰਿਆਣਾ) ਵਿੱਚ ਸਿੱਖੀ ਪ੍ਰਚਾਰ ਦੇ ਦੌਰੇ ਤੇ ਸੀ।ਕਤਲ ਤੋਂ ਚਾਰ ਦਿਨ ਬਾਅਦ ਸੰਤ ਦੀ ਗ੍ਰਿਫਤਾਰੀ ਦੇ ਆਰਡਰ ਹੋ ਚੁੱਕੇ ਸਨ। ਉਸ ਨਾਲ਼ ਉਸ ਵਕਤ ਉਹ ਦੋ ਵਿਅਕਤੀ ਵੀ ਸਨ, ਜਿਨ੍ਹਾਂ ਦੇ ਨਾਮ ਲਾਲੇ ਦੇ ਕਤਲ ਕੇਸ ਦੀ ਐਫ. ਆਈ. ਆਰ. ਵਿੱਚ ਦਰਜ ਸਨ। ਪੰਜਾਬ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਦੇ ਹੁਕਮਾਂ ਤੇ DIG ਡੀ. ਐਸ. ਮਾਂਗਟ ਆਪਣੀ ਫੋਰਸ ਨਾਲ਼ ਸੰਤ ਨੂੰ ਗ੍ਰਿਫਤਾਰ ਕਰਨ ਲਈ ਹਰਿਆਣੇ ਨੂੰ ਰਵਾਨਾ ਹੋ ਚੁੱਕਾ ਸੀ। ਭਿੰਡਰਾਂਵਾਲ਼ੇ ਨੂੰ ਇਸ ਬਾਰੇ ਉਪਰੋਂ ਜਾਣਕਾਰੀ ਮਿਲ਼ ਚੁੱਕੀ ਸੀ ਤੇ ਉਹ ਆਪਣੇ ਕੁਝ ਸਾਥੀਆਂ ਨਾਲ਼ ਮਹਿਤਾ ਚੌਕ ਲਈ ਰਵਾਨਾ ਹੋ ਗਿਆ। ਉਹ ਸਾਰੇ 300 ਕਿਲੋਮੀਟਰ ਦਾ ਸਫਰ ਤਹਿ ਕਰਕੇ 13-14 ਸਤੰਬਰ, 1981 ਦੀ ਰਾਤ ਨੂੰ ਆਪਣੇ ਹੈਡ ਕੁਆਟਰ ਪਹੁੰਚ ਚੁੱਕੇ ਸਨ। ਗਿਆਨੀ ਜ਼ੈਲ ਸਿੰਘ ਨੇ ਖੁਦ ਹਰਿਆਣੇ ਦੇ ਮੁੱਖ ਮੰਤਰੀ ਭਜਨ ਲਾਲ ਨੂੰ ਕਹਿ ਦਿੱਤਾ ਸੀ ਕਿ ਸੰਤ ਨੂੰ ਗ੍ਰਿਫਤਾਰ ਨਾ ਕੀਤਾ ਜਾਵੇ ਅਤੇ ਉਹ ਇਸ ਝਮੇਲੇ ਵਿੱਚ ਨਾ ਪਵੇ। ਉਸ ਵਕਤ ਮੈਨੂੰ DIG BSF ਦੀਵਾਕਰ ਗੁਪਤਾ ਨੇ ਦੱਸਿਆ ਸੀ ਕਿ ਉਨ੍ਹਾਂ ਨੇ ਭਿੰਡਰਾਂਵਾਲ਼ੇ ਨੂੰ ਕਈ ਚੈਕ ਪੋਸਟਾਂ ਤੇ ਗ੍ਰਿਫਤਾਰ ਕਰਨਾ ਚਾਹਿਆ, ਪਰ ਗ੍ਰਹਿ ਮੰਤਰਾਲੇ ਦੇ ਹੁਕਮਾਂ ਅਨੁਸਾਰ ਉਸਨੂੰ ਜਾਣ ਦਿੱਤਾ ਗਿਆ। ਭਿੰਡਰਾਂਵਾਲਾ ਇਤਨੀ ਕਾਹਲ਼ੀ ਵਿੱਚ ਨਿਕਲਿਆ ਸੀ ਕਿ ਉਹ ਧਾਰਮਿਕ ਪੋਥੀਆਂ ਤੇ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਵਾਲ਼ੀ ਵੈਨ ਉਥੇ ਹੀ ਛੱਡ ਆਇਆ ਸੀ। ਜਿਹੜੀਆਂ ਬਾਅਦ ਵਿਚ ਹੋਈ ਹਿੰਸਾ ਵਿੱਚ ਸੜ੍ਹ ਗਈਆਂ ਸਨ।' (ਜੀ. ਬੀ. ਐਸ. ਸਿੱਧੂ ਦੀ ਕਿਤਾਬ 'ਖਾਲਿਸਤਾਨ ਦੀ ਸਾਜ਼ਿਸ਼' ਪੰਨਾ 61)

ਇਸ ਕਿਤਾਬ ਦੀਆਂ ਉਪਰਲੀਆਂ ਕੁਝ ਲਾਈਨਾਂ ਪੰਜਾਬ ਵਿੱਚ 1978-1995 ਦੌਰਾਨ ਵਾਪਰੇ ਖੂਨੀ ਦੌਰ ਦੀ ਸ਼ੁਰੂਆਤ ਦੀ ਤਸਵੀਰ ਪੇਸ਼ ਕਰਦੀਆਂ ਹਨ ਕਿ ਕਿਵੇਂ ਇੱਕ ਪਾਸੇ ਪੁਲਿਸ ਪ੍ਰਸ਼ਾਸਨ ਪੰਜਾਬ ਸਰਕਾਰ ਦੀਆਂ ਹਦਾਇਤਾਂ ਤੇ ਸੰਤ ਭਿੰਡਰਾਂਵਾਲਿਆਂ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਤੇ ਦੂਜੇ ਪਾਸੇ ਭਾਰਤ ਦਾ ਗ੍ਰਹਿ ਮੰਤਰੀ ਗਿਆਨੀ ਜ਼ੈਲ ਸਿੰਘ ਉਸਨੂੰ ਬਚਾਉਣ ਲਈ ਸਾਰੀਆਂ ਹੱਦਾਂ ਪਾਰ ਕਰ ਰਿਹਾ ਸੀ। ਇਹ ਉਸ ਵਰਤਾਰੇ ਦੀ ਸ਼ੁਰੂਆਤ ਸੀ, ਜਿਸਨੇ ਬਾਅਦ ਵਿੱਚ ਵੱਡੇ ਘੱਲੂਘਾਰੇ ਨੂੰ ਜਨਮ ਦੇਣਾ ਸੀ।

'ਅਖੀਰ ਲਾਲਾ ਜਗਤ ਨਰਾਇਣ ਦੇ ਕਤਲ ਕੇਸ ਵਿੱਚ ਭਿੰਡਰਾਂਵਾਲ਼ੇ ਨੂੰ ਚੌਕ ਮਹਿਤਾ ਤੋਂ 20 ਸਤੰਬਰ, 1981 ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ 15 ਅਕਤੂਬਰ, 1981 ਨੂੰ ਰਿਹਾਅ ਕਰ ਦਿੱਤਾ ਗਿਆ। ਇਹ ਮੰਨਣ ਲਈ ਸਾਰੇ ਮਹੱਤਵਪੂਰਣ ਸਬੂਤ ਮੌਜੂਦ ਹਨ ਕਿ ਉਸਦੀ ਰਿਹਾਈ ਹੋਮ ਮਨਿਸਟਰ ਜ਼ੈਲ ਸਿੰਘ ਦੇ ਸਿੱਧੇ ਹੁਕਮਾਂ ਅਨੁਸਾਰ ਹੋਈ ਸੀ।ਪਰ ਪੰਜਾਬ ਦੇ ਕੁਝ ਸੀਨੀਅਰ ਕਾਂਗਰਸੀ ਲੀਡਰਾਂ ਵਲੋਂ ਬੀ. ਬੀ. ਸੀ. ਪੱਤਰਕਾਰ ਸਤੀਸ਼ ਜੈਕਬ ਨੂੰ ਦੱਸਿਆ ਸੀ ਕਿ ਇਹ ਰਿਹਾਈ ਮਿਸਿਜ਼ ਗਾਂਧੀ ਦੀ ਸਹਿਮਤੀ ਨਾਲ਼ ਹੀ ਹੋਈ ਸੀ। ਜਿਸਦੀ ਤਸਦੀਕ ਬਾਅਦ ਵਿੱਚ ਬੀ. ਬੀ. ਸੀ. ਦੇ ਪੱਤਰਕਾਰ ਮਾਰਕ ਤੁਲੀ ਨਾਲ਼ ਇੰਟਰਵਿਊ ਦੌਰਾਨ ਮਨਜੀਤ ਸਿੰਘ ਜੀਕੇ ਨੇ ਕੀਤੀ ਸੀ, ਉਸਦੇ ਦੱਸਣ ਅਨੁਸਾਰ ਉਸਦੇ ਪਿਤਾ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਨੇ ਇੰਦਰਾ ਗਾਂਧੀ ਨੂੰ ਧਮਕੀ ਦਿੱਤੀ ਸੀ ਕਿ ਜੇ ਸੰਤ ਨੂੰ ਬਿਨਾਂ ਸ਼ਰਤ ਰਿਹਾਅ ਨਾ ਕੀਤਾ ਤਾਂ ਦਿੱਲੀ ਕਮੇਟੀ ਕਾਂਗਰਸ ਦਾ ਸਾਥ ਛੱਡ ਦੇਵੇਗੀ। ਇਸ ਕਿਤਾਬ ਅਨੁਸਾਰ ਇੰਦਰਾ ਗਾਂਧੀ ਦੀ ਇਹ ਇੱਕ ਅਜਿਹੀ ਸਿਆਸੀ ਗਲਤੀ ਸੀ ਕਿ ਉਸਨੇ ਆਪਣੇ ਸਿਆਸੀ ਮੁਫਾਦਾਂ ਲਈ ਇਨਸਾਫ ਨੂੰ ਦਰਕਿਨਾਰ ਕਰਕੇ ਇੱਕ ਅਜਿਹਾ ਆਦਮਖੋਰ ਖੜਾ ਕਰ ਲਿਆ ਸੀ, ਜੋ ਬਾਅਦ ਵਿੱਚ ਉਸਦੀ ਮੌਤ ਦਾ ਕਾਰਨ ਬਣਿਆ।' (ਬੀ. ਬੀ. ਸੀ. ਪੱਤਰਕਾਰ ਮਾਰਕ ਤੁਲੀ ਤੇ ਸਤੀਸ਼ ਜੈਕਬ ਦੀ ਕਿਤਾਬ, 'ਅੰਮ੍ਰਿਤਸਰ: ਇੰਦਰਾ ਗਾਂਧੀ ਦੀ ਆਖਰੀ ਲੜਾਈ' ਪੰਨਾ-65)

ਬੀ. ਬੀ. ਸੀ. ਦੇ ਪੱਤਰਕਾਰ ਮਾਰਕ ਤੁਲੀ ਤੇ ਸਤੀਸ਼ ਜੈਕਬ ਆਪਣੀ ਕਿਤਾਬ **'ਅੰਮ੍ਰਿਤਸਰ: ਇੰਦਰਾ ਗਾਂਧੀ ਦੀ ਆਖਰੀ ਲੜਾਈ'** ਦੇ ਪੰਨਾ 63 ਤੇ ਲਿਖਦੇ ਹਨ ਕਿ ਭਾਰਤ ਦੇ ਗ੍ਰਹਿ ਮੰਤਰੀ ਗਿਆਨੀ ਜ਼ੈਲ ਸਿੰਘ ਨੇ 14 ਅਕਤੂਬਰ, 1981 ਨੂੰ ਪਾਰਲੀਮੈਂਟ ਵਿੱਚ ਦੱਸਿਆ ਕਿ ਅਜਿਹਾ ਕੋਈ ਸਬੂਤ ਨਹੀਂ ਮਿਲ਼ਿਆ, ਜਿਸ ਤੋਂ ਪਤਾ ਲੱਗੇ ਕਿ ਸੰਤ ਭਿੰਡਰਾਂਵਾਲਾ, ਲਾਲਾ ਜਗਤ ਨਰਾਇਣ ਦੇ ਕਤਲ ਦੀ ਸਾਜ਼ਿਸ਼ ਵਿੱਚ ਕਿਸੇ ਤਰ੍ਹਾਂ ਸ਼ਾਮਿਲ ਹੈ। ਜਿਸ ਤੋਂ ਬਾਅਦ ਅਗਲੇ ਦਿਨ ਉਸਨੂੰ ਬਿਨਾਂ ਸ਼ਰਤ ਰਿਹਾਅ ਕਰ ਦਿੱਤਾ ਗਿਆ। ਇਸੇ ਕਿਤਾਬ ਦੇ ਪੰਨਾ 64-65 ਤੇ ਉਹ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਬਾਰੇ ਲਿਖਦੇ ਹਨ: 'ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੰਟਰੋਲ ਕਾਂਗਰਸ ਪਾਰਟੀ ਦੇ ਹੱਥ ਵਿੱਚ ਸੀ।ਇਸਦੇ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਦੇ ਸ੍ਰੀਮਤੀ ਇੰਦਰਾ ਗਾਂਧੀ ਤੇ ਗ੍ਰਹਿ ਮੰਤਰੀ ਜ਼ੈਲ ਸਿੰਘ ਨਾਲ਼ ਨੇੜੇ ਦੇ ਨਿੱਜੀ ਸਬੰਧ ਸਨ। ਜਥੇਦਾਰ ਸੰਤੋਖ ਸਿੰਘ ਦਰਅਸਲ ਭਿੰਡਰਾਂਵਾਲ਼ੇ ਦਾ ਵੀ ਖਾਸ ਆਦਮੀ ਸੀ। ਭਿੰਡਰਾਂਵਾਲਾ ਅਕਸਰ ਕਹਿੰਦਾ ਸੀ ਕਿ ਸੰਤੋਖ ਸਿੰਘ ਨੇ ਉਦੋਂ ਉਸਦੇ ਵਕੀਲਾਂ ਦੀ ਫੀਸ ਭਰੀ ਸੀ, ਜਦੋਂ ਉਸ ਉਤੇ ਨਿਰੰਕਾਰੀ ਮੱਤ ਦੇ ਮੁਖੀ ਗੁਰਬਚਨ ਸਿੰਘ ਦੇ ਕਤਲ ਕੇਸ ਦੀ ਸਾਜ਼ਿਸ਼ ਦਾ ਦੋਸ਼ ਲਗਾਇਆ ਗਿਆ ਸੀ ਅਤੇ ਉਹ 2000 ਪ੍ਰਤੀ ਮਹੀਨਾ ਭਾਈ ਰਣਜੀਤ ਸਿੰਘ ਨੂੰ ਵੀ ਦਿੰਦਾ ਸੀ, ਜਿਸਨੇ ਨਿਰੰਕਾਰੀ ਮੁਖੀ ਨੂੰ ਮਾਰਿਆ ਸੀ। ਸੰਤੋਖ ਸਿੰਘ ਉਦੋਂ ਮਹਿਤੇ ਚੌਕ ਸੀ, ਜਦੋਂ ਸੰਤ ਨੇ ਲਾਲੇ ਦੇ ਕੇਸ ਵਿੱਚ ਗ੍ਰਿਫਤਾਰੀ ਦਿੱਤੀ ਸੀ।ਉਸਨੇ ਆਪਣੀ ਭੜਕਾਊ ਤਕਰੀਰ ਵਿੱਚ ਕਿਹਾ ਸੀ: **'ਜੇ ਸਰਕਾਰ ਭਿੰਡਰਾਂਵਾਲ਼ੇ ਨੂੰ ਫੜਦੀ ਹੈ ਤਾਂ ਉਹ ਸਿੱਖਾਂ ਦੇ ਦਿਲ ਨੂੰ ਹੱਥ ਪਾਵੇਗੀ। ਜੇ ਉਸ ਤੇ ਝੂਠੇ ਕੇਸ ਪਾਏ ਤਾਂ ਸਿੱਖ ਕੌਮ ਜਵਾਲਾਮੁਖੀ ਵਾਂਗ ਫਟ ਪਵੇਗੀ ਅਤੇ ਪਿਘਲਿਆ ਲਾਵਾ ਇਸ ਦੇਸ਼ ਨੂੰ ਡੁਬੋਅ ਦੇਵੇਗਾ।'** ਸੰਤ ਦੀ ਗ੍ਰਿਫਤਾਰੀ ਤੋਂ ਬਾਅਦ ਅਕਾਲੀਆਂ ਨੇ ਵੀ 16 ਅਕਤੂਬਰ, 1981 ਨੂੰ ਪੰਜਾਬ ਦੀਆਂ ਮੰਗਾਂ ਬਾਰੇ ਇੰਦਰਾ ਸਰਕਾਰ ਨਾਲ਼ ਹੋਣ ਵਾਲ਼ੀ ਪਹਿਲੀ ਗੱਲਬਾਤ ਸ਼ੁਰੂ ਕਰਨ ਤੋਂ ਪਹਿਲਾਂ ਇਹ ਮੰਗ ਰੱਖ ਦਿੱਤੀ ਸੀ ਕਿ ਜਦੋਂ ਤੱਕ ਸੰਤ ਨੂੰ ਬਿਨਾਂ ਸ਼ਰਤ ਰਿਹਾਅ ਨਹੀਂ ਕੀਤਾ ਜਾਂਦਾ, ਕੋਈ ਗੱਲਬਾਤ ਨਹੀਂ ਹੋਵੇਗੀ। ਪੱਤਰਕਾਰ ਜਗਤਾਰ ਸਿੰਘ ਦੀ ਕਿਤਾਬ 'Khalistan Struggle-A Non Movement' ਅਨੁਸਾਰ ਸੰਤ ਦੀ ਸ਼ਾਹੀ ਠਾਠ ਉਸ ਸਮੇਂ ਬਣੀ ਸੀ, ਜਦੋਂ ਰਿਹਾਈ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਅਤੇ ਅਕਾਲ ਤਖਤ ਦਾ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਹਜਾਰਾਂ ਲੋਕਾਂ ਨਾਲ਼ ਜ਼ੇਲ੍ਹ ਦੇ ਬਾਹਰ ਸਵਾਗਤ ਲਈ ਖੜੇ ਸਨ ਅਤੇ ਫਿਰ ਸੰਤ ਨੂੰ ਵੱਡੇ ਭਾਰੀ ਜਲੂਸ ਵਿੱਚ ਜਿੱਤ ਦੇ ਨਾਹਰੇ ਲਾਉਂਦੇ ਹੋਏ ਦਰਬਾਰ ਸਾਹਿਬ ਲੈ ਕੇ ਗਏ ਸਨ।

84 ਦੇ ਦੌਰ ਬਾਰੇ ਵੱਖ-ਵੱਖ ਕਿਤਾਬਾਂ ਵਿੱਚ ਛਪੀ ਜਾਣਕਾਰੀ ਤੋਂ ਕਈ ਸਵਾਲ ਖੜੇ ਹੁੰਦੇ ਹਨ, ਇੱਕ ਪਾਸੇ ਦਿੱਲੀ ਕਮੇਟੀ ਦਾ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਇੰਦਰਾ ਗਾਂਧੀ ਤੇ ਗਿਆਨੀ ਜ਼ੈਲ ਸਿੰਘ ਦਾ ਵੀ ਚਹੇਤਾ ਹੈ ਅਤੇ ਦੂਜੇ ਪਾਸੇ ਸੰਤ ਭਿੰਡਰਾਂਵਾਲੇ ਦਾ ਵੀ ਖਾਸਮ-ਖਾਸ ਹੈ। ਇੱਕ ਪਾਸੇ ਸਰਕਾਰ ਸੰਤ ਨੂੰ ਕਤਲ ਕੇਸ ਵਿੱਚ ਗ੍ਰਿਫਤਾਰ ਵੀ ਕਰਦੀ ਹੈ 'ਤੇ ਦੂਜੇ ਪਾਸੇ ਅਕਾਲੀਆਂ ਦੇ ਦਬਾਅ ਹੇਠ ਸੰਤ ਨੂੰ ਬਿਨਾਂ ਸ਼ਰਤ ਰਿਹਾਅ ਵੀ ਕਰ ਰਹੀ ਹੈ।ਕੀ ਇਹ ਉਹੋ ਪ੍ਰਪੰਚ ਨਹੀਂ ਸੀ, ਜੋ ਉਸ ਦੌਰ ਲਈ ਪਿੜ ਬੰਨ੍ਹ ਰਿਹਾ ਸੀ, ਜਿਸਨੇ ਬਾਅਦ ਵਿੱਚ ਜੂਨ, 84 ਦੇ ਹਮਲੇ ਅਤੇ ਫਿਰ ਦਸ ਸਾਲ ਦੀ ਕਤਲੋ-ਗਾਰਤ ਦੇ ਰੂਪ ਵਿੱਚ ਪ੍ਰਗਟ ਹੋਣਾ ਸੀ।

ਲਾਲਾ ਜਗਤ ਨਰਾਇਣ ਦੇ ਕਤਲ ਤੋਂ ਪਹਿਲਾਂ 24 ਅਪ੍ਰੈਲ, 1980 ਨੂੰ ਇੱਕ ਹੋਰ ਅਹਿਮ ਕਤਲ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਦਾ ਹੋ ਚੁੱਕਾ ਸੀ। ਜਿਸਨੇ ਉਸ ਦੌਰ ਦੀ ਹਿੰਸਾ ਦੀ ਸ਼ੁਰੂਆਤ ਕਰ ਦਿੱਤੀ ਸੀ, ਜਿਸਨੇ ਬਾਅਦ ਵਿੱਚ ਹਜ਼ਾਰਾਂ ਜਾਨਾਂ ਲੈਣੀਆਂ ਸਨ। ਉਸ ਵਕਤ ਵੀ ਸੰਤ ਭਿੰਡਰਾਂਵਾਲਿਆਂ ਦਾ ਨਾਮ ਕਤਲ ਦੀ ਸਾਜ਼ਿਸ਼ ਵਿੱਚ ਆਇਆ ਸੀ। ਜਿਸ ਬਾਰੇ ਗੁਰਦੇਵ ਸਿੰਘ ਗਰੇਵਾਲ ਦੀ ਕਿਤਾਬ **'The Searching Eye: An Insider Looks at Punjab Crisis'** ਦੇ ਪੰਨਾ 113 ਅਨੁਸਾਰ CBI Director ਜੇ. ਐਸ. ਬਾਵਾ ਨੇ ਸੰਤ ਭਿੰਡਰਾਂਵਾਲੇ ਤੋਂ ਨਿਰੰਕਾਰੀ ਮੁੱਖੀ ਕਤਲ ਬਾਰੇ ਗੁਰੂ ਰਾਮਦਾਸ ਸਰਾਂ ਵਿੱਚ **'ਦੋਸਤਾਨਾ'** ਪੁਛਗਿੱਛ ਕੀਤੀ ਸੀ, ਜਦੋਂ ਸੰਤ ਨੇ ਫੜ ਹੋਣ ਦੇ ਡਰ ਤੋਂ ਮਹਿਤਾ ਚੌਕ ਤੋਂ ਗੁਰੂ ਰਾਮ ਦਾਸ ਸਰਾਂ ਵਿੱਚ ਸ਼ਰਣ ਲੈ ਲਈ ਸੀ। ਇਥੇ ਇਹ ਵੀ ਵਰਨਣਯੋਗ ਹੈ ਕਿ ਨਿਰੰਕਾਰੀ ਮੁਖੀ ਨੂੰ ਕਤਲ ਕਰਨ ਲਈ ਜੋ ਕਾਰਬਾਈਨ ਵਰਤੀ ਗਈ ਸੀ, ਉਹ ਸੰਤ ਦੇ ਵੱਡੇ ਭਰਾ ਜਗੀਰ ਸਿੰਘ ਦੇ ਨਾਮ ਤੇ ਰਜਿਟਰਡ ਸੀ। ਇਸ ਕਤਲ ਕਾਂਡ ਵਿੱਚ ਨਾਮਜਦ ਕੀਤੇ ਗਏ 25 ਦੇ ਕਰੀਬ ਵਿਅਕਤੀਆਂ ਵਿੱਚ ਟਕਸਾਲ ਦੇ ਕੁਝ ਸਿੰਘਾਂ ਦੇ ਨਾਮ ਵੀ ਸ਼ਾਮਿਲ ਸਨ। ਇੰਡੀਅਨ ਐਕਪ੍ਰੈਸ ਦੇ ਪੱਤਰਕਾਰ ਤੇ ਸੰਤਾਂ ਦੇ ਨਜਦੀਕੀ ਰਹੇ ਜਗਤਾਰ ਸਿੰਘ ਦੀ ਕਿਤਾਬ 'Khalistan Struggle: A Non Movement' ਅਨੁਸਾਰ ਉਸ ਵਕਤ ਜਦੋਂ ਸੰਤ ਭਿੰਡਰਾਂਵਾਲੇ ਦੀ ਗ੍ਰਿਫਤਾਰੀ ਦੀ ਗੱਲ ਚੱਲ ਰਹੀ ਸੀ ਤਾਂ 'ਦਲ ਖਾਲਸਾ' ਨੇ ਅਖਬਾਰੀ ਬਿਆਨ ਰਾਹੀਂ ਧਮਕੀ ਦਿੱਤੀ ਸੀ ਕਿ ਜੇ ਸੰਤ ਜੀ ਦਾ ਵਾਲ਼ ਵੀ ਵਿੰਗਾ ਹੋਇਆ ਤਾਂ ਅਸੀਂ ਕਤਲਾਂ ਦੀ ਹਨ੍ਹੇਰੀ ਲਿਆ ਦਿਆਂਗੇ। ਉਸ ਵਕਤ ਵੀ ਗ੍ਰਹਿ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਪਾਰਲੀਮੈਂਟ ਵਿੱਚ ਬਿਆਨ ਦਿੱਤਾ ਸੀ ਕਿ ਸੰਤ ਭਿੰਡਰਾਂਵਾਲ਼ਿਆਂ ਦਾ ਨਿਰੰਕਾਰੀ ਕਤਲ ਕਾਂਡ ਵਿੱਚ ਕੋਈ ਹੱਥ ਨਹੀਂ।

'1977 ਤੋਂ 1984 ਤੱਕ ਪੰਜਾਬ ਵਿੱਚ ਕਾਂਗਰਸ ਵਲੋਂ ਦੋ ਅਪਰੇਸ਼ਨ ਚਲਾਏ ਗਏ।ਪਹਿਲਾ **'ਭਿੰਡਰਾਂਵਾਲਾ-ਖਾਲਿਸਤਾਨ'** ਸੀ, ਜੋ 1977 ਤੋਂ 1980 ਤੱਕ ਸੀ।ਜਿਸ ਨੂੰ ਸੰਜੇ ਗਾਂਧੀ ਤੇ ਗਿਆਨੀ ਜ਼ੈਲ ਸਿੰਘ ਲੀਡ ਕਰ ਰਹੇ ਸਨ। ਉਨ੍ਹਾਂ ਦੇ ਨਾਲ਼ ਇੰਦਰਾ ਗਾਂਧੀ ਤੇ ਕਮਲ ਨਾਥ ਸਨ। ਇਸ ਮਿਸ਼ਨ ਦਾ ਮਕਸਦ ਸਿੱਖਾਂ ਵਿੱਚ ਅਕਾਲੀ ਦਲ ਨੂੰ ਕਮਜ਼ੋਰ ਕਰਨਾ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਆਪਣੀ ਥਾਂ ਬਣਾਉਣਾ ਸੀ। ਇਸੇ ਮਕਸਦ ਨਾਲ਼ 1979 ਦੀਆਂ ਸ਼੍ਰੋਮਣੀ ਕਮੇਟੀ ਚੋਣਾਂ ਵਿੱਚ ਸੰਤ ਭਿੰਡਰਾਂਵਾਲ਼ੇ, ਦਲ ਖਾਲਸਾ ਤੇ ਜਗਜੀਤ ਸਿੰਘ ਚੌਹਾਨ ਵਲੋਂ ਅਕਾਲੀਆਂ ਖਿਲਾਫ ਆਪਣੇ ਬੰਦੇ ਵੀ ਖੜੇ ਕੀਤੇ ਸਨ। ਇਸ ਮਿਸ਼ਨ ਅਨੁਸਾਰ ਸੰਤ ਭਿੰਡਰਾਂਵਾਲ਼ੇ ਨੂੰ ਸਿੱਖਾਂ ਵਿੱਚ ਗਰਮ ਖਿਆਲੀ ਸਿੱਖਾਂ ਦੇ ਉਭਾਰ, ਧਾਰਮਿਕ ਕੱਟੜਵਾਦ ਅਤੇ ਪੰਜਾਬ ਵਿੱਚ ਹਿੰਸਕ ਮਾਹੌਲ ਤਿਆਰ ਕਰਨ ਲਈ ਵਰਤਿਆ ਜਾਣਾ ਸੀ ਤਾਂ ਕਿ ਨਰਮ ਖਿਆਲੀ ਅਕਾਲੀਆਂ ਨੂੰ ਕੌਰਨਰ ਕੀਤਾ ਜਾ ਸਕੇ। ਇੰਦਰਾ ਗਾਂਧੀ ਦੇ ਨਜਦੀਕੀ ਰਹੇ ਕਾਂਗਰਸੀ ਆਗੂ ਕਮਲ ਨਾਥ ਦੇ ਦੱਸਣ ਮੁਤਾਬਿਕ ਕਾਂਗਰਸ ਵਲੋਂ ਇਸ ਮਿਸ਼ਨ ਲਈ ਸੰਤ ਭਿੰਡਰਾਂਵਾਲ਼ੇ ਨੂੰ ਫੰਡਿੰਗ ਵੀ ਕੀਤੀ ਜਾਂਦੀ ਸੀ। ਪਰ ਕਮਲ ਨਾਥ ਨੇ ਮੰਨਿਆ ਕਿ ਉਦੋਂ ਉਨ੍ਹਾਂ ਨੂੰ ਇਹ ਆਸ ਨਹੀਂ ਕੀਤੀ ਸੀ ਕਿ ਬਾਅਦ ਵਿੱਚ ਭਿੰਡਰਾਂਵਾਲਾ ਇਤਨਾ ਵੱਡਾ ਅੱਤਵਾਦੀ ਲੀਡਰ ਬਣ ਜਾਵੇਗਾ। ਉਸੇ ਸਮੇਂ ਦੌਰਾਨ ਗਿਆਨੀ ਜ਼ੈਲ ਸਿੰਘ ਤੇ ਸੰਜੇ ਗਾਂਧੀ ਨੇ ਦੂਜੇ ਪਾਸੇ ਭਿੰਡਰਾਂਵਾਲ਼ੇ ਤੋਂ ਵੱਖਰਾ ਖਾਲਿਸਤਾਨ ਦਾ ਮੁੱਦਾ ਖੜਾ ਕਰਨ ਲਈ 'ਦਲ ਖਾਲਸਾ' ਦੀ ਸਥਾਪਨਾ ਵੀ ਕਰਾਈ ਸੀ। ਜਿਸ ਬਾਰੇ ਗਿਆਨੀ ਜ਼ੈਲ ਸਿੰਘ ਨੇ ਹਿੰਦੀ ਦੇ ਹਫਤਾਵਾਰੀ ਮੈਗਜ਼ੀਨ 'ਦਿਨਮਾਨ' ਦੇ 30 ਜਨਵਰੀ, 1988 ਦੇ ਅੰਕ ਵਿੱਚ ਦਿੱਤੀ ਇੰਟਰਵਿਊ 'ਮੇਰੀ ਮਜਬੂਰੀ ਸੀ' ਵਿੱਚ ਮੰਨਿਆ ਸੀ ਕਿ ਮੈਂ 'ਦਲ ਖਾਲਸਾ' ਕਾਇਮ ਕੀਤਾ ਸੀ, ਮੇਰਾ ਨਿਸ਼ਾਨਾ ਸਿੱਖ ਗੁਰਦੁਆਰਾ ਸਿਆਸਤ ਵਿੱਚ ਹਿੱਸਾ ਲੈਣਾ ਸੀ, ਆਖਿਰ ਗੁਰਦੁਆਰਿਆਂ ਦਾ ਅਕਾਲੀਆਂ ਨੇ ਠੇਕਾ ਨਹੀਂ ਲਿਆ ਹੋਇਆ। ਮੈਨੂੰ ਅਜਿਹਾ ਕਰਨ ਲਈ ਮੇਰੀ ਆਗੂ ਸ੍ਰੀਮਤੀ ਇੰਦਰਾ ਗਾਂਧੀ, ਨੇ ਵੀ ਕਿਹਾ ਸੀ।

ਦੂਸਰਾ ਅਪਰੇਸ਼ਨ ਉਦੋਂ ਉਲੀਕਿਆ ਗਿਆ, ਜਦੋਂ 1980 ਵਿੱਚ ਇੰਦਰਾ ਗਾਂਧੀ ਦੁਬਾਰਾ ਸੱਤ੍ਹਾ ਵਿੱਚ ਆ ਗਈ ਸੀ ਤੇ ਅਕਾਲੀ ਪੰਜਾਬ ਵਿੱਚੋਂ ਹਾਰ ਚੁੱਕੇ ਸਨ। ਇਹ ਦੂਸਰਾ ਮਿਸ਼ਨ ਵੀ ਸੰਜੇ ਗਾਂਧੀ ਤੇ ਗਿਆਨੀ ਜ਼ੈਲ ਸਿੰਘ ਵਲੋਂ ਹੀ ਉਲੀਕਿਆ ਗਿਆ ਸੀ, ਪਰ ਸੰਜੇ ਗਾਂਧੀ ਦੀ ਉਸੇ ਸਾਲ 23 ਜੂਨ, 1980 ਨੂੰ ਮੌਤ ਤੋਂ ਬਾਅਦ ਇਸਦੇ ਪਲੇਅਰ ਬਦਲ ਗਏ ਸਨ। ਹੁਣ ਇਸ ਗਰੁੱਪ ਵਿੱਚ ਇੰਦਰਾ ਗਾਂਧੀ, ਗਿਆਨੀ ਜ਼ੈਲ ਸਿੰਘ, ਰਾਜੀਵ ਗਾਂਧੀ, ਮੱਖਣ ਲਾਲ ਫੋਤੇਦਾਰ, ਅਰੁਣ ਨਹਿਰੂ, ਅਰੁਣ ਸਿੰਘ, ਕਮਲ ਨਾਥ ਆਦਿ ਸ਼ਾਮਿਲ ਸਨ।ਇਸ ਮਿਸ਼ਨ ਦਾ ਮਕਸਦ ਸੀ ਕਿ ਜਨਵਰੀ 1985 ਵਿੱਚ ਹੋਣ ਵਾਲੀਆਂ ਅਗਲੀਆਂ ਚੋਣਾਂ ਵਿੱਚ ਕਾਂਗਰਸ ਨੂੰ ਭਾਰੀ ਬਹੁਮਤ ਨਾਲ਼ ਜਿਤਾਉਣਾ ਤਾਂ ਕਿ ਜਨਤਾ ਪਾਰਟੀ ਦਾ ਪੂਰੀ ਤਰ੍ਹਾਂ ਸਫਾਇਆ ਹੋ ਜਾਵੇ ਅਤੇ ਪਹਿਲਾਂ ਵਾਂਗ ਕਾਂਗਰਸ ਹੀ ਇੱਕੋ-ਇੱਕ ਪਾਰਟੀ ਰਹਿ ਜਾਵੇ। ਇਸ ਮਕਸਦ ਲਈ ਭਿੰਡਰਾਂਵਾਲਾ ਤੇ ਹੋਰ ਗਰਮ ਖਿਆਲੀ ਸਿੱਖ ਧੜਿਆਂ ਰਾਹੀਂ ਕੱਟੜਵਾਦ, ਅੱਤਵਾਦ ਤੇ ਖਾਲਿਸਤਾਨ ਦੀ ਮੰਗ ਨੂੰ ਉਭਾਰ ਕੇ ਹਿੰਦੂਆਂ ਵਿੱਚ ਸਹਿਮ ਦਾ ਮਾਹੌਲ ਪੈਦਾ ਕੀਤਾ ਜਾਣਾ ਸੀ ਤੇ ਫਿਰ 1985 ਦੀਆਂ ਚੋਣਾਂ ਤੋਂ ਪਹਿਲਾਂ ਕੁਝ ਅਜਿਹਾ ਵੱਡਾ ਕੀਤਾ ਜਾਣਾ ਸੀ, ਜਿਸ ਨਾਲ਼ ਇਹ ਸਾਬਿਤ ਕੀਤਾ ਜਾ ਸਕੇ ਕਿ ਕਾਂਗਰਸ ਨੇ ਨਾ ਸਿਰਫ ਹਿੰਦੂਆਂ ਨੂੰ ਸਗੋਂ ਦੇਸ਼ ਨੂੰ ਟੁੱਟਣ ਤੋਂ ਬਚਾ ਲਿਆ ਹੈ।' (ਜੀ. ਬੀ. ਐਸ. ਸਿੱਧੂ ਦੀ ਕਿਤਾਬ 'ਖਾਲਿਸਤਾਨ ਦੀ ਸਾਜ਼ਿਸ਼' ਪੰਨਾ: xxi-xxiv)। ਇਸ ਕਿਤਾਬ ਨੂੰ ਪੜ੍ਹਨ ਤੋਂ ਬਾਅਦ ਇਵੇਂ ਲਗਦਾ ਹੈ ਕਿ 1978 ਦੇ ਸਿੱਖ-ਨਿਰੰਕਾਰੀ ਖੂਨੀ ਕਾਂਡ ਤੋਂ ਬਾਅਦ 2 ਦਹਾਕੇ ਚੱਲੇ ਕਾਲੇ ਦੌਰ ਵਿੱਚ ਹਰ ਤਰ੍ਹਾਂ ਦੇ ਸਿੱਖ ਲੀਡਰ ਉਸ ਸ਼ਤਰੰਜ ਦੇ ਮੋਹਰੇ ਸਨ, ਜਿਸਨੂੰ ਮਿ. ਸਿੱਧੂ ਅਨੁਸਾਰ ਇੱਕ ਅਕਬਰ ਰੋਡ ਦਿੱਲੀ ਵਿੱਚ ਬੈਠੀ ਜੁੰਡਲੀ ਨੇ ਵਿਛਾਇਆ ਸੀ।

ਇਸੇ ਕਿਤਾਬ ਦੇ ਪੰਨਾ 39 ਤੇ ਜੀ. ਬੀ. ਸਿੱਧੂ **'ਖਾੜਕੂਵਾਦ ਦੇ ਕੋਈ ਚਿੰਨ੍ਹ ਨਹੀਂ ਸਨ'** ਦੇ ਸਿਰਲੇਖ ਹੇਠ ਲਿਖਦੇ ਹਨ ਕਿ ਪਹਿਲੇ ਅਪਰੇਸ਼ਨ ਵਿੱਚ ਕਾਂਗਰਸੀ ਲੀਡਰ, ਭਿੰਡਰਾਂਵਾਲਾ ਤੇ ਦਲ ਖਾਲਸਾ ਰਾਹੀਂ ਸਿੱਖਾਂ ਵਿੱਚ ਕੋਈ ਖਾਸ ਥਾਂ ਨਾ ਬਣਾ ਸਕੇ ਅਤੇ ਨਾ ਹੀ ਇਹ ਲੋਕ 1980 ਤੱਕ ਕੋਈ ਖਾੜਕੂਵਾਦ ਸ਼ੁਰੂ ਕਰ ਸਕੇ। ਇਸ ਸਬੰਧੀ ਉਹ ਸਾਬਕਾ ਆਈ. ਏ. ਐਸ. ਤੇ ਗ੍ਰਹਿ ਮੰਤਰਾਲੇ ਦੇ ਕੈਬਨਿਟ ਸੈਕਟਰੀ ਬੀ. ਜੀ. ਦੇਸ਼ਮੁੱਖ ਦੀ ਕਿਤਾਬ 'From Poona to The Prime Minister Office: A Cabinet Secretory Looks Back' ਦਾ ਹਵਾਲਾ ਦੇ ਕੇ ਦੱਸਦੇ ਹਨ ਕਿ ਸ੍ਰੀ ਦੇਸ਼ਮੁੱਖ ਖੁਦ ਦਿੱਲੀ ਤੋਂ ਅੰਮ੍ਰਿਤਸਰ ਗਏ ਅਤੇ ਅਕਾਲੀਆਂ ਅਤੇ ਆਮ ਸਿੱਖਾਂ ਨੂੰ ਮਿਲ਼ੇ ਤਾਂ ਉਨ੍ਹਾਂ ਨੂੰ ਪੰਜਾਬ ਵਿੱਚ ਧਾਰਮਿਕ ਕੱਟੜਵਾਦ, ਖਾਲਿਸਤਾਨ ਜਾਂ ਖਾੜਕੂਵਾਦ ਬਾਰੇ ਸਿੱਖ ਨੌਜਵਾਨਾਂ ਵਿੱਚ ਕੋਈ ਰੁਝਾਨ ਨਹੀਂ ਦਿਸਿਆ। ਸ੍ਰੀ ਦੇਸ਼ਮੁੱਖ ਉਦਾਸੀਨਤਾ ਨਾਲ਼ ਦੱਸਦੇ ਹਨ ਕਿ ਇਹ ਰੁਝਾਨ ਬਹੁਤਾ ਚਿਰ ਨਹੀਂ ਰਿਹਾ ਕਿਉਂਕਿ ਕਾਂਗਰਸ ਲੀਡਰਸ਼ਿਪ ਦਾ ਇੱਕ ਵਰਗ ਪੰਜਾਬ ਵਿੱਚ ਇੱਕ ਅਜਿਹਾ ਦੈਂਤ ਖੜਾ ਕਰ ਰਹੀ ਸੀ, ਜਿਸਨੇ ਆਉਣ ਵਾਲ਼ੇ ਸਾਲਾਂ ਵਿੱਚ ਕਾਂਗਰਸ ਸਮੇਤ ਸਭ ਨੂੰ ਖਾ ਜਾਣਾ ਸੀ। ਭਿੰਡਰਾਂਵਾਲ਼ੇ, ਦਲ ਖਾਲਸਾ ਅਤੇ ਹੋਰ ਗਰਮ ਖਿਆਲੀ ਧੜਿਆਂ ਦਾ ਉਭਾਰ ਉਦੋਂ ਤੱਕ ਨਹੀਂ ਹੋਇਆ ਸੀ, ਜਦੋਂ ਤੱਕ ਹਿੰਸਾ ਦੀਆਂ ਦੋ ਵੱਡੀਆਂ ਘਟਨਾਵਾਂ ਨਿਰੰਕਾਰੀ ਮੁੱਖੀ ਗੁਰਬਚਨ ਸਿੰਘ ਅਤੇ ਪੱਤਰਕਾਰ ਲਾਲਾ ਜਗਤ ਨਰਾਇਣ ਦੇ ਕਤਲ ਨਹੀਂ ਹੋਏ।ਇਸ ਤੋਂ ਬਾਅਦ ਹਿੰਸਾ ਦੀਆਂ ਘਟਨਾਵਾਂ ਦਾ ਇੱਕ ਯੋਜਨਬੱਧ ਦੌਰ ਸ਼ੁਰੂ ਹੋ ਜਾਂਦਾ ਹੈ, ਜੋ ਅਗਲੇ 15 ਸਾਲ ਪੰਜਾਬ ਨੂੰ ਨਰਕਕੁੰਡ ਬਣਾਈ ਰੱਖਦਾ ਹੈ।

ਇਸ ਬਾਰੇ ਸੁਰਜੀਤ ਜਲੰਧਰੀ ਆਪਣੀ ਕਿਤਾਬ **'ਜਨਮ ਤੋਂ ਸ਼ਹਾਦਤ ਤੱਕ: ਭਿੰਡਰਾਂਵਾਲ਼ੇ ਸੰਤ'** ਦੇ ਪੰਨਾ 25 ਤੇ ਲਿਖਦੇ ਹਨ ਕਿ 13 ਅਪਰੈਲ, 1978 ਦੇ ਅੰਮ੍ਰਿਤਸਰ ਵਿੱਚ ਵਾਪਰੇ ਖੂਨੀ ਸਾਕੇ ਤੋਂ ਬਾਅਦ 14 ਮਈ, 1978 ਨੂੰ ਸਿੱਖਾਂ ਵਲੋਂ ਕੱਢੇ 'ਵਿਸ਼ਾਲ ਸਿੱਖ ਮਾਰਚ' ਮੌਕੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਰਾਹੀਂ ਸ੍ਰੀਮਤੀ ਇੰਦਰਾ ਗਾਂਧੀ ਆਪਣੇ ਘਰ ਦੇ ਬਾਹਰ ਸੰਤ ਭਿੰਡਰਾਂਵਾਲ਼ੇ ਅਤੇ ਦਲ ਖਾਲਸਾ ਵਾਲ਼ਿਆਂ ਨੂੰ ਮਿਲ਼ੀ ਸੀ। ਇਸ ਸਮੇਂ ਦੌਰਾਨ ਕਾਂਗਰਸ ਦੇ ਸਰਗਰਮ ਵਰਕਰ ਸਿੱਖ-ਨਿਰੰਕਾਰੀ ਮੁਜਾਹਰਿਆਂ ਵਿੱਚ ਮੂਹਰੇ ਹੁੰਦੇ ਸਨ।ਇਸ ਸਬੰਧੀ ਸਤੰਬਰ, 1978 ਨੂੰ ਕਾਨਪੁਰ ਵਿੱਚ ਨਿਰੰਕਾਰੀਆਂ ਖਿਲਾਫ ਮੁਜਾਹਰੇ ਲਈ ਪ੍ਰਬੰਧ ਕਾਨਪੁਰ ਦੇ ਯੂਥ ਕਾਂਗਰਸ ਪ੍ਰਧਾਨ ਕੰਵਲਜੀਤ ਸਿੰਘ ਗਿੱਲ ਨੇ ਆਪਣੇ ਵਰਕਰਾਂ ਰਾਹੀਂ ਕੀਤਾ ਸੀ, ਜਿਥੇ ਹੋਈ ਹਿੰਸਾ ਤੋਂ ਬਾਅਦ ਪੁਲਿਸ ਗੋਲ਼ੀ ਨਾਲ਼ 12 ਸਿੱਖ ਮਾਰੇ ਗਏ ਸਨ ਅਤੇ 80 ਜ਼ਖਮੀ ਹੋਏ ਸਨ।ਉਸ ਤੋਂ ਬਾਅਦ ਦਿੱਲੀ ਵਿੱਚ ਵੀ ਕਾਂਗਰਸੀਆਂ ਦੀ ਮੱਦਦ ਨਾਲ਼ 5 ਨਵੰਬਰ, 1978 ਨੂੰ ਹੋਏ ਨਿਰੰਕਾਰੀ ਵਿਰੋਧੀ ਮੁਜ਼ਾਹਰੇ ਦੌਰਾਨ ਭੜਕੀ ਹਿੰਸਾ ਵਿੱਚ ਪੁਲਿਸ ਗੋਲ਼ੀ ਨਾਲ਼ 3 ਸਿੱਖ ਮਾਰੇ ਗਏ ਸਨ ਅਤੇ ਦਰਜਨਾਂ ਜ਼ਖਮੀ ਹੋਏ ਸਨ। ਜੀ. ਬੀ. ਸਿੱਧੂ ਅਤੇ ਡਾ. ਸੰਗਤ ਸਿੰਘ ਦੀਆਂ ਕਿਤਾਬਾਂ ਅਨੁਸਾਰ ਇੱਕ ਅਕਬਰ ਰੋਡ ਵਾਲ਼ੀ ਜੁੰਡਲੀ ਵਲੋਂ ਸਿੱਖ-ਨਿਰੰਕਾਰੀ ਟਕਰਾਅ ਰਾਹੀਂ ਹਿੰਸਾ ਦਾ ਮਾਹੌਲ ਸਿਰਜਿਆ ਜਾ ਰਿਹਾ ਸੀ ਅਤੇ ਸਿੱਖ ਲੀਡਰਸ਼ਿਪ ਤੇ ਸਿੱਖ ਨੌਜਵਾਨ ਉਸ ਟਰੈਪ ਵਿੱਚ ਫਸਦੇ ਜਾ ਰਹੇ ਸਨ। ਅਜਿਹੀਆਂ ਘਟਨਾਵਾਂ ਵਾਪਰਨ ਤੋਂ ਬਾਅਦ ਹੀ ਸੰਤ ਭਿੰਡਰਾਂਵਾਲਿਆਂ ਨੇ ਆਪਣੀਆਂ ਤਕਰੀਰਾਂ ਵਿੱਚ ਇਨ੍ਹਾਂ ਘਟਨਾਵਾਂ ਦੇ ਹਵਾਲਿਆਂ ਨਾਲ਼ ਕਹਿਣਾ ਸ਼ੁਰੂ ਕੀਤਾ ਸੀ ਕਿ ਸਿੱਖਾਂ ਨਾਲ਼ ਭਾਰਤ ਵਿਚ ਜ਼ੁਲਮ ਹੋ ਰਿਹਾ ਹੈ, ਸਿੱਖ ਦੂਜੇ ਦਰਜੇ ਦੇ ਸ਼ਹਿਰੀ ਸਮਝੇ ਜਾਂਦੇ ਹਨ।

ਜੀ. ਬੀ. ਸਿੱਧੂ ਆਪਣੀ ਇਸੇ ਕਿਤਾਬ 'ਖਾਲਿਸਤਾਨ ਦੀ ਸਾਜ਼ਿਸ਼' ਦੇ ਚੈਪਟਰ 4, **'The Rise of Bhindranwale'** (ਭਿੰਡਰਾਂਵਾਲ਼ੇ ਦਾ ਉਭਾਰ) ਵਿੱਚ 41-61 ਪੰਨਿਆਂ ਤੇ ਬਹੁਤ ਵਿਸਥਾਰ ਨਾਲ਼ ਦੱਸਦੇ ਹਨ ਕਿ ਕਿਵੇਂ ਸੰਤ ਭਿੰਡਰਾਂਵਾਲ਼ਿਆਂ ਨੂੰ ਉਸੇ ਅਕਬਰ ਰੋਡ ਵਾਲ਼ੀ ਜੁੰਡਲੀ ਵਲੋਂ ਉਭਾਰਿਆ ਗਿਆ, ਚੰਦੋ ਕਲਾਂ (ਹਰਿਆਣਾ), ਦਿੱਲੀ, ਮੁੰਬਈ ਆਦਿ ਥਾਵਾਂ ਤੋਂ ਗ੍ਰਹਿ ਮੰਤਰਾਲੇ ਦੇ ਹੁਕਮਾਂ ਅਨੁਸਾਰ ਪੁਲਿਸ ਤੋਂ ਬਚਾ ਕੇ ਪੂਰੀ ਹਿਫਾਜਿਤ ਨਾਲ਼ ਕੱਢ ਕੇ ਹੀਰੋ ਬਣਾਇਆ ਗਿਆ। ਇਸਦੇ ਨਾਲ਼ ਹੀ ਦੂਜੇ ਪਾਸੇ ਦਲ ਖਾਲਸਾ ਤੇ ਹੋਰ ਗਰਮ ਖਿਆਲੀ ਧੜਿਆਂ ਰਾਹੀਂ ਹਿੰਸਾ ਨੂੰ ਉਤਸ਼ਾਹਿਤ ਕੀਤਾ ਗਿਆ। ਉਸ ਸਮੇਂ ਦੌਰਾਨ ਹੀ ਅਕਾਲੀਆਂ ਵਲੋਂ 1982 ਵਿੱਚ

'ਧਰਮ ਯੁੱਧ ਮੋਰਚਾ' ਸ਼ੁਰੂ ਕਰ ਲਿਆ ਗਿਆ, ਜਿਸ ਵਿੱਚ ਇੱਕ ਪਾਸੇ ਅਕਾਲੀਆਂ ਨਾਲ਼ ਗੱਲਬਾਤ ਦਾ ਦੌਰ ਜਾਰੀ ਰੱਖਿਆ ਗਿਆ, ਪਰ ਸਮਝੌਤਾ ਨਹੀਂ ਕੀਤਾ ਗਿਆ ਤਾਂ ਕਿ ਇਸ ਮਸਲੇ ਨੂੰ ਜਨਵਰੀ, 1985 ਦੀ ਵੋਟਾਂ ਤੱਕ ਲਮਕਾ ਕੇ ਆਪਣਾ ਸਤ੍ਹਾ ਤੇ ਪੂਰੀ ਤਰ੍ਹਾਂ ਕਬਜੇ ਦਾ ਮਿਸ਼ਨ ਪੂਰਾ ਕੀਤਾ ਜਾ ਸਕੇ। ਜੀ. ਬੀ. ਸਿੱਧੂ, ਡਾ. ਸੰਗਤ ਸਿੰਘ, ਮਾਰਕ ਤੁਲੀ-ਸਤੀਸ਼ ਜੈਕਬ, ਗੁਰਦੇਵ ਸਿੰਘ ਗਰੇਵਾਲ਼ ਆਦਿ ਲੇਖਕਾਂ ਦੀਆਂ ਕਿਤਾਬਾਂ ਅਨੁਸਾਰ ਇੱਕ ਤੀਜਾ ਫਰੰਟ ਵੀ ਸ਼ੁਰੂ ਕੀਤਾ ਗਿਆ ਸੀ, ਜਿਸ ਵਿੱਚ ਇੰਗਲੈਂਡ, ਕਨੇਡਾ ਤੇ ਅਮਰੀਕਾ ਵਿੱਚ ਵੀ ਖਾਲਿਸਤਾਨ ਦੀਆਂ ਜੜ੍ਹਾਂ ਲਗਾਉਣ ਲਈ ਡਾ. ਜਗਜੀਤ ਸਿੰਘ ਚੌਹਾਨ, ਗੰਗਾ ਸਿੰਘ ਢਿੱਲੋਂ, ਬਲਬੀਰ ਸਿੰਘ ਸੰਧੂ, ਕੁਲਦੀਪ ਸਿੰਘ ਸੋਢੀ, ਜਸਵੰਤ ਸਿੰਘ ਠੇਕੇਦਾਰ ਆਦਿ ਵਰਗੇ ਕਈ ਵਿਅਕਤੀ ਵਿਦੇਸ਼ਾਂ ਵਿੱਚ 'ਖਾਲਿਸਤਾਨ' ਦੇ ਮੁੱਦੇ ਨੂੰ ਉਭਾਰਨ ਲਈ ਲਗਾਏ ਗਏ। ਡਾ. ਸੰਗਤ ਸਿੰਘ ਦੀ ਕਿਤਾਬ 'ਇਤਿਹਾਸ 'ਚ ਸਿੱਖ' ਦੇ ਪੰਨਾ 405-406 ਅਨੁਸਾਰ ਖਾਲਿਸਤਾਨੀ ਲੀਡਰ ਜਗਜੀਤ ਸਿੰਘ ਚੌਹਾਨ 1977 ਵਿੱਚ ਵਿਦੇਸ਼ਾਂ ਤੋਂ ਵਾਪਿਸ ਪੰਜਾਬ ਆ ਗਿਆ। ਕਾਂਗਰਸ ਉਸ ਵਕਤ ਤਖਤੋਂ ਲੱਥ ਚੁੱਕੀ ਸੀ। ਉਸਨੇ ਚੌਹਾਨ ਦੀ ਉਸੇ ਤਰ੍ਹਾਂ ਵਰਤੋਂ ਕਰਨੀ ਸ਼ੁਰੂ ਕੀਤੀ, ਜਿਵੇਂ 1970ਵਿਆਂ ਦੇ ਸ਼ੁਰੂ ਵਿੱਚ ਕੀਤੀ ਸੀ। ਉਸਨੇ ਗਿਆਨੀ ਜ਼ੈਲ ਸਿੰਘ ਨਾਲ਼ ਨੇੜੇ ਦਾ ਸੰਪਰਕ ਬਣਾਇਆ ਹੋਇਆ ਸੀ ਅਤੇ 1980 ਦੀਆਂ ਚੋਣਾਂ ਤੋਂ ਪਹਿਲਾਂ ਉਹ ਕਈ ਵਾਰ ਇੰਦਰਾ ਗਾਂਧੀ ਨੂੰ ਵੀ ਮਿਲਦਾ ਰਿਹਾ। 1978-79 ਵਿੱਚ ਸ਼੍ਰੋਮਣੀ ਕਮੇਟੀ ਚੋਣਾਂ ਵਿੱਚ ਵੀ ਉਸਨੇ ਕਾਂਗਰਸ ਵਲੋਂ ਲਗਾਈ ਡਿਊਟੀ ਨਿਭਾਈ। ਇੰਦਰਾ ਗਾਂਧੀ ਦੇ 1980 ਵਿੱਚ ਦੁਬਾਰਾ ਸਤ੍ਹਾ ਵਿੱਚ ਆਉਣ ਤੋਂ ਬਾਅਦ ਫਿਰ ਉਸਨੂੰ ਮਿਲ਼ਿਆ ਅਤੇ 12 ਅਪਰੈਲ, 1980 ਵਿੱਚ ਉਸਨੇ ਆਨੰਦਪੁਰ ਸਾਹਿਬ ਵਿਖੇ ਖਾਲਿਸਤਾਨ ਦੀ ਕੌਮੀ ਕੌਂਸਲ ਦਾ ਐਲਾਨ ਕੀਤਾ। ਉਸਨੇ ਆਪਣੇ ਆਪ ਨੂੰ ਕੌਂਸਲ ਦਾ ਪ੍ਰਧਾਨ ਅਤੇ ਬਲਬੀਰ ਸਿੰਘ ਸੰਧੂ ਨੂੰ ਜਨਰਲ ਸਕੱਤਰ ਐਲਾਨਿਆ। ਇਸ ਸਮੇਂ ਤੱਕ ਉਸਨੂੰ ਕਾਂਗਰਸ ਸਰਕਾਰ ਵਲੋਂ ਖੁੱਲ੍ਹਾ ਪੈਸਾ ਮਿਲਦਾ ਰਿਹਾ। ਮਈ, 1980 ਵਿੱਚ ਉਹ ਇੰਗਲੈਂਡ ਚਲਾ ਗਿਆ ਅਤੇ ਅਗਲੇ ਮਹੀਨੇ ਖਾਲਿਸਤਾਨ ਦਾ ਐਲਾਨ ਕਰਕੇ ਖਾਲਿਸਤਾਨ ਦੇ ਪਾਸਪੋਰਟ, ਟਿਕਟਾਂ, ਕਰੰਸੀ ਵੀ ਜਾਰੀ ਕੀਤੀ।1979 ਵਿੱਚ ਗੰਗਾ ਸਿੰਘ ਢਿੱਲੋਂ ਭਾਰਤ ਆਇਆ ਤਾਂ ਦਲ ਖਾਲਸਾ ਦੇ ਗਜਿੰਦਰ ਸਿੰਘ ਨੇ ਕਰਨਾਲ ਕੋਲ਼ ਗਿਆਨੀ ਜ਼ੈਲ ਸਿੰਘ ਨਾਲ਼ ਉਸਦੀ ਮੁਲਾਕਾਤ ਦਾ ਪ੍ਰਬੰਧ ਕੀਤਾ। ਫਿਰ 1981 ਵਿੱਚ ਚੀਫ ਖਾਲਸਾ ਦੀਵਾਨ ਵਲੋਂ ਚੰਡੀਗੜ ਵਿੱਚ ਗੰਗਾ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ 'ਸਿੱਖ ਐਜੂਕੇਸ਼ਨਲ ਕਾਨਫਰੰਸ' ਕਰਾਈ ਗਈ, ਜਿਸ ਵਿੱਚ ਢਿੱਲੋਂ ਨੇ ਸਿੱਖ ਇੱਕ ਵੱਖਰੀ ਕੌਮ ਦੀ ਗੱਲ ਕੀਤੀ ਤੇ ਬਾਅਦ ਵਿੱਚ ਕਾਨਫਰੰਸ ਵਲੋਂ ਸਿੱਖ ਕੌਮ ਨੂੰ ਯੂ ਐਨ ਵਿੱਚ 'ਫਲਸਤੀਨ ਲਿਬਰੇਸ਼ਨ ਆਰਗਨਾਈਜ਼ੇਸ਼ਨ' ਵਾਂਗ ਮਾਨਤਾ ਦੇਣ ਦਾ ਮਤਾ ਪਾਸ ਕੀਤਾ।ਦਲ ਖਾਲਸਾ ਵਲੋਂ ਇਸਦਾ ਜ਼ੋਰ-ਸ਼ੋਰ ਨਾਲ਼ ਸਵਾਗਤ ਕੀਤਾ ਗਿਆ।ਡਾ. ਸੰਗਤ ਸਿੰਘ ਦੀ ਕਿਤਾਬ ਅਨੁਸਾਰ ਗਿਆਨੀ ਜ਼ੈਲ ਸਿੰਘ ਖਾਲਿਸਤਾਨੀ ਲਹਿਰ ਰੂਪੀ 'ਸ਼ੈਤਾਨੀ ਦੈਂਤ' (ਚੱਕਰਵਿਊ) ਸਿਰਜਣ ਵਿੱਚ ਚੰਗੀ ਤਰ੍ਹਾਂ ਸਫਲ ਹੋ ਰਿਹਾ ਸੀ।

ਸੰਤ ਆਪਣੀ ਰਿਹਾਈ ਤੋਂ ਬਾਅਦ ਬਿਨਾਂ ਖੌਫ ਹਿੰਸਾ ਲਈ ਆਪਣੇ ਅਨੁਆਈਆਂ ਨੂੰ ਲਾਮਬੰਦ ਕਰ ਰਿਹਾ ਸੀ।ਜਗਤਾਰ ਸਿੰਘ ਦੀ ਕਿਤਾਬ 'Khalistan Struggle: A Non Movement' ਦੇ ਪੰਨਾ 109 ਤੇ ਚੈਪਟਰ 'Call for Armed Struggle' ਅਨੁਸਾਰ: 'ਜਿਥੇ ਅਕਾਲੀ ਪੰਜਾਬ ਵਿੱਚ ਸ਼ਾਂਤੀ ਬਣਾਈ ਰੱਖਣ ਤੇ ਜਮਹੂਰੀ ਢੰਗ ਨਾਲ ਮੰਗਾਂ ਦੀ ਪ੍ਰਾਪਤੀ ਲਈ ਦ੍ਰਿੜ ਸਨ। ਉਥੇ ਸੰਤ ਨੌਜਵਾਨਾਂ ਨੂੰ ਹਥਿਆਰ ਅਤੇ ਮੋਟਰ ਸਾਈਕਲ ਰੱਖਣ ਦੀ ਕਾਲ ਦੇ ਰਿਹਾ ਸੀ ਕਿ ਹੁਣ ਵੱਡੀ ਲੜਾਈ ਲਈ ਤਿਆਰ ਹੋਣ ਦੀ ਲੋੜ ਹੈ। ਉਸ ਵਕਤ ਧੜਾ-ਧੜ ਹਥਿਆਰ ਆਉਣੇ ਸ਼ੁਰੂ ਹੋ ਗਏ ਸਨ, ਪਰ ਸਰਕਾਰ ਕੋਈ ਐਕਸ਼ਨ ਲੈਣ ਲਈ ਤਿਆਰ ਨਹੀਂ ਸੀ।' ਦੂਜੇ ਪਾਸੇ ਪੁਲਿਸ ਪ੍ਰਸ਼ਾਨ ਤੇ ਖੁਫੀਆ ਏਜੰਸੀਆਂ ਪੰਜਾਬ ਵਿੱਚ ਵਧ ਰਹੀਆਂ ਹਿੰਸਕ ਗਤੀਵਿਧੀਆਂ ਤੋਂ ਪ੍ਰਸ਼ਾਨ ਸਨ।ਇਸ ਸਮੇਂ ਦੌਰਾਨ ਅਪਰੈਲ, 1982 ਨੂੰ ਸੰਤ ਆਪਣੇ ਸਾਥੀਆਂ ਨਾਲ਼ ਦਿੱਲੀ ਦੇ ਬਜ਼ਾਰਾਂ ਵਿੱਚ ਹਥਿਆਰਾਂ ਦਾ ਪ੍ਰਦਰਸ਼ਨ ਕਰ ਰਿਹਾ ਸੀ। ਇਸ ਸਬੰਧੀ ਗੁਰਦੇਵ ਸਿੰਘ ਗਰੇਵਾਲ ਦੀ ਕਿਤਾਬ **'The Searching Eye: An Insider Looks at Punjab Crisis'** ਪੰਨਾ 186-187 ਅਨੁਸਾਰ ਗ੍ਰਹਿ ਮੰਤਰਾਲੇ ਦੇ ਪ੍ਰਿੰਸੀਪਲ ਸੈਕਟਰੀ ਤਜਿੰਦਰ ਖੰਨਾ ਨੇ ਕਿਹਾ ਕਿ ਸੰਤ ਨੂੰ NSA ਲਗਾ ਕੇ ਅੰਦਰ ਕੀਤਾ ਜਾਵੇ, ਉਹ ਇੱਕ ਪ੍ਰੋਪੋਜ਼ਲ ਬਣਾ ਕੇ ਲਾਅ ਮੰਤਰਾਲੇ ਕੋਲ ਗਿਆ, ਜੁਆਇੰਟ ਸੈਕਟਰੀ ਪੀ. ਕੇ. ਕਾਰਥਾ ਨੇ ਸਮੇਂ ਦੀ ਨਜ਼ਾਕਤ ਦੇਖ ਕੇ ਸੰਤ ਨੂੰ ਗ੍ਰਿਫਤਾਰ ਕਰਨ ਲਈ ਹਾਂ ਕਰ ਦਿੱਤੀ। ਖੰਨੇ ਨੂੰ ਇਸ ਗੱਲ ਤੇ ਬੜੀ ਤਸੱਲੀ ਹੋਈ, ਪਰ ਉਹ ਬਹੁਤਾ ਚਿਰ ਰਹਿਣ ਵਾਲ਼ੀ ਨਹੀਂ ਸੀ। ਗ੍ਰਹਿ ਮੰਤਰੀ ਜ਼ੈਲ ਸਿੰਘ ਨੇ ਸੰਤ ਨੂੰ ਗ੍ਰਿਫਤਾਰ ਕਰਨ ਤੋਂ ਪਹਿਲਾਂ ਮੀਟਿੰਗ ਰੱਖ ਲਈ, ਜਿਸ ਵਿੱਚ ਹੋਮ ਸੈਕਟਰੀ ਪੀ ਸੀ ਚਤੁਰਵੇਦੀ, ਦਿੱਲੀ ਦਾ ਗਵਰਨਰ, ਦਿੱਲੀ ਦਾ ਪੁਲਿਸ ਕਮਿਸ਼ਨਰ, ਪ੍ਰਧਾਨ ਮੰਤਰੀ ਦਾ ਸੁਰੱਖਿਆ ਸਲਾਹਕਾਰ, ਬੀ ਐਸ ਐਫ ਤੇ ਸੀ ਆਰ ਪੀ ਐਫ ਦੇ ਡੀ ਆਈ ਜੀ ਸ਼ਾਮਿਲ ਹੋਏ, ਸਭ ਨੇ ਸੰਤ ਨੂੰ ਗ੍ਰਿਫਤਾਰ ਕਰਨ ਦੀ ਵਕਾਲਤ ਕੀਤੀ। ਮੀਟਿੰਗ ਦੇ ਅਖੀਰ ਤੇ ਬੜੇ ਨਾਟਕੀ ਅੰਦਾਜ ਵਿੱਚ ਗ੍ਰਹਿ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਕਿਹਾ: 'ਮੈਂ ਤੁਹਾਡੀਆਂ ਸਭ ਦੀਆਂ ਦੇਸ਼ ਦੀ ਸੁਰੱਖਿਆ ਤੇ ਹਿੰਸਾ ਪ੍ਰਤੀ ਭਾਵਨਾਵਾਂ ਨੂੰ ਸਮਝਦਾ ਹਾਂ, ਪਰ ਸੰਤ ਦੇ ਹਥਿਆਰਬੰਦ ਸਾਥੀਆਂ ਨੂੰ ਦੇਸ਼ ਦੀ ਰਾਜਧਾਨੀ ਵਿੱਚ ਗ੍ਰਿਫਤਾਰ ਕਰਨ ਨਾਲ਼ ਖ਼ੂਨ ਖਰਾਬਾ ਹੋ ਸਕਦਾ ਹੈ, ਜਿਸਦੇ ਛਿੱਟੇ ਨਾ ਸਿਰਫ ਦਿੱਲ਼ੀ ਦੀਆਂ ਗਲ਼ੀਆਂ ਵਿੱਚ ਪੈਣਗੇ, ਸਗੋਂ ਮੈਡਮ ਗਾਂਧੀ ਦੇ ਪਾਕ ਦਾਮਨ ਨੂੰ ਵੀ ਦਾਗਦਾਰ ਕਰਨਗੇ।' ਗਰੇਵਾਲ਼ ਅਨੁਸਾਰ ਉਸ ਸਮੇਂ ਦੌਰਾਨ ਹੀ ਗਿਆਨੀ ਜੀ ਨੇ ਸੰਤ ਨੂੰ ਉਸਦੀ ਸੰਭਾਵੀ ਗ੍ਰਿਫਤਾਰੀ ਦੀ ਸੂਚਨਾ ਪਹੁੰਚਾ ਕੇ ਦਿੱਲੀ ਵਿੱਚੋਂ ਸੁਰੱਖਿਅਤ ਬੰਬਈ ਪਹੁੰਚਾ ਦਿੱਤਾ ਸੀ। ਜਦੋਂ ਅਧਿਕਾਰੀਆਂ ਨੂੰ ਸੰਤ ਦੇ ਬੰਬਈ ਪਹੁੰਚਣ ਦੀ ਖ਼ਬਰ ਮਿਲ਼ੀ ਤਾਂ ਉਨ੍ਹਾਂ ਨੇ ਉਥੋਂ ਫੜਨ ਦੀ ਵਿਉਂਤ ਬਣਾਈ। ਇਸ ਸਬੰਧੀ ਅਧਿਕਾਰੀਆਂ ਨੇ ਮਹਾਂਰਾਸ਼ਟਰਾ ਦੇ ਚੀਫ ਸੈਕਟਰੀ ਪੀ. ਜੀ. ਗਵੱਈ ਅਤੇ ਬੰਬਈ ਪੁਲਿਸ ਦੇ ਕਮਿਸ਼ਨਰ ਜੂਲ਼ੀਅਟ ਰਿਬੇਰੋ ਨਾਲ਼ ਸੰਪਰਕ ਕੀਤਾ ਅਤੇ ਸੰਤ ਨੂੰ ਬੰਬਈ ਤੋਂ ਬਾਹਰ ਨਾਸਕ ਕੋਲ਼ ਗ੍ਰਿਫਤਾਰ ਕਰਨ ਦਾ ਪਲੈਨ ਬਣਾਇਆ। ਰਿਬੇਰੋ ਦੀ ਕਿਤਾਬ 'ਬੁਲਿਟ ਫਾਰ ਬੁਲਿਟ' ਅਨੁਸਾਰ ਇਸ ਤੋਂ ਪਹਿਲਾਂ ਕਿ ਅਸੀਂ ਸੰਤ ਨੂੰ ਗ੍ਰਿਫਤਾਰ ਕਰਦੇ 'ਉਪਰੋਂ' ਪਹਿਲਾਂ ਹੀ ਜਾਣਕਾਰੀ ਸੰਤ ਤੱਕ ਪਹੁੰਚਾ ਕੇ ਇੱਕ ਵਾਰ ਫਿਰ ਉਸਨੂੰ ਸੁਰੱਖਿਅਤ ਪੰਜਾਬ ਤੱਕ ਪਹੁੰਚਾ ਦਿੱਤਾ ਗਿਆ। ਖੁਫੀਆ ਏਜੰਸੀ ਆਈ ਬੀ ਦੇ ਜੁਆਇੰਟ ਡਾਇਰੈਕਟਰ ਐਮ ਕੇ ਧਰ ਆਪਣੀ ਕਿਤਾਬ 'ਖੁੱਲ੍ਹੇ ਭੇਦ' ਵਿੱਚ ਪੰਨਾ 292 ਤੇ ਆਪਣੀ ਦਿੱਲੀ ਵਿੱਚ ਤਾਇਨਾਤੀ ਦੌਰਾਨ ਗਿਆਨੀ ਜ਼ੈਲ ਸਿੰਘ ਦੇ ਸੰਤ ਨਾਲ਼ ਸਬੰਧਾਂ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ: ਬੇਸ਼ਕ ਮੈਨੂੰ ਉਸਦੀ (ਜ਼ੈਲ ਸਿੰਘ) ਪੇਂਡੂ ਸਾਦਗੀ ਨੇ ਮੋਹ ਲਿਆ ਸੀ, ਪਰ ਮੈਂ ਪੂਰੀ ਤਰ੍ਹਾਂ ਸੁਚੇਤ ਸੀ ਕਿ ਉਹਦੀ ਖਲੜੀ ਹੇਠ ਇੱਕ ਮਾਹਿਰ ਸਿਆਸੀ ਪੈਂਤੜੇਬਾਜ ਲੁਕਿਆ ਸੀ। ਉਸਦੇ ਚਰਿਤਰ ਦਾ ਹਨੇਰ੍ਹਾ ਪੱਖ ਉਸ ਰਾਤ ਮੈਂ ਕੈਮਰੇ ਵਿੱਚ ਕੈਦ ਕਰ ਲਿਆ ਸੀ, ਜਦੋਂ ਉਹ ਬੰਗਲਾ ਸਾਹਿਬ ਗੁਰਦੁਆਰੇ ਵਿੱਚ ਇੱਕ ਕਮਰੇ ਵਿੱਚ ਚੋਰੀਂ ਸੰਤ ਨਾਲ਼ ਇੱਕ ਘੰਟਾ ਮੀਟਿੰਗ ਕਰਦਾ ਰਿਹਾ ਸੀ। ਕਿਸੇ ਨੂੰ ਦਿੱਲੀ ਵਿੱਚ ਇਹ ਉਮੀਦ ਨਹੀਂ ਸੀ ਕਿ ਦੇਸ਼ ਦਾ ਗ੍ਰਹਿ ਮੰਤਰੀ 'ਸੰਤ' ਤੋਂ ਬਣੇ 'ਯੋਧੇ' ਅੱਗੇ ਮੱਥਾ ਟੇਕ ਕੇ ਮੁਲਕ ਦੀ ਸੁਰੱਖਿਆ ਨਾਲ਼ ਸਮਝੌਤਾ ਕਰੇਗਾ।'

ਸੰਤ ਦੇ ਪੰਜਾਬ ਪਹੁੰਚਣ ਤੋਂ ਬਾਅਦ ਉਸਦੀ ਪੂਰੀ ਚੜਤ ਹੋ ਚੁੱਕੀ ਸੀ ਕਿ ਉਹ ਪੁਲਿਸ ਨੂੰ ਚਕਮੇ ਦੇ ਕੇ ਪੰਜਾਬ ਪਹੁੰਚ ਚੁੱਕਾ ਸੀ। ਇਸ ਤੋਂ ਅਗਲੇ ਕੁਝ ਦਿਨਾਂ ਵਿੱਚ ਅੰਮ੍ਰਿਤਸਰ ਦੇ ਦੋ ਮੰਦਰਾਂ ਵਿੱਚ **'ਗਾਂ ਦੇ ਸਿਰ'** ਵੱਢ ਕੇ ਸੁੱਟੇ ਗਏ, ਜਿਸਦੀ ਜਿੰਮੇਵਾਰੀ ਦਲ ਖਾਲਸਾ ਦੇ ਆਗੂ ਜਸਵੰਤ ਸਿੰਘ ਠੇਕੇਦਾਰ ਨੇ ਲਈ। ਫਿਰ ਕੁਝ ਦਿਨਾਂ ਬਾਅਦ ਸੁਖਦੇਵ ਸਿੰਘ ਬੱਬਰ ਤੇ ਕੁਲਵੰਤ ਸਿੰਘ ਨਾਗੋਕੇ ਨੇ ਪੱਟੀ ਸ਼ਹਿਰ ਦੇ ਬਜ਼ਾਰ ਵਿੱਚ ਅੰਨ੍ਹੇਵਾਹ ਗੋਲ਼ੀਆਂ ਚਲਾ ਕੇ 3 ਗਰੀਬ ਹਿੰਦੂਆਂ ਨੂੰ ਮਾਰ ਦਿੱਤਾ। ਜਿਸ ਤੋਂ ਬਾਅਦ ਹਿੰਸਾ ਦੇ ਉਸ ਦੌਰ ਦੀ ਸ਼ੁਰੂਆਤ ਹੋ ਗਈ, ਜਿਸ ਲਈ ਪਿਛਲੇ ਕੁਝ ਸਾਲਾਂ ਤੋਂ ਤਿਆਰੀ ਹੋ ਰਹੀ ਸੀ।ਇਥੇ ਗੁਰਦੇਵ ਸਿੰਘ ਗਰੇਵਾਲ਼ ਦੀ ਇਸੇ ਕਿਤਾਬ ਦੇ ਪੰਨਾ 197 ਤੇ ਦਰਜ ਇੱਕ ਕਿੱਸਾ ਸਾਂਝਾ ਕਰਨਾ ਬੜਾ ਦਿਲਚਸਪ ਰਹੇਗਾ, ਜਿਸ ਵਿੱਚ ਉਹ ਦੱਸਦੇ ਹਨ ਕਿ ਜਦੋਂ ਮੈਂ ਪਟਨੇ (ਬਿਹਾਰ) ਵਿੱਚ ਤਾਇਨਾਤ ਸੀ ਤਾਂ 1987 ਵਿੱਚ ਇੱਕ ਦਿਨ ਮੁੱਖ ਮੰਤਰੀ ਦਰਬਾਰਾ ਸਿੰਘ ਦਾ ਪ੍ਰਿੰਸੀਪਲ ਸਕੱਤਰ ਮਨਮੋਹਨ ਸਿੰਘ ਮਿਲਣ ਆਇਆ ਤਾਂ 84 ਤੋਂ ਪਹਿਲੇ ਦੌਰ ਦੀ ਚੱਲ ਰਹੀ ਗੱਲਬਾਤ ਦੌਰਾਨ ਉਸਨੇ ਦੱਸਿਆ ਕਿ ਅਪਰੈਲ, 1982 ਵਿੱਚ ਅੰਮ੍ਰਿਤਸਰ ਦੇ ਮੰਦਰਾਂ ਵਿੱਚ **'ਗਾਵਾਂ ਦੇ ਸਿਰ'** ਵੱਢ ਕੇ ਸੁੱਟਣ ਦਾ ਪ੍ਰਬੰਧ ਅਸੀਂ ਕਰਾਇਆ ਸੀ। ਫਿਰ ਉਸ ਤੋਂ ਬਾਅਦ ਉਹ ਕੁਝ ਸਮਾਂ ਕੁਝ ਨਾ ਬੋਲਿਆ ਤੇ ਫਿਰ ਇਹ ਕਿ ਉਠ ਪਿਆ ਕਿ ਮੈਂ ਕਿਤੇ ਜਰੂਰੀ ਜਾਣਾ ਹੈ।'

ਗੁਰਦੇਵ ਸਿੰਘ ਗਰੇਵਾਲ ਦੀ ਕਿਤਾਬ 'The Searching Eye: An Inside Looks at Punjab Crisis' ਦੇ ਚੈਪਟਰ 'ਖਾਲਿਸਤਾਨ' ਦੇ ਪੰਨਾ 157-58 ਅਨੁਸਾਰ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਆਪਣੇ ਧੜੇ ਵਲੋਂ 13 ਅਪਰੈਲ, 1982 ਨੂੰ ਇੱਕ ਸਿੱਖ ਕਨਵੈਨਸ਼ਨ ਕਰਨ ਦਾ ਐਲਾਨ ਕੀਤਾ। ਅਕਾਲੀ ਦਲ ਦੇ ਬੁਲਾਰੇ ਰਣਧੀਰ ਸਿੰਘ ਚੀਮਾ ਨੇ 10 ਅਪਰੈਲ ਨੂੰ ਐਲਾਨ ਕੀਤਾ ਕਿ ਇਸ ਕਨਵੈਨਸ਼ਨ ਵਿੱਚ ਜਾਮਾ ਮਸਜਿਦ ਦਾ ਸ਼ਾਹੀ ਇਮਾਮ ਅਤੇ ਅਮਰੀਕਾ ਤੋਂ ਗੰਗਾ ਸਿੰਘ ਢਿੱਲੋਂ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਪਹੁੰਚ ਰਹੇ ਹਨ। ਇਥੇ ਇਹ ਵੀ ਵਰਨਣਯੋਗ ਹੈ ਕਿ ਮਾਰਕ ਤੁਲੀ ਤੇ ਜੀ ਬੀ ਸਿੱਧੂ ਦੀਆਂ ਕਿਤਾਬਾਂ ਮੁਤਾਬਿਕ ਜ਼ੈਲ ਸਿੰਘ, ਜਿਥੇ ਇੱਕ ਪਾਸੇ ਭਿੰਡਰਾਂਵਾਲ਼ੇ ਤੇ ਦਲ ਖਾਲਸਾ ਰਾਹੀਂ ਖਾੜਕੂਵਾਦ ਅਤੇ ਚੌਹਾਨ, ਢਿੱਲੋਂ ਵਰਗਿਆਂ ਰਾਹੀਂ ਖਾਲਿਸਤਾਨ ਨੂੰ ਉਭਾਰ ਰਿਹਾ ਸੀ, ਉਥੇ ਦੂਜੇ ਪਾਸੇ ਤਲਵੰਡੀ ਤੇ ਟੌਹੜਾ ਨੂੰ ਵੀ ਬਾਦਲ ਦੀ ਅਕਾਲੀ ਸਰਕਾਰ ਖਿਲਾਫ ਸ਼ਹਿ ਦੇ ਰਿਹਾ ਸੀ। ਜਥੇਦਾਰ ਤਲਵੰਡੀ ਤੇ ਜਥੇਦਾਰ ਟੌਹੜਾ ਨੇ ਹੀ 1978 ਦੇ ਸਿੱਖ-ਨਿਰੰਕਾਰੀ ਕਤਲ ਕਾਂਡ ਵਿੱਚ ਬਾਦਲ ਸਰਕਾਰ ਦੀ ਕਾਰਗੁਜ਼ਾਰੀ ਨੂੰ ਅਧਾਰ ਬਣਾ ਕੇ ਗਵਰਨਰ ਨੂੰ ਬਾਦਲ ਸਰਕਾਰ ਭੰਗ ਕਰਨ ਦਾ ਮੰਗ ਪੱਤਰ ਦਿੱਤਾ ਸੀ। ਗਿਆਨੀ ਜ਼ੈਲ ਸਿੰਘ ਇੱਕ ਪਾਸੇ ਦਰਬਾਰਾ ਸਿੰਘ ਨੂੰ ਢਿੱਲੋਂ ਨੂੰ ਰੋਕਣ ਲਈ ਸਲਾਹ ਦੇ ਰਿਹਾ ਸੀ ਤੇ ਦੂਜੇ ਪਾਸੇ ਸਾਰਾ ਜ਼ੋਰ ਲਗਾ ਰਿਹਾ ਸੀ ਕਿ ਗੰਗਾ ਸਿੰਘ ਢਿੱਲੋਂ ਕਿਸੇ ਢੰਗ ਨਾਲ਼ ਭਾਰਤ ਦਾਖਿਲ ਹੋ ਜਾਵੇ। ਇਸ ਕਿਤਾਬ ਦੇ ਲੇਖਕ ਗੁਰਦੇਵ ਸਿੰਘ ਗਰੇਵਾਲ਼, (ਜੋ ਕਿ ਆਈ ਏ ਐਸ ਅਧਿਕਾਰੀ ਤੇ ਗ੍ਰਹਿ ਮੰਤਰਾਲੇ ਵਿੱਚ ਜੁਆਇੰਟ ਸੈਕਟਰੀ ਸੀ) ਅਨੁਸਾਰ ਜਦੋਂ ਮੈਨੂੰ ਪਤਾ ਲੱਗਾ ਤਾਂ ਮੈਂ ਕੈਬੇਨਿਟ ਸੈਕਟਰੀ ਬੀ ਕੇ ਚਤੁਰਵੇਦੀ ਨਾਲ਼ ਢਿੱਲੋਂ ਦੇ ਭਾਰਤ ਦਾਖਲੇ ਨੂੰ ਰੋਕਣ ਬਾਰੇ ਗੱਲ ਕੀਤੀ ਤਾਂ ਉਹ ਮੇਰੇ ਨਾਲ਼ ਸਹਿਮਤ ਹੋ ਗਿਆ।ਜਦੋਂ ਢਿੱਲੋਂ ਦਿੱਲੀ ਏਅਰਪੋਰਟ ਤੇ ਪਹੁੰਚਿਆ ਤਾਂ ਦਿੱਲੀ ਦੇ ਕਮਿਸ਼ਨਰ ਬਜਰੰਗ ਲਾਲ ਨੇ ਆਪਣੀ ਫੋਰਸ ਨਾਲ਼ ਏਅਰ ਪੋਰਟ ਪਹੁੰਚ ਕੇ ਢਿੱਲੋਂ ਨੂੰ ਐਂਟਰੀ ਨਾ ਦਿੱਤੀ ਕਿ ਉਸਦਾ ਨਾਮ ਬਲੈਕ ਲਿਸਟ ਵਿੱਚ ਹੈ।ਉਸ ਵਕਤ ਉਨ੍ਹਾਂ ਨਾਲ਼ ਉੱਘਾ ਪੱਤਰਕਾਰ ਸਤਿੰਦਰਾ ਸਿੰਘ ਵੀ ਸੀ, ਜਿਸਨੇ ਬਾਅਦ ਵਿੱਚ ਆਪਣੀ ਕਿਤਾਬ 'Khalistan: An Academic Analysis' ਵਿੱਚ ਇਸ ਤਰ੍ਹਾਂ ਦੇ ਅਨੇਕਾਂ ਖੁਲਾਸੇ ਕੀਤੇ ਸਨ। ਜਦੋਂ ਢਿੱਲੋਂ ਨੂੰ ਵਾਪਿਸ ਭੇਜਿਆ ਜਾਣਾ ਸੀ ਤਾਂ ਢਿੱਲੋਂ ਨੇ ਕਿਹਾ: **'ਮੈਨੂੰ ਵਾਪਿਸ ਕਿਉਂ ਭੇਜ ਰਹੇ ਹੋ, ਜੋ ਖਾਲਿਸਤਾਨ ਦੀ ਗੇਮ ਤੁਸੀਂ ਖੇਡ ਰਹੇ ਹੋ, ਉਹ ਹੀ ਮੈਂ ਖੇਡ ਰਿਹਾ ਹਾਂ?'** ਗੁਰਦੇਵ ਗਰੇਵਾਲ਼ ਅਨੁਸਾਰ ਬਾਅਦ ਵਿੱਚ ਜਦੋਂ ਮੈਂ ਬਿਹਾਰ ਵਿੱਚ ਤਾਇਨਾਤ ਸੀ ਤਾਂ ਇੱਕ ਦਿਨ ਜੂਨ, 1986 ਵਿੱਚ ਆਈ ਏ ਐਸ ਅਧਿਕਾਰੀ ਸਤਿਆ ਨਰਾਇਣ ਰੌਏ ਮੇਰੇ ਕੋਲ਼ ਆਇਆ ਤਾਂ ਬੈਠਿਆਂ 1984 ਬਾਰੇ ਗੱਲਾਂ ਚੱਲ ਪਾਈਆਂ ਤਾਂ ਕਹਿੰਦਾ ਕਿ 1982 ਵਿੱਚ ਉਹ ਅਮਰੀਕਾ ਵਿੱਚ ਅੰਡਰ ਕਵਰ ਏਜੰਟ ਦੇ ਤੌਰ ਤੇ ਕਿਸੇ ਮਿਸ਼ਨ ਤੇ ਗਿਆ ਸੀ। ਉਥੇ ਆਪਣੇ ਕੰਮ ਲਈ ਇੱਕ ਸੂਤਰ (ਗੰਗਾ ਸਿੰਘ ਢਿੱਲੋਂ) ਵਿਕਸਤ ਕੀਤਾ, ਉਸਨੂੰ ਏਜੰਟ ਬਣਾਇਆ, ਉਸਨੂੰ ਫੰਡਿਗ ਕੀਤਾ, ਉਸਦੀ ਭਾਰਤ ਵਿੱਚ ਸਪੈਸ਼ਲ ਵੀਜੇ ਤੇ ਵਿਜੇਟ ਦਾ ਪ੍ਰਬੰਧ ਕੀਤਾ। **ਦਿੱਲੀ ਵਿੱਚ ਬੈਠੇ ਇੱਕ ਬੇਵਕੂਫ ਸੈਕਟਰੀ ਨੇ ਮੇਰੇ ਸਾਰੇ ਹਾਰਡ ਵਰਕ ਦਾ ਭੱਠਾ ਬੈਠਾ ਦਿੱਤਾ। ਮੈਂ ਸੁਣ ਕੇ ਕਿਹਾ, ਜਾਨਣਾ ਚਾਹੇਂਗਾ ਕਿ ਉਹ ਬੇਵਕੂਫ ਸੈਕਟਰੀ ਮੈਂ ਹੀ ਸੀ, ਜਿਸਨੇ ਗੰਗਾ ਸਿੰਘ ਢਿੱਲੋਂ ਨੂੰ ਭਾਰਤ ਵਿੱਚ ਐਂਟਰ ਹੋਣ ਤੋਂ ਰੁਕਵਾਇਆ ਸੀ। ਮੇਰੀ ਗੱਲ ਸੁਣ ਕੇ ਉਹ ਭਵੱਤਰ ਗਿਆ ਤੇ ਉਸਨੂੰ ਅੱਗੋਂ ਕੋਈ ਗੱਲ ਆਉੜੀ ਨਾਸ਼। ਫਿਰ ਕੁਝ ਚਿਰ ਲਈ ਸੰਨਾਟਾ ਸੀ, ਕੋਈ ਕੁਝ ਨਾ ਬੋਲਿਆ।** ਵੱਖ-ਵੱਖ ਪੁਸਤਕਾਂ ਵਿੱਚ ਇਸ ਤਰ੍ਹਾਂ ਦੇ ਵੇਰਵੇ ਪੜ੍ਹ ਕੇ ਹੈਰਾਨੀ ਹੁੰਦੀ ਹੈ ਕਿ ਗਿਆਨੀ ਜ਼ੈਲ ਸਿੰਘ, ਡਾ. ਜਗਜੀਤ ਸਿੰਘ ਚੌਹਾਨ, ਗੰਗਾ ਸਿੰਘ ਢਿੱਲੋਂ, ਜਗਦੇਵ ਸਿੰਘ ਤਲਵੰਡੀ, ਗੁਰਚਰਨ ਸਿੰਘ ਟੌਹੜਾ, ਸੁਖਜਿੰਦਰ ਸਿੰਘ ਤੇ ਉਨ੍ਹਾਂ ਤੋਂ ਬਾਅਦ ਡਾ. ਸੋਹਣ ਸਿੰਘ (ਪੰਥਕ ਕਮੇਟੀ) ਵਰਗੇ ਸਿੱਖ ਲੀਡਰ ਕਰ ਕੀ ਰਹੇ ਸਨ?

ਉਪਰਲੀ ਸਾਰੀ ਵਾਰਤਾਲਾਪ ਤੋਂ ਸਵਾਲ ਪੈਦਾ ਹੁੰਦੇ ਹਨ ਕਿ ਕੀ ਸਾਰੀ ਸਿੱਖ ਲੀਡਰਸ਼ਿਪ ਵਰਤੀ ਜਾ ਰਹੀ ਸੀ? ਕੀ ਸਾਰੇ ਲੀਡਰ ਇਤਨੇ ਭੋਲ਼ੇ ਸਨ ਕਿ ਉਨ੍ਹਾਂ ਨੂੰ ਪਤਾ ਨਹੀਂ ਲੱਗ ਰਿਹਾ ਸੀ ਕਿ ਉਨ੍ਹਾਂ ਨਾਲ਼ ਕੀ ਗੇਮ ਖੇਡੀ ਜਾ ਰਹੀ ਹੈ? ਜੇ 1947 ਤੋਂ ਪਹਿਲਾਂ ਦੇ ਹਾਲਾਤਾਂ ਬਾਰੇ ਵੀ ਕਿਤਾਬਾਂ ਪੜ੍ਹੀਆਂ ਜਾਣ ਤਾਂ ਉਨ੍ਹਾਂ ਸਮਿਆਂ ਦੀਆਂ ਘਟਨਾਵਾਂ ਤੇ ਦੇਸ਼ ਦੀ ਅਜ਼ਾਦੀ ਦੀ ਲਹਿਰ ਵਿੱਚ ਸਿੱਖ ਲੀਡਰਸ਼ਿਪ ਦਾ ਰੋਲ ਦੇਖਿਆ ਜਾਵੇ ਤਾਂ ਨਿਰਾਸ਼ਾ ਹੀ ਪੱਲੇ ਪੈਂਦੀ ਹੈ ਅਤੇ ਇਹ ਸਿਲਸਿਲਾ ਬਦਸਤੂਰ ਜਾਰੀ ਹੈ। ਜੇ ਅੱਜ ਦੇਖੋ ਤਾਂ ਹਾਲਾਤ ਕੋਈ ਬਹੁਤ ਵੱਖਰੇ ਨਹੀਂ ਹਨ?

ਜਦੋਂ ਮੈਂ ਭਾਰਤੀ ਖੁਫੀਆ ਏਜੰਸੀ ਰਾਅ ਦੇ ਸੀਨੀਅਰ ਅਧਿਕਾਰੀ ਜੀ. ਬੀ. ਐਸ. ਸਿੱਧੂ ਦੀ ਕਿਤਾਬ 'Khalistan Conspiracy', ਭਾਰਤੀ ਖੁਫੀਆ ਏਜੰਸੀ ਆਈ. ਬੀ. ਦੇ ਡਾਇਰੈਕਟਰ ਮਲੋਇ ਕ੍ਰਿਸ਼ਨਾ ਧਰ ਦੀ ਕਿਤਾਬ 'Open Secrets', ਪੰਜਾਬ ਦੇ ਸਾਬਕਾ ਗਵਰਨਰ ਤੇ ਆਈ. ਏ. ਐਸ. ਅਧਿਕਾਰੀ ਬੀ. ਡੀ. ਪਾਂਡੇ ਦੀ ਕਿਤਾਬ 'In The Service of Free India' ਪੜ੍ਹਦਾ ਹਾਂ ਤਾਂ ਮਨ ਵਿੱਚ ਸਿੱਖ ਲੀਡਰਸ਼ਿਪ ਬਾਰੇ ਅਨੇਕਾਂ ਸਵਾਲ ਖੜੇ ਹੁੰਦੇ ਹਨ? ਫਿਰ ਮੈਨੂੰ ਸੀਨੀਅਰ ਪੱਤਰਕਾਰ ਮਰਹੂਮ ਭਾਜੀ ਦਲਬੀਰ ਸਿੰਘ ਦੀ ਕਿਤਾਬ 'ਨੇੜਿਓਂ ਡਿੱਠੇ ਸੰਤ ਭਿੰਡਰਾਂਵਾਲ਼ੇ' ਦੇ ਪੰਨਾ 165-166 ਤੇ ਉਨ੍ਹਾਂ ਵਲੋਂ ਸੱਠਵਿਆਂ ਵਿੱਚ ਸਿੱਖ ਲੀਡਰਸ਼ਿਪ ਬਾਰੇ ਕੀਤੀ ਟਿੱਪਣੀ ਯਾਦ ਆਉਂਦੀ ਹੈ, ਜੋ ਉਨ੍ਹਾਂ ਨੇ 1947 ਤੋਂ ਬਾਅਦ, ਪਹਿਲਾਂ ਪੰਜਾਬ ਸੂਬੇ ਲਈ ਅਤੇ ਫਿਰ ਚੰਡੀਗੜ ਲਈ ਲਾਏ ਮੋਰਚਿਆਂ ਤੇ ਮਰਨ ਵਰਤਾਂ ਦੇ ਡਰਾਮਿਆਂ ਵਿੱਚ ਨਿਭਾਏ ਰੋਲ ਬਾਰੇ ਕੀਤੀ ਸੀ।ਜਿਸ ਵਿੱਚ ਉਹ ਲਿਖਦੇ ਹਨ: "ਇਨ੍ਹਾਂ ਦਿਨਾਂ ਵਿੱਚ ਸ੍ਰੀ ਹਰਿਮੰਦਰ ਸਾਹਿਬ ਵਿੱਚ ਵਿਚਰਣ ਨਾਲ਼ ਇੱਕ ਬਹੁਤ ਵੱਡੀ ਸਿੱਖਿਆ, ਜੋ ਮੈਂ ਹਾਸਿਲ ਕੀਤੀ, ਉਹ ਇਹ ਸੀ ਕਿ ਉਸ ਸਮੇਂ ਦੀ ਸਿੱਖ ਲਡਿਰਸ਼ਿਪ ਦਾ ਅਸਲੀ ਸਰੂਪ ਕੀ ਹੈ? ਅੱਜ ਵੀ ਮੇਰੇ ਪਾਸ ਉਹ ਡਾਇਰੀ ਮੌਜੂਦ ਹੈ, ਜਿਸ ਵਿੱਚ ਬਹੁਤੀ ਸਿੱਖ ਲੀਡਰਸ਼ਿਪ ਸਬੰਧੀ ਮੈਂ ਇਹ ਅੱਖਰ ਅੰਕਿਤ ਕੀਤੇ ਸਨ: '**ਇਹ ਲੀਡਰਸ਼ਿਪ ਗਿਆਨਹੀਣ, ਲਾਲਚੀ, ਹਉਮੈਂ ਮਾਰੀ, ਬੁਜ਼ਦਿਲ, ਮੂੜ੍ਹ ਤੇ ਮੱਕਾਰ ਹੈ।**' ਅੱਜ ਤਾਈਂ ਵੀ ਸਿੱਖ ਲੀਡਰਸ਼ਿਪ ਸਬੰਧੀ ਇਹ ਟਿੱਪਣੀਆਂ ਵਾਪਿਸ ਲੈਣ ਜਾਂ ਸੋਧਣ ਦੀ ਮੈਨੂੰ ਲੋੜ ਨਹੀਂ ਪਈ।" ਜਦੋਂ ਪਿਛਲੇ 100 ਸਾਲ ਦਾ ਸਿੱਖ ਇਤਿਹਾਸ ਪੜ੍ਹਦੇ ਹਾਂ ਤਾਂ ਸਿੱਖ ਲੀਡਰਸ਼ਿਪ ਬਾਰੇ ਕੀਤੀ, ਇਹ ਟਿੱਪਣੀ ਹਰ ਜਗ੍ਹਾ ਸੱਚ ਜਾਪਦੀ ਹੈ। ਮੈਨੂੰ ਤਾਂ ਇਵੇਂ ਵੀ ਮਹਿਸੂਸ ਹੁੰਦਾ ਹੈ ਕਿ '**ਸਿੱਖ ਲੀਡਰਸ਼ਿਪ**' ਦੇ ਨਾਲ਼ ਇਸ ਵਿੱਚ '**ਸਿੱਖ ਵਿਦਵਾਨ**' ਸ਼ਬਦ ਵੀ ਜੋੜ ਦੇਣਾ ਸ਼ਾਇਦ ਗਲਤ ਨਹੀਂ ਹੋਵੇਗਾ। ਸਿੱਖ ਲੀਡਰਸ਼ਿਪ ਬਾਰੇ ਇਸੇ ਤਰ੍ਹਾਂ ਦੀ ਨਿਰਾਸ਼ਤਾ ਕਪੂਰ ਸਿੰਘ, ਭਗਵਾਨ ਸਿੰਘ ਦਾਨੇਵਾਲੀਆ, ਗੁਰਦੇਵ ਸਿੰਘ ਗਰੇਵਾਲ਼, ਡਾ ਸੰਗਤ ਸਿੰਘ, ਖੁਸ਼ਵੰਤ ਸਿੰਘ, ਹਰਜਿੰਦਰ ਸਿੰਘ ਦਿਲਗੀਰ ਦੀਆਂ ਕਿਤਾਬਾਂ ਵਿੱਚੋਂ ਵੀ ਸਪੱਸ਼ਟ ਮਿਲਦੀ ਹੈ।

ਭਾਜੀ ਦਲਬੀਰ ਸਿੰਘ ਦੀ ਇਸੇ ਕਿਤਾਬ ਵਿੱਚ ਸ਼ਾਮਿਲ ਇੱਕ ਹੋਰ ਟਿੱਪਣੀ, ਇਥੇ ਦਰਜ ਕਰਨੀ ਮਹੱਤਵਪੂਰਨ ਹੋਵੇਗੀ, ਜਦੋਂ ਉਹ ਪੰਨਾ 171 ਤੇ ਸੰਤ ਭਿੰਡਰਾਂਵਾਲ਼ਿਆਂ ਦੀ ਲਾਲਾ ਜਗਤ ਨਰਾਇਣ ਦੇ ਕਤਲ ਕੇਸ ਵਿੱਚ ਗ੍ਰਿਫਤਾਰੀ ਦੌਰਾਨ ਉਨ੍ਹਾਂ ਨੂੰ ਫਿਰੋਜ਼ਪੁਰ ਜ਼ੇਲ੍ਹ ਵਿੱਚ ਮਿਲਣ ਗਏ ਤਾਂ ਉਹ ਲ਼ਿਖਦੇ ਹਨ: 'ਸੰਤਾਂ ਨੇ ਅੰਦਰੋਂ ਵੇਖ ਕੇ ਮੈਨੂੰ ਜ਼ੋਰ ਨਾਲ਼ ਆਵਾਜ ਦੇ ਕੇ ਕਿਹਾ ਕਿ ਭੀੜ ਘਟ ਲੈਣ ਦਿਉ, ਮੈਂ ਤੁਹਾਨੂੰ ਆਪ ਅੰਦਰ ਬੁਲਾ ਲੈਂਦਾ ਹਾਂ। ਕੁਝ ਸਮਾਂ ਮਗਰੋਂ ਜਦ ਮੈਂ ਇਕੱਲਾ ਅੰਦਰ ਗਿਆ ਤਾਂ ਉਨ੍ਹਾਂ ਨਾਲ਼ ਗੱਲ ਕਰਨ ਸਮੇਂ ਸੀ. ਆਈ. ਡੀ. ਦੇ 6-7 ਬੰਦੇ ਸਾਡੇ ਉਪਰ ਨੂੰ ਝੁਕ ਗਏ। ਸੰਤਾਂ ਨਾਲ਼ ਮੇਰੀ ਕੋਈ ਖਾਸ ਗੱਲ ਨਾ ਹੋਈ। ਮੈਂ ਕੋਈ ਜਾਣਕਾਰੀ ਲਏ ਬਿਨਾਂ ਵਾਪਿਸ ਆ ਗਿਆ।ਦਫਤਰ ਆਉਂਦਿਆਂ ਹੀ ਪਤਾ ਲੱਗਾ ਕਿ ਗ੍ਰਹਿ ਮੰਤਰੀ ਗਿਆਨੀ ਜ਼ੈਲ ਸਿੰਘ ਦਾ ਵਾਰ-ਵਾਰ ਫੋਨ ਆ ਰਿਹਾ ਸੀ। ਉਹ ਕੋਈ ਜਰੂਰੀ ਗੱਲ ਕਰਨਾ ਚਾਹੁੰਦੇ ਸਨ। ਦਿੱਤੇ ਨੰਬਰ ਤੇ ਜਦੋਂ ਮੈਂ ਫੋਨ ਕੀਤਾ ਤਾਂ ਰਿਸੀਵਰ ਚੁੱਕ ਕੇ ਬੋਲੇ: 'ਦਲਬੀਰ ਤੂੰ ਅੱਜ ਫਿਰੋਜ਼ਪੁਰ ਗਿਆ ਸੀ। ਜਦੋਂ ਮੈਂ ਹਾਂ ਵਿੱਚ ਉਤਰ ਦਿੱਤਾ ਤਾਂ ਕਹਿਣ ਲੱਗੇ, 'ਕੀ ਗੱਲ ਹੋਈ?' ਮੇਰੇ ਇਹ ਕਹਿਣ 'ਤੇ ਕਿ ਤੁਹਾਡੇ ਬੰਦਿਆਂ ਨੇ ਮੇਰੀ ਕੋਈ ਗੱਲ ਨਹੀਂ ਹੋਣ ਦਿੱਤੀ ਤਾਂ ਬੋਲੇ: '**ਉਏ! ਉਹ (ਭਿੰਡਰਾਂਵਾਲ਼ਾ) ਕਿਤੇ ਉਸ ਚਵਲ਼** (**ਮੁੱਖ ਮੰਤਰੀ ਦਰਬਾਰਾ ਸਿੰਘ**) **ਵੱਲ ਤਾਂ ਨਹੀਂ ਝੁਕ ਗਿਆ?**" ਜੋ ਟਿੱਪਣੀਆਂ ਦਲਬੀਰ ਸਿੰਘ ਜੀ, ਰਵਾਇਤੀ ਸਿੱਖ ਲੀਡਰਸ਼ਿਪ ਬਾਰੇ ਕਰਦੇ ਹਨ, ਅਜਿਹੀਆਂ ਹੀ ਟਿੱਪਣੀਆਂ ਉਹ ਭਾਈ ਮੋਹਕਮ ਸਿੰਘ, ਬਾਬਾ ਜੋਗਿੰਦਰ ਸਿੰਘ ਸਿਮਰਨਜੀਤ ਮਾਨ, ਜਸਵੀਰ ਰੋਡੇ, ਬਾਬਾ ਠਾਕੁਰ ਸਿੰਘ, ਡਾ. ਸੋਹਣ ਸਿੰਘ ਆਦਿ ਗਰਮ ਖਿਆਲੀ ਲੀਡਰਾਂ ਬਾਰੇ ਵੀ ਕਰਦੇ ਸਨ, ਪਰ ਨਾਲ਼ ਹੀ ਉਸ ਸਾਰੇ ਦੌਰ ਵਿੱਚ ਉਨ੍ਹਾਂ ਦੇ ਸਲਾਹਕਾਰ ਵੀ ਬਣੇ ਰਹੇ।ਕਾਸ਼! ਭਾਜੀ ਦਲਬੀਰ ਸਿੰਘ, ਜੋ ਸੰਤ ਦੇ ਸਲਾਹਕਾਰ ਸਨ, ਢਿਲਵਾਂ ਕਾਂਡ (ਜਿਸ ਵਿੱਚ ਖਾੜਕੂਆਂ ਨੇ 6 ਹਿੰਦੂ ਬੱਸ ਵਿੱਚੋਂ ਲਾਹ ਕੇ ਮਾਰਤੇ ਸਨ) ਬਾਰੇ ਸੰਤ ਵਲੋਂ ਪੁੱਛੀ ਸਲਾਹ ਤੇ ਕਿ ਹੁਣ ਕੀ ਪੈਂਤੜਾ ਲਈਏ ਤਾਂ ਆਪਣੀ ਕਿਤਾਬ ਅਨੁਸਾਰ ਕਹਿੰਦੇ ਹਨ: ਅਸੀਂ ਕਦੋਂ ਦੀ ਦਰਬਾਰਾ ਸਿੰਘ ਸਰਕਾਰ ਡੇਗਣਾ ਚਾਹੁੰਦੇ ਸੀ, ਹੁਣ ਹਿੰਦੂਆਂ ਦੇ ਇੱਕ ਚੂੰਡੀ ਵੱਢੀ ਤਾਂ ਸਰਕਾਰ ਮਿੰਟਾਂ ਵਿੱਚ ਭੰਗ ਹੋ ਗਈ, ਸਾਨੂੰ ਕੁਝ ਕਹਿਣ ਦੀ ਕੀ ਲੋੜ ਹੈ? ਜਦੋਂ ਦਰਬਾਰ ਸਾਹਿਬ ਦੇ ਹਮਲੇ ਤੋਂ 2-3 ਦਿਨ ਪਹਿਲਾਂ ਸੰਤ ਨੇ ਭਾਜੀ ਤੋਂ ਸਲਾਹ ਮੰਗੀ ਸੀ ਤੇ ਅਕਾਲ ਤਖਤ ਦੀ ਉਪਰਲੀ ਮੰਜ਼ਿਲ ਤੇ ਸਿੰਘਾਂ ਨੂੰ ਹਥਿਆਰ ਵੰਡੇ ਜਾ ਰਹੇ ਸਨ ਤਾਂ ਦਲਬੀਰ ਸਿੰਘ ਸੰਤ ਨੂੰ ਨਿਹੱਕੀ ਜੰਗ ਲੜਨ ਦੀ ਥਾਂ ਗ੍ਰਿਫਤਾਰੀ ਦੇਣ ਦੀ ਸਲਾਹ ਦਿੰਦੇ ਜਾਂ ਘੱਟੋ-ਘੱਟ ਦਰਬਾਰ ਸਾਹਿਬ ਤੋਂ ਬਾਹਰ ਲੜਾਈ ਲੜਨ ਦੀ ਸਲਾਹ ਦਿੰਦੇ, ਉਦੋਂ ਉਥੋਂ ਚੁੱਪ ਕਰਕੇ ਵਾਪਿਸ ਆ ਗਏ ਸਨ।ਅਜਿਹੇ ਵਿਦਵਾਨ ਆਪਣੀ ਪੀੜ੍ਹੀ ਸੋਟਾ ਫੇਰਨ ਦੀ ਥਾਂ ਹਰ ਲੀਡਰ ਨੂੰ ਪਾਣੀ ਪੀ-ਪੀ ਕੋਸਦੇ ਹਨ।

ਇਥੇ ਭਾਜੀ ਦਲਬੀਰ ਸਿੰਘ ਦੀ ਇਸੇ ਕਿਤਾਬ ਦੇ ਪੰਨਾ 99 ਦੀ ਟਿੱਪਣੀ ਦਰਜ ਕਰਨੀ ਵੀ ਸਾਰਥਿਕ ਹੋਵੇਗੀ, ਜਦੋਂ ਉਹ ਲਿਖਦੇ ਹਨ: ਇੱਕ ਦਿਨ ਸੰਤ ਕਹਿਣ ਲੱਗੇ ਕਿ ਮੇਰੇ ਪਾਸ ਕੁਝ ਸੱਜਣ ਆਏ ਸਨ ਤੇ ਅਖ਼ਬਾਰ ਕੱਢਣ ਬਾਰੇ ਗੱਲ ਕਰ ਰਹੇ ਸਨ, ਤੂੰ ਦੱਸ ਕੀ ਕਰੀਏ? ਮੈਂ ਸੋਚਣ ਦਾ ਸਮਾਂ ਮੰਗ ਕੇ ਕੁਝ ਦਿਨ ਬਾਅਦ ਆ ਕੇ ਦੱਸਿਆ ਕਿ ਇੱਕ ਕਰੋੜ ਨਾਲ਼ ਅਖਬਾਰ ਕੱਢੀ ਜਾ ਸਕਦੀ ਹੈ? ਅਗਲੇ ਹਫਤੇ ਕਹਿੰਦੇ ਕਿ ਅਖ਼ਬਾਰ ਕੀ ਸੋਚਿਆ ਤਾਂ ਮੈਂ ਉਲਝਨ

ਵਿੱਚ ਕਿਹਾ ਕਿ ਜੇ ਅਖ਼ਬਾਰ ਵਿੱਚ ਸਿਖਰਵਾਂ ਸੱਚ ਨਾ ਲਿਖਿਆ ਤਾਂ ਤੁਸੀਂ ਬੁਰਾ ਮਨਾਉਗੇ ਅਤੇ ਜੇ ਲਿਖਿਆ ਤਾਂ ਸਰਕਾਰ ਅਖ਼ਬਾਰ ਨੂੰ ਤਾਲੇ ਲਗਾ ਦੇਵੇਗੀ। ਸੰਤ ਬੋਲੇ: '**ਛੱਡ ਖਹਿੜਾ, ਅਖ਼ਬਾਰ ਦਾ। ਇੱਕ ਸਟੇਨਗੰਨ 8 ਹਜ਼ਾਰ ਦੀ ਆਉਂਦੀ ਆ ਤੇ ਇੱਕ ਕਰੋੜ ਦੀਆਂ ਕਿੰਨੀਆਂ ਆਈਆਂ? ਦਿਹਾੜੀ ਦਾ ਇੱਕ ਮੈਗਜ਼ੀਨ ਖਾਲੀ ਕਰਨ ਤਾਂ ਸਾਰੀ ਦੁਨੀਆਂ ਦੇ ਰੇਡੀਉ, ਅਖ਼ਬਾਰਾਂ ਤੇ ਟੈਲੀਵਿਯਨ ਬੋਲਦੇ ਹਨ। ਇੱਕ ਅਖਬਾਰ ਨਾਲ਼ ਇਤਨਾ ਪ੍ਰਚਾਰ ਨਹੀਂ ਹੋ ਸਕਦਾ, ਜਿਤਨਾ ਗੰਨ ਨਾਲਸ਼। ਗੱਲ ਇਥੇ ਹੀ ਮੁੱਕ ਗਈ?'** ਕਾਸ਼! ਭਾਜੀ ਦਲਬੀਰ ਸਿੰਘ ਗੱਲ ਇਥੇ ਹੀ ਨਾ ਮੁਕਾਉਂਦੇ ਤੇ ਸੰਤ ਦੇ ਸਲਾਹਕਾਰ ਹੋਣ ਨਾਤੇ ਦੱਸਦੇ ਕਿ ਇਸ ਗੰਨ ਦੇ ਨਤੀਜੇ ਕੀ ਨਿਕਲਣੇ ਹਨ? ਤੇ ਦੁਨੀਆਂ ਨੇ 1984-94 ਤੱਕ ਉਹ ਨਤੀਜੇ ਦੇਖੇ ਹਨਸ਼? ਹੁਣ ਵੀ ਅਜਮੇਰ ਸਿੰਘ, ਕਰਮਜੀਤ ਸਿੰਘ ਵਰਗੇ ਸਿੱਖ ਚਿੰਤਕਾਂ ਦਾ ਇੱਕ ਵਰਗ, ਸਿੱਖ ਨੌਜਵਾਨਾਂ ਨੂੰ ਉਸੇ ਰਾਹ ਤੋਰਨ ਲਈ ਤਰਲੋ-ਮੱਛੀ ਹੋ ਰਿਹਾ ਹੈ?

ਕੁਝ ਇਸੇ ਤਰ੍ਹਾਂ ਦਾ ਝੋਰਾ ਕਪੂਰ ਸਿੰਘ ਦੀ ਵਿਚਾਰਧਾਰਾ ਦੇ ਵਾਰਿਸ ਸਿੱਖ ਵਿਦਵਾਨ ਤੇ ਸੰਤਾਂ ਦੇ ਪ੍ਰਸ਼ੰਸਕ ਗੁਰਤੇਜ ਸਿੰਘ ਹੋਰਾਂ ਨੇ, ਪਿਛਲੇ ਦਿਨੀਂ ਆਪਣੀ ਫੇਸਬੁੱਕ ਪੋਸਟ ਰਾਹੀਂ ਸਾਂਝਾ ਕੀਤਾ ਹੈ: 'ਖਾਲਿਸਤਾਨ ਪਹਿਲੇ ਦਿਨ ਤੋਂ ਹੀ ਗ਼ੈਰ-ਸਿੱਖਾਂ ਦੀ ਸਿੱਖਾਂ ਵਿਰੁੱਧ ਵਰਤਣ ਲਈ ਘੜੀ ਗਈ ਘਾੜਤ ਸੀ। ਇਸ ਦੀਆਂ ਜੜ੍ਹਾਂ 1945 ਤੱਕ ਕਾਂਗਰਸ ਪਾਰਟੀ ਦੇ ਦਸਤਾਵੇਜਾਂ ਅਤੇ ਮਹਾਸ਼ਾ ਅਖ਼ਬਾਰਾਂ ਦੇ ਨੀਤੀ-ਲੇਖਾਂ ਤੱਕ ਪਹੁੰਚਦੀਆਂ ਹਨ। ਸਿੱਖਾਂ-ਮੁਸਲਮਾਨਾਂ ਦੇ ਆਪਸੀ ਡੂੰਘੇ ਵੈਰ ਪਵਾ ਕੇ ਪੰਜਾਬ ਦੀ ਵੰਡ ਨੂੰ ਯਕੀਨੀ ਬਣਉਣ ਲਈ, ਇਸਨੂੰ 1947 ਤੋਂ ਪਹਿਲਾਂ ਵਰਤਿਆ ਜਾ ਚੁੱਕਾ ਸੀ। ਉਸ ਤੋਂ ਬਾਅਦ ਇਹ ਸਿੱਖਾਂ ਅਤੇ ਪੰਜਾਬ ਨੂੰ ਬਣਦੇ ਹੱਕਾਂ ਤੋਂ ਵਾਂਝੇ ਰੱਖਣ ਲਈ ਉਸੇ ਤਰ੍ਹਾਂ ਵਰਤਿਆ ਗਿਆ ਸੀ, ਜਿਵੇਂ ਪਾਕਿਸਤਾਨ ਦੇ ਸੰਕਲਪ ਨੂੰ ਮੁਸਲਮਾਨਾਂ ਨੂੰ ਹਿੰਦ ਵਿੱਚ ਥਾਂ ਸਿਰ ਰੱਖਣ ਲਈ ਵਰਤਿਆ ਗਿਆ ਸੀ। 1948 ਤੋਂ ਬਾਅਦ ਸਿੱਖਾਂ ਦੇ ਅਥਾਹ ਰੋਸ ਨੂੰ ਕੁਰਾਹੇ ਪਾਉਣ ਲਈ ਫਿਰ ਇਹੀ ਖਾਲਿਸਤਾਨ ਦਾ ਲ਼ਫ਼ਜ਼ ਵਰਤਿਆ ਗਿਆ। ਜੂਨ 84 ਵਿੱਚ ਦੋ ਪੱਤਰਕਾਰ ਪੇਸ਼ ਕੀਤੇ ਗਏ, ਜਿਨ੍ਹਾਂ ਸੰਤ ਭਿੰਡਰਾਂਵਾਲ਼ਿਆਂ ਨੂੰ ਆਖਿਰ ਵਿੱਚ ਮਿਲਣ ਦਾ ਝੂਠਾ ਦਾਅਵਾ ਕੀਤਾ ਅਤੇ ਸੰਤਾਂ ਦੇ ਇਸ ਸਬੰਧੀ ਆਪੇ ਘੜੇ ਬਿਆਨ ਜਾਰੀ ਕੀਤੇ।ਕੁਝ ਸਮੇਂ ਬਾਅਦ ਸੰਤ ਦੀ ਇਸ ਸਬੰਧੀ ਗੁੱਸੇ ਵਿੱਚ ਕੀਤੀ ਛੋਟੀ ਜਿਹੀ ਟਿੱਪਣੀ ਲੱਭ ਗਈ ਅਤੇ ਇਸਨੂੰ ਕੌਮੀ ਰਾਜਨੀਤੀ ਦੇ ਧੁਰੇ ਦਾ ਦਰਜਾ ਦੇ ਕੇ ਪ੍ਰਚਾਰਨਾ ਸ਼ੁਰੂ ਕਰ ਦਿੱਤਾ ਕਿ ਜੇ ਦਰਬਾਰ ਸਾਹਿਬ ਤੇ ਫੌਜ ਨੇ ਹਮਲਾ ਕੀਤਾ ਤਾਂ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ। ਦਰਬਾਰ ਸਾਹਿਬ ਤੇ ਫੌਜੀ ਹਮਲੇ ਦੀ ਝੰਬੀ ਸਿੱਖ ਮਾਨਸਕਿਤਾ ਦੇ ਮੁੱਢਲੇ ਖਾੜਕੂ ਆਗੂਆਂ ਨੇ ਖਾਲਿਸਤਾਨ ਦੇ 'ਸ਼ਬਦ' ਨੂੰ ਸੁੱਤੇ ਸਿੱਧ, ਸੱਚੇ ਮਨ ਨਾਲ਼ ਗਲਵਕੜੀ ਪਾ ਲਈ। ਉਹ ਗੁਰਸਿੱਖੀ ਦੀ ਰੀਤ ਅਨੁਸਾਰ ਸਿਰ ਤਲੀ ਤੇ ਰੱਖ ਕੇ ਜੂਝ ਗਏ। ਇਸ ਗੀਤ ਨੂੰ ਗਾਡੀ ਰਾਹ ਬਣਨ ਤੋਂ ਰੋਕਣ ਦਾ ਇੰਤਜਾਮ ਪਹਿਲਾਂ ਹੀ ਹੋ ਚੁੱਕਾ ਸੀ। ਸਿੱਖਾਂ ਵਿਰੁੱਧ ਨਫਰਤ ਭਰਿਆ, ਹਿੰਦੂਆਂ ਨੂੰ ਡਰਾਉਣ ਵਾਲ਼ਾ, ਦੁਸ਼-ਪ੍ਰਚਾਰ, ਇਸਦਾ ਇੱਕ ਮੁੱਖ ਅੰਗ ਸੀ। ਖਾੜਕੂ ਭੇਸ ਵਿੱਚ ਪੁਲਿਸ ਮੁਖਬਰ, ਜਮੀਨ-ਦੋਜ਼ ਪੁਲਿਸ ਧਾੜਾਂ ਅਤੇ ਵਿਦੇਸ਼ਾਂ ਵਿੱਚ ਮਰਨ-ਮਾਰਨ ਨੂੰ ਤੂਲ ਦੇਣ ਵਾਲ਼ੇ ਸਰਕਾਰ ਦੇ ਹਾਮੀ ਵੱਡੀ ਗਿਣਤੀ ਵਿੱਚ ਭਰਤੀ ਕੀਤੇ ਗਏ ਸਨ। ਮਣਾਂ-ਮੂੰਹੀਂ ਧਨ ਲੁਟਾਇਆ ਗਿਆ। ਇਸ ਹਰਚੰਦਿਓਰੀ ਦਾ ਆਖਰੀ ਨਿਸ਼ਾਨਾ ਸੀ, ਸਿੱਖ-ਵਿਰੋਧੀ ਅਨਸਰਾਂ ਨੂੰ ਖਾੜਕੂ ਪ੍ਰਚਾਰ ਕੇ, ਗ਼ੈਰ-ਰਸਮੀ ਸਿੱਖ ਸਿਆਸਤ ਉਤੇ ਕਾਬਜ਼ ਕਰਵਾ ਕੇ, ਸਰਕਾਰੀ ਮੰਤਵ ਹੱਲ ਕਰਨਾ।'

ਉਪਰਲੀਆਂ ਸਾਰੀਆਂ ਕਿਤਾਬਾਂ ਦੀ ਚਰਚਾ ਅਨੇਕਾਂ ਸਵਾਲ ਖੜੇ ਕਰ ਰਹੀ ਹੈ? ਵੱਖ-ਵੱਖ ਕਿਤਾਬਾਂ ਵਿੱਚੋਂ ਜੇ ਘਟਨਾਵਾਂ ਨੂੰ ਜੋੜਿਆ ਜਾਵੇ ਤਾਂ ਬਹੁਤ ਸਾਰੇ ਚਿਹਰੇ ਨੰਗੇ ਹੁੰਦੇ ਹਨ? ਸਾਡੇ ਵਿਦਵਾਨ ਇਹ ਰਾਗ ਤਾਂ ਵਾਰ-ਵਾਰ ਅਲਾਪ ਰਹੇ ਹਨ ਕਿ 'ਸ਼ੇਰਾਂ ਦੀ ਕੌਮ ਨੂੰ ਹਮੇਸ਼ਾਂ ਗਧੇ ਲੀਡਰਾਂ ਨੇ ਮਰਵਾਇਆ ਹੈ' ਪਰ ਅਜਿਹੀਆਂ ਗੱਲਾਂ ਕਰਕੇ ਅਸੀਂ ਕਦੋਂ ਤੱਕ ਆਪਣੇ ਆਪ ਨੂੰ ਧਰਵਾਸ ਦਿੰਦੇ ਰਹਾਂਗੇ ਜਾਂ ਆਉਣ ਵਾਲ਼ੀਆਂ ਸਿੱਖ ਨਸਲਾਂ ਨੂੰ ਗੁੰਮਰਾਹ ਕਰਦੇ ਰਹਾਂਗੇ? ਸਾਡੀ ਕੌਮ ਦੇ ਵਾਰਿਸ ਇਹ ਕਦੋਂ ਸਪੱਸ਼ਟ ਫੈਸਲਾ ਕਰਨਗੇ ਕਿ ਉਨ੍ਹਾਂ ਭਾਰਤ ਵਿੱਚ 'ਵੱਖਰਾ ਸਿੱਖ ਖਿੱਤਾ ਲੈਣਾ ਹੈ', 'ਖੁਦਮੁਖਤਿਆਰ ਸਿੱਖ ਸਟੇਟ ਲੈਣੀ ਹੈ', 'ਵੱਖਰਾ ਸਿੱਖ ਦੇਸ਼ ਲੈਣਾ ਹੈ' 'ਰਾਜਾਂ ਲਈ ਵੱਧ ਅਧਿਕਾਰਾਂ ਵਾਲ਼ਾ ਸੂਬਾ ਲੇਣਾ ਹੈ', 'ਪੰਜਾਬੀ ਬੋਲੀ ਅਧਾਰਿਤ ਵੱਖਰਾ ਸੂਬਾ ਲੈਣਾ ਹੈ' ਆਦਿ ਬਾਰੇ ਕਦੇ ਤਾਂ ਸਪੱਸ਼ਟ ਹੋਣ? ਇਹੀ ਦੁਬਿਧਾ 47 ਤੋਂ ਪਹਿਲਾਂ ਸੀ? ਇਹੀ ਦੁਬਿਧਾ 47 ਤੋਂ ਬਾਅਦ ਪੰਜਾਬੀ ਸੂਬਾ ਮੋਰਚੇ ਦੌਰਾਨ ਸੀ? ਤੇ ਇਹੀ ਦੁਬਿਧਾ ਹੁਣ ਹੈ? ਅਜਮੇਰ ਸਿੰਘ ਵਰਗੇ ਵਿਦਵਾਨ ਯਹੂਦੀਆਂ ਵਾਂਗ ਇਜ਼ਰਾਇਲਿ ਦੀ ਤਰਜ ਤੇ ਵੱਖਰੇ ਦੇਸ਼ ਦੀ ਗੱਲ ਤਾਂ ਕਰਦੇ ਹਨ, ਪਰ ਕਦੇ ਇਹ ਨਹੀਂ ਦੱਸਦੇ ਕਿ ਯਹੂਦੀਆਂ ਤੇ ਸਿੱਖਾਂ ਦੇ ਹਾਲਾਤਾਂ ਵਿੱਚ ਕੀ ਫਰਕ ਸੀ ਤੇ ਕਿਨ੍ਹਾਂ ਹਾਲਾਤਾਂ ਵਿੱਚ ਉਹ ਬਣਿਆ? ਨਾ ਹੀ ਕਦੇ ਇਹ ਦੱਸਦੇ ਹਨ ਕਿ ਇਜ਼ਰਾਈਲ ਬਣਨ ਨਾਲ਼ ਮਿਡਲ ਈਸਟ ਵਿੱਚ ਪਿਛਲੇ 70 ਸਾਲ ਤੋਂ ਹੋ ਰਹੀ ਕਤਲੋ-ਗਾਰਤ ਲਈ ਕੌਣ ਜ਼ਿਮੇਵਾਰ ਹੈ? ਨਾ ਹੀ ਇਹ ਲੋਕ ਕਦੇ ਸਪੱਸ਼ਟ ਕਰਦੇ ਹਨ ਕਿ ਪੰਜਾਬ ਵਿੱਚ ਸਿੱਖਾਂ ਤੋਂ ਇਲਾਵਾ ਹਿੰਦੂਆਂ, ਦਲਿਤਾਂ, ਨਾਮਧਾਰੀਆਂ, ਰਾਧਾ ਸਵਾਮੀਆਂ ਆਦਿ ਦਾ ਕੀ ਸਟੈਟਸ ਹੋਵੇਗਾ? ਕੀ ਕਿਤੇ ਉਨ੍ਹਾਂ ਨਾਲ਼ ਉਹੀ ਤਾਂ ਨਹੀਂ ਹੋਵੇਗੀ, ਜੋ ਪਾਕਿਸਤਾਨ ਵਿੱਚ ਅਹਿਮਦੀਆਂ ਨਾਲ਼ ਹੋ ਰਹੀ ਹੈ? ਨਾ ਹੀ ਇਹ ਲੋਕ ਕਦੇ ਸਪੱਸ਼ਟ ਕਰਦੇ ਹਨ ਕਿ ਪੰਜਾਬ ਤੋਂ ਬਾਹਰ ਤਰਾਈ, ਦਿੱਲੀ, ਗੰਗਾਨਗਰ, ਕਲਕੱਤਾ, ਬੰਬਈ ਆਦਿ ਵਿੱਚ ਬਾਦਸ਼ਾਹ ਬਣੇ ਬੈਠੇ ਸਿੱਖਾਂ ਦਾ ਕੀ ਹੋਵੇਗਾ?

# ਆਤਿਸ਼ਬਾਜ਼ੀ ਦਾ ਇਤਿਹਾਸ



ਹਰਜੀਤ ਅਟਵਾਲ

*(ਦੀਵਾਲੀ ਦੇ ਦਿਨ ਸਨ। ਚਾਰੇ ਪਾਸੇ ਪਟਾਕੇ, ਅਨਾਰ, ਫੁੱਲਝੜੀਆਂ, ਹਵਾਈਆਂ ਭਾਵ ਰੌਕੇਟ ਚਲਾਏ ਗਏ। ਆਤਿਸ਼ਬਾਜ਼ੀ ਹੋਈ। ਇਸ ਬਹਾਨੇ ਆਤਿਸ਼ਬਾਜ਼ੀ ਦੇ ਇਤਿਹਾਸ ਬਾਰੇ ਗੱਲ ਕਰਨੀ ਬਣਦੀ ਹੈ।)*

ਪੁਰਾਤਨ ਚੀਨ ਨੇ ਚਾਰ ਵੱਡੀਆਂ ਕਾਢਾਂ ਕੱਢੀਆਂ ਜਿਨ੍ਹਾਂ ਨੇ ਦੁਨੀਆ ਬਦਲ ਦਿੱਤੀ। ਇਹ ਸਨ: ਕਾਗਜ਼, ਛਾਪਾਖਾਨਾ, ਕੰਪਾਸ ਤੇ ਬਾਰੂਦ। ਬਾਰੂਦ ਖਤਰਨਾਕ ਚੀਜ਼ ਸੀ, ਪਰ ਉਸ ਨੂੰ ਵਿਸ਼ੇਸ਼ ਤਕਨੀਕ ਨਾਲ ਨਰਮ ਕਰ ਕੇ ਇਸ ਵਿੱਚੋਂ ਆਤਿਸ਼ਬਾਜ਼ੀ ਕੱਢੀ ਗਈ। ਇਸ ਵਿਧੀ ਨੂੰ 'ਲੋਅ ਐਕਪਲੋਸਿਵ ਪਾਇਰੋਟੈਕਨੀਕ' ਕਹਿੰਦੇ ਹਨ। ਇਸੇ ਤਕਨੀਕ ਰਾਹੀਂ ਮਾਚਿਸ ਦੀ ਡੱਬੀ ਤੋਂ ਲੈ ਕੇ ਫੁੱਲਝੜੀਆਂ, ਪਟਾਕੇ, ਹਵਾਈਆਂ, ਰੌਕੇਟ ਬਣਦੇ ਹਨ। ਅੱਗ ਜਿੱਥੇ ਵਿਨਾਸ਼ ਦਾ ਕੰਮ ਕਰਦੀ ਹੈ ਜਾਂ ਨਿੱਘ/ਗਰਮਾਇਸ਼ ਦਿੰਦੀ ਹੈ, ਉੱਥੇ ਮਨੋਰੰਜਨ ਵੀ ਕਰਦੀ ਹੈ। ਕੋਈ ਜਸ਼ਨ ਮਨਾਉਣ ਜਾਂ ਮਨੋਰੰਜਨ ਲਈ ਆਤਿਸ਼ਬਾਜ਼ੀ ਕੀਤੀ ਜਾਂਦੀ ਹੈ। ਅੰਗਰੇਜ਼ੀ ਵਿੱਚ ਇਸ ਲਈ ਫਾਇਰ ਵਰਕਸ ਸ਼ਬਦ ਵਰਤਿਆ ਜਾਂਦਾ ਹੈ।

ਆਮ ਤੌਰ 'ਤੇ ਆਤਿਸ਼ਬਾਜ਼ੀ ਦਾ ਪ੍ਰਦਰਸ਼ਨ ਸਰਕਾਰ ਜਾਂ ਸੰਸਥਾਵਾਂ ਵੱਲੋਂ ਆਯੋਜਿਤ ਕੀਤਾ ਜਾਂਦਾ ਹੈ ਜਿਸ ਨੂੰ ਦੇਖਣ ਲਈ ਆਮ ਲੋਕ ਸ਼ਾਮਲ ਹੁੰਦੇ ਹਨ। ਇਸ ਨੂੰ ਦੇਖਣ ਦੀ ਟਿਕਟ ਵੀ ਲਾਈ ਜਾ ਸਕਦੀ ਹੈ। ਇਸ ਨੂੰ ਕੰਟਰੋਲਡ ਆਤਿਸ਼ਬਾਜ਼ੀ ਕਹਿ ਸਕਦੇ ਹਾਂ ਜਿੱਥੇ ਸਾਰੀ ਆਤਿਸ਼ਬਾਜ਼ੀ ਮਾਹਿਰ ਆਤਿਸ਼ਬਾਜ਼ਾਂ ਵੱਲੋਂ ਕੀਤੀ ਜਾਂਦੀ ਹੈ। ਬਹੁਤ ਸਾਰੀ ਆਤਿਸ਼ਬਾਜ਼ੀ ਆਮ ਲੋਕ ਆਪਣੇ ਘਰਾਂ ਵਿੱਚ ਦੀਵਾਲੀ ਤੇ ਹੋਰ ਉਤਸਵਾਂ 'ਤੇ ਕਰ ਲੈਂਦੇ ਹਨ। ਆਤਿਸ਼ਬਾਜ਼ੀ ਚਾਰ ਕੰਮ ਕਰਦੀ ਜਾਂ ਚਾਰ ਪ੍ਰਭਾਵ ਛੱਡਦੀ ਹੈ: ਖੜਕਾ, ਰੌਸ਼ਨੀ, ਧੂੰਆਂ ਅਤੇ ਹਵਾ ਵਿੱਚ ਮਟੀਰੀਅਲ ਉਡਾਉਂਦੀ ਹੈ ਜਿਵੇਂ ਕਨਫੈਟੀ/ਕਾਗਜ਼ ਦੀਆਂ ਪੱਤੀਆਂ ਜਿਹੜੀਆਂ ਵਿਆਹਾਂ-ਸ਼ਾਦੀਆਂ ਵਿੱਚ ਫੁੱਲਾਂ ਦੀ ਬਜਾਏ ਸੁੱਟੀਆਂ ਜਾਂਦੀਆਂ ਹਨ। ਫਿਰ ਆਤਿਸ਼ਬਾਜ਼ੀ ਵਿੱਚ ਰੰਗ ਵੀ ਭਰ ਦਿੱਤੇ ਗਏ। ਇਹ ਰੰਗ ਪਾਇਰੋਟੈਕਨੀਕ ਸਟਾਰਜ਼ ਨਾਲ ਭਰੇ ਜਾਂਦੇ ਹਨ ਜੋ ਅੱਗ ਲੱਗਣ ਨਾਲ ਰੰਗਦਾਰ ਰੌਸ਼ਨੀ ਖਿਲਾਰਦੇ ਹਨ। ਇਕ ਪਟਾਕੇ ਵਿੱਚ ਪਾਇਰੋਟੈਕਨੀਕ ਸਟਾਰਜ਼ ਦੇ ਨਾਲ ਫਿਊਲ ਹੁੰਦਾ ਹੈ, ਔਕਸੀਡਾਈਜ਼ਰ ਹੁੰਦਾ ਹੈ ਜੋ ਫਿਊਲ ਵਿੱਚ ਮਿਲ ਕੇ ਤਾਅ ਪੈਦਾ ਕਰਦਾ ਹੈ, ਰੰਗ ਹੁੰਦੇ ਹਨ ਤੇ ਇਨ੍ਹਾਂ ਸਭ ਨੂੰ ਇੱਕ ਥਾਂ ਬੰਨ੍ਹਣ ਵਾਲਾ ਸਾਮਾਨ ਹੁੰਦਾ ਹੈ। ਰੰਗ-ਬਰੰਗੀਆਂ ਫੁਲਝੜੀਆਂ-ਅਨਾਰ-ਹਵਾਈਆਂ, ਪਤਾ ਨਹੀਂ ਕਿਸ-ਕਿਸ ਨਾਂ ਹੇਠ ਆਤਿਸ਼ਬਾਜ਼ੀ ਤਿਆਰ ਕੀਤੀ ਜਾਂਦੀ ਹੈ ਤੇ ਇਹ ਅਨੇਕਾਂ ਪ੍ਰਕਾਰ ਦੇ ਪ੍ਰਭਾਵ ਛੱਡਦੀ ਹੈ। ਬਾਹਰੋਂ ਝੱਟ ਠਾਹ ਕਰ ਦੇਣ ਵਾਲੇ ਇਹ ਪਟਕਿਆਂ ਦਾ ਫਾਰਮੂਲਾ ਕਾਫੀ ਬਾਰੀਕ ਹੈ। ਗੱਤੇ ਜਾਂ ਕਾਗਜ਼ ਦੀ ਪਾਈਪ ਬਣਾ ਕੇ ਉਸ ਵਿੱਚ ਮਸਾਲਾ ਭਰਿਆ ਜਾਂਦਾ ਹੈ। ਪਲੀਤੇ ਨੂੰ ਅੱਗ ਲਾ ਕੇ ਇਸ ਨੂੰ ਇੱਕ ਖਾਸ ਤਾਅ ਤੱਕ ਪਹੁੰਚਾਇਆ ਜਾਂਦਾ ਹੈ ਤੇ ਇਸ ਦਾ ਧਮਾਕਾ ਹੁੰਦਾ ਹੈ।

ਆਤਿਸ਼ਬਾਜ਼ੀ ਦੋ ਤਰੀਕਿਆਂ ਨਾਲ ਕੀਤੀ ਜਾਂਦੀ ਹੈ। ਇਕ ਜ਼ਮੀਨ 'ਤੇ, ਦੂਜੀ ਹਵਾ ਵਿੱਚ। ਆਤਿਸ਼ਬਾਜ਼ੀ ਸਾਰੀ ਦੁਨੀਆ ਵਿੱਚ ਹੀ ਕੀਤੀ ਜਾਂਦੀ ਹੈ। ਬਹੁਤੀ ਜਗ੍ਹਾ ਇਸ ਨੂੰ ਸਿਖਲਾਈਯਾਫਤਾ ਆਤਿਸ਼ਬਾਜ਼ ਚਲਾਉਂਦੇ ਹਨ। ਮੈਨੂੰ ਯਾਦ ਹੈ ਕਿ ਸਾਡੇ ਪਿੰਡ ਵਿਆਹ ਸੀ, ਬਾਰਾਤ ਦੇ ਮੂਹਰੇ-ਮੂਹਰੇ ਇਕ ਆਤਿਸ਼ਬਾਜ਼ ਆਤਿਸ਼ਬਾਜ਼ੀ ਕਰਦਾ ਜਾ ਰਿਹਾ ਸੀ। ਜਦੋਂ ਦੁਨੀਆ ਛੋਟੀ ਸੀ ਤਾਂ ਜਾਪਦਾ ਸੀ ਕਿ ਪਟਾਕੇ ਸਿਰਫ ਦੀਵਾਲੀ ਨੂੰ ਹੀ ਚਲਾਏ ਜਾਂਦੇ ਹਨ, ਪਰ ਹੌਲੀ-ਹੌਲੀ ਪਤਾ ਲੱਗਾ ਕਿ ਨਵੇਂ ਸਾਲ ਤੇ ਹੋਰ ਬਹੁਤ ਸਾਰੇ ਤਿਉਹਾਰਾਂ 'ਤੇ ਵੀ ਚਲਾਏ ਜਾਂਦੇ ਹਨ। ਭਾਰਤ ਵਿੱਚ ਦੀਵਾਲੀ ਦਾ ਤਿਉਹਾਰ, ਜੋ ਮੁੱਢਲੇ ਰੂਪ ਵਿੱਚ ਸ੍ਰੀ ਰਾਮਚੰਦਰ ਦੇ ਅਯੁੱਧਿਆ ਪਰਤਣ 'ਤੇ ਹੋਈ ਦੀਪਮਾਲਾ ਨਾਲ ਸਬੰਧਿਤ ਹੈ, ਵਿੱਚ ਵੱਡੇ ਪੱਧਰ 'ਤੇ ਆਤਿਸ਼ਬਾਜੀ ਚਲਾਈ ਜਾਂਦੀ ਹੈ। ਭਾਰਤ ਵਿੱਚ ਆਤਿਸ਼ਬਾਜੀ ਪੁਰਾਣੇ ਵੇਲਿਆਂ ਤੋਂ ਚਲਾਈ ਜਾਂਦੀ ਹੈ, ਪਰ ਇਸ ਦੇ ਇਤਿਹਾਸਕ ਹਵਾਲੇ ਨਹੀਂ ਮਿਲਦੇ।

ਇਤਿਹਾਸਕ ਹਵਾਲਿਆਂ ਅਨੁਸਾਰ ਚੀਨ ਦੇ 'ਹੈਨ' ਰਾਜ ਘਰਾਣੇ ਵੇਲੇ (202 ਈਸਾ ਪੂਰਵ – 220 ਈਸਵੀ) ਵੇਲੇ ਬਾਂਸ ਵਿੱਚ ਮਸਾਲਾ ਭਰ ਕੇ ਚੰਗਿਆੜੇ ਕੱਢਦੇ ਸਨ ਜੋ ਜਗ-ਮਗ ਕਰਦੇ ਅਜੀਬ ਆਵਾਜ਼ ਪੈਦਾ ਕਰਦੇ ਸਨ। ਇਸ ਵਿਧਾ ਨੂੰ ਬੂਜ਼ਹੂ ਜਾਂ ਬਾਓਗਨ ਕਿਹਾ ਜਾਂਦਾ ਸੀ। ਸਭ ਤੋਂ ਪਹਿਲਾਂ ਵੱਡੇ ਪੱਧਰ 'ਤੇ ਇਸ ਦੀ ਵਰਤੋਂ 'ਸੌਂਗ' ਨਾਮੀ ਰਾਜ ਘਰਾਣੇ ਸਮੇਂ (960-1279) ਕੀਤੀ ਗਈ। ਉਦੋਂ ਹੀ ਆਤਿਸ਼ਬਾਜ਼ੀ ਤਿਆਰ ਕਰਨਾ ਇਕ ਵੱਖਰੇ ਵਿਗਿਆਨ ਅਤੇ ਕਲਾ ਦੇ ਤੌਰ 'ਤੇ ਉੱਭਰਨਾ ਸ਼ੁਰੂ ਹੋਇਆ। ਇਸ ਧਮਾਕਾਖੇਜ਼ ਸਮੱਗਰੀ ਨੂੰ ਤਿਆਰ ਕਰਨ ਵਾਲਿਆਂ ਨੂੰ ਪਾਇਰੋਟੈਕਨੀਸ਼ਨ ਕਿਹਾ ਜਾਂਦਾ ਸੀ। ਇਨ੍ਹਾਂ ਦੇ ਹੁਨਰ ਦੀ ਉਸ ਵੇਲੇ ਕਾਫੀ ਇੱਜ਼ਤ ਸੀ। ਸੌਂਗ ਰਾਜ ਘਰਾਣੇ ਵੇਲੇ ਬਾਂਸ ਦੀ ਥਾਂ ਮੋਟੇ ਕਾਗਜ਼ ਦੀਆਂ ਨਲ਼ੀਆਂ ਬਣਾ ਕੇ ਮਸਾਲਾ ਭਰਿਆ ਜਾਣ ਲੱਗਾ। ਇਉਂ ਬਾਰੂਦ ਦੇ ਪਟਾਕੇ ਬਣਾਉਣ ਲਈ ਇਕ ਸ਼ਬਦ ਵਰਤਿਆ ਜਾਂਦਾ ਸੀ ਜਿਸ ਨੂੰ ਬਾਓਜ਼ੈਂਗ ਕਿਹਾ ਜਾਂਦਾ ਸੀ। ਸੌਂਗ ਰਾਜ ਘਰਾਣੇ ਵੇਲੇ ਆਮ ਲੋਕ ਆਤਿਸ਼ਬਾਜ਼ੀ ਖਰੀਦ ਸਕਦੇ ਸਨ। ਇਸ ਦੀਆਂ ਪ੍ਰਦਰਸ਼ਨੀਆਂ ਲਗਾਈਆਂ ਜਾਂਦੀਆਂ। ਇੱਕ ਰਿਕਾਰਡ ਮੁਤਾਬਿਕ 1264 ਵਿੱਚ ਸੌਂਗ ਰਾਜ ਘਰਾਣੇ ਵੱਲੋਂ ਨਵੇਂ ਬਣੇ ਰਾਜੇ ਦੀ ਰਾਜ-ਗੱਦੀ ਵੇਲੇ ਹਵਾਈਆਂ/ਰੌਕੇਟ ਚਲਾਏ ਗਏ ਸਨ।

ਇੱਕ ਰਿਪੋਰਟ ਅਨੁਸਾਰ 1240 ਤੱਕ ਅਰਬਾਂ ਕੋਲ ਵੀ ਬਾਰੂਦ ਬਣਾਉਣ ਦੀ ਤਕਨੀਕ ਆ ਚੁੱਕੀ ਸੀ। ਉਸ ਵੇਲੇ ਦਾ ਇਕ ਸੀਰੀਆਈ ਵਿਦਵਾਨ ਲਿਖਦਾ ਹੈ ਕਿ ਆਤਿਸ਼ਬਾਜ਼ੀ ਚੀਨ ਤੋਂ ਆਈ ਜਾਂ ਸਿੱਖੀ ਗਈ ਹੈ। ਉਸ ਨੇ ਇਸ ਨੂੰ 'ਚੀਨੀ-ਫੁੱਲ' (ਸ਼ਾਇਦ ਫੁੱਲਝੜੀ ਨੂੰ ਚਲਦੀ ਦੇਖ ਕੇ) ਲਿਖਿਆ ਹੈ। ਚੌਦ੍ਹਵੀਂ ਸਦੀ ਵਿੱਚ ਆਤਿਸ਼ਬਾਜ਼ੀ ਵਿੱਚ ਰੰਗ ਭਰਨ ਦੀਆਂ ਨਿਸ਼ਾਨੀਆਂ ਮਿਲਦੀਆਂ ਹਨ। ਚੀਨੀਆਂ ਨੇ ਬਲਦੀਆਂ ਲਾਟਾਂ ਨੂੰ ਰੰਗੀਨ ਕਰਨਾ ਸ਼ੁਰੂ ਕਰ ਦਿੱਤਾ ਸੀ। ਇੱਕ ਫਰਾਂਸੀਸੀ ਲੇਖਕ ਐਨਟੋਇਨੇ ਕਾਇਲਟ 1818 ਵਿੱਚ ਇਸ ਨੂੰ ਬਹੁਤ ਗਹਿਰਾ ਭੇਤ ਲਿਖਦਾ ਹੈ। ਇੱਕ ਅੰਗਰੇਜ਼ ਜੌਹਨ ਬੈਰੋ ਉਸ ਦੀ ਤਾਈਦ ਕਰਦਾ ਹੈ। ਕਿਸੇ ਨੂੰ ਇਹ ਫਾਰਮੂਲਾ ਸਮਝ ਨਹੀਂ ਸੀ ਆ ਰਿਹਾ। ਵੈਸੇ ਯੂਰਪ ਤੇ ਭਾਰਤ ਵਿੱਚ ਆਤਿਸ਼ਬਾਜ਼ੀ ਚੌਦ੍ਹਵੀਂ ਸਦੀ ਵਿੱਚ ਹਰਮਨ ਪਿਆਰੀ ਹੋ ਗਈ ਸੀ। ਰੂਸੀ ਰਾਜੇ ਪੀਟਰ ਦਿ ਗਰੇਟ ਦਾ ਰਾਜਦੂਤ ਚੀਨ ਗਿਆ ਤੇ ਉੱਥੋਂ ਉਸ ਨੇ ਲਿਖਿਆ ਕਿ ਚੀਨੀਆਂ ਕੋਲ ਅਜਿਹੀ ਆਤਿਸ਼ਬਾਜ਼ੀ ਹੈ ਜੋ ਪਹਿਲਾਂ ਨਾ ਕਦੇ ਦੇਖੀ, ਨਾ ਕਦੇ ਸੁਣੀ। ਇਕ ਫਰਾਂਸੀਸੀ ਪਾਦਰੀ ਪੇਈਚਿੰਗ ਵਿੱਚ ਰਹਿੰਦਾ ਸੀ। 1758 ਵਿੱਚ ਉਸ ਨੇ ਕਿਸੇ ਨਾ ਕਿਸੇ ਤਰ੍ਹਾਂ ਆਤਿਸ਼ਬਾਜ਼ੀ ਬਣਾਉਣ ਦੇ ਤਰੀਕੇ ਤੇ ਇਸ ਦੀਆਂ ਕਿਸਮਾਂ ਬਾਰੇ ਜਾਣਕਾਰੀ ਹਾਸਲ ਕੀਤੀ ਤੇ ਇਸ ਬਾਰੇ 'ਪੈਰਿਸ ਅਕੈਡਮੀ ਔਫ ਸਾਇੰਸ' ਨੂੰ ਲਿਖ ਕੇ ਭੇਜ ਦਿੱਤਾ। ਪੰਜ ਸਾਲ ਬਾਅਦ ਇਸ ਨੂੰ ਕਿਤਾਬੀ ਰੂਪ ਦੇ ਦਿੱਤਾ ਗਿਆ।

ਭਾਰਤ ਵਿੱਚ ਆਤਿਸ਼ਬਾਜ਼ੀ ਦੇ ਇਤਿਹਾਸ ਬਾਰੇ ਪੀ.ਕੇ. ਗੋਡੇ ਨੇ ਇੱਕ ਕਿਤਾਬ ਲਿਖੀ ਹੈ ਜਿਸ ਵਿੱਚ ਉਸ ਨੇ ਚੌਦ੍ਹਵੀਂ ਸਦੀ ਤੋਂ ਲੈ ਕੇ ਉਨ੍ਹੀਵੀਂ ਸਦੀ ਤੱਕ ਦੇ ਇਤਿਹਾਸ ਦਾ ਜ਼ਿਕਰ ਕੀਤਾ ਹੈ। ਉਸ ਮੁਤਾਬਿਕ ਉਦੋਂ ਕੁ ਤੋਂ ਹੀ ਇਹ ਬਾਰੂਦ ਲੜਾਈਆਂ ਦਾ ਹਿੱਸਾ ਵੀ ਬਣਨ ਲੱਗ ਪਿਆ। ਭਾਰਤ ਵਿੱਚ ਆਤਿਸ਼ਬਾਜ਼ੀ ਚਲਾਏ ਜਾਣ ਦਾ ਰਿਕਾਰਡ 1443 ਵਿੱਚ ਮਿਲਦਾ ਹੈ। ਵਿਜੈਨਗਰ ਦੇ ਰਾਜੇ ਦੇਵਰਾਇਆ ਦੇ ਮਹਿਲਾਂ ਵਿੱਚ ਮਹਾਨੌਂਵੀਂ ਦੇ ਉਤਸਵ ਸਮੇਂ ਆਤਿਸ਼ਬਾਜ਼ੀ ਕੀਤੇ ਜਾਣ ਦਾ ਜ਼ਿਕਰ ਅਬਦੁਰ ਰਜ਼ਾਕ ਨਾਮੀ ਇੱਕ ਵਿਅਕਤੀ ਕਰਦਾ ਹੈ ਜੋ ਉੱਥੇ ਕਿਸੇ ਹੋਰ ਰਾਜੇ ਦਾ ਰਾਜਦੂਤ ਸੀ। ਇਤਾਲਵੀ ਯਾਤਰੀ ਲੁਡੋਵਿਕੋ ਡੀ ਵਾਰਥੇਮਾ, ਜੋ ਉਸ ਸਮੇਂ ਭਾਰਤ ਦਾ ਦੌਰਾ ਕਰ ਰਿਹਾ ਸੀ, ਵੀ ਵਿਜੈਨਗਰ ਦੇ ਇਸ ਉਤਸਵ ਦਾ ਜ਼ਿਕਰ ਕਰਦਾ ਹੈ। ਪੀ.ਕੇ. ਗੋਡੇ ਇੱਕ ਹੋਰ ਗੱਲ ਦਾ ਇੰਕਸ਼ਾਫ ਵੀ ਕਰਦਾ ਹੈ ਕਿ ਭਾਰਤ ਵਿੱਚ ਵਰਤੀ ਜਾਂਦੀ ਆਤਿਸ਼ਬਾਜ਼ੀ ਚੀਨੀ ਫਾਰਮੂਲੇ ਵਾਲੀ ਨਹੀਂ ਸੀ। ਇਸ ਵਿੱਚ ਆਪਣੇ ਮੁਤਾਬਿਕ ਤਬਦੀਲੀ ਕਰ ਲਈ ਗਈ ਸੀ। 1518 ਵਿੱਚ ਪੁਰਤਗੀਜ਼ ਲੇਖਕ ਅਤੇ ਫੌਜੀ ਡੁਏਰਟੇ ਬਾਰਬੋਸਾ ਨੇ ਇੱਕ ਗੁਜਰਾਤੀ ਬ੍ਰਾਹਮਣ ਪਰਿਵਾਰ ਵਿੱਚ ਵਿਆਹ ਦੇਖਿਆ। ਉਸ ਦਾ ਜ਼ਿਕਰ ਕਰਦਿਆਂ ਉਸ ਨੇ ਲਿਖਿਆ ਕਿ ਲੋਕ ਨੱਚ-ਗਾ ਰਹੇ ਸਨ, ਪਟਾਕੇ ਚੱਲ ਰਹੇ ਸਨ, ਰੌਕੇਟ ਛੱਡੇ ਜਾ ਰਹੇ ਸਨ। ਇੱਕ ਹੋਰ ਰਿਕਾਰਡ ਅਨੁਸਾਰ 1609 ਵਿੱਚ ਬੀਜਾਪੁਰ ਦੇ ਸੁਲਤਾਨ ਇਬਰਾਹਮ ਆਦਿਲ ਸ਼ਾਹ ਨੇ ਆਪਣੀ ਧੀ ਦੇ ਵਿਆਹ ਵੇਲੇ ਅੱਸੀ ਹਜ਼ਾਰ ਰੁਪਏ ਦੀ ਆਤਿਸ਼ਬਾਜ਼ੀ ਚਲਾਈ ਸੀ। ਉਸ ਸਮੇਂ ਦੇ ਕਵੀਆਂ ਦੀ ਕਲਪਨਾ ਵਿੱਚ ਵੀ ਆਤਿਸ਼ਬਾਜ਼ੀ ਆਉਂਦੀ ਸੀ। ਸੰਤ ਏਕਨਾਥ ਮਰਾਠੀ ਕਵੀ ਸੀ। ਉਹ ਆਪਣੀ ਕਵਿਤਾ 'ਰੁਕਮਣੀ ਸਵੰਬਰ' ਵਿੱਚ ਕ੍ਰਿਸ਼ਨ ਨਾਲ ਉਸ ਦੇ ਵਿਆਹ ਸਮੇਂ ਫੁਲਝੜੀਆਂ ਅਤੇ ਹਵਾਈਆਂ ਆਦਿ ਚਲਾਉਣ ਦੀ ਗੱਲ ਕਰਦਾ ਹੈ।

ਦੀਵਾਲੀ ਲਈ ਆਤਿਸ਼ਬਾਜ਼ੀ ਦੀ ਵਰਤੋਂ ਅਠਾਰਵੀਂ ਸਦੀ ਵਿੱਚ ਹੋਣ ਲੱਗੀ। ਇਕ ਮਰਾਠੀ ਲੇਖਕ ਪੇਸ਼ਵਾ ਯੈਂਚੀ ਬਖਰ ਰਾਜਸਥਾਨੀ ਰਾਜ ਘਰਾਣੇ ਸਿੰਧੀਆ ਵੱਲੋਂ ਦੀਵਾਲੀ ਸਮੇਂ ਕੀਤੀ ਗਈ ਆਤਿਸ਼ਬਾਜ਼ੀ ਦਾ ਜ਼ਿਕਰ ਕਰਦਾ ਹੈ। ਭਾਰਤ ਵਿੱਚ ਅੰਗਰੇਜਾਂ ਵੱਲੋਂ 1790 ਵਿੱਚ ਕਲਕੱਤੇ ਵਿਖੇ ਆਤਿਸ਼ਬਾਜ਼ੀ ਦਾ ਪ੍ਰਦਰਸ਼ਨ ਕਰਨ ਦਾ ਰਿਕਾਰਡ ਮਿਲਦਾ ਹੈ। ਅਮਰੀਕਾ ਨੂੰ ਆਜ਼ਾਦੀ ਮਿਲੀ ਤਾਂ ਉਸ ਵੇਲੇ ਵੀ ਆਤਿਸ਼ਬਾਜ਼ੀ ਕੀਤੇ ਜਾਣ ਦੀਆਂ ਖਬਰਾਂ ਹਨ। ਉਨ੍ਹੀਵੀਂ ਸਦੀ ਵਿੱਚ ਕਲਕੱਤੇ ਵਿੱਚ ਪਹਿਲੀ ਪਟਾਕਾ ਫੈਕਟਰੀ ਲਾਈ ਗਈ। ਵੈਸੇ ਤਾਮਿਲਨਾਡੂ ਆਤਿਸ਼ਬਾਜ਼ੀ ਬਣਾਉਣ ਦਾ ਗੜ੍ਹ ਰਿਹਾ ਹੈ।

ਇੱਕ ਕਹਾਵਤ ਹੈ, 'ਆਗ ਨਾਲ ਨਾ ਖੇਡੋ', ਆਤਿਸ਼ਬਾਜ਼ੀ ਅੱਗ ਹੀ ਹੈ। ਇਸ ਦੀ ਵਰਤੋਂ ਇਸ ਦੇ ਮਾਹਿਰ ਹੀ ਕਰ ਸਕਦੇ ਹਨ। ਆਮ ਦੁਕਾਨਾਂ ਉਪਰ ਵਿਕਣ ਵਾਲੀ ਆਤਿਸ਼ਬਾਜ਼ੀ ਨਰਮ ਪੱਧਰ ਦੀ ਹੁੰਦੀ ਹੈ। ਭਾਰਤ ਵਿੱਚ ਤਾਂ ਨਰਮ ਪੱਧਰ ਦੀ ਆਤਿਸ਼ਬਾਜ਼ੀ ਚਲਾਉਂਦਿਆਂ ਜਾਂ ਇਸ ਨੂੰ ਬਣਾਉਂਦਿਆਂ ਵੀ ਮੌਤਾਂ ਹੋ ਜਾਂਦੀਆਂ ਹਨ। ਦੀਵਾਲੀ ਸਮੇਂ ਕਿੰਨੇ ਹੀ ਹਾਦਸੇ ਵਾਪਰ ਜਾਂਦੇ ਹਨ। ਯੂ.ਕੇ. ਵਿੱਚ ਇਹ ਹਰ ਦੁਕਾਨ ਉੱਪਰ ਨਹੀਂ ਵੇਚੀ ਜਾਂਦੀ। ਇਸ ਨੂੰ ਵੇਚਣ ਲਈ ਖਾਸ ਲਾਇਸੈਂਸ ਲੈਣਾ ਪੈਂਦਾ ਹੈ ਤੇ ਸਿਖਲਾਈ ਵੀ। ਆਤਿਸ਼ਬਾਜ਼ੀ ਚਲਦਿਆਂ ਆਮ ਲੋਕ ਤੰਗ ਹੁੰਦੇ ਹਨ ਅਤੇ ਜਾਨਵਰਾਂ ਉੱਪਰ ਵੀ ਇਸ ਦਾ ਬੁਰਾ ਅਸਰ ਪੈਂਦਾ ਹੈ। ਪੰਛੀਆਂ ਦਾ ਵੀ ਇਸ ਨਾਲ ਨੁਕਸਾਨ ਹੋ ਜਾਂਦਾ ਹੈ। ਫਿਰ ਵੀ ਇਹ ਮਨੋਰੰਜਨ ਦਾ ਸਾਧਨ ਹੈ। ਇਸ ਦੇ ਕਲੱਬ ਬਣੇ ਹੋਏ ਹਨ, ਮੇਲੇ ਲੱਗਦੇ ਹਨ। ਆਤਿਸ਼ਬਾਜ਼ੀ ਦਾ ਸਭ ਤੋਂ ਪੁਰਾਣਾ ਕਲੱਬ ਕਰੈਕਜੈਕ, ਈਸਟਰਨ ਸੀਬੋਰਡ, ਅਮਰੀਕਾ ਵਿੱਚ ਹੈ ਜੋ 1976 ਵਿੱਚ ਹੋਂਦ ਵਿੱਚ ਆਇਆ। ਕੈਨੇਡਾ ਦਾ 'ਮੌਂਟਰੀਆਲ ਫਾਇਰਵਰਕਸ ਫੈਸਟੀਵਲ' ਸਭ ਤੋਂ ਮਸ਼ਹੂਰ ਮੇਲਾ ਹੈ। ਫਰਾਂਸ ਦੇ ਕੋਟ ਡ'ਅਜ਼ੂਰ ਵਿੱਚ ਆਤਿਸ਼ਬਾਜ਼ੀ ਦੇ ਸਾਲਾਨਾ ਮੁਕਾਬਲੇ ਹੁੰਦੇ ਹਨ। ਮਨੀਲਾ, ਫਿਲਿਪੀਨਜ ਵਿੱਚ ਤਾਂ 'ਵ੍ਰਲਡ ਪਾਇਰੋ ਓਲਿੰਪਕ' ਕਰਾਇਆ ਜਾਂਦਾ ਹੈ ਜਿਸ ਵਿੱਚ ਦੁਨੀਆ ਭਰ ਦੀਆਂ ਆਤਿਸ਼ਬਾਜ਼ੀ ਤਿਆਰ ਕਰਨ ਵਾਲੀਆਂ ਕੰਪਨੀਆਂ ਭਾਗ ਲੈਂਦੀਆਂ ਅਤੇ ਆਪਣੇ ਮਾਲ ਦੀ ਮਸ਼ਹੂਰੀ ਕਰਦੀਆਂ ਹਨ। ਇੱਕ ਸੰਸਥਾ ਪੀ.ਜੀ.ਆਈ. (ਪਾਇਰੋਟੈਕਨੀਕਸ ਗਿਲਡ ਕਨਵੈਨਸ਼ਨ) ਹੈ ਜਿਸਦੇ ਚਾਰ ਹਜ਼ਾਰ ਦੇ ਕਰੀਬ ਮੈਂਬਰ ਹਨ। ਹਰ ਸਾਲ ਅਗਸਤ ਵਿੱਚ ਇਹ ਇੱਕ ਹਫਤੇ ਦਾ ਮੇਲਾ ਲਾਉਂਦੇ ਹਨ ਅਤੇ ਆਤਿਸ਼ਬਾਜ਼ੀ ਦੀ ਮਹੱਤਤਾ ਬਾਰੇ ਗੱਲਾਂ ਕਰਦੇ ਹਨ।

ਦੁਨੀਆ ਭਰ ਵਿੱਚ ਆਤਿਸ਼ਬਾਜ਼ੀ ਖੇਡੀ ਜਾਂਦੀ ਹੈ ਤੇ ਇਸ ਦੇ ਖੇਡਣ/ਚਲਾਉਣ ਦੇ ਖਾਸ ਦਿਨ ਜਾਂ ਤਰੀਕਾਂ ਤੈਅ ਹਨ। ਯੂ.ਕੇ. ਵਿੱਚ ਬੀਤੇ ਦਿਨੀਂ ਹੈਲੋਵੀਨ ਸੀ। ਹੈਲੋਵੀਨ ਦਾ ਤਿਉਹਾਰ ਆਇਰਲੈਂਡ ਵਿੱਚ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ ਤੇ ਖੂਬ ਆਤਿਸ਼ਬਾਜ਼ੀ ਹੁੰਦੀ ਹੈ। ਇਸ ਵਾਰ ਚਾਰ ਨਵੰਬਰ ਨੂੰ ਦੀਵਾਲੀ ਸੀ ਅਤੇ 5 ਨਵੰਬਰ ਨੂੰ ਅੰਗਰੇਜ਼ਾਂ ਦਾ ਗਾਈ ਫਾਕਸ ਡੇਅ ਹੁੰਦਾ ਹੈ। ਇਸ ਕਰਕੇ ਹਰ ਸਾਲ ਪੰਜ ਨਵੰਬਰ ਨੂੰ ਪੂਰੇ ਯੂ.ਕੇ. ਵਿੱਚ ਥਾਂ-ਥਾਂ ਆਤਿਸ਼ਬਾਜ਼ੀ ਦਾ ਪ੍ਰਦਰਸ਼ਨ ਹੁੰਦਾ ਹੈ। ਇਸ ਤੋਂ ਇਲਾਵਾ ਹੰਗਰੀ ਵਿੱਚ ਵੀਹ ਅਗਸਤ, ਅਮਰੀਕਾ ਵਿੱਚ ਚਾਰ ਜੁਲਾਈ, ਫਰਾਂਸ ਵਿੱਚ ਵੀਹ ਜੁਲਾਈ, ਸਵਿਟਜ਼ਰਲੈਂਡ ਵਿੱਚ ਪਹਿਲੀ ਅਗਸਤ ਨੂੰ ਸਾਲਾਨਾ ਆਤਿਸ਼ਬਾਜ਼ੀ ਹੁੰਦੀ ਹੈ। ਹਰ ਸਾਲ ਨਿਊਜ਼ੀਲੈਂਡ ਤੋਂ ਨਵੇਂ ਸਾਲ ਦੇ ਜਸ਼ਨ ਸ਼ੁਰੂ ਹੋ ਜਾਂਦੇ ਹਨ ਤੇ ਧੁਰ ਅਮਰੀਕਾ ਤੱਕ ਮਨਾਏ ਜਾਂਦੇ ਹਨ। ਅਰਬਾਂ ਟਨ ਬਾਰੂਦ ਸਾੜਿਆ ਜਾਂਦਾ ਹੈ। ਆਲਮੀ ਤਪਸ਼ ਬਾਰੇ ਕੂਕਣ ਵਾਲੇ ਲੋਕ ਅਤੇ ਮੁਲਕ ਅਜਿਹੇ ਮੌਕਿਆਂ 'ਤੇ ਪਤਾ ਨਹੀਂ ਕਿੱਥੇ ਲੁਕ ਜਾਂਦੇ ਹਨ!

ਹਾਂ, ਹੁਣ ਇੱਕ ਨਵੀਂ ਕਿਸਮ ਦੀ ਆਤਿਸ਼ਬਾਜ਼ੀ ਸਾਹਮਣੇ ਆ ਰਹੀ ਹੈ ਜਿਸ ਨੂੰ ਸਾਈਲੈਂਟ ਫਾਇਰ ਵਰਕਸ ਕਿਹਾ ਜਾਂਦਾ ਹੈ। ਇਹ ਪਟਾਕੇ ਸ਼ੋਰ ਨਹੀਂ ਕਰਦੇ, ਪਰ ਤੁਹਾਨੂੰ ਆਨੰਦ ਪੂਰਾ ਦਿੰਦੇ ਹਨ, ਆਵਾਜ਼ ਤੋਂ ਬਿਨਾਂ ਰੰਗ-ਰੌਸ਼ਨੀਆਂ-ਉਡਾਣ ਉਂਜ ਹੀ। ਇਸ ਦੀ ਸ਼ੁਰੂਆਤ 2015 ਤੋਂ ਇਟਲੀ ਦੇ ਸ਼ਹਿਰ ਕੋਲਿਕਚਿਓ ਤੋਂ ਹੋਈ। ਇਤਿਹਾਸਕ ਹਵਾਲਿਆਂ ਅਨੁਸਾਰ ਚੀਨ ਦੇ 'ਹੈਨ' ਰਾਜ ਘਰਾਣੇ ਵੇਲੇ (202 ਈਸਾ ਪੂਰਵ – 220 ਈਸਵੀ) ਵੇਲੇ ਬਾਂਸ ਵਿੱਚ ਮਸਾਲਾ ਭਰ ਕੇ ਚੰਗਿਆੜੇ ਕੱਢਦੇ ਸਨ ਜੋ ਜਗ-ਮਗ ਕਰਦੇ ਅਜੀਬ ਆਵਾਜ਼ ਪੈਦਾ ਕਰਦੇ ਸਨ। ਇਸ ਵਿਧਾ ਨੂੰ ਬੂਜ਼ਹੂ ਜਾਂ ਬਾਓਗਨ ਕਿਹਾ ਜਾਂਦਾ ਸੀ। ਸਭ ਤੋਂ ਪਹਿਲਾਂ ਵੱਡੇ ਪੱਧਰ 'ਤੇ ਇਸ ਦੀ ਵਰਤੋਂ 'ਸੌਂਗ' ਨਾਮੀ ਰਾਜ ਘਰਾਣੇ ਸਮੇਂ (960-1279) ਕੀਤੀ ਗਈ।

# ਰੈਡੀਕਲ ਦੇਸੀ ਵੱਲੋਂ ਕਿਸਾਨਾਂ ਦੇ ਧਰਨੇ ਨੂੰ ਸਮਰਪਿਤ ਕੈਲੰਡਰ ਜਾਰੀ








**ਅਦਾਰਾ ਸਰੋਕਾਰ**

ਕੈਨੇਡਾ ਆਧਾਰਿਤ ਮੁਤਵਾਜ਼ੀ ਸਿਆਸਤ ਦੇ ਤਰਜ਼ਮਾਨ ਆਨਲਾਈਨ ਮੈਗਜ਼ੀਨ ਰੈਡੀਕਲ ਦੇਸੀ ਨੇ 27 ਨਵੰਬਰ ਨੂੰ ਸਰੀ ਵਿਚ ਆਪਣਾ ਸਾਲਾਨਾ ਕੈਲੰਡਰ ਲੋਕ-ਅਰਪਣ ਕੀਤਾ ਜੋ ਭਾਰਤ ਦੇ ਕਿਸਾਨ ਅੰਦੋਲਨ ਨੂੰ ਸਮਰਪਿਤ ਕੀਤਾ ਗਿਆ। 2022 ਦੇ ਕੈਲੰਡਰ ਵਿਚ ਸੰਘਰਸ਼ ਨਾਲ ਸੰਬੰਧਤ ਮਹੱਤਵਪੂਰਨ ਤਾਰੀਕਾਂ ਹਨ ਜਿਸ ਨੇ ਓੜਕ ਫਾਸ਼ੀਵਾਦੀ ਸਰਕਾਰ ਨੂੰ ਵਿਵਾਦਗ੍ਰਸਤ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਲਈ ਮਜਬੂਰ ਕੀਤਾ। ਕੈਲੰਡਰ ਦਾ ਲੋਗੋ "ਕਿਸਾਨ ਮਜ਼ਦੂਰ ਏਕਤਾ ਜ਼ਿੰਦਾਬਾਦ" ਹੈ ਅਤੇ ਤਸਵੀਰ ਦੇ ਰੂਪ ਵਿਚ ਕਿਸਾਨਾਂ ਦੇ ਸੈਂਕੜੇ ਜੋੜੇ ਦਿਖਾਏ ਗਏ ਹਨ, ਜੋ ਕਿ ਜਾਨਾਂ ਵਾਰਨ ਵਾਲੇ ਕਿਸਾਨਾਂ ਨੂੰ ਸ਼ਰਧਾਂਜਲੀ ਰੂਪ ਵਿਚ, ਸਰੀ ਦੇ ਸਿਟੀ ਹਾਲ ਬਾਹਰ ਇਕ ਯਾਦਗਾਰੀ ਸਮਾਗਮ ਦੌਰਾਨ ਰੱਖੇ ਗਏ ਸਨ।

ਸਮਾਗਮ ਦਾ ਆਗਾਜ਼ ਅੰਦੋਲਨ 'ਚ ਜਾਨਾਂ ਕੁਰਬਾਨ ਕਰਨ ਵਾਲੇ 700 ਤੋਂ ਵੱਧ ਕਿਸਾਨਾਂ ਅਤੇ ਰੂਸ ਵਿਚ ਹਾਲ ਹੀ ਵਿਚ ਕੋਲੇ ਦੀ ਖਾਣ ਤਬਾਹ ਹੋਣ ਨਾਲ ਮਾਰੇ ਗਏ ਦਰਜਨਾਂ ਮਜ਼ਦੂਰਾਂ ਨੂੰ ਮੋਨ ਸ਼ਰਧਾਂਜਲੀ ਦੇ ਰੂਪ 'ਚ ਕੀਤਾ ਗਿਆ।

ਉਦਘਾਟਨੀ ਸਮਾਰੋਹ ਸ਼ਾਹੀ ਕੈਟਰਿੰਗ ਰੈਸਟੋਰੈਂਟ ਵਿਖੇ ਆਯੋਜਿਤ ਕੀਤਾ ਗਿਆ ਜਿਸ ਦੇ ਮਾਲਕ ਕੁਲਵਿੰਦਰ ਸਿੰਘ ਪਿਛਲੇ ਇਕ ਸਾਲ ਤੋਂ ਕਿਸਾਨ ਅੰਦੋਲਨ ਦੀ ਡੱਟ ਕੇ ਹਮਾਇਤ ਕਰ ਰਹੇ ਹਨ। ਇਸ ਮੌਕੇ ਉਸ ਦੇ ਨਾਲ ਕੈਲੰਡਰ ਲੋਕ-ਅਰਪਣ ਕਰਨ ਵਾਲਿਆਂ ਵਿਚ ਸਾਹਿਬ ਸਿੰਘ ਥਿੰਦ, ਦੁਪਿੰਦਰ ਕੌਰ ਸਰਾਂ, ਇਮਤਿਆਜ ਪੋਪਟ, ਤੇਜਿੰਦਰ ਸ਼ਰਮਾ, ਕਹਾਣੀਕਾਰ ਹਰਪ੍ਰੀਤ ਸੇਖਾ ਅਤੇ ਪਰਸ਼ੋਤਮ ਦੁਸਾਂਝ ਸ਼ਾਮਲ ਸਨ। ਇਹ ਸਾਰੇ ਸਮਾਜ ਦੇ ਜਾਣੇ-ਪਛਾਣੇ ਕਾਰਕੁਨ ਹਨ ਜੋ ਪਿਛਲੇ ਇਕ ਸਾਲ ਤੋਂ ਭਾਰਤੀ ਕਿਸਾਨਾਂ ਲਈ ਆਪਣੀ ਆਵਾਜ਼ ਬੁਲੰਦ ਕਰ ਰਹੇ ਹਨ। ਇਸ ਮੌਕੇ ਸਰੀ-ਨਿਊਟਨ ਦੇ ਸੰਸਦ ਮੈਂਬਰ ਸੁੱਖ ਧਾਲੀਵਾਲ ਅਤੇ ਸਰੀ-ਗ੍ਰੀਨਟਿੰਬਰਜ ਦੀ ਵਿਧਾਇਕਾ ਰਚਨਾ ਸਿੰਘ ਤੋਂ ਇਲਾਵਾ ਬਰਨਬੀ ਸਕੂਲ ਦੀ ਸਾਬਕਾ ਟਰੱਸਟੀ ਬਲਜਿੰਦਰ ਕੌਰ ਨਾਰੰਗ ਵੀ ਹਾਜ਼ਰ ਸਨ। ਬੁਲਾਰਿਆਂ ਤੋਂ ਪਹਿਲਾਂ ਉੱਘੇ ਪੰਜਾਬੀ ਕਵੀ ਅੰਮ੍ਰਿਤ ਦੀਵਾਨਾ ਨੇ ਕਿਸਾਨ ਸੰਘਰਸ਼ ਨੂੰ ਸਮਰਪਿਤ ਨਜ਼ਮ ਪੜ੍ਹੀ। ਪ੍ਰਸਿੱਧ ਮੀਡੀਆ ਸ਼ਖ਼ਸੀਅਤ ਨੋਨੀ ਕੌਰ ਨੇ ਵੀ ਅੰਦੋਲਨ ਨੂੰ ਸਰਧਾਂਜਲੀ ਵਜੋਂ ਗੀਤ ਗਾਇਆ। ਦੋ ਵਿਦਵਾਨਾਂ ਹਰਸ਼ਰਨ ਸਿੰਘ ਪੂਨੀਆ ਅਤੇ ਡਾ: ਰਘਬੀਰ ਸਿੰਘ ਸਿਰਜਣਾ ਨੇ ਕਿਸਾਨ ਅੰਦੋਲਨ ਦੇ ਪਿਛੋਕੜ ਉੱਪਰ ਚਾਨਣਾ ਪਾਇਆ। ਇਸ ਮੌਕੇ ਉੱਘੇ ਚਿੱਤਰਕਾਰ ਜਰਨੈਲ ਸਿੰਘ ਅਤੇ ਫਿਲਮ ਅਦਾਕਾਰ ਭਵਖੰਡਨ ਸਿੰਘ ਰੱਖੜਾ ਤੋਂ ਮੀਡੀਆ ਜਗਤ ਦੀਆਂ ਸ਼ਖਸੀਅਤਾਂ ਕਮਲਜੀਤ ਸਿੰਘ ਥਿੰਦ ਅਤੇ ਗੁਰਵਿੰਦਰ ਸਿੰਘ ਧਾਲੀਵਾਲ, ਰੈਡੀਕਲ ਦੇਸੀ ਦੀਆਂ ਸਹਿਯੋਗੀ ਮੀਡੀਆ ਸੰਸਥਾਵਾਂ ਸਪਾਈਸ ਰੇਡੀਓ, ਪੀਪਲਜ਼ ਵਾਇਸ, ਮਹਿਕ ਪੰਜਾਬ ਦੀ ਟੀਵੀ, ਚੈਨਲ ਪੰਜਾਬੀ ਅਤੇ ਹੋਰ ਮੀਡੀਆ ਦੇ ਨੁਮਾਇੰਦੇ ਵੀ ਹਾਜ਼ਰ ਸਨ। ਪ੍ਰੋਗਰਾਮ ਦਾ ਸੰਚਾਲਨ ਗੁਰਪ੍ਰੀਤ ਸਿੰਘ ਵੱਲੋਂ ਬਾਖ਼ੂਬੀ ਕੀਤਾ ਗਿਆ।


SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
* LIFE INSURANCE * CRITICAL ILLNESS INSURANCE * TFSA
* RRSP * RESP * DISABILITY INSURANCE
For More Information Call:
HARCHARAN PARHAR
Cell: 403.681.8689 Email: parharinsurance@gmail.com www.parharinsurance.com





Harpreet Parmar CPA, CGA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.
New Location
• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997
Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca





Sandhu G Construction Ltd.
Preparation- Shower Base - Water Proof
We can install Ceramic Tiles & Marble,Back Splash Tiles, Tiles on Walls, Kitchen,Washroom or anywhere in Home. You can upgrade your Kitchen or Washroom
ਵਰਕਰ ਦੀ ਤੁਰੰਤ ਲੋੜ
ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਇਲਾਂ ਅਤੇ ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਸੰਪਰਕ ਕਰੋ
Harmanjot Dhudike
403-975-0006
Sharmanjot22@gmail.com
Dalveer Purba
587-435-5600








# ਮੁੱਖ ਮੰਤਰੀ ਦੇ ਨੱਕ ਹੇਠਾਂ ਟਰੱਸਟ ਪ੍ਰਬੰਧਕ ਅੱਜ ਵੀ ਜਮੀਨਾਂ ਵੇਚ ਕੇ ਕਰ ਰਹੇ ਹਨ ਵੱਡਾ ਘਪਲਾ

## ਇਸ ਦੀ ਜਾਂਚ ਲਈ ਮੁੱਖ ਮੰਤਰੀ ਆਪ ਧਿਆਨ ਦੇਣ -ਪੰਜਾਬ ਅਗੇਂਸਟ ਕੁਰੱਪਸ਼ਨ








ਜਲੰਧਰ (ਬਲਜਿੰਦਰ ਸਿੰਘ) : ਸਮਾਜ ਸੇਵੀ ਸੰਸਥਾ ਪੰਜਾਬ ਅਗੇਸਟ ਕੁਰੱਪਸਨ ਦੇ ਅਹੁਦੇਦਾਰ ਸਤਨਾਮ ਦਾਊਂ ਨੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੇ ਮੁੱਖ ਗੇਟ ਅੱਗੇ ਪ੍ਰੈਸ ਕਾਨਫਰੰਸ ਦੌਰਾਨ ਗਦਰ ਪਾਰਟੀ ਦੇ ਖਜਾਨਚੀ ਸ਼ਹੀਦ ਕਾਂਸ਼ੀ ਰਾਮ ਮੜੌਲੀ ਜੀ ਦੀਆਂ ਯਾਦਗਾਰਾਂ ਨੂੰ ਬਚਾਉਣ ਲਈ ਮੁੱਖ ਮੰਤਰੀ ਨੂੰ ਅਪੀਲ ਕੀਤੀ।

ਉਹਨਾਂ ਕਿਹਾ ਕਿ ਮੁੱਖ ਮੰਤਰੀ ਦੇ ਪਿਤਾ ਸ. ਹਰਸ਼ਾ ਸਿੰਘ, ਸ਼ਹੀਦ ਦੀਆਂ ਯਾਦਗਾਰਾਂ ਕਾਇਮ ਕਰਨ ਵਿੱਚ ਲੱਗੇ ਰਹੇ ਸਨ। ਭਾਰਤ ਦੀ ਆਜ਼ਾਦੀ ਲਹਿਰ ਵਿੱਚ ਗਦਰੀ ਬਾਬਿਆਂ ਦਾ ਵੱਡਾ ਰੋਲ ਸੀ। ਇਹਨਾਂ ਗਦਰੀ ਬਾਬਿਆਂ ਵਿੱਚੋਂ ਪੰਡਿਤ ਕਾਂਸ਼ੀ ਰਾਮ ਜੀ ਜੋ ਕਿ ਮੋਰਿੰਡਾ ਨੇੜਲੇ ਮੜੌਲੀ ਕਲਾਂ ਪਿੰਡ ਦੇ ਜੰਮਪਲ ਸਨ। ਪੰਡਿਤ ਕਾਂਸੀ ਰਾਮ ਜੀ ਨੇ ਲਾਲਾ ਹਰਦਿਆਲ, ਬਾਬਾ ਸੋਹਣ ਸਿੰਘ ਭਕਨਾਂ (ਕਾਮਾਗਾਟਾਮਾਰੂ ਸਾਕਾ) ਅਤੇ ਪਰਮਾਨੰਦ ਜੀ ਨਾਲ ਮਿਲ ਕੇ ਹਿੰਦੀ ਪੇਸੈਫਿਕ ਨਾਮ ਦੀ ਇੱਕ ਸੰਸਥਾ ਕਾਇਮ ਕੀਤੀ ਸੀ ਅਤੇ ਬਾਅਦ ਵਿੱਚ ਇਸ ਸੰਸਥਾ ਨੇ ਕਨੇਡਾ ਅਤੇ ਅਮਰੀਕਾ ਵਿੱਚ ਕਾਇਮ ਹੋਈਆਂ ਕਈ ਹੋਰ ਐਸੋਸੀਏਸ਼ਨਾਂ ਨੂੰ ਨਾਲ ਲੈ ਕੇ 21 ਅਪ੍ਰੈਲ 1913 ਨੂੰ ਗ਼ਦਰ ਪਾਰਟੀ ਦੀ ਸਥਾਪਨਾ ਕੀਤੀ ਸੀ। ਜਿਸ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਜਨਰਲ ਸਕੱਤਰ ਲਾਲਾ ਹਰਦਿਆਲ ਅਤੇ ਖਜਾਨਚੀ ਪੰਡਿਤ ਕਾਂਸ਼ੀ ਰਾਮ ਮੜੌਲੀ ਚੁਣੇ ਗਏ ਸ਼ਨ। ਗਦਰ ਪਾਰਟੀ ਨੇ ਬਾਅਦ ਵਿੱਚ ਅੰਗਰੇਜ਼ਾਂ ਦੀ ਗੁਲਾਮੀ ਖਿਲਾਫ ਲੋਕਾਂ ਨੂੰ ਜਾਗਰੂਕ ਕਰਨ ਅਤੇ ਭਾਰਤ ਦੀ ਆਜ਼ਾਦੀ ਵਿੱਚ ਵੱਡਾ ਯੋਗਦਾਨ ਪਾਇਆ ਸੀ। ਅੰਗਰੇਜ਼ੀ ਹਕੂਮਤ ਖਿਲਾਫ ਗਤੀਵਿਧੀਆਂ ਕਰਨ ਕਾਰਨ ਪੰਡਿਤ ਕਾਂਸ਼ੀ ਰਾਮ ਨੂੰ ਅੰਗਰੇਜ਼ ਹਕੂਮਤ ਨੇ 27 ਮਾਰਚ 1915 ਨੂੰ ਲਹੌਰ ਜੇਲ੍ਹ ਵਿੱਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਸੀ।

ਸ਼ਹੀਦ ਕਾਂਸ਼ੀ ਰਾਮ ਜੀ ਦੀ ਭਾਰਤ ਦੀ ਆਜ਼ਾਦੀ ਦੀ ਲੜਾਈ ਵਿੱਚ ਪਾਏ ਵੱਡਮੁੱਲੇ ਯੋਗਦਾਨ ਅਤੇ ਮੋਹਾਲੀ ਇਲਾਕੇ ਦੇ ਹੋਣ ਕਾਰਨ ਇਲਾਕੇ ਦੇ ਲੋਕਾਂ ਅਤੇ ਉਸ ਸਮੇਂ ਦੇ ਐੱਮ.ਐੱਲ.ਏ. ਸ਼ਮਸ਼ੇਰ ਸਿੰਘ ਜੋਸ਼ , ਮੌਜੂਦਾ ਮੁੱਖ ਮੰਤਰੀ ਸ. ਚਰਨਜੀਤ ਸਿੰਘ ਚੰਨੀ ਦੇ ਪਿਤਾ ਸ. ਹਰਸ਼ਾ ਸਿੰਘ ਜੋ ਉਸ ਸਮੇਂ ਸਰਪੰਚ ਪਿੰਡ ਭਜੌਲੀ ਸ਼ਨ, ਸ. ਨਾਨਕ ਸਿੰਘ ਸਰਪੰਚ ਖਾਨਪੁਰ, ਪਿੰਡ ਭਾਗੋ ਮਾਜਰਾ ਅਤੇ ਇਲਾਕੇ ਦੇ ਹੋਰ ਲੋਕਾਂ ਨੇ 'ਨੈਸ਼ਨਲ ਐਜੂਕੇਸ਼ਨ ਸੋਸਾਇਟੀ' ਖਰੜ ਰਜਿਸਟਰਡ ਨੰਬਰ 121 ਨੂੰ 17 ਜੁਲਾਈ 1973 ਵਿੱਚ ਰਜਿਸਟਰ ਕਰਵਾ ਕੇ ਗਦਰੀ ਸ਼ਹੀਦ ਕਾਂਸੀ ਰਾਮ ਜੀ ਦੀ ਯਾਦ ਨੂੰ ਅਮਰ ਕਰਨ ਲਈ ਇਲਾਕੇ ਵਿੱਚ ਵੱਡੀਆਂ ਸਿੱਖਿਆ ਸੰਸਥਾਵਾਂ ਬਣਾਉਣ ਲਈ ਪਹਿਲ ਕੀਤੀ ਗਈ ਸੀ। 'ਨੈਸ਼ਨਲ ਐਜੂਕੇਸ਼ਨ ਸੋਸਾਇਟੀ' ਰਜਿਸਟਰ ਕਰਵਾਉਣ ਵੇਲੇ ਉਸ ਸਮੇਂ ਦੇ ਐਮ.ਐੱਲ.ਏ ਸ ਸਮਸ਼ੇਰ ਸਿੰਘ ਜੋਸ਼ ਸਨ ਨੂੰ ਪ੍ਰਧਾਨ , ਮੌਜੂਦਾ ਮੁੱਖ ਮੰਤਰੀ ਸ. ਚਰਨਜੀਤ ਸਿੰਘ ਚੰਨੀ ਦੇ ਪਿਤਾ ਸ. ਹਰਸ਼ਾ ਸਿੰਘ ਨੂੰ ਐਗਜੈਕਟਿਵ ਮੈਂਬਰ ਅਤੇ ਪਿੰਡ ਖਾਨਪੁਰ ਦੇ ਸਰਪੰਚ ਸ. ਨਾਨਕ ਸਿੰਘ ਨੂੰ ਮੈਂਬਰ ਬਣਾਇਆ ਗਿਆ ਸੀ।

ਉਸ ਰਜਿਸਟਰਡ ਸੰਸਥਾ ਵੱਲੋਂ ਉਸ ਸਮੇਂ ਸ਼ਹੀਦ ਕਾਂਸ਼ੀ ਰਾਮ ਜੀ ਨੂੰ ਸਮਰਪਿਤ ਸਿੱਖਿਆ ਸੰਸਥਾਵਾਂ ਬਣਾਉਣ ਲਈ 20 ਕਿੱਲੇ ਜਮੀਨ ਪਿੰਡ ਭਾਗੋਮਾਜਰਾ ਨੇ ਸ਼ਰਤਾਂ ਅਧੀਨ ਦਾਨ ਵਿੱਚ ਅਤੇ 17 ਕਿੱਲੇ ਜਮੀਨ ਸਰਪੰਚ ਨਾਨਕ ਸਿੰਘ ਪਿੰਡ ਖਾਨਪੁਰ ਨੇ ਦਿੱਤੀ ਸੀ। ਇਸ ਤੋਂ ਇਲਾਵਾ ਕ੍ਰਿਸ਼ਚਨ ਸਕੂਲ ਖਰੜ ਦੇ ਸਾਹਮਣੇ ਮਹਿੰਗੇ ਭਾਅ ਦੀ ਜਮੀਨ ਜਿਸ ਵਿੱਚ ਇੱਕ ਅੰਗਰੇਜ ਪ੍ਰਿੰਸੀਪਲ ਦੀ ਕੋਠੀ ਅਤੇ ਵਿਦਿਆਰਥੀਆਂ ਦੇ ਰਹਿਣ ਲਈ ਇੱਕ ਹੋਸਟਲ ਵੀ ਦਿੱਤਾ ਗਿਆ ਸੀ। ਇਸ ਤੋਂ ਇਲਾਵਾ ਲਾਂਡਰਾਂ ਰੋਡ ਤੇ ਇੱਕ ਸਕੂਲ ਬਣਾਉਣ ਲਈ ਜ਼ਮੀਨ ਵੀ ਦਿੱਤੀ ਗਈ ਸੀ ਉਹ ਸਕੂਲ ਦਹਾਕਿਆਂ ਤੋਂ ਬੰਦ ਹੈ। ਇਹਨਾਂ ਜਮੀਨਾਂ ਵਿੱਚ ਸ਼ਹੀਦ ਕਾਂਸ਼ੀ ਰਾਮ ਮੈਮੋਰੀਅਲ ਕਾਲਜ ਅਤੇ ਸ਼ਹੀਦ ਕਾਂਸ਼ੀ ਰਾਮ ਮੈਮੋਰੀਅਲ ਫਿਜੀਕਲ ਐਜੂਕੇਸ਼ਨ ਕਾਲਜ ਜੋ ਕਿ ਉੱਤਰੀ ਭਾਰਤ ਵਿੱਚ ਮਸ਼ਹੂਰ ਫਿਜੀਕਲ ਐਜੂਕੇਸ਼ਨ ਸੀ ਆਦਿ ਸਥਾਪਤ ਕੀਤੇ ਗਏ ਸ਼ਨ। ਹੁਣ ਰਾਜਧਾਨੀ ਦੇ ਨੇੜੇ ਹੋਣ ਕਾਰਨ ਇਸ ਇਲਾਕੇ ਵਿੱਚ ਜਮੀਨਾਂ ਦੀਆਂ ਕੀਮਤਾਂ ਪ੍ਰਾਪਰਟੀ ਬੂਮ ਕਰਕੇ ਆਸਮਾਨ ਨੂੰ ਛੋਹ ਰਹੀਆਂ ਹਨ ਜਿਸ ਕਰਕੇ ਵੱਡੇ ਬਿਲਡਰਾਂ ਦੀਆਂ ਲਾਲਚੀ ਨਜਰਾਂ ਇਹਨਾਂ ਕੀਮਤੀ ਜਮੀਨਾਂ ਤੇ ਹਨ। ਜਿਸ ਕਾਰਨ ਟਰੱਸਟ ਪ੍ਰਬੰਧਕਾਂ ਨੇ ਜਮੀਨਾਂ ਦਾ ਕੁੱਝ ਹਿੱਸਾ ਸੰਨ 2003 ਵਿੱਚ 4 ਲੱਖ 66 ਹਜਾਰ ਰੁਪਏ ਵਿੱਚ ਨੀਲਾਮ ਕੀਤਾ, ਫਿਰ ਸਾਲ 2011 ਵਿੱਚ ਕੁੱਝ ਜਮੀਨ ਵੇਚੀ ਗਈ। ਹੁਣ ਸਾਲ 2008 ਤੋਂ ਲੈ ਕੇ ਜੂਨ 2021 ਤੱਕ ਲਗਭਗ 53 ਇੰਤਕਾਲ ਕਰਵਾਏ ਗਏ ਜਿਸ ਵਿੱਚੋਂ 40 ਤੋਂ ਵੱਧ ਸੌਦੇ ਸਿਰਫ ਇੱਕ ਨਾਮੀ ਬਿਲਡਰ ਪ੍ਰਵੀਨ ਕੁਮਾਰ ਪੁੱਤਰ ਅਮਰ ਚੰਦ ਦੇ ਨਾਮ ਕਰਵਾ ਕੇ ਰਜਿਸਟਰੀਆਂ ਅਤੇ ਇੰਤਕਾਲ ਕਰਵਾਏ ਗਏ ਜਿਸ ਕਾਰਨ ਇਹ ਵੀ ਸ਼ੱਕ ਹੈ ਕਿ ਬਾਕੀ ਜਮੀਨਾਂ ਦੇ ਗੁਪਤ ਸੋਦੇ ਵੀ ਹੋਏ ਹੋਣਗੇ। ਇਸ ਤੋਂ ਇਲਾਵਾ ਟਰੱਸਟ ਵੱਲੋਂ ਹੋਰ ਵੀ ਵੱਡੇ ਘੋਟਾਲੇ ਕਰਨ ਦਾ ਸ਼ੱਕ ਹੈ ਕਿਉਂ ਕਿ ਟਰੱਸਟ ਵੱਲੋਂ ਆਰ ਟੀ ਆਈ ਰਾਹੀਂ ਜਾਣਕਾਰੀ ਦੇਣ ਤੋਂ ਮਨ੍ਹਾਂ ਕਰ ਦਿੱਤਾ ਗਿਆ ਸੀ ਪਰ ਸੂਚਨਾ ਕਮਿਸ਼ਨ ਦਾ ਦਬਾਓ ਪੈਣ ਤੇ ਗਲਤ ਜਾਣਕਾਰੀ ਮੁਹੱਈਆ ਕਰਵਾ ਦਿੱਤੀ ਗਈ। ਜਾਣਕਾਰੀ ਵਿੱਚ ਕਿਹਾ ਗਿਆ ਕਿ ਟਰੱਸਟ ਅਤੇ ਕਾਲਜ ਦੇ ਨਾਮ ਤੇ ਕੋਈ ਵੀ ਜਮੀਨ ਨਹੀਂ ਹੈ ਅਤੇ ਨਾ ਹੀ ਕੋਈ ਜਮੀਨ ਵੇਚੀ ਗਈ ਹੈ ਅਤੇ ਨਾ ਹੀ ਕਿਸੇ ਵੀ ਜਮੀਨਾਂ ਦੇ ਪੈਸੇ ਲਏ ਗਏ ਹਨ ਜਦੋਂ ਕੇ ਸਾਡੇ ਕੋਲ ਵੇਚੀਆਂ ਜਮੀਨਾਂ ਦਾ ਅਤੇ ਵੇਚੀਆਂ ਜਮੀਨਾਂ ਦੀ ਕੀਮਤ ਲੈਣ ਦਾ ਸਰਕਾਰੀ ਰਿਕਾਰਡ ਮੌਜੂਦ ਹੈ ਜਿਸ ਤੋਂ ਵੱਡੇ ਘਪਲੇ ਦੀ ਬੂ ਆਉਂਦੀ ਹੈ।

ਹੁਣ ਦੋਵੇਂ ਯਾਦਗਾਰੀ ਕਾਲਜ ਬੰਦ ਹੋਣ ਕਿਨਾਰੇ ਹਨ ਲਾਲਚ ਕਾਰਨ ਇਨ੍ਹਾਂ ਯਾਦਗਾਰੀ ਕਾਲਜਾਂ ਦੀਆਂ ਜਮੀਨਾਂ ਲਗਾਤਾਰ ਹੋ ਰਹੇ ਘਪਲਿਆਂ ਕਾਰਨ ਬਿਲਡਰਾਂ ਕੋਲ ਵਿਕ ਰਹੀਆਂ ਹਨ ਅਤੇ ਟਰੱਸਟੀ ਇੱਕ ਸਕੂਲ ਪਹਿਲਾ ਹੀ ਬੰਦ ਕਰ ਚੁੱਕੇ ਹਨ ਅਤੇ ਹੁਣ ਕਾਲਜਾਂ ਦਾ ਭਵਿੱਖ ਵੀ ਧੁੰਦਲਾ ਹੈ। ਗਦਰੀ ਬਾਬਿਆਂ ਦੇ ਵਾਰਸਾਂ ਅਤੇ ਇਲਾਕੇ ਦੇ ਲੋਕਾਂ ਦੀ ਅਣਗਹਿਲੀ ਕਾਰਨ ਇਹ ਵੱਡਾ ਘੋਟਾਲਾ ਲੋਕਾਂ ਦੀਆਂ ਅੱਖਾਂ ਦੇ ਸਾਹਮਣੇ ਨਹੀਂ ਆ ਸਕਿਆ।


Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
10% Discount on OTC Products with this coupon
EXP : Dec 31, 2021 | LIMIT : 1 Coupon per Visit
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!
Apinder Aujla BSc.Pharm
Satvachan Lal B.Sc.Pharm
#1150, 4818 Westwindus Drive NE. Calgary
403-293-9360



Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.
We can Also Arrange Decoration Party Rentals
Customer satisfaction is our pride!
VIDEO: Video film with single, double & multiple camera system (Broadcast Quality)
PHOTOGRAPHY: Digital Photography (Coloured, black and white) digital enhancement
MUSIC: DJ, Lighting, screen Projector live sound etc.
403-835-2762 or 29 DREAM (37326)
Special Packages Available For All Occasions



urban Real Estate Services Ltd.
Harcharan Parhar
REALTOR®
For all your Real Estate needs
Please Call for Buy or Sell
Residential, Commercial, Condos & Rental Property.
Cell : 403.681.8689
Email : hp8689@gmail.com
www.harcharanparhar.com

ਮੌਜੂਦਾ ਮੁੱਖ ਮੰਤਰੀ ਵੀ ਇਸ ਘੋਟਾਲੇ ਨੂੰ ਸਮੇਂ ਸਿਰ ਰੋਕ ਸਕਦੇ ਹਨ ਕਿਉਂਕਿ ਲੰਬਾ ਸਮਾਂ ਐਮ ਐਲ ਏ ਵੀ ਰਹੇ ਹਨ ਉਹਨਾਂ ਦਾ ਘਰ ਵੀ ਇਹਨਾਂ ਯਾਦਗਾਰਾਂ ਦੇ ਨੇੜੇ ਹੈ, ਉਹਨਾਂ ਦੇ ਪਿਤਾ ਜੀ ਦਾ ਇਹਨਾਂ ਯਾਦਗਾਰਾਂ ਨੂੰ ਬਣਾਉਣ ਵਿੱਚ ਅਹਿਮ ਯੋਗਦਾਨ ਰਿਹਾ ਹੈ ਅਤੇ ਮੌਜੂਦਾ ਟਰੱਸਟੀ ਉਹਨਾਂ ਦੇ ਗਵਾਂਢੀ ਵੀ ਹਨ ਪਰ ਅਜਿਹਾ ਨਹੀਂ ਹੋ ਸਕਿਆ।

ਇਸ ਸਬੰਧੀ ਜਿਲ੍ਹਾ ਪ੍ਰਸ਼ਾਸਨ ਅਤੇ ਮੁੱਖ ਮੰਤਰੀ ਪੰਜਾਬ ਨੂੰ ਮਿਤੀ 13 ਜੂਨ 2021 ਨੂੰ ਸ਼ਿਕਾਇਤ ਕੀਤੀ ਗਈ ਸੀ ਅਤੇ ਮੁੜ ਰਿਮਾਇੰਡਰ ਵੀ ਈਮੇਲ ਕੀਤਾ ਗਿਆ ਸੀ ਅਤੇ ਮੁੱਖ ਮੰਤਰੀ ਦੇ ਪਰਿਵਾਰ ਤੱਕ ਇਹ ਗੱਲ ਪਹੁੰਚਾ ਦਿੱਤੀ ਗਈ ਸੀ ਜਿਸ ਤੇ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ ਹੈ। ਪ੍ਰੈਸ ਕਾਨਫਰੰਸ ਵਿੱਚ ਹਾਜਰ ਨੁਮਾਇੰਦਿਆਂ ਨੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਉਹਨਾਂ ਨੂੰ ਇਸ ਦਾ ਗੰਭੀਰ ਨੋਟਿਸ ਲੈਣਾ ਬਣਦਾ ਹੈ ਅਤੇ ਯਾਦਗਾਰਾਂ ਨੂੰ ਬਚਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ ਜਾਂ ਯਾਦਗਾਰਾਂ ਨੂੰ ਸਰਕਾਰੀ ਕੰਟਰੋਲ ਵਿੱਚ ਲੈ ਕੇ ਇਲਾਕੇ ਦੇ ਗਰੀਬ ਅਤੇ ਲੋੜਵੰਦ ਵਿਦਿਆਰਥੀਆਂ ਲਈ ਸਸਤੀ ਵਿੱਦਿਆ ਦਾ ਕੇਂਦਰ ਇਹਨਾਂ ਯਾਦਗਾਰਾਂ ਨੂੰ ਬਣਾ ਕੇ ਸ਼ਹੀਦ ਕਾਂਸੀ ਰਾਮ ਜੀ ਸਮਰਪਿਤ ਰੱਖਣਾ ਚਾਹੀਦਾ ਹੈ ਨਹੀਂ ਤਾਂ ਭਵਿੱਖ ਵਿੱਚ ਇਤਿਹਾਸ ਮਾਫ ਨਹੀਂ ਕਰੇਗਾ।

ਹਾਜਰ ਬੁਲਾਰਿਆਂ ਨੇ ਕਿਹਾ ਕਿ ਪੰਜਾਬ ਅਗੇਂਸਟ ਕੁਰੱਪਸ਼ਨ ਦੀ ਬੇਨਤੀ ਤੇ ਹਾਈਕੋਰਟ ਦੇ ਮਸ਼ਹੂਰ ਅਤੇ ਸੀਨੀਅਰ ਵਕੀਲ ਸ੍ਰੀ ਆਰ.ਐੱਸ. ਬੈਂਸ ਇਸ ਕੇਸ ਦੀ ਕਨੂੰਨੀ ਪੈਰਵੀ ਵੀ ਕਰਨਗੇ ਅਤੇ ਜਲੰਧਰ ਦੇ ਦੇਸ਼ ਭਗਤ ਯਾਦਗਾਰ ਹਾਲ ਵਿਖੇ ਗਦਰੀ ਬਾਬਿਆਂ ਦੇ ਮਨਾਏ ਜਾ ਰਹੇ ਮੇਲੇ ਵਿੱਚ ਇਸ ਸਬੰਧੀ ਵੱਡੇ ਪੱਧਰ ਤੇ ਆਵਾਜ ਵੀ ਬੁਲੰਦ ਕਰਦੇ ਹੋਏ ਗਦਰੀ ਬਾਬਿਆਂ ਦੀਆਂ ਯਾਦਗਾਰਾਂ ਨੂੰ ਬਚਾਉਣ ਦੀ ਅਪੀਲ ਕੀਤੀ ਗਈ ਜਿਸ ਕਾਰਨ ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਨੇ ਗਦਰੀ ਬਾਬਿਆਂ ਦੇ ਮੇਲੇ ਦੀ ਸਟੇਜ ਤੋਂ ਮਤਾ ਪਾਸ ਕਰਕੇ ਸੰਘਰਸ ਦੀ ਹਮਾਇਤ ਕੀਤੀ। ਇਸ ਮੌਕੇ ਪੰਜਾਬ ਅਗੇਂਸਟ ਕੁਰੱਪਸ਼ਨ ਦੇ ਪ੍ਰਧਾਨ ਸਤਨਾਮ ਦਾਊਂ (ਮੌਹਾਲੀ), ਮੈਂਬਰ ਸੋਨੀ, ਰਣਜੀਤ ਸਿੰਘ, ਹਿਰਦੇਪਾਲ ਔਲਖ, ਗੁਰਮੀਤ ਮੱਲ੍ਹਾ ਆਦਿ ਹਾਜਰ ਸਨ।



ਭੂੰਦੜੀ ਵਿਖੇ ਲਖੀਮਪੁਰ ਖੀਰੀ ਦੇ ਸਹੀਦਾਂ ਨੂੰ ਸਰਧਾਂਜਲੀ ਭੇਟ ਕਰਦੇ ਹੋਏ ਗੁਰਮੇਲ ਸਿੰਘ ਭਰੋਵਾਲ, ਡਾ ਸੁਖਦੇਵ ਸਿੰਘ ਭੂੰਦੜੀ , ਇੰਸਪੈਕਟਰ ਹਰਬੰਸ ਸਿੰਘ, ਬਾਬਾ ਭਜਨ ਸਿੰਘ,ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ। ਫੋਟੋ ਤੇ ਵੇਰਵਾ ਪੱਤਰਕਾਰ ਗੁਰਪ੍ਰੀਤ ਸਿੰਘ ਭਰੋਵਾਲ।

PHYSIO DOME

Feel the difference at Physiodome, a multidisciplinary clinic conveniently located in downtown right across from the Erlton Stampede station.

We specialize in motor vehicle accidents, workplace injuries, chronic pain, neck pain & headaches, disc-related pain, sciatica, sports injuries & more!

Call or go on the website to book your appointment today!

- Chiropractor
- Acupuncture
- Physiotherapy
- Massage Therapy
- Shockwave
- Laser Therapy

Phone: (587) 351-3340
Website: https://www.physiodome.com
Email: mission@physiodome.com
@physiodome_mission

#110 2505 Macleod Trail SW
Calgary, AB Canada
Monday - Fridays 9AM - 8PM
Saturdays 9AM - 5PM

HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com

- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work
Paul Sekhon: 403-829-5000
Bay 11 2316 27 Ave. NE, Calgary Ph. : 403-701-4947

SAVANNA Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com

We Provide Following Insurance Services

- SUPER VISA /TRAVEL INSURANCE
- DISABILITY INSURANCE
- MEDICAL AND DENTAL PLANS
- CRITICAL ILLNESS INSURANCE
- LIFE INSURANCE (TERM OR WHOLE LIFE)
- MORTGAGE OR LOAN INSURANCE
- RESP (CHILDREN EDUCATION PLANS)
- RRSP (RETIREMENT SAVING PLANS)
- INVESTMENTS (SEG FUNDS)
- NO MEDICAL OR FUNERAL INSURANCE

Aman Gill
Financial Security Advisor
2102, 3730-108 Ave. NE Calgary AB T3N 1V8
Cell: 403-919-6962
Email: amandeepbrr440@gmail.com

Desjardins Financial Security Independent Network · CPP · GREAT-WEST · BMO · RBC Royal Bank · Equitable Life of Canada · iA Financial Group · Manulife Financial · Canada Life · Foresters · ivari

# ਤ੍ਰਿਪੁਰਾ ਸੜ ਰਿਹਾ ਹੈ : ਭਾਜਪਾ ਦੀ ਫਿਰਕੂ ਹਿੰਸਕ ਖੇਡ ਤੋਂ ਚੌਕਸ ਹੋਵੋ

ਨਰਭਿੰਦਰ
93544-30211



ਜੇ ਤੁਸੀਂ ਸਮਾਜੀ ਹਕੀਕਤਾਂ ਦਾ ਸੱਚ ਬਿਆਨ ਕਰਨਾ ਚਾਹੁੰਦੇ ਹੋ ਤਾਂ ਚੌਕਸ ਹੋ ਜਾਓ। ਸਮੇਂ ਦੀ ਹਕੂਮਤ ਨੂੰ ਇਹ ਬਰਦਾਸ਼ਤ ਨਹੀਂ। ਸ਼ਾਇਦ ਤ੍ਰਿਪਰਾ 'ਚ ਭਾਜਪਾ ਹਕੂਮਤ ਦੇਸ਼ ਦੇ ਚੇਤੰਨ ਲੋਕਾਂ ਨੂੰ ਇਹੋ ਸੰਦੇਸ਼ ਦੇ ਰਹੀ ਹੈ। ਪਹਿਲਾਂ ਪੱਤਰਕਾਰ ਸਿਆਮ ਮੀਗ ਸਿੰਘ ਜਿਸ ਨੇ ਤ੍ਰਿਪੁਰਾ ਵਿਚ ਹੋ ਰਹੀ ਹਿੰਸਾ ਤੇ ਟਵੀਟ ਕੀਤਾ ਸੀ ਜੋ ਹਕੀਕਤ ਸੀ ਕਿ 'ਤ੍ਰਿਪੁਰਾ ਸੜ ਰਿਹਾ ਹੈ'!' ਉਤੇ ਗੈਰ ਕਾਨੂੰਨੀ ਗਤੀਵਿਧੀਆਂ ਵਾਲਾ ਕਾਨੂੰਨ ਲਾ ਕੇ ਕੇਸ ਦਰਜ ਕਰ ਲਿਆ। ਫਿਰ ਹਿੰਸਕ ਘਟਨਾਵਾਂ ਦੀ ਜਾਂਚ ਕਰਨ ਲਈ ਸੁਪਰੀਮ ਕੋਰਟ ਦੇ ਵਕੀਲਾਂ ਦੀ ਟੀਮ ਦੇ ਦੋ ਮੈਂਬਰਾਂ ਨੂੰ ਅਜਿਹੇ ਕਾਨੂੰਨ ਹੇਠ ਕੇਸ ਦਰਜ ਕਰਨ ਦੇ ਨੋਟਿਸ ਭੇਜ ਦਿੱਤੇ। ਇਸ ਸਮੇਂ ਤੱਕ ਸੋਸ਼ਲ ਮੀਡੀਆ ਉਤੇ ਬੀ.ਜੇ.ਪੀ. ਦੇ ਰਾਜ ਵਿਚ ਇਕ ਫਿਰਕੇ ਵਿਰੁੱਧ ਹਿੰਸਾ ਕਰਨ ਅਤੇ ਉਨ੍ਹਾਂ ਦੇ ਧਾਰਮਿਕ ਅਸਥਾਨਾਂ ਨੂੰ ਨੁਕਸਾਨ ਪਹੁੰਚਾਉਣ ਦੀਆਂ ਤਸਵੀਰਾਂ ਰਿਪੋਰਟਾਂ ਜੱਗ ਜਾਹਿਰ ਕਰਨ ਵਾਲੇ 102 ਸੋਸ਼ਲ ਮੀਡੀਆ ਦੇ ਸਰਗਰਮ ਕਾਰਕੁੰਨਾਂ ਜਿਨ੍ਹਾਂ 'ਚ 68 ਟਵਿਟਰ ਤਾਂ ਫੇਸਬੁੱਕ 'ਤੇ ਦੋ ਯੂਟਿਊਬਰ ਵੀ ਹਨ, ਉਤੇ ਯੂ.ਏ.ਪੀ.ਏ. ਹੇਠ ਕੇਸ ਦਰਜ ਕਰ ਲਏ ਅਤੇ ਹੁਣ ਐਚ.ਡਬਲਿਊ. ਨਿਊਜ਼ ਚੈਨਲ ਦੀਆਂ ਦੋ ਪੱਤਰਕਾਰਾਂ ਸਮਰਿਧੀ ਸੁਕੰਨਿਆ ਅਤੇ ਸਵਰਨਾ ਉਤੇ ਤ੍ਰਿਪੁਰਾ ਪੁਲਿਸ ਨੇ ਪਰਚਾ ਦਰਜ ਕਰਕੇ ਅਸਮਾਨ 'ਚੋਂ ਉਨ੍ਹਾਂ ਦੀ ਗ੍ਰਿਫ਼ਤਾਰੀ ਕਰ ਲਈ ਹੈ।

ਸਬੰਧਤ ਪੱਤਰਕਾਰਾਂ ਅਤੇ ਸੁਪਰੀਮ ਕੋਰਟ ਦੇ ਵਕੀਲਾਂ ਉਤੇ ਦੋਸ਼ ਇਹ ਹੈ ਕਿ ਇਨ੍ਹਾਂ ਨੇ ਦੋ ਫਿਰਕਿਆਂ ਵਿਚ ਤਣਾਅ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ। ਹਕੀਕਤ ਇਹ ਹੈ ਕਿ ਤ੍ਰਿਪੁਰਾ ਸਰਕਾਰ ਅਤੇ ਪੁਲਿਸ ਜਿਸ ਕਰੂਰ ਹਿੰਸਾ ਅਤੇ ਮੁਸਲਮਾਨ ਧਾਰਮਿਕ ਅਸਥਾਨਾਂ ਮਸਜਿਦਾਂ ਦੇ ਨੁਕਸਾਨੇ ਜਾਣ ਤੋਂ ਸਾਫ਼ ਮੁਕਰ ਰਹੀ ਹੈ ਅਤੇ ਝੂਠ ਬੋਲ ਰਹੀ ਹੈ ਇਨ੍ਹਾਂ ਪੱਤਰਕਾਰਾਂ ਨੇ ਜ਼ਮੀਨੀ ਹਕੀਕਤ ਨੂੰ ਜਾਣ ਕੇ ਦੇਸ਼ ਅਤੇ ਵਿਸ਼ਵ ਦੇ ਲੋਕਾਂ ਸਾਹਮਣੇ ਉਸ ਸੱਚਾਈ ਨੂੰ ਰੱਖਿਆ ਹੈ ਜਿਸ 'ਚ ਇਕ ਧਾਰਮਿਕ ਫਿਰਕਾ ਦਹਿਸ਼ਤਜਦਾ ਮਾਹੌਲ 'ਚ ਰਹਿ ਰਿਹਾ ਹੈ ਅਤੇ ਹਿੰਦੂਤਵੀ ਕੱਟੜਵਾਦੀਆਂ ਨੇ ਸਰਕਾਰ ਤੇ ਪੁਲਿਸ ਦੀ ਸ਼ਹਿ ਉਤੇ ਕਿਵੇਂ ਹਿੰਸਾ ਨੂੰ ਅੰਜਾਮ ਦਿੱਤਾ ਹੈ।

ਯਾਦ ਹੋਵੇ ਅਕਤੂਬਰ ਦੇ ਅਖੀਰਲੇ ਹਫ਼ਤੇ ਤ੍ਰਿਪਰਾ ਵਿਚ ਹੋਈ ਹਿੰਸਾ ਨੂੰ ਲੈ ਕੇ ਚਾਰ ਮੈਂਬਰੀ ਇਕ ਜਾਂਚ ਟੀਮ ਜਿਸ ਦੀ ਅਗਵਾਈ ਸੁਪਰੀਮ ਕਰਟ ਦੇ ਵਕੀਲ ਇਹਤੇ ਸ਼ਾਮ ਹਸ਼ਮੀ ਜੋ ਲਾਇਰਜ ਆਫ਼ ਡੈਮੋਕਰੈਸੀ ਸੰਸਥਾ ਨਾਲ ਜੁੜੇ ਹਨ, ਵਕੀਲ ਅਮਿਤ ਸ੍ਰੀ ਵਾਸਤਵ, ਨੈਸ਼ਨਲ ਕਨਫਰਮੇਸ਼ਨ ਆਫ਼ ਹਿਊਮੈਨ ਰਾਈਟਸ ਆਰਗੇਨਾਈਜੇਸ਼ਨ ਦੇ ਐਡਵੋਕੇਟ ਅੰਸਾਰੀ ਇੰਦੌਰੀ, ਪੀਪਲਜ਼ ਯੂਨੀਅਨ ਨਾਲ ਸਬੰਧਤ ਵਕੀਲ ਮੁਕੇਸ਼ ਕੁਮਾਰ ਨੇ ਤ੍ਰਿਪੁਰਾ ਦਾਦੌਰਾ ਕੀਤਾ ਅਤੇ ਪਹਿਲਾਂ ਅਗਰਤਲਾ ਤੇ ਫਿਰ ਦਿੱਲੀ 'ਚ ਰਿਪੋਰਟ ਜਾਰੀ ਕਰਕੇ ਤ੍ਰਿਪੁਰਾ ਹਿੰਸਾ ਨੂੰ ਜੱਗ ਜਾਹਿਰ ਕੀਤਾ। ਇਹੋ ਭੂਮਿਕਾ ਪੱਤਰਕਾਰ ਨੇ ਨਿਭਾਈ।

ਚਾਰ ਮੈਂਬਰੀ ਇਸ ਜਾਂਚ ਦਲ ਨੇ ਕੁਝ ਦਿਨ ਲਾ ਕੇ ਹਿੰਸਕ ਇਲਾਕਿਆਂ ਵਿਚ ਪੀੜਤ ਲੋਕਾਂ ਨਾਲ ਗੱਲਬਾਤ ਕੀਤੀ, ਘਟਨਾਵਾਂ ਦੀ ਜਾਣਕਾਰੀ ਇਕੱਠੀ ਕੀਤੀ ਅਤੇ ਇਸ ਅਧਾਰ ਜੋ ਰਿਪੋਰਟ ਤਿਆਰ ਕੀਤੀ ਉਹਨੂੰ ਪਹਿਲਾਂ ਅਗਰਤਲਾ ਤੇ ਫਿਰ ਦਿੱਲੀ ਦੇ ਪ੍ਰੈਸ ਕਲੱਬ ਵਿਚ ਜਾਰੀ ਕੀਤਾ। ਇਸ ਰਿਪੋਰਟ ਵਿਚ ਉਨ੍ਹਾਂ ਕਿਹਾ ਕਿ "ਤ੍ਰਿਪੁਰਾ ਵਿਚ ਮੁਸਲਮਾਨ ਪਰਿਵਾਰਾਂ ਅਤੇ ਉਨ੍ਹਾਂ ਦੇ ਧਾਰਮਿਕ ਅਸਥਾਨਾਂ ਨੂੰ ਨੁਕਸਾਨ ਪਹੁੰਚਾਇਆ ਗਿਆ ਅਤੇ ਪਾਨੀਸਾਗਰ ਕਸਬੇ ਵਿਚ ਹਿੰਦੂ ਮਹਾਂ ਸਭਾ ਅਤੇ ਬੀ.ਜੇ.ਪੀ. ਦੇ ਲਗਭਗ 3500 ਤੋਂ 5000 ਦੀ ਗਿਣਤੀ ਵਿਚ ਵਰਕਰਾਂ ਨੇ ਪੈਗੰਬਰ ਮੁਹੰਮਦ ਵਿਰੋਧੀ ਅਪਮਾਨਜਨਕ ਨਾਅਰੇ ਵੀ ਲਾਏ ਅਤੇ ਇਹ ਸਾਰਾ ਕੁਝ ਤ੍ਰਿਪੁਰਾ ਪੁਲਿਸ ਦੀ ਮੌਜੂਦਗੀ ਵਿਚ ਹੋਇਆ।

ਐਡਵੋਕੇਟ ਅੰਸਾਰ ਇੰਦੌਰੀ ਨੇ ਪ੍ਰੈਸ ਨੂੰ ਦੱਸਿਆ ਕਿ "ਪਾਨੀਸਾਗਰ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ ਅਤੇ ਬੀ.ਜੇ.ਪੀ. ਦੇ ਵਰਕਰਾਂ ਦੀ ਇਹ ਭੀੜ ਰੋਣਾ ਬਜ਼ਾਰ ਗਈ ਜਿਥੇ ਘੱਟ ਗਿਣਤੀ ਮੁਸਲਮਾਨਾਂ ਦੀਆਂ ਦੁਕਾਨਾਂ ਅਤੇ ਘਰ ਸਾੜੇ ਗਏ ਲੁੱਟ ਮਾਰ ਕੀਤੀ ਗਈ ਅਤੇ ਇਕ ਜੇ.ਸੀ.ਬੀ. ਮਸ਼ੀਨ ਨਾਲ ਭੀੜ ਨੇ ਇਕ ਮਸਜਿਦ ਨੂੰ ਨੁਕਸਾਨ ਪਹੁੰਚਾਇਆ।" ਉਨ੍ਹਾਂ ਦਾ ਸਵਾਲ ਸੀ ਕਿ ਰੈਲੀ ਦੇ ਨਾਲ ਜੇ.ਸੀ.ਬੀ. ਮਸ਼ੀਨ ਕਿਉਂ ਲਿਆਂਦੀ ਗਈ ਸੀ? ਇਹਦਾ ਕੀ ਮਤਲਬ ਸੀ?"

ਉਨ੍ਹਾਂ ਇਹ ਵੀ ਕਿਹਾ ਕਿ ਤ੍ਰਿਪੁਰਾ ਪੁਲਿਸ ਆਪਣੀ ਤਾਕਤ ਦੀ ਗਲਤ ਵਰਤੋਂ ਕਰ ਰਹੀ ਏ। ਜਿਹੜੇ ਅਸਲ 'ਚ ਦੋਸ਼ੀ ਹਨ ਉਨ੍ਹਾਂ ਉਤੇ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ ਸਗੋਂ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਜਿਹੜੇ ਹਕੀਕਤ ਨੂੰ ਸਾਹਮਣੇ ਲਿਆ ਰਹੇ ਹਨ। ਰਿਪੋਰਟ ਨੇ ਇਹ ਤੱਥ ਸਾਹਮਣੇ ਲਿਆਂਦਾ ਕਿ ਤ੍ਰਿਪੁਰਾ ਵਿਚ 12 ਮਸਜਿਦਾਂ ਮੁਸਲਮਾਨਾਂ ਦੀਆਂ, 9 ਦੁਕਾਨਾਂ ਅਤੇ ਤਿੰਨ ਘਰਾਂ ਨੂੰ ਅੱਗ ਲਾ ਕੇ ਨੁਕਸਾਨ ਪਹੁੰਚਾਇਆ ਅਤੇ ਇਹ ਹਜੂਮ ਕਈ ਘੰਟੇ ਤੱਕ ਪੁਲਿਸ ਦੀ ਹਾਜ਼ਰੀ 'ਚ ਮੁਸਲਮਾਨ ਘਰਾਂ 'ਚੋਂ ਸਮਾਨ ਵੀ ਲੁੱਟ ਦਾ ਰਿਹਾ। 21 ਅਕਤੂਬਰ ਤੋਂ 26 ਅਕਤੂਬਰ ਦਰਮਿਆਨ ਮੁਸਲਮਾਨਾਂ ਵਿਰੋਧ ਹਿੰਦੂ, ਕੱਟੜਵਾਦੀ ਸੰਗਠਨਾਂ ਦੀ ਹਿੰਸਾ ਜਾਰੀ ਰਹੀ ਅਤੇ ਪੁਲਿਸ ਮੂਕ ਦਰਸ਼ਕ ਬਣੀ ਰਹੀ।

26 ਅਕਤੂਬਰ ਨੂੰ ਤ੍ਰਿਪੁਰਾ ਦੀ ਹਾਈ ਕੋਰਟ ਨੇ ਜਦੋਂ ਤ੍ਰਿਪੁਰਾ ਰਾਜ ਸਰਕਾਰ ਨੂੰ 10 ਨਵੰਬਰ ਤੱਕ ਇਨ੍ਹਾਂ ਹਿੰਸਕ ਘਟਨਾਵਾਂ ਸਬੰਧੀ ਸਰਕਾਰ ਦੀ ਕਾਰਗੁਜ਼ਾਰੀ ਰਿਪੋਰਟ ਦੇਣ ਲਈ ਕਿਹਾ ਤਾਂ ਤ੍ਰਿਪੁਰਾ ਪੁਲਿਸਹਰਕਤ ਵਿਚ ਆਈ ਅਤੇ ਉਨ੍ਹਾਂ ਪੱਤਰਕਾਰਾਂ ਅਤੇ ਸੋਸ਼ਲ

PUNJABI SWEETS
House & Restaurant
All Kinds of Sweets
Non-Veg & Vegi Food
Take out
We do catering also
Fast & Best
Friendly
Service
ਤਾਜ਼ਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ,
ਚਾਟ, ਤਾਜ਼ਾ ਮਠਿਆਈ ਬਰਫ਼ੀ, ਗੁਲਾਬ ਜਾਮਣ,
ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ
ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir, N.E. T3J 0C9

Baljinder Singh
Graphic Designer
All types of Newspaper Advts. Newspaper
Planning, Designing of Catalogues, Brochures etc.
ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ,
ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ
ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
+91-92167-29598
E-mail : akashdeep.1064@gmail.com | baljinderpta1@gmail.com

For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca
MLS MULTIPLE LISTING SERVICE R REALTOR
REAL ESTATE BOARD
Taranjit "T. J." Mand
Real Estate Associate
Max Value Realty Ltd.

BAINS VISION CENTRE
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
Jaswinder S Bains, Ph.D., OD.
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।

ਮੀਡੀਆ ਕਾਮਿਆਂ ਨੂੰ ਨਿਸ਼ਾਨਾ ਬਣਾਇਆ ਜਿਨ੍ਹਾਂ ਨੇ ਅਜਿਹੀਆਂ ਫਿਰਕੂ ਹਿੰਸਕ ਘਟਨਾਵਾਂ ਨੂੰ ਜੱਗ ਜ਼ਾਹਿਰ ਕੀਤਾ ੀ।

ਤ੍ਰਿਪੁਰਾ ਵਿਚ 20 ਅਕਤੂਬਰ ਨੂੰ ਜਿਹੜੀ ਰੈਲੀ ਕੱਢੀ ਗਈ ਸੀ ਉਹ ਬੰਗਲਾ ਦੇਸ਼ ਵਿਚ ਹਿੰਦੂ ਮੰਦਿਰਾਂ ਅਤੇ ਪੂਜਾ ਸਥਲਾਂ ਉਤੇ ਹੋਏ ਹਮਲਿਆਂ ਦੇ ਵਿਰੋਧ ਵਜੋਂ ਕੱਢੇ ਜਾਣ ਦਾ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਕੱਟੜਵਾਦੀ ਹਿੰਦੂ ਸੰਗਠਨਾਂ ਨੇ ਦਾਅਵਾ ਕੀਤਾ ਹੈ ਕਿ ਅਸੀਂ ਪਹਿਲਾਂ ਬੰਗਲਾ ਦੇਸ਼ ਵਿਚ ਹੋਈਆਂ ਘਟਨਾਵਾਂ ਨੂੰ ਸੰਖੇਪ ਵਿਚ ਲਵਾਂਗੇ।

15 ਅਕਤੂਬਰ ਨੂੰ ਦੁਰਗਾ ਪੂਜਾ ਸਮੇਂ ਕੱਟੜਵਾਦੀ ਮੁਸਲਮਾਨਾਂਨੇ ਪਹਿਲਾਂ ਕੁਮਿਲੱਲਾ ਵਿਖੇ ਹਿੰਦੂ ਪੂਜਾ ਸਥਲ ਉਤੇ ਹਮਲਾ ਕੀਤਾ ਅਤੇ ਫਿਰ ਇਹ ਢਾਕਾ, ਫੇਨੀ, ਕਿਸ਼ੋਰ ਗੰਗੂ ਚਾਂਦਪੁਰ ਸਮੇਤ ਬੰਗਲਾ ਦੇਸ਼ ਦੇ ਕਈ ਹਿੱਸਿਆਂ ਵਿਚ ਪ੍ਰਦਰਸ਼ਨ ਹੋਏ ਅਤੇ ਧਾਰਮਿਕ ਸਥਲ ਹਿੰਸਕ ਗ੍ਰੋਹਾਂ ਦਾ ਨਿਸ਼ਾਨਾ ਬਣੇ। ਜਿਸ 'ਚ ਛੇ ਲੋਕ ਮਾਰੇ ਗਏ। ਇਸ ਦੀ ਸ਼ੁਰੂਆਤ ਉਸ ਸਮੇਂ ਹੋਈ ਜਦੋਂ ਕੁਮਿਲੱਲਾ ਵਿਚ ਸਥਿਤ ਇਕ ਹਿੰਦੂ ਧਾਰਮਿਕ ਸਥਲ ਵਿਚੋਂ ਕੁਰਾਨ ਮਿਲਣ ਦੀ ਕਨਸ਼ੋਅ ਮਿਲੀ। ਬੰਗਲਾ ਦੇਸ਼ ਦੀ ਪੁਲਿਸ ਨੇ ਹੁਣ (ਨਵੰਬਰ 10 ਤੱਕ) ਉਸ ਸ਼ਖਸ਼ ਦੀ ਪਹਿਚਾਣ ਵੀ ਕਰ ਲਈ ਹੈ ਅਤੇ ਉਸ ਨੂੰ ਗ੍ਰਿਫ਼ਤਾਰ ਵੀ ਕਰ ਲਿਆ ਹੈ ਜਿਸ ਨੇ ਕੁਰਾਨ ਨੂੰ ਹਿੰਦੂ ਧਾਰਮਿਕ ਸਥਲ ਤੱਕ ਪਹੁੰਚਾਇਆ ਸੀ ਅਤੇ ਬੰਗਲਾ ਦੇਸ਼ ਨੇ ਨਾ ਸਿਰਫ਼ ਨੁਕਸਾਨੇ ਹਿੰਦੂ ਮੰਦਰਾਂ ਦੀ ਮੁਰੰਮਤਕਰਵਾ ਦਿੱਤੀ ਹੈ ਸਗੋਂ ਬੰਗਲਾ ਦੇਸ਼ਦੀ ਉਚਤਮ ਅਦਾਲਤ ਦੇ ਮੁਖੀ ਨੇ ਸਭ ਤੋਂ ਵੱਧ ਨੁਕਸਾਨੇ ਗਏ ਹਿੰਦੂ ਧਾਰਮਿਕ ਸਥਲ ਉਤੇ ਖ਼ੁਦ ਜਾ ਕੇ ਪੂਜਾ ਵਿਚ ਵੀ ਹਾਜ਼ਰੀ ਲੁਆਈ ਹੈ। ਬੰਗਲਾ ਦੇਸ਼ ਦੇ ਧਾਰਮਿਕ ਤੇ ਰਾਜਨੀਤਕ ਆਗੂਆਂ ਸਮੇਤ ਪ੍ਰਸ਼ਾਸਨ ਅਧਿਕਾਰੀਆਂ ਨੇ ਅਜਿਹੀਆਂ ਘਟਨਾਵਾਂ ਉਤੇ ਚਿੰਤਾ ਵੀ ਜਤਾਈ ਹੈ ਅਤੇ ਬੰਗਲਾ ਦੇਸ਼ ਖਿਲਾਫ਼ਤ ਅੰਦੋਲਨ ਦੇ ਮੁਖੀ ਅਤੇ ਇਸਲਾਮੀ ਰਾਜਨੀਤਕ ਦਲ ਦੇ ਵਾਇਸ ਚੇਅਰਪਰਸਨ ਮੌਲਾਨਾ ਮੁਜੀਬਰ ਰਹਿਮਾਨ ਹਾਮਦੀ ਨੇ ਤਾਂ ਇਥੋਂ ਤੱਕ ਕਿਹਾ ਕਿ "ਮੰਦਰਾਂ ਉਤੇ ਹਮਲਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰੋ ਅਸੀਂ ਆਪਣੇ ਦੇਸ਼ ਵਿਚ ਸ਼ਾਂਤੀ ਅਤੇ ਭਾਈਚਾਰੇ ਨਾਲ ਰਹਿਣਾ ਚਾਹੁੰਦੇ ਹਾਂ।" ਇਹੀ ਕਾਰਨ ਕਿ ਬੰਗਲਾ ਦੇਸ਼ ਸਰਕਾਰ ਨੇ ਲਗਭਗ 40 ਲੋਕਾਂ ਗ੍ਰਿਫ਼ਤਾਰ ਕੀਤਾ ਹੈ, 21 ਲੋਕਾਂ ਉਤੇ ਪਰਚੇ ਦਰਜ ਕਰਕੇ ਜੇਲ੍ਹ ਭੇਜਿਆ ਹੈ ਅਤੇ 4000 ਅਣਪਛਾਤੇ ਲੋਕਾਂ ਦੇ ਹਿੰਸਕ ਭੀੜ ਵਿਚ ਸ਼ਾਮਲ ਹੋਣ ਦੀ ਤਸਦੀਕ ਕੀਤੀ ਹੈ।

ਬੰਗਲਾ ਦੇਸ਼ ਤੇ ਤ੍ਰਿਪੁਰਾ ਨਾਲ ਲਗਦੀ ਸਰਹੱਦ ਦੇ ਦੋਹੀਂ ਪਾਸੀਂ ਇਹ ਘਟਨਾਵਾਂ ਵਾਪਰੀਆਂ ਹਨ। ਇਹ ਉਹੀ ਇਲਾਕਾ ਹੈ ਜਿਹੜਾ ਕਿਸੇ ਸਮੇਂ ਮੰਨੀਕੁਸ ਵੰਸ਼ ਦੇ ਰਾਜ ਅਧੀਨ ਰਿਹਾ ਹੈ। ਇਸ ਇਲਾਕੇ 'ਚ ਕਦੇ ਵੀ ਹਿੰਦੂ ਮੁਸਲਮਾਨ ਦਾ ਸੁਆਲ ਨਹੀਂ ਸੀ ਰਿਹਾ। 1947 ਦੀ ਵੰਡ ਵੇਲੇ ਬੰਗਾਲ ਵਾਂਗੂੰ ਇਹ ਇਲਾਕਾ ਵੀ ਵੰਡਿਆ ਗਿਆ। ਰਿਆਸਤਾਂ ਦੇ ਰਲੇਵੇਂ ਸਮੇਂ ਉਸ ਤ੍ਰਿਪੁਰਾ ਦੇ ਹਿੱਸੇ ਵਾਲੀ ਲੋਕਾਈ ਦੇ ਵੱਡੇ ਹਿੱਸੇ ਨੇ ਭਾਰਤ ਨਾਲ ਰਹਿਣਾ ਪਸੰਦ ਕੀਤਾ। ਇਥੇ ਦੱਸ ਦੇਈਏ ਕਿ 1941 ਦੀ ਜਨਗਣਨਾ ਸਮੇਂ ਅਜੋਕੇ ਬੰਗਲਾਦੇਸ਼ ਜਿਹੜਾ ਪਹਿਲਾਂ ਪੂਰਬੀ ਪਾਕਿਸਤਾਨ ਅਤੇ ਉਸ ਤੋਂ ਪਹਿਲਾਂ ਭਾਰਤ ਦਾ ਹਿੱਸਾ ਰਿਹਾ ਹੈ, ਦੀ ਆਬਾਦੀ ਦਾ ਅਨੁਪਾਤ ਵਿਸ਼ੇਸ਼ ਕਰਕੇ ਭਾਰਤੀ ਕਬਜ਼ੇ ਵਾਲੇ ਹਿੱਸੇ ਵਿਚ 24.9 ਫੀਸਦੀ ਮੁਸਲਮਾਨ ਅਤੇ 75% ਹਿੰਦੂ ਸੀ। ਅੱਜ ਇਹ ਘਟ ਕੇ 9-10 ਫੀਸਦੀ ਹੀ ਰਹਿ ਗਈ ਹੈ। ਇਹੀ ਹਾਲ ਬੰਗਲਾਦੇਸ਼ ਵਾਲੇ ਪਾਸੇ ਹੈ। ਅਬਾਦੀ ਇਧਰੋਂ ਉਧਰ ਆਵਾਗਮਨ ਰੋਜ਼ਗਾਰ ਨੂੰ ਲੈ ਕੇ ਹੁੰਦਾ ਰਿਹਾ ਹੈ ਪਰ ਧਾਰਮਿਕ ਕੱਟੜਤਾ ਜਾਂ ਫਿਰਕੂ ਦਹਿਸ਼ਤ ਕਰਕੇ ਨਹੀਂ। ਪਾਕਿਸਤਾਨ ਤੋਂ ਮੁਕਤ ਹੋਏ ਅਤੇ ਨਵੇਂਬਣੇ ਬੰਗਲਾ ਦੇਸ਼ ਨੇ 1971 ਵਿਚ ਇਕ ਧਰਮ ਨਿਰਪੇਖ ਰਾਜ ਅਖਵਾਉਣਾ ਪਸੰਦ ਕੀਤਾ ਅਤੇ ਇਸੇ ਅਨੁਸਾਰ ਆਪਣਾ ਢਾਂਚਾ ਵੀ ਉਸਾਰਿਆ। ਬੇਸ਼ੱਕ ਬੰਗਲਾਦੇਸ਼ ਵਿਚ ਇਸਲਾਮ ਧਰਮ ਨੂੰ ਪ੍ਰਮੁੱਖ ਮਾਨਤਾ ਸੀ ਤੇ ਹੈ। ਭਾਰਤ ਦੀਆਂ ਘਟਨਾਵਾਂ ਬੰਗਲਾ ਦੇਸ਼ ਦੇ ਆਵਾਮ ਨੂੰ ਪ੍ਰਭਾਵਿਤ ਕਰਦੀਆਂ ਹਨ ਅਤੇ ਕੱਟੜਪੰਥੀ ਮੁਸਲਮਾਨਾਂ ਲਈ ਸ਼ੇਖ ਹੁਸੀਨਾ ਸਰਕਾਰ ਵਿਰੁੱਧ ਵਿਰੋਧ ਕਰਨ ਦੇ ਮੌਕੇ ਮਿਲ ਜਾਂਦੇ ਹਨ। ਖੈਰ ਬੰਗਲਾ ਦੇਸ਼ ਬਾਰੇ ਕਿਤੇ ਫੇਰ ਸਹੀ।

ਇਧਰ ਤ੍ਰਿਪੁਰਾ ਵਿਚ ਵੀ ਕੁੱਲ ਆਬਾਦੀ 'ਚੋਂ ਹਿੰਦੂ 83.4 ਫੀਸਦੀ ਇਸਲਾਮ 8.6 ਫੀਸਦੀ ਇਸਾਈ, 4.35 ਫੀਸਦੀ ਬੌਧੀ, 3.41 ਫੀਸਦੀ ਸਿੱਖ, 0.02 ਫੀਸਦੀ ਜੈਨ 0.02 ਫੀਸਦੀ ਆਦਿ ਹਨ। ਤ੍ਰਿਪੁਰਾ 'ਚ ਜ਼ਿਆਦਾ ਆਦਿਵਾਸੀ ਕਬੀਲੇ ਹੀ ਹਨ ਜਿਨ੍ਹਾਂ 'ਚ ਚਕਮਾ 2.1% ਹਲਮ 4.8% ਮੌਰ, 3.1% ਮੁੰਡਾ, 1.2% ਕੁੜੀ, 1.2% ਇਸਾਈ ਜ਼ਿਆਦਾਤਰ ਲੁਸ਼ਾਈ, ਕੂਕੀ, ਮਾਰੋ, ਹਲਮ ਆਦਿ ਕਬੀਲਿਆਂ 'ਚੋਂ ਹਨ। 1946 ਤੋਂ 71 ਦੇ ਦਰਮਿਆਨ ਲਗਭਗ 871455 ਬੰਗਾਲੀ ਜਿਨ੍ਹਾਂ 'ਚ ਵਧੇਰੇ ਗਿਣਤੀ ਹਿੰਦੂਆਂ ਦੀ ਹੈ, ਤ੍ਰਿਪੁਰਾ ਵਿਚ ਆ ਕੇ ਵਸੇ ਸਨ। 1905 ਵਿਚ ਅੰਗਰੇਜ਼ਾਂ ਨੇ ਜਦੋਂ ਤ੍ਰਿਪੁਰਾ ਤੇ ਨਾਲ ਦਾ ਇਲਾਕਾ ਕਬਜ਼ੇ 'ਚ ਲਿਆ ਸੀ ਜਿਸ 'ਚ ਅਜੋਕੇ ਮੇਘਾਲਿਆ ਤੇ ਮਨੀਪੁਰ ਦੇ ਹਿੱਸੇ ਵੀ ਸ਼ਾਮਲ ਸਨ ਤਾਂ ਬੰਗਾਲ ਆਸਾਮ ਸਟੇਟ ਨਾਲ ਜੋੜ ਦਿੱਤਾ ਗਿਆ ਸੀ। ਪਰ ਉਥੇ ਰਾਜ ਅੰਗਰੇਜ਼ਾਂ ਦੇ ਅਧੀਨ ਹੋਣ ਦੇ ਬਾਵਜੂਦ ਸੁਤੰਤਰ ਸੀ ਅਤੇ ਰਿਆਸਤ ਦਾ ਮੁਖੀ 1823 ਵਿਚ ਮਹਾਰਾਜਾ ਬੀਰ ਬਿਕਰਮ ਕਿਸ਼ੋਰ ਮਈਕਯ ਸੀ ਜਿਹਨੇ ਆਪਣੀ ਮੌਤ (1947) ਤੋਂ ਪਹਿਲਾਂ ਲੋਕਾਈ ਦੀ ਇੱਛਾ ਦੇ ਉਲਟ ਰਾਜ ਨੂੰ ਭਾਰਤ ਨਾਲ ਜੋੜਨ ਦਾ ਫੈਸਲਾ ਲੈ ਲਿਆ ਸੀ ਜੋ 1949 'ਚ ਭਾਰਤ ਦੇ ਅਧੀਨ ਆਇਆ ਅਤੇ 1956 'ਚ ਕੇਂਦਰੀ ਸ਼ਾਸਤ ਪ੍ਰਦੇਸ਼ ਦੇ ਰੂਪ ਲੈਣ ਪਿਛੋਂ 1972 'ਚ ਮੁਕੰਮਲ ਰਾਜ ਦਾ ਦਰਜਾ ਮਿਲ ਗਿਆ। ਇਸੇ ਸਮੇਂ ਇਨ੍ਹਾਂ ਨੂੰ ਉਤਰ ਪੂਰਬੀ ਰਾਜਾਂ ਮੇਘਾਲਿਆ ਮਨੀਪੁਰ ਤ੍ਰਿਪੁਰਾ ਨੂੰ ਰਾਜ ਦਾ ਦਰਜਾ ਮਿਲਿਆ ਸੀ।

1980 ਵਿਚ ਤ੍ਰਿਪੁਰਾ ਵਿਚ ਪਹਿਲੀਆਂ ਹਿੰਸਕ ਵਾਰਦਾਤਾਂ ਹੋਈਆਂ ਪਰ ਇਹ ਸਥਾਨਕ ਆਦਿਵਾਸੀਆਂ ਅਤੇ ਬੰਗਾਲੀਆਂ ਦੇ ਦਰਮਿਆਨ ਸਨ। ਇਨ੍ਹਾਂ ਵਿਚ ਹਿੰਦੂ ਮੁਸਲਮਾਨ ਦੋਵੇਂ ਸ਼ਾਮਲ ਸਨ ਪਰ ਫਿਰਕੂ ਧਾਰਮਿਕ ਦੰਗੇ ਨਹੀਂ ਸਨ ਸਗੋਂ ਸਥਾਨਕ ਤੇ ਬਾਹਰੀ ਦਰਮਿਆਨ ਹਿੰਸਾ ਸੀ। ਮੰਡਈ ਨਰ ਬਿਹਾਰ ਦੇ ਤੌਰ 'ਤੇ ਜਾਣੀਆਂ ਜਾਂਦੀਆਂ ਇਨ੍ਹਾਂ ਝੜਪਾਂ ਵਿਚ ਆਦਿਵਾਸੀ ਵਿਦਰੋਹ ਦੀ ਸੁਰ ਭਾਰੂ ਸੀ। ਅਜ਼ਾਦ ਦੇਸ਼ ਦੀ ਅਸਫ਼ਲ ਮੰਗ ਦੇ ਦੁਆਲੇ ਜੁੜੀ ਆਦਿਵਾਸੀ ਆਬਾਦੀ ਦੀ ਬੇਚੈਨੀ ਹਥਿਆਰਬੰਦ ਵਿਦਰੋਹ ਤੱਕ ਪਹੁੰਚੀ ਸੀ। 1992 ਵਿਚ ਵੀ ਜਦੋਂ ਅਯੋਧਿਆ ਵਿਚ ਬਾਬਰੀ ਮਸਜਿਦ ਢਾਹੀ ਗਈ ਸੀ ਤਾਂ ਛੁੱਟ ਪੁੱਟ ਘਟਨਾਵਾਂ ਨੂੰ ਲੈ ਕੇ ਤ੍ਰਿਪੁਰਾ ਸ਼ਾਤ ਹੀ ਰਿਹਾ ਸੀ। ਮਾਮੂਲੀ ਤਕਰਾਰ ਕਾਲਾਛਾਂਗ ਅਤੇ ਪਾਲੀਸਾਗਰ ਵਿਚ ਹੀ ਹੋਏ ਸਨ। ਦੋਵੇਂ ਫਿਰਕੇ ਬੜੇ ਸ਼ਾਂਤਮਈ ਤੇ ਭਾਈਚਾਰਕ ਮਾਹੌਲ ਵਿਚ ਹੀ ਰਹਿੰਦੇ ਆ ਰਹੇ ਸਨ। ਇਥੇ ਇਹ ਵੀ ਨੋਟ ਕਰਦੇ ਜਾਈਏ ਕਿ ਬੰਗਾਲੀ ਹਿੰਦੂ ਰਾਜ ਚਲਾਉਣ ਵਾਲੇ ਪ੍ਰਸ਼ਾਸਨਿਕ ਅਮਲੇ 'ਚ ਭਾਰੂ ਹਨ ਅਤੇ ਬੰਗਾਲੀ ਮੁਸਲਮਾਨ ਤੇ ਆਦਿਵਾਸੀ ਅਬਾਦੀ ਖੇਤੀ ਕਰਨ ਵਾਲਿਆਂ 'ਚੋਂ ਹੈ। ਅੰਗਰੇਜ਼ਾਂ ਨੂੰ ਜਦੋਂ ਵੀ ਲੇਬਰ ਜਾਂ ਫੌਜ ਦੀ ਲੋੜ ਪਈ ਤਾਂ ਸਥਾਨਕ ਕਿਸਾਨੀ ਅਬਾਦੀ 'ਚੋਂ ਹੀ ਵਧੇਰੇ ਲੋਕਾਂ ਨੂੰ ਵਰਤਿਆ ਗਿਆ ਸੀ। ਅਜ਼ਾਦੀ ਤੋਂ ਪਹਿਲਾਂ ਇਕ ਸੰਪੰਨ ਮੁਸਲਿਮ ਠੇਕੇਦਾਰ ਅਬਦੁੱਲਬਾਰਿਕ ਉਰਫ਼ ਗੇਂਦੂ ਮੀਆਂ ਨੇ ਅਜਮਨ-ਏ-ਇਸਲਾਮ ਨਾਂ ਦੀ ਪਾਰਟੀ ਦਾ ਗਠਨ ਕੀਤਾ ਸੀ; ਪਰ ਮੁਸਲਮਾਨ ਨੇ ਉਹਨੂੰ ਕਦੇ ਹੁੰਗਾਰਾ ਨਹੀਂ ਦਿੱਤਾ ਨਾ ਹੀ ਸਥਾਨਕ ਲੋਕ ਇਸ ਵਿਚ ਸ਼ਾਮਲ ਹੋਏ। ਉਧਰ ਆਰ.ਐਸ.ਐਸ. ਲੰਮੇ ਸਮੇਂ ਤੋਂ ਸਰਗਰਮੀਆਂ ਵਿਚ ਜੁਟੀ ਹੋਈ ਹੈ। ਜਦੋਂ ਬੈਪਟਿਸਟ ਚਰਚ ਨੂੰ ਮੰਨਣ ਵਾਲੇ ਨੈਸ਼ਨਲ ਲਿਬਰੇਸ਼ਨ ਫਰੰਟ ਆਫ ਤ੍ਰਿਪੁਰਾ ਨੇ ਚਰਚ ਉਤੇ ਵਿਸ਼ਵਾਸ ਨਾ ਕਰਨ ਵਾਲਿਆਂ ਉਤੇ ਹਮਲੇ ਕੀਤੇ ਉਸ ਸਮੇਂ ਸੰਘ ਉਥੇ ਸਰਗਰਮ ਸੀ ਅਤੇ ਆਪਣੀ ਜ਼ਮੀਨ ਤਿਆਰ ਕਰ ਰਿਹਾ ਸੀ ਜਿਸਨੂੰ ਸੁਨਹਿਰੀ ਮੌਕਾ ਮਿਲਿਆ ਸੰਘ ਦੇ ਤਿੰਨ ਪ੍ਰਚਾਰਕਾਂ ਨੂੰ ਅਗਵਾ ਕਰਕੇ ਉਨ੍ਹਾਂ ਦੀ ਹੱਤਿਆ ਕਰ ਦਿੱਤਾ ਸਈ ਸੀ। ਜਿਵੇਂ ਅਸੀਂ ਜ਼ਿਕਰ ਕੀਤਾ ਹੈ ਕਿ ਪਿਛਲੇਰੇ ਦਹਾਕਿਆਂ 'ਚ ਮੁਸਲਿਮ ਆਬਾਦੀ ਘੱਟਦੀ ਗਈ ਤੇ ਹਿੰਦੂ ਆਬਾਦੀ ਵਧਦੀ ਗਈ। ਪਹਿਲੀ ਵੇਰ 2019 ਵਿਚ ਬੈਦਾਦੀਗੀਹ ਮਸਜਿਦ ਉਤੇ ਹਮਲਾ ਹੋਇਆ ਪਰ ਇਸ ਦੇ ਬਾਵਜੂਦ ਦੰਗੇ ਨਹੀਂ ਭੜਕੇ। ਦਰਅਸਲ ਤ੍ਰਿਪੁਰਾ ਸਥਾਨਕ ਅਬਾਦੀ ਵਿਚ ਦੰਗਈ ਸਭਿਆਚਾਰ ਹੈ ਹੀ ਨਹੀਂ ਸੀ।

ਤ੍ਰਿਪੁਰਾ ਵਿਚ 25 ਸਾਲ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੀ ਹਕਮੂਤ ਰਹੀ। ਭਾਜਪਾ ਇਸ ਸਮੇਂ ਪੂਰੀ ਕੋਸ਼ਿਸ਼ 'ਚ ਰਹੀ ਕਿ ਫਿਰਕਿਆਂ ਦਰਮਿਆਨ ਟਕਰਾਅ ਦੀ ਜ਼ਮੀਨ ਤਿਆਰ ਹੋਵੇ। ਦਰਅਸਲ 2014 ਤੋਂ ਪਿਛੋਂ ਆਰ.ਐਸ.ਐਸ. ਬਹੁਤ ਤੇਜ਼ੀ ਨਾਲ ਇਸ ਉਤੇ ਕੰਮ ਕਰਨ ਲੱਗੀ ਸੀ ਅਤੇ 2018 ਵਿਚ ਸੱਤਾ 'ਚ ਆਉਣ ਪਿਛੋਂ ਫਿਰਕੂ ਧਰੁਵੀਕਰਨ ਲਈ ਉਹਦੇ ਹੱਥ ਸੁਨਹਿਰੀ ਮੌਕਾ ਲੱਗਾ। ਇਨ੍ਹਾਂ ਘਟਨਾਵਾਂ ਤੋਂ ਚਾਰ ਕੁ ਦਿਨ ਪਹਿਲਾਂ ਹੀ ਤ੍ਰਿਪੁਰਾ ਦੇ ਮੁਸਲਮਾਨਾਂ ਦਾ ਇਕ ਵਫਦ ਮੁੱਖ ਮੰਤਰੀ ਬਿਪਲਭ ਕੁਮਾਰ ਦੇਵ ਨੂੰ ਮਿਲਿਆ ਸੀ ਅਤੇ ਚਿੰਤਾ ਜਤਾਈ ਸੀ। ਇਸ ਵਫਦ ਦੇ ਮੈਂਬਰ ਇਮਾਮ ਅਬਦੁੱਲ ਰਹਿਮਾਨ ਨੇ ਕਿਹਾ ਕਿ "ਜੇ ਪੁਲਿਸ ਪ੍ਰਸ਼ਾਸਨ ਨੇ ਸਖਤੀ ਨਾਲ ਹਾਲਤਾਂ ਨੂੰ ਸੰਭਾਲਿਆ ਹੁੰਦਾ ਤਾਂ ਇਹ ਘਟਨਾਵਾਂ ਰੋਕੀਆਂ ਜਾ ਸਕਦੀਆਂ ਸਨ।" ਪਰ ਹਿੰਦੂ ਕੱਟੜਵਾਦੀ ਤਾਂ ਮੌਕੇ ਦੀ ਤਾਕ ਵਿਚ ਸਨ। ਕਿਉਂਕਿ 2018 ਵਿਚ ਤਾਂ ਆਦਿਵਾਸੀਆਂ ਦੀਆਂ ਵੋਟਾਂ ਬੀ.ਜੇ.ਪੀ. ਨੇ ਇੰਡੀਅਨ ਪੀਪਲਜ਼ ਫਰੰਟ ਨਾਲ ਸਮਝੌਤਾ ਕਰਕੇ ਹਾਸਲ ਕੀਤੀਆਂ ਸਨ ਅਤੇ ਇਸ ਵਾਰ ਨਾਗਰਿਕਤਾ ਸੋਧ ਕਾਨੂੰਨ ਕਰਕੇ ਉਹ ਮਾਹੌਲ ਨਹੀਂ ਸੀ। ਇਹ ਬੀ.ਜੇ.ਪੀ. ਜਾਣਕਾਰੀ ਹੈ ਸੋਹਿੰਦੂ ਵੋਟ ਦਾ ਧਰੁਵੀਕਰਨ ਕਰਨਾ ਉਹਦੇ ਲਈ ਜ਼ਰੂਰੀ ਹੈ। ਸਥਾਨਕ ਪੰਚਾਇਤ ਸੰਮਤੀਆਂ ਦੀਆਂ ਵੋਟਾਂ ਨੇੜੇ ਹਨ। ਤ੍ਰਿਪੁਰਾ ਡੈਮੋਕਰੇਟਿਕ ਫਰੰਟ ਤੇ ਟੀ.ਐਮ.ਸੀ. ਆਦਿਵਾਸੀ ਵੋਟਰਾਂ ਨੂੰ ਕਲਾਵੇ 'ਚ ਲੈ ਲਵੇ ਇਸਤੋਂ ਪਹਿਲਾਂ ਫਿਰਕੂ ਧਰੁਵੀਕਰਨ ਬੀਜੇਪੀ ਦੀ ਸ਼ਾਤਰ ਚਾਲ ਹੈ।

ਤ੍ਰਿਪੁਰਾ ਸ਼ਾਹੀ ਪਰਿਵਾਰ ਦੇ ਮੈਂਬਰ ਪ੍ਰਿਯਦੱਤ ਕ੍ਰਿਸ਼ੋਰ ਦੇਵ ਬਰਮਾ ਨੇ ਕਿਹਾ ਕਿ "ਧਾਰਮਿਕ ਧਰੁਵੀਕਰਨ ਲਈ ਅਤੇ ਰਾਜਸੀ ਫਾਇਦੇ ਲਈ ਇਹ ਸਭ ਕੁਝ ਕੀਤਾ ਜਾ ਰਿਹਾ ਹੈ। ਤ੍ਰਿਪੁਰਾ ਵਿਚ ਪਿਛਲੇ ਦੋ ਸਾਲਾਂ ਨੂੰ ਛੱਡ ਦੇਈਏ ਤਾਂ ਕਦੇ ਵੀ ਫਿਰਕੂ ਝਗੜੇ ਨਹੀਂ ਸਨ। ਹੋਏ।"

ਤ੍ਰਿਪੁਰਾ ਦੀ ਰਾਜਧਾਨੀ ਤੋਂ ਮਹਿਜ 155 ਕਿਲੋਮੀਟਰ ਦੂਰ ਉਤਰੀ ਤ੍ਰਿਪੁਰਾ ਦੇ ਪਾਲੀਸਾਗਰ ਕਸਬੇ ਦੇ ਚਮਫੀਲਾ ਖੇਤਰ ਵਿਚ ਜਦੋਂ ਮਸਜਿਦ ਤੋੜੀ ਗਈ ਅਤੇ ਜਿਹੜੀ ਭੀੜ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਕੱਟੜਵਾਦੀ ਹਿੰਦੂਤਵੀ ਤਾਕਤਾਂ ਨੇ ਇਕੱਠੀ ਕੀਤੀ ਸੀ ਉਨ੍ਹਾਂ ਕੋਲ ਇਕ ਵੱਡਾ ਬੈਨਰ ਵੀ ਸੀ ਜਿਸ ਉਤੇ "ਭੜਕਾਊ ਨਾਅਰਾ ਲਿਖਿਆ ਸੀ, "ਮੁਹੰਮਦ ਤੇਰਾ ਬਾਪ ਕੌਣ?"। ਇਸ ਹਿੰਸਕ ਹਜੂਮ ਦੇ ਦੋਵੀਂ ਪਾਸੀਂ ਤ੍ਰਿਪੁਰਾ ਪੁਲਿਸ ਚਲ ਰਹੀ ਸੀ। ਤ੍ਰਿਪਰਾ ਸਰਕਾਰ ਤੇ ਪੁਲਿਸ ਨੇ ਇਸ ਭੜਕਾਊ ਫਿਰਕੂ ਨਫ਼ਰਤ ਫੈਲਾਉਣ ਵਾਲਿਆਂ ਵਿਰੁੱਧ ਇਕ ਵੀ ਲਫਜ਼ ਨਹੀਂ ਬੋਲਿਆ ਤੇ ਨਾ ਹੀ ਕੋਈ ਐਕਸ਼ਨ ਲਿਆ। ਨਾਗੋਟੀ ਜ਼ਿਲ੍ਹੇ ਦੇ ਕੈਲ ਕਸਬੇ ਦੇ ਵਸਨੀਕ ਅਬਦੁੱਲ ਮਨਾਕ ਦਾ ਕਹਿਣਾ ਹੈ ਕਿ ਰਾਤ 12.30 ਵਜੇ ਉਸ ਦੇ ਘਰ ਦੀ ਭੰਨਤੋੜ ਕੀਤੀ ਗਈ। ਹਮਲੇ ਸਮੇਂ ਕੁਦਰਤੀ ਉਹ ਘਰ ਵਿਚ ਨਹੀਂ ਸੀ ਅਤੇ ਬਾਕੀ ਪਰਿਵਾਰ ਨੂੰ ਘਰੋਂ ਭੇਜਣਾ ਪਿਆ। ਕੋਈ ਰਿਪੋਰਟ ਨਹੀਂ ਲਿਖੀ ਗਈ ਨਾ ਜਾਂਚ ਹੋਈ। ਪ੍ਰਸਿੱਧ ਪੱਤਰਕਾਰ ਸੁਨੰਨਿਆ ਨੇ ਅਜਿਹੇ 21 ਮਾਮਲਿਆਂ ਦੀ ਪੁਸ਼ਟੀ ਕੀਤੀ ਹੈ ਜਿਸ 'ਚ 15 ਮਾਮਲੇ ਅਲੱਗ ਅਲੱਗ ਮਸਜਿਦਾਂ ਦੀ ਭੰਨਤੋੜ ਨਾਲ ਸਬੰਧਤ ਹਨ। ਪਰ ਤ੍ਰਿਪੁਰਾ ਪੁਲਿਸ ਦਾ ਕਹਿਣਾ ਹੈ ਕਿ ਤ੍ਰਿਪੁਰਾ 'ਚ ਕੋਈ ਵੀ ਘਟਨਾ ਹੀ ਨਹੀਂ ਵਾਪਰੀ। ਇਹ ਸਹਿਜ ਫਰਜ਼ੀ ਪ੍ਰਾਪੇਗੰਡਾ ਸੋਸ਼ਲ ਮੀਡੀਆ ਉਤੇ ਹੀ ਕੀਤਾ ਜਾ ਰਿਹਾ ਹੈ।

ਇਧਰ ਪੀੜਤ ਮੁਸਲਮਾਨਾਂ ਦਾ ਕਹਿਣਾ ਹੈ ਕਿ ਸਥਾਨਕ ਗਵਾਂਢੀ ਹਿੰਦੂ ਪਰਿਵਾਰਾਂ ਨੇ ਉਨ੍ਹਾਂ ਦੀ ਮਦਦ ਕੀਤੀ ਅਤੇ ਸੁਰੱਖਿਆ ਦਿੱਤੀ ਪਰ ਜਿਹੜਾ ਹਜੂਮ ਅਜਿਹੀਆਂ ਵਾਰਦਾਤਾਂ ਕਰ ਰਿਹਾ ਸੀ ਉਹ ਬਾਹਰੀ ਸੀ। ਦਰਅਸਲ ਆਰ.ਐਸ.ਐਸ. ਦਾ ਦੰਗੇ ਕਰਵਾਉਣ ਦਾ ਇਹੋ ਰੋਡ ਮੈਪ ਹੈ। ਪਿਛਲੇਰੇ ਦਹਾਕਿਆਂ 'ਚ ਜਿੰਨੇ ਵੀ ਦੰਗੇ ਹੋਏ ਉਹ 1984 ਵਿਚ ਦਿੱਲੀ 'ਚ ਸਿੱਖਾਂ ਦੇ ਕਤਲੇਆਮ ਕਿਉਂ ਨਾ ਹੋਵੇ ਜਾਂ 1919-20 ਵਿਚ ਦਿੱਲੀ 'ਚ ਹੀ ਨਾਗਰਿਕਤਾ ਸੋਧ ਕਾਨੂੰਨ ਸਮੇਂ ਵਾਪਰੀ ਹਿੰਸਾ ਜਾਂ ਹੋਰ ਅਜਿਹੇ ਹਿੰਸਕ ਹਮਲਾਵਰ ਬਾਹਰੋਂ ਹੀ ਭੇਜੇ ਜਾਂਦੇ ਹਨ। ਸੰਘ ਦੇ ਅਜਿਹਾ ਆਪਣਾ ਇਕ ਨੈਟਵਰਕ ਹੈ। ਪੁਲਿਸ ਕਹਿੰਦੀ ਹੈ ਕਿ ਅਸੀਂ ਹਿੰਸਾ ਸਬੰਧੀ ਦੋ ਮਾਮਲਿਆਂ 'ਚ ਕੇਸ ਦਰਜ ਕੀਤਾ ਹੈ ਅਤੇ 5 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪਰ ਜਿੰਨੀ ਵਿਆਪਕ ਹਿੰਸਾ ਹੋਈ ਹੈ ਅਤੇ ਤਬਾਹੀ ਦਾ ਜੋ ਮੰਜਿਕ ਸਥਾਨਕ ਪੱਤਰਕਾਰਾਂ, ਸ਼ੋਸ਼ਲ ਮੀਡੀਆ ਅਤੇ ਜਾਂਚ ਦਲਾਂ ਨੇ ਸਾਹਮਣੇ ਲਿਆਂਦਾ ਹੈ ਉਹ ਦਰਦਨਾਕ ਵੀ ਹੈ ਅਤੇ ਵਿਆਪਕ ਵੀ। ਦਰਅਸਲ ਤ੍ਰਿਪੁਰਾ ਪੁਲਿਸ ਵੀ ਉਸੇ ਤਰਜ ਉਤੇ ਕੰਮ ਕਰ ਰਹੀ ਹੈ ਜਿਸ ਉਤੇ ਪਹਿਲਾਂ ਦਿੱਲੀ ਪੁਲਿਸ ਅਤੇ ਯੂ. ਪੀ.ਦੀ ਪੁਲਿਸ ਕਰਦੀ ਆ ਰਹੀ ਹੈ। ਸ਼ਾਇਦ ਬੀ.ਜੇ.ਪੀ. ਦੀ ਅਗਵਾਈ ਵਾਲੇ ਰਾਜਾਂ ਦੀ ਪੁਲਿਸ ਦੀ ਇਕ ਹੀ ਕਿਸਮ ਦੀ ਕਾਰਜਦਿਸ਼ਾ ਹੈ। ਕੱਟੜਵਾਦੀਆਂ ਨੂੰ ਹਿੰਸਾ ਕਰਨ ਦੀ ਖੁੱਲ੍ਹੀ ਛੁੱਟੀ ਦਿਓ, ਉਨ੍ਹਾਂ ਦੀ ਸੁਰੱਖਿਆ ਕਰੋ, ਫਿਰ ਹੋਈ ਹਿੰਸਾ ਤੋਂ ਮੁਕਰ ਜਾਓ, ਤੱਥਾਂ ਨੂੰ ਲੁਕੋ ਲਵੋ, ਸਬੰਧਤ ਦੋਸ਼ਾਂ ਨੂੰ ਅਣਗੋਲਿਆਂ ਕਰੋ ਅਤੇ ਜਿਹੜੇ ਹਕੀਕਤ ਬਾਹਰ ਲੈ ਕੇ ਆਉਂਦੇ ਹਨ, ਨੂੰ ਨਿਸ਼ਾਨਾ ਬਣਾਓ ਅਤੇ ਫਰਜ਼ੀ ਕੇਸਾਂ ਵਿਚ ਫਾਹ ਕੇ ਜੇਲ੍ਹਾਂ 'ਚ ਸੁੱਟ ਦਿਓ।

ਤ੍ਰਿਪੁਰਾ ਪੁਲਿਸ ਇਸੇ ਲੀਹ 'ਤੇ ਚਲ ਰਹੀ ਏ। ਕਹਿ ਰਹੀ ਹੈ ਕਿ ਤ੍ਰਿਪੁਰਾ 'ਚ ਹਿੰਸਾ ਹੋਈ ਹੀ ਨਹੀਂ। ਸੋਸ਼ਲ ਮੀਡੀਆ ਉਤੇ ਜੋ ਵਾਇਰਲ ਵੀਡੀਓ ਹਨ ਉਹ ਨਕਲੀ ਹਨ।ਕੋਈ ਵੀ ਮਸਜਿਦ ਤ੍ਰਿਪੁਰਾ ਵਿਚ ਨਹੀਂ ਢਾਹੀ ਗਈ ਅਤੇ ਤ੍ਰਿਪੁਰਾ ਪੁਲਿਸਨੇ ਹਿੰਸਾ ਕਰਨ ਵਾਲੇ ਦੋਸ਼ੀਆਂ ਉਤੇ ਕੋਈ ਕਾਰਵਾਈ ਕਰਨ ਦੀ ਥਾਂ ਉਨ੍ਹਾਂ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਿਨ੍ਹਾਂ ਨੇ ਹਕੀਕਤ ਨੂੰ ਲੋਕਾਈ ਸਾਹਮਣੇ ਰੱਖਿਆ ਹੈ। ਪੁਲਿਸ ਉਲਟਾ ਦੋਸ਼ ਲਾ ਰਹੀ ਹੈ ਕਿ "ਫੈਕਟ ਫਾਈਡਿੰਗ ਵਾਲੇ, ਕਿਸ ਦੀ ਇਜ਼ਾਜਤ ਨਾਲ ਤ੍ਰਿਪੁਰਾ ਆਏ ਅਤੇ ਇਨ੍ਹਾਂ ਇਲਾਕਿਆਂ 'ਚ ਗਏ? ਕਿਉਂ ਗਏ? ਕੀ ਕਰਨ ਗਏ?" ਇਹੋ ਲੋਕ ਹਨ ਤੇ ਪੱਤਰਕਾਰ ਹਨ ਜਿਹੜੇ ਫਿਰਕੂ ਮਾਹੌਲ ਤਿਆਰ ਕਰ ਰਹੇ ਹਨ।" ਹੈ ਨਾ ਉਲਟਾ ਚੋਰ ਕੋਤਵਾਲ ਕੋ ਛਾਂਟੇ।" ਤ੍ਰਿਪੁਰਾ ਵਿਚ ਮੁਸਲਿਮ ਘੱਟ ਗਿਣਤੀ ਦੀਆਂ ਮਸਜਿਦਾਂ ਢਾਹੀਆਂ, ਦੁਕਾਨਾਂ ਤੇ ਘਰਾਂ ਨੂੰ ਨੁਕਸਾਨ ਪਹੁੰਚਾਇਆ। ਅੱਗ ਹਵਾਲੇ ਕੀਤਾ ਗਿਆ। ਤ੍ਰਿਪੁਰਾ ਪੁਲਿਸ ਮੂਕ ਦਰਸ਼ਕ ਰਹੀ ਅਤੇ ਆਪਣੇ ਇਨ੍ਹਾਂ ਕੁਕਰਮਾਂ ਨੂੰ ਲੁਕੋਣ ਲਈ, ਇਸ ਨੂੰ ਸਾਹਮਣੇ ਲਿਆਉਣ ਲਈ ਪੱਤਰਕਾਰ ਤੇਜਾਂਚ ਦਲਾਂ ਨੂੰ ਹੀ ਨਿਸ਼ਾਨਾ ਬਣਾ ਲਿਆ।

ਪੱਤਰਕਾਰ ਸਿਆਮ ਮੀਰਾ ਸਿੰਘ ਜਿਸ ਨੇ ਅਕਤੂਬਰ ਵਿਚ ਵੀ ਟਵੀਟ ਕੀਤਾ ਸੀ ਕਿ "ਤ੍ਰਿਪੁਰਾ ਸੜ ਰਿਹਾ ਹੈ, ਉਤੇ ਯੂ.ਏ.ਪੀ.ਏ. ਲਾਗੂ ਕਰਨ ਪਿਛੋਂ ਦੋ ਸੁਪਰੀਮ ਕੋਰਟ ਦੇ ਵਕੀਲਾਂ ਅੰਸਾਰ ਇੰਦੌਰੀ ਤੇ ਮੁਕੇਸ਼ ਕੁਮਾਰ ਨੂੰ ਕੇਸ ਦਰਜ ਕਰਨ ਦੇ ਨੋਟਿਸ ਭੇਜ ਦਿੱਤੇ ਅਤੇ ਫਿਰ ਹੁਣ ਇਕ ਨਿਊਜ਼ ਚੈਨਲ ਦੀਆਂ ਦੋ ਨੌਜਵਾਨ ਪੱਤਰਕਾਰਾਂ ਸਮਰਿਧੀ ਸੁਕੰਨਿਆ ਅਤੇ ਸਵਰਨਾ ਡਾ. ਉਤੇ ਕੁਮਾਰ ਘਾਟ ਥਾਣੇ ਵਿਚ ਕੇਸ ਦਰਜ ਕਰ ਲਿਆ ਹੈ। ਦੱਸ ਦੇਈਏ ਕਿ ਦੋਵੇਂ ਪੱਤਰਕਾਰ ਰਿਪੋਰਟਿੰਗ ਕਰਕੇ ਦੂਸਰੇ ਦਿਨ ਅਸਾਮ ਦੇ ਕਰੀਮ ਗੰਜ ਇਲਾਕੇ 'ਚ ਪਹੁੰਚ ਗਈਆਂ ਸਨ। ਜਿਥੋਂ ਉਨ੍ਹਾਂ ਨੇ ਦਿੱਲੀ ਲਈ ਫਲਾਈਟ ਲੈਣੀ ਸੀ। ਪਰ ਜਿਸ ਹੋਟਲ 'ਚ ਉਹ ਠਹਿਰੀਆਂ ਉਸ ਨੂੰ ਰਾਤ ਹੀ ਆਸਾਮ ਪੁਲਿਸ ਨੇ ਘੇਰ ਲਿਆ ਅਤੇ ਜਾਣ ਤੋਂ ਮਨਾ ਕਰ ਦਿੱਤਾ। ਪੁਲਿਸ ਕੋਲ ਕੋਈ ਗ੍ਰਿਫ਼ਤਾਰੀ ਵਾਰੰਟ ਨਹੀਂ ਸਨ। ਆਸਾਮ ਪੁਲਿਸ ਦਾ ਕਹਿਣਾ ਸੀ ਕਿ ਅਸਾਮ ਪੁਲਿਸ ਨੇ ਕੋਈ ਕੇਸ ਦਰਜ ਨਹੀਂ ਕੀਤਾ ਸਗੋਂ ਤ੍ਰਿਪੁਰਾ ਪੁਲਿਸ ਨੂੰ ਇਨ੍ਹਾਂ ਦੀ ਲੋੜ ਹੈ ਅਤੇ ਉਨ੍ਹਾਂ ਦੇ ਸੰਦੇਸ਼ ਹੇਠ ਉਹ ਇਨ੍ਹਾਂ ਪੱਤਰਕਾਰਾਂ ਨੂੰ ਉਦੋਂ ਤੱਕ ਨਹੀਂ ਜਾਣ ਦੇਣਗੇ ਜਦੋਂ ਤੱਕ ਤ੍ਰਿਪੁਰਾ ਪੁਲਿਸ ਨਹੀਂ ਪਹੁੰਚਦੀ ਅਤੇ ਇਹੋ ਹੋਇਆ ਤ੍ਰਿਪੁਰਾ ਪੁਲਿਸ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਲੈ ਕੇ ਗਈ। 14-11-21 ਨੂੰ ਜਿਹੜੀ ਐਫ.ਆਈ.ਆਰ. ਉਨ੍ਹਾਂ 'ਤੇ ਦਰਜ ਹੋਈ ਉਸ ਵਿਚ ਧਾਰਾ 120-ਬੀ, 153-ਏ ਅਤੇ 504 ਅਧੀਨ ਕੇਸ ਦਰਜ ਕੀਤਾ ਗਿਆ ਹੈ।

ਯਾਦ ਰਹੇ ਪਹਿਲਾਂ ਵੀ ਜਿਹੜੇ 102 ਲੋਕ ਉਤੇ ਯੂ.ਏ.ਪੀ.ਏ.ਅਧੀਨ ਕੇਸ ਦਰਜ ਕੀਤੇ ਗਏ ਹਨ ਜੋ ਅਗਰਤਲਾ ਥਾਣੇ ਵਿਚ ਦਰਜ ਹਨ, ਡਬਲਿਊਏਜੀ 181, ਧਾਰਾ 153ਏ, 153 ਬੀ, 469, 471, 503, 504 ਅਤੇ 120 ਬੀ ਅਤੇ ਯੂ.ਏ.ਪੀ. ਏ.ਦੀ ਦੀ ਮਦ 13 ਅਧੀਨ ਪਰਚੇਦਰਜ ਹਨ। ਸੁਪਰੀਮ ਕੋਰਟ ਦੇ ਚੋਹਾਂ ਵਕੀਲਾਂ ਉਤੇ ਵੀ ਇਹੋ ਧਾਰਾਵਾਂ ਲਾਈਆਂ ਗਈਆਂ ਹਨ।

ਉਪਰੋਕਤ ਕੇਸਾਂ ਦਾ ਕੋਈ ਆਧਾਰ ਹੀ ਨਹੀਂ ਹੈ। ਇਕ ਨਾਗਰਿਕ ਦੀ ਅਜ਼ਾਦੀ ਅਤੇ ਸੰਵਿਧਾਨਕ ਜ਼ਿੰਮੇਵਾਰੀ ਹੈ ਕਿ ਉਹ ਤੱਥਾਂ ਅਤੇ ਜੋ ਕੁਝ ਗਲਤ ਵਾਪਰ ਰਿਹਾ ਹੈ, ਨੂੰ ਲੋਕਾਈ ਸਾਹਮਣੇ ਲਿਆਵੇ। ਤ੍ਰਿਪੁਰਾ ਪੁਲਿਸ ਨਾਗਰਿਕਾਂ ਦੀ ਅਜ਼ਾਦੀ ਨੂੰ ਕਾਨੂੰਨ ਤੇ ਸੱਤਾ ਦੇ ਬੂਟਾਂ ਹੇਠ ਦਰੜਨ ਉਤੇ ਤੁਲੀ ਹੋਈ ਹੈ। ਇਹ ਇਕ ਖਤਰਨਾਕ ਵਰਤਾਰਾ ਹੈ। ਦਰਅਸਲ ਭਾਜਪਾ ਦੀ ਸੱਤਾ ਉਹ ਰਾਜਾਂ 'ਚ ਹੋਵੇ ਜਾਂ ਦਿੱਲੀ ਦੀ ਕੇਂਦਰੀ ਹਕੂਮਤ ਵਿਚ, ਲੋਕਾਂ ਦੇ ਬੁਨਿਆਦੀ ਅਧਿਕਾਰਾਂ, ਲਿਖਣ ਬੋਲਣ ਤੇ ਵਿਰੋਧ ਵਿਚਾਰ ਰੱਖਣ ਦੀ ਅਜ਼ਾਦੀ ਨੂੰ ਕੁਚਲਣ ਉਤੇ ਬੁਰੀ ਤਰ੍ਹਾਂ ਆਮਦਾ ਹੈ। ਭਾਜਪਾ ਸਰਕਾਰਾਂ ਨਹੀਂ ਚਾਹੁੰਦੀਆਂ ਕਿ ਉਨ੍ਹਾਂ ਦੇ ਰਾਜ 'ਚ ਵਾਪਰ ਰਹੀਆਂ ਅਣਮਨੁੱਖੀ ਘਟਨਾਵਾਂ ਨੂੰ ਕੋਈ ਵਿਅਕਤੀ ਸਮੂਹ ਜਾਂ ਕਲਮ ਜਗ ਜਾਹਿਰ ਕਰੇ। ਸਗੋਂ ਭਾਜਪਾ ਰਾਜਾਂ ਦੀ ਪੁਲਿਸ ਸੰਵਿਧਾਨਕ ਅਧਿਕਾਰਾਂ ਨੂੰ ਛਿੱਕੇ ਟੰਗ ਦੇ ਅਜਿਹੀ ਆਵਾਜ਼ ਨੂੰ ਦਬਾਉਣ ਉਤੇ ਤੁਲੀਆਂ ਹੋਈਆਂ ਹਨ। ਦਿੱਲੀ, ਯੂ.ਪੀ. ਤੋਂ ਪਿਛੋਂ ਤ੍ਰਿਪੁਰਾ ਇਸ ਦੀ ਉਘੜਵੀਂ ਮਿਸਾਲ ਹੈ। ਤ੍ਰਿਪੁਰਾ ਤੋਂ ਪਿਛੋਂ ਮਹਾਂਰਾਸ਼ਟਰ ਵਿਚ ਵੀ ਮਾਲੇਗਾਂਵ, ਅਗਰਵਤੀ, ਨਾਂਦੇੜ, ਵਾਸਿਮ, ਯਵਤਮਾਲ ਆਦਿ ਖੇਤਰਾਂ ਵਿਚ ਭੜਕਾਊ ਰੈਲੀਆਂ ਮੁਜਾਹਰੇ ਅਤੇ ਦੰਗਿਆਂ ਦੇ ਮਾਹੌਲ ਦੀਆਂ ਖ਼ਬਰਾਂ ਆਈਆਂ ਹਨ। ਇਹ ਭਾਜਪਾ ਦੀ ਇਕ ਖਤਰਨਾਕ ਖੇਡ ਦਾ ਹੀ ਹਿੱਸਾ ਹਨ। ਦੇਸ਼ ਨੂੰ ਫਿਰਕੂ ਹਿੰਸਾ ਵਿਚ ਧੱਕਣਾ ਭਾਜਪਾ ਦਾ ਪੇਸ਼ਾ ਰਿਹਾ ਹੈ।

# ਰਾਜਕੀ ਦਹਿਸ਼ਤਵਾਦ ਅਤੇ ਆਲੋਚਕ ਆਵਾਜ਼ਾਂ ਅੱਗੇ ਨਵੀਂਆਂ ਚੁਣੌਤੀਆਂ



ਬੂਟਾ ਸਿੰਘ ਨਵਾਂਸ਼ਹਿਰ
94634-74342

13 ਨਵੰਬਰ ਨੂੰ ਮਹਾਰਾਸ਼ਟਰ ਪੁਲਿਸ ਦੀ ਨਕਸਲੀ-ਵਿਰੋਧੀ ਵਿਸ਼ੇਸ਼ ਬਟਾਲੀਅਨ ਸੀ-60 ਕਮਾਂਡੋਜ਼ ਵੱਲੋਂ ਛੱਤੀਸਗੜ੍ਹ-ਮਹਾਰਾਸ਼ਟਰ ਦੀ ਹੱਦ ਉੱਪਰਲੇ ਇਲਾਕੇ ਵਿਚ ਘੁਸ ਕੇ ਅਤੇ ਕਥਿਤ ਮਾਓਵਾਦੀਆਂ ਨੂੰ ਚਾਰ-ਚੁਫੇਰਿਓਂ ਘੇਰਾਬੰਦੀ ਕਰਕੇ 26 ਜਣਿਆਂ (ਛੇ ਔਰਤਾਂ ਅਤੇ 20 ਮਰਦਾਂ) ਨੂੰ ਬੇਕਿਰਕੀ ਨਾਲ ਕਤਲ ਕਰ ਦਿੱਤਾ ਗਿਆ। ਮਹਾਰਾਸ਼ਟਰ ਪੁਲਿਸ ਨੇ ਦਾਅਵਾ ਕੀਤਾ ਕਿ ਮੁਕਾਬਲਾ ਗੜ੍ਹਚਿਰੌਲੀ ਜ਼ਿਲ੍ਹੇ ਦੇ ਜੰਗਲ ਵਿਚ ਹੋਇਆ ਜਦਕਿ ਮੌਕੇ ਦੇ ਸਬੂਤ ਦੱਸਦੇ ਹਨ ਕਿ ਇਹ ਵਾਕਿਆ ਛੱਤੀਸਗੜ੍ਹ ਦੇ ਪਹਾੜੀ ਇਲਾਕੇ ਵਿਚ ਹੋਇਆ। ਮਹਾਰਾਸ਼ਟਰ ਪੁਲਿਸ ਛੱਤੀਸਗੜ੍ਹ ਦੀ ਹੱਦ ਵਿੱਚੋਂ ਲਾਸ਼ਾਂ ਵੀ ਚੁੱਕ ਕੇ ਲੈ ਗਈ, ਛੱਤੀਸਗੜ੍ਹ ਪੁਲਿਸ ਨੇ ਅਜੇ ਤੱਕ ਇਸ ਬਾਬਤ ਕੋਈ ਬਿਆਨ ਜਾਰੀ ਨਹੀਂ ਕੀਤਾ ਹੈ। ਰਿਪੋਰਟਾਂ ਅਨੁਸਾਰ ਇਸ ਘੇਰਾਬੰਦੀ ਵਿਚ 500 ਕਮਾਂਡੋਜ਼ ਸ਼ਾਮਿਲ ਸਨ। ਪੁਲਿਸ ਅਧਿਕਾਰੀਆਂ ਦਾ ਦਾਅਵਾ ਹੈ ਕਿ ਇਹ ਉਸ ਜ਼ਿਲ੍ਹੇ ਵਿਚ ਹੋਇਆ ਹੁਣ ਤੱਕ ਦਾ ਸਭ ਤੋਂ ਲੰਮਾ ਅਤੇ ਸਭ ਤੋਂ ਵੱਡਾ ਮੁਕਾਬਲਾ ਸੀ ਜਿਸ ਵਿਚ ਮਿਲਿੰਦ ਤੇਲਤੁੰਬੜੇ ਸਮੇਤ ਬਹੁਤ ਸਾਰੇ ਇਨਾਮੀ ਮਾਓਵਾਦੀ ਆਗੂ ਮਾਰੇ ਗਏ। ਯਾਦ ਰਹੇ ਕਿ ਮਿਲਿੰਦ ਤੇਲਤੁੰਬੜੇ ਚੋਟੀ ਦੇ ਦਲਿਤ ਬੁੱਧੀਜੀਵੀ ਪ੍ਰੋਫੈਸਰ ਆਨੰਦ ਤੇਲਤੁੰਬੜੇ ਦਾ ਛੋਟਾ ਭਰਾ ਸੀ। ਜਿਸ ਦੀ ਗ੍ਰਿਫ਼ਤਾਰੀ ਲਈ ਹਕੂਮਤ ਨੇ 50 ਲੱਖ ਰੁਪਏ ਇਨਾਮ ਐਲਾਨ ਕੀਤਾ ਹੋਇਆ ਸੀ। ਇਹ 'ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ' ਹੋਣ ਦੇ ਦਾਅਵੇਦਾਰ ਭਾਰਤੀ ਰਾਜ ਦੇ ਕਰੂਰ ਚਿਹਰੇ ਨੂੰ ਦਰਸਾਉਂਦਾ ਹੈ ਜਿਸ ਦੇ ਅੰਦਰ ਦਲਿਤ ਪਰਿਵਾਰ ਦਾ ਇਕ ਜਾਇਆ ਦੱਬੇਕੁਚਲੇ ਅਤੇ ਹਾਸ਼ੀਏ 'ਤੇ ਧੱਕੇ ਦਲਿਤਾਂ, ਆਦਿਵਾਸੀਆਂ ਦੇ ਹਿਤਾਂ ਲਈ ਅਤੇ ਨੰਗੇ ਅਨਿਆਂ 'ਤੇ ਉੱਸਰੇ ਰਾਜ ਪ੍ਰਬੰਧ ਦੀ ਧਾੜਵੀ ਲੁੱਟਮਾਰ ਦੀ ਨੀਤੀ ਅਤੇ ਅਣਮਨੁੱਖੀ ਹਾਲਾਤ ਤੋਂ ਆਦਿਵਾਸੀਆਂ ਦੀ ਮੁਕਤੀ ਲਈ ਜੰਗਲਾਂ ਵਿਚ ਜੂਝਦਿਆਂ ਮਾਰਿਆ ਗਿਆ ਅਤੇ ਦੂਜਾ ਮਨੁੱਖੀ ਤੇ ਜਮਹੂਰੀ ਹੱਕਾਂ ਦੀ ਰਾਖੀ ਲਈ ਨਿਧੜਕ ਆਵਾਜ਼ ਉਠਾਉਂਦਾ ਹੋਣ ਕਾਰਨ ਭੀਮਾ ਕੋਰੇਗਾਓਂ ਝੂਠੇ ਸਾਜ਼ਿਸ਼ ਕੇਸ 'ਚ ਦੇਸ਼ਧ੍ਰੋਹ ਦੇ ਇਲਜ਼ਾਮ ਤਹਿਤ ਜੇਲ੍ਹ ਵਿਚ ਸੰਤਾਪ ਝੱਲ ਰਿਹਾ ਹੈ।

2005 'ਚ ਸਲਵਾ ਜੁਡਮ ਦੇ ਨਾਂ ਹੇਠ ਅਤੇ ਉਸ ਤੋਂ ਬਾਦ 2009 ਤੋਂ ਲੈ ਕੇ ਅਪਰੇਸ਼ਨ ਗ੍ਰੀਨ ਹੰਟ ਅਤੇ ਹੋਰ ਵੱਖ ਵੱਖ ਨਾਵਾਂ ਹੇਠ ਛੱਤੀਸਗੜ੍ਹ, ਝਾਰਖੰਡ, ਉੜੀਸਾ, ਤੇਲੰਗਾਨਾ ਅਤੇ ਹੋਰ ਆਦਿਵਾਸੀ ਖੇਤਰਾਂ ਵਿਚ ਨੀਮ-ਫ਼ੌਜੀ ਲਸ਼ਕਰ ਤਾਇਨਾਤ ਕਰਕੇ ਆਦਿਵਾਸੀਆਂ ਅਤੇ ਹੋਰ ਗ਼ਰੀਬ ਲੋਕਾਂ ਦੀ ਨਸਲਕੁਸ਼ੀ ਕੀਤੀ ਜਾ ਰਹੀ ਹੈ। ਇਹ ਆਦਿਵਾਸੀ ਆਪਣੇ ਜੰਗਲਾਂ, ਪਹਾੜਾਂ, ਜ਼ਮੀਨਾਂ ਅਤੇ ਜਲ ਵਸੀਲਿਆਂ ਨੂੰ ਧਾੜਵੀ ਕਾਰਪੋਰੇਟ ਲੁੱਟਮਾਰ ਤੋਂ ਬਚਾਉਣ ਲਈ ਲੜ ਰਹੇ ਹਨ ਜੋ ਮੁੱਢ ਕਦੀਮ ਤੋਂ ਉਨ੍ਹਾਂ ਦੇ ਰੈਣਬਸੇਰੇ ਹਨ। ਪਰ ਭਾਰਤੀ ਹੁਕਮਰਾਨਾਂ ਦੇ 'ਵਿਕਾਸ' ਮੱਤ ਅਨੁਸਾਰ ਮੁਲਕ ਦੇ ਵਿਕਾਸ ਲਈ ਉਨ੍ਹਾਂ ਨੂੰ ਜੰਗਲਾਂ 'ਚੋਂ ਬੇਦਖ਼ਲ ਕਰਨਾ/ਉਜਾੜਨਾ ਅਤੇ ਸਮੂਹਿਕ ਵਿਰੋਧ ਨੂੰ ਖ਼ਤਮ ਕਰਨ ਲਈ ਉਨ੍ਹਾਂ ਦੀ ਨਸਲਕੁਸ਼ੀ ਕਰਨਾ ਜ਼ਰੂਰੀ ਹੈ ਅਤੇ ਇਸ ਨੂੰ ਵਿਕਾਸ ਦੱਸਿਆ ਜਾ ਰਿਹਾ ਹੈ। ਆਦਿਵਾਸੀ ਆਪਣੀ ਜੁਝਾਰੂ ਪਰੰਪਰਾ ਅਨੁਸਾਰ ਮਾਓਵਾਦੀਆਂ ਦੀ ਅਗਵਾਈ ਹੇਠ ਜਥੇਬੰਦ ਹੋ ਕੇ ਇਸ ਕਾਰਪੋਰੇਟ ਹਿਤੈਸ਼ੀ ਧਾੜਵੀ ਆਰਥਕ ਮਾਡਲ ਵਿਰੁੱਧ ਆਰ-ਪਾਰ ਦੀ ਲੜਾਈ ਵਿਚ ਡੱਟੇ ਹੋਏ ਹਨ। ਇਸ ਕਾਰਨ ਉਨ੍ਹਾਂ ਨੂੰ ਦਹਾਕਿਆਂ ਤੋਂ ਲਗਾਤਾਰ ਰਾਜਕੀ ਦਹਿਸ਼ਤਵਾਦ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਭਾਰਤੀ ਰਾਜ ਅਤੇ ਇਸ ਦਾ ਸੰਚਾਲਨ ਕਰਨ ਵਾਲੀਆਂ ਸਰਕਾਰਾਂ ਸੱਤ ਦਹਾਕਿਆਂ ਵਿਚ ਆਪਣੇ ਮੁਲਕ ਦੇ ਲੋਕਾਂ ਨੂੰ ਇਨਸਾਨ ਦੇ ਜਿਊਣਯੋਗ ਜ਼ਿੰਦਗੀ ਅਤੇ ਇਨਸਾਨ ਲਈ ਜ਼ਰੂਰੀ ਮੁੱਢਲੀਆਂ ਲੋੜਾਂ ਦੀ ਪੂਰਤੀ ਕਰਨ ਦਾ ਸੰਵਿਧਾਨਕ ਫ਼ਰਜ਼ ਤਾਂ ਪੂਰਾ ਕਰ ਨਹੀਂ ਸਕੀਆਂ। ਨਾ ਹੀ ਕੌਮੀਅਤਾਂ ਦੇ ਸਵੈਨਿਰਣੇ ਅਤੇ ਧਾਰਮਿਕ ਘੱਟਗਿਣਤੀਆਂ ਅਤੇ ਹੋਰ ਹਾਸ਼ੀਏ 'ਤੇ ਧੱਕੇ ਹਿੱਸਿਆਂ ਦੀਆਂ ਸ਼ਿਕਾਇਤਾਂ ਅਤੇ ਮਸਲੇ ਹੱਲ ਕਰ ਸਕੀਆਂ ਹਨ। ਪਰ ਆਪਣੇ ਹੀ ਉਨ੍ਹਾਂ ਕਰੋੜਾਂ ਅਸੰਤੁਸ਼ਟ ਨਾਗਰਿਕਾਂ ਨੂੰ ਮਾਰਨ ਲਈ ਅੰਦਰੂਨੀ ਸੁਰੱਖਿਆ ਦੇ ਨਾਂ 'ਤੇ ਵੱਡੇ ਵੱਡੇ ਬਜਟ ਰੱਖੇ ਜਾਂਦੇ ਹਨ ਜੋ ਸਮੂਹਿਕ ਸੰਘਰਸ਼ ਰਾਹੀਂ ਆਪਣੇ ਅਣਮਨੁੱਖੀ ਹਾਲਾਤ ਨੂੰ ਬਦਲਣਾ ਚਾਹੁੰਦੇ ਹਨ ਅਤੇ ਆਪਣੇ ਹੱਕ ਲੈਣ ਲਈ ਯਤਨਸ਼ੀਲ ਹਨ। ਭਾਰਤੀ ਹੁਕਮਰਾਨਾਂ ਵੱਲੋਂ ਪਿਛਲੇ ਸੱਤ ਦਹਾਕਿਆਂ ਵਿਚ ਆਪਣੇ ਹੀ ਹਥਿਆਰਬੰਦ ਲਸ਼ਕਰਾਂ ਦੀ ਸਭ ਤੋਂ ਵੱਧ ਵਰਤੋਂ ਆਪਣੇ ਹੀ ਨਾਗਰਿਕਾਂ ਦਾ ਸ਼ਿਕਾਰ ਖੇਡਣ ਅਤੇ ਉਨ੍ਹਾਂ ਨੂੰ ਦੁਸ਼ਮਣ ਮੰਨਕੇ ਖ਼ੂਨ ਦੀਆਂ ਨਦੀਆਂ ਵਹਾਉਣ ਲਈ ਕੀਤੀ ਗਈ ਹੈ। ਇਸੇ ਕਰਕੇ ਮੁੱਢ ਤੋਂ ਹੀ ਮੌਜੂਦਾ ਭਾਰਤੀ ਰਾਜ ਹੇਠ ਰਾਜਨੀਤਕ ਪੁਸ਼ਤਪਨਾਹੀ ਵਾਲੇ ਗ਼ੈਰਅਦਾਲਤੀ ਕਤਲਾਂ ਦਾ ਵਰਤਾਰਾ ਚੱਲ ਰਿਹਾ ਹੈ। 2014 'ਚ ਆਰ.ਐੱਸ.ਐੱਸ.-ਬੀ.ਜੇ.ਪੀ. ਦੇ ਸੱਤਾ ਵਿਚ ਆਉਣ ਤੋਂ ਬਾਦ ਆਪਣੇ ਹੀ ਲੋਕਾਂ ਵਿਰੁੱਧ, ਇਸ ਪੂਰੀ ਤਰ੍ਹਾਂ ਨਹੱਕੀ ਯੁੱਧ ਵਿਚ ਖ਼ਾਸ ਤੌਰ 'ਤੇ ਤੇਜ਼ੀ ਲਿਆਂਦੀ ਗਈ ਹੈ।

ਪਹਿਲਾਂ ਲੋਕ ਬੇਚੈਨੀ ਤੇ ਅਸੰਤੁਸ਼ਟੀ ਨੂੰ ਰਾਜਨੀਤਕ ਮਸਲੇ ਵਜੋਂ ਹੱਲ ਕਰਨ ਦੀ ਬਜਾਏ ਅਮਨ ਕਾਨੂੰਨ ਦਾ ਮਸਲਾ ਬਣਾ ਕੇ ਆਪਣੇ ਹੀ ਨਾਗਰਿਕਾਂ ਵਿਰੁੱਧ ਆਮ ਰਾਇ ਬਣਾਈ ਜਾਂਦੀ ਹੈ ਅਤੇ ਫਿਰ ਉਨ੍ਹਾਂ ਨੂੰ ਬੇਕਿਰਕੀ ਨਾਲ ਕਤਲ ਕੀਤਾ ਜਾਂਦਾ ਹੈ। ਚਾਹੇ ਕੌਮੀਅਤਾਂ ਦੇ ਸਵੈਨਿਰਣੇ ਲਈ ਸੰਘਰਸ਼ ਹਨ ਜਾਂ ਧਾਰਮਿਕ ਘੱਟਗਿਣਤੀਆਂ ਦੇ ਬਹੁਗਿਣਤੀਵਾਦੀ ਦਾਬੇ ਵਿਰੁੱਧ ਸੰਘਰਸ਼ ਜਾਂ ਮਜ਼ਦੂਰਾਂ, ਕਿਸਾਨਾਂ ਤੇ ਹੋਰ ਲੋਕਾਂ ਦੇ ਬਿਹਤਰ ਜ਼ਿੰਦਗੀ ਅਤੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਅੰਦੋਲਨ, ਸਾਰਿਆਂ ਨੂੰ ਖ਼ੂਨ ਵਿਚ ਡਬੋ ਕੇ ਕੁਚਲਿਆ ਗਿਆ ਅਤੇ ਕੁਚਲਿਆ ਜਾ ਰਿਹਾ ਹੈ। 1946 ਵਿਚ ਹੈਦਰਾਬਾਦ ਰਿਆਸਤ ਤੋਂ ਲੈ ਕੇ ਕਸ਼ਮੀਰ, ਉੱਤਰ-ਪੂਰਬੀ ਰਿਆਸਤਾਂ, ਪੰਜਾਬ ਅਤੇ ਆਦਿਵਾਸੀ ਇਲਾਕਿਆਂ ਸਮੇਤ ਮੁਲਕ ਦੇ ਲੱਗਭੱਗ ਹਰ ਖੇਤਰ ਨੂੰ ਭਾਰਤੀ ਹਾਕਮਾਂ ਦੇ ਇਸ ਖ਼ੂਨੀ ਹਮਲੇ ਦਾ ਸਾਹਮਣਾ ਕਰਨਾ ਪਿਆ ਹੈ। ਉਪਰੋਕਤ ਸਾਰੇ ਰਾਜਾਂ ਅਤੇ ਖੇਤਰਾਂ ਵਿਚ ਝੂਠੇ ਮੁਕਾਬਲਿਆਂ ਦੇ ਨਾਂ ਹੇਠ ਗ਼ੈਰਅਦਾਲਤੀ ਕਤਲਾਂ ਦੇ ਐਸੇ ਬੇਸ਼ੁਮਾਰ ਮਾਮਲੇ ਉਜਾਗਰ ਹੋ ਚੁੱਕੇ ਹਨ ਜਿਨ੍ਹਾਂ 'ਚ ਆਮ ਨਾਗਰਿਕਾਂ ਨੂੰ ਖ਼ਤਰਨਾਕ ਦਹਿਸ਼ਤਗਰਦ ਦਾ ਠੱਪਾ ਲਗਾ ਕੇ ਕਥਿਤ ਮੁਕਾਬਲੇ ਮਾਰ ਦਿੱਤਾ ਗਿਆ ਜਾਂ ਸਰੇਆਮ ਗ੍ਰਿਫ਼ਤਾਰ ਕਰਨ ਤੋਂ ਬਾਦ ਮਾਰ ਕੇ ਖਪਾ ਦਿੱਤਾ ਗਿਆ। ਇਹ ਕਥਿਤ ਮੁਕਾਬਲੇ ਸੋਚੀ-ਸਮਝੀ ਰਾਜਕੀ ਦਹਿਸ਼ਤਵਾਦੀ ਨੀਤੀ ਦਾ ਹਿੱਸਾ ਹਨ ਜਿਸ ਉੱਪਰ ਮੁਲਕ ਦੀਆਂ ਸਾਰੀਆਂ ਹਾਕਮ ਜਮਾਤੀ ਪਾਰਟੀਆਂ ਦੀ ਆਮ ਸਹਿਮਤੀ ਹੈ। ਹਰ ਮੁਕਾਬਲੇ 'ਚ ਇਕ ਤੈਅਸ਼ੁਦਾ ਸਕ੍ਰਿਪਟ ਅਨੁਸਾਰ ਕਹਾਣੀ ਘੜੀ ਜਾਂਦੀ ਹੈ - 'ਦਹਿਸ਼ਤਗਰਦਾਂ ਨੇ ਪੁਲਿਸ/ਸਲਾਮਤੀ ਦਸਤਿਆਂ ਉੱਪਰ ਹਮਲਾ ਕਰ ਦਿੱਤਾ, ਫਲਾਨਾ ਬੰਦਾ ਹਥਿਆਰ ਖੋਹ ਕੇ ਭੱਜ ਗਿਆ, ਸਵੈ-ਬਚਾਓ ਲਈ ਪੁਲਿਸ/ਸਲਾਮਤੀ ਦਸਤਿਆਂ ਵੱਲੋਂ ਚਲਾਈਆਂ ਗੋਲੀਆਂ 'ਚ ਫਲਾਣੇ-ਫਲਾਣੇ ਇਨਾਮੀ ਦਹਿਸ਼ਤਵਾਦੀ ਮਾਰੇ ਗਏ।'

ਇਹ ਦਾਅਵਾ ਕੀਤਾ ਗਿਆ ਹੈ ਕਿ ਗੜ੍ਹਚਿਰੌਲੀ ਦੇ ਹਾਲੀਆ 'ਮੁਕਾਬਲੇ' 'ਚ ਖ਼ਤਰਨਾਕ ਮਾਓਵਾਦੀਆਂ ਦਾ ਸਫ਼ਾਇਆ ਕਰਕੇ ਪੁਲਿਸ ਅਤੇ ਸਲਾਮਤੀ ਦਸਤਿਆਂ ਨੇ ਰਾਸ਼ਟਰ ਨੂੰ ਵੱਡੇ ਨੁਕਸਾਨ ਤੋਂ ਬਚਾ ਲਿਆ ਜੋ ਕਿਸੇ ਖ਼ਤਰਨਾਕ ਕਾਂਡ ਦੀ ਯੋਜਨਾ ਨੂੰ ਅੰਜਾਮ ਦੇਣ ਲਈ ਉੱਥੇ ਵੱਡੀ ਤਾਦਾਦ 'ਚ ਕੈਂਪ ਲਗਾ ਕੇ ਬੈਠੇ ਸਨ। ਸਾਨੂੰ ਕਿਹਾ ਜਾ ਰਿਹਾ ਹੈ ਕਿ ਸਰਕਾਰੀ ਦਿਸ਼ਾ-ਨਿਰਦੇਸ਼ਾਂ ਤਹਿਤ ਪੁਲਿਸ ਅਤੇ ਨੀਮ-ਫ਼ੌਜੀ ਤਾਕਤਾਂ ਜੋ ਕਰ ਰਹੀਆਂ ਹਨ, ਉਸ ਬਾਰੇ ਪੁਲਿਸ ਅਧਿਕਾਰੀਆਂ ਦੇ ਪ੍ਰੈੱਸ ਨੋਟਾਂ ਨੂੰ ਬਿਨਾਂ ਕੋਈ ਪਰਖ-ਪੜਚੋਲ ਕੀਤੇ ਸੱਚ ਮੰਨ ਲਿਆ ਜਾਵੇ। ਇਹ ਨਾਗਰਿਕਾਂ ਨੂੰ ਬਿਬੇਕਹੀਣ ਮਨੁੱਖ ਬਣਾ ਦੇਣ ਦਾ ਸੋਚਿਆ-ਸਮਝਿਆ ਤਰੀਕਾ ਹੈ।

ਕਥਿਤ ਮੁਕਾਬਲੇ ਵਿਚ ਮਾਰੇ ਗਏ ਵਿਅਕਤੀ ਹਥਿਆਰਬੰਦ ਮਾਓਵਾਦੀ ਸਨ ਜਾਂ ਆਮ ਆਦਿਵਾਸੀ, ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਜਾਂ ਘੇਰਾ ਪਾ ਕੇ ਇਕਤਰਫ਼ਾ ਗੋਲੀਆਂ ਮਾਰੀਆਂ ਗਈਆਂ ਜਾਂ ਉਹ ਮੁਕਾਬਲੇ 'ਚ ਮਾਰੇ ਗਏ ਇਸ ਦੀ ਸਚਾਈ ਤਾਂ ਕਿਸੇ ਨਿਰਪੱਖ ਜਾਂਚ ਰਾਹੀਂ ਹੀ ਸਾਹਮਣੇ ਆ ਸਕਦੀ ਹੈ। ਜ਼ਿਆਦਾਤਰ ਮੁਕਾਬਲੇ ਝੂਠੇ ਹੁੰਦੇ ਹਨ। ਕਸ਼ਮੀਰ, ਉੱਤਰ-ਪੂਰਬ, ਪੰਜਾਬ ਅਤੇ ਹਰ ਥਾਂ ਹੀ ਐਸੇ ਬੇਸ਼ੁਮਾਰ ਮੁਕਾਬਲੇ ਹਨ ਜੋ ਝੂਠੇ ਸਾਬਤ ਹੋਏ। ਮਿਸਾਲ ਵਜੋਂ, ਅਕਤੂਬਰ 2009 'ਚ ਬਸਤਰ ਦੇ ਗੋਂਪੜ ਪਿੰਡ 'ਚ ਕਤਲੇਆਮ ਜਿੱਥੇ ਸੀ.ਆਰ.ਪੀ.ਐੱਫ.ਦੀ 'ਕੋਬਰਾ ਬਟਾਲੀਅਨ' ਨੇ ਨਾਬਾਲਿਗ ਬੱਚਿਆਂ ਸਮੇਤ 16 ਆਦਿਵਾਸੀਆਂ ਨੂੰ ਕਰੂਰਤਾ ਨਾਲ ਵੱਢ-ਟੁੱਕ ਕੇ ਕਤਲ ਕਰ ਦਿੱਤਾ ਸੀ। 22 ਅਤੇ 23 ਅਪ੍ਰੈਲ 2018 ਨੂੰ ਸੀ.ਆਰ.ਪੀ.ਐੱਫ. ਅਤੇ ਸੀ.-60 ਵਿਸ਼ੇਸ਼ ਫੋਰਸ ਵੱਲੋਂ ਮਾਓਵਾਦੀ ਕੈਂਪ ਨੂੰ ਘੇਰਾ ਪਾ ਕੇ 40 ਮਾਓਵਾਦੀਆਂ ਦਾ ਬੇਕਿਰਕੀ ਨਾਲ ਕਤਲੇਆਮ ਕਰਕੇ ਇਸ ਨੂੰ ਮੁਕਾਬਲੇ ਦਾ ਨਾਂ ਦਿੱਤਾ ਗਿਆ ਸੀ। ਕਸ਼ਮੀਰ ਅਤੇ ਮਨੀਪੁਰ ਵਿਚ ਐਸੇ ਦਰਜਨਾਂ ਮੁਕਾਬਲੇ ਝੂਠੇ ਸਾਬਤ ਹੋ ਚੁੱਕੇ ਹਨ ਜਿਨ੍ਹਾਂ ਵਿਚ ਫ਼ੌਜ ਪੁਲਿਸ ਅਤੇ ਫ਼ੌਜ ਵੱਲੋਂ ਆਮ ਨਾਗਰਿਕਾਂ ਨੂੰ ਕਤਲ ਕਰਕੇ ਮੁਕਾਬਲੇ ਦਿਖਾਏ ਗਏ ਸਨ। ਬਾਦ ਵਿਚ ਇਹ ਸਾਰੇ 'ਮੁਕਾਬਲੇ' ਗਿਣ-ਮਿੱਥ ਕੇ ਕੀਤੇ ਕਤਲੇਆਮ ਸਾਬਤ ਹੋਏ। ਜਿਹੜੇ ਕੁਝ ਮੁਕਾਬਲੇ ਸੱਚੇ ਵੀ ਹੋਣਗੇ, ਉਨ੍ਹਾਂ ਵਿਚ ਮਾਰੇ ਜਾਣ ਵਾਲੇ ਵੀ ਮੁਲਕ ਦੇ ਨਾਗਰਿਕ ਹਨ ਜਿਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਅਦਾਲਤੀ ਅਮਲ ਰਾਹੀਂ ਗੁਨਾਹ ਸਾਬਤ ਕਰਨ ਦੀ ਬਜਾਏ ਭਾਰਤੀ ਰਾਜ ਵੱਲੋਂ ਅੰਦਰੂਨੀ ਸੁਰੱਖਿਆ ਦੇ ਨਾਂ ਹੇਠ ਦੁਸ਼ਮਣ ਕਰਾਰ ਦੇ ਕੇ ਗ਼ੈਰਅਦਾਲਤੀ ਕਤਲ ਕਰ ਦਿੱਤਾ ਜਾਂਦਾ ਹੈ। ਇਸ ਕਤਲੇਆਮ ਅਤੇ ਸਫ਼ਾਏ ਦੀ ਨੀਤੀ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ। ਮੁਲਕ ਦੇ ਚੋਟੀ ਦੇ ਮਨੁੱਖੀ/ਜਮਹੂਰੀ ਹੱਕਾਂ ਦੇ 20 ਤੋਂ ਵੱਧ ਕਾਰਕੁੰਨਾਂ ਅਤੇ ਜ਼ਹੀਨ ਬੁੱਧੀਜੀਵੀਆਂ ਨੂੰ ਮੋਦੀ ਹਕੂਮਤ ਵੱਲੋਂ ਇਸੇ ਕਰਕੇ ਜੇਲ੍ਹਾਂ ਵਿਚ ਸੁੱਟਿਆ ਗਿਆ ਹੈ ਕਿ ਤਾਂ ਜੁ ਅਸਲ ਕਾਰਨਾਂ ਉੱਪਰ ਪਰਦਾ ਬਣਿਆ ਰਹੇ ਕਿ ਮਰਨ ਵਾਲਿਆਂ ਨੇ ਭਾਰਤੀ ਰਾਜ ਤੋਂ ਬਾਗ਼ੀ ਹੋ ਕੇ ਹਥਿਆਰ ਕਿਉਂ ਚੁੱਕੇ ਹੋਏ ਹਨ। ਤਾਂ ਜੁ ਅਸਲ ਗੱਲ ਦੁਨੀਆ ਨੂੰ ਪਤਾ ਨਾ ਲੱਗ ਸਕੇ ਕਿ ਭਾਰਤੀ ਰਾਜ ਵੱਲੋਂ ਆਪਣੇ ਹੀ ਲੋਕਾਂ ਵਿਰੁੱਧ ਇਕ ਅਣਐਲਾਨਿਆ ਯੁੱਧ ਲੜਿਆ ਜਾ ਰਿਹਾ ਹੈ ਜਿਸ ਦਾ ਇੱਕੋਇਕ ਮਨੋਰਥ ਆਮ ਲੋਕਾਂ ਨੂੰ ਉਜਾੜ ਕੇ ਕੁਦਰਤੀ ਵਸੀਲਿਆਂ ਉੱਪਰ ਕਾਰਪੋਰੇਟ ਸਰਮਾਏਦਾਰੀ ਦਾ ਕਬਜ਼ਾ ਕਰਾਉਣਾ ਹੈ। ਇਹ ਬੁੱਧੀਜੀਵੀ ਭਾਰਤੀ ਹੁਕਮਰਾਨਾਂ ਵੱਲੋਂ ਆਪਣੇ ਹੀ ਲੋਕਾਂ ਦਾ ਅੰਦਰੂਨੀ ਸੁਰੱਖਿਆ ਦੇ ਨਾਂ ਸਫ਼ਾਇਆ ਕਰਨ ਵਿਰੁੱਧ ਆਵਾਜ਼ ਉਠਾਉਣ ਵਾਲੀਆਂ ਨਿਧੜਕ ਆਵਾਜ਼ਾਂ ਸਨ, ਜਿਨ੍ਹਾਂ ਦੀ ਜ਼ੁਬਾਨਬੰਦੀ ਕਰਨਾ ਕਾਰਪੋਰੇਟ ਪੱਖੀ ਅਖਾਉਤੀ ਵਿਕਾਸ ਮਾਡਲ ਨੂੰ ਮੁਲਕ ਉੱਪਰ ਥੋਪਣ ਅਤੇ ਇਸ ਦੇ ਹੱਕ 'ਚ ਆਮ ਰਾਇ ਬਣਾਉਣ ਲਈ ਜ਼ਰੂਰੀ ਸੀ।

'ਅੰਦਰੂਨੀ ਸੁਰੱਖਿਆ' ਨੂੰ ਖ਼ਤਰਾ ਆਮ ਰਾਇ ਬਣਾਉਣ ਦਾ ਐਸਾ ਕਾਰਗਰ ਸੰਦ ਹੈ ਜਿਸ ਦੀ ਆੜ ਹੇਠ ਕਿਸੇ ਵੀ ਸਰਕਾਰ ਵਿਰੋਧੀ ਅੰਦੋਲਨ ਜਾਂ ਸਮੂਹਿਕ ਹੱਕ-ਜਤਾਈ ਨੂੰ ਕੁਚਲਿਆ ਜਾਂਦਾ ਹੈ। ਇਸ ਨਾਲ ਹੁਕਮਰਾਨ ਲੋਕ ਬੇਚੈਨੀ ਨੂੰ ਅਮਨ-ਕਾਨੂੰਨ ਦੇ ਮਸਲੇ ਦੀ ਬਜਾਏ ਰਾਜਨੀਤਕ ਮਸਲੇ ਵਜੋਂ ਲੈਣ ਦੀ ਜਵਾਬਦੇਹੀ ਤੋਂ ਮੁਕਤ ਹੋ ਜਾਂਦੇ ਹਨ। ਇਹ ਨਾ ਸਿਰਫ਼ ਦਹਿਸ਼ਤਵਾਦ ਵਿਰੁੱਧ ਯੁੱਧ ਦੇ ਨਾਂ ਹੇਠ ਆਪਣੇ ਹੀ ਨਾਗਰਿਕਾਂ ਨੂੰ ਮਾਰਨ ਅਤੇ ਮਨਮਾਨੀਆਂ ਕਰਨ ਦਾ ਫਾਸ਼ੀਵਾਦੀ ਸਿਲਸਿਲਾ ਹੈ ਸਗੋਂ ਇਹ ਅੰਦਰੂਨੀ ਸੁਰੱਖਿਆ ਦੇ ਨਾਂ ਹੇਠ ਮੁਲਕ ਦੇ ਨਾਗਰਿਕਾਂ ਦੇ ਟੈਕਸਾਂ ਦੇ ਪੈਸੇ ਦੀ ਘੋਰ ਦੁਰਵਰਤੋਂ ਵੀ ਹੈ ਜਿਸ ਨੂੰ ਰੋਜ਼ਗਾਰ, ਸਿੱਖਿਆ ਅਤੇ ਸਿਹਤ ਆਦਿ ਬੁਨਿਆਦੀ ਮਨੁੱਖੀ ਲੋੜਾਂ ਸਮੇਤ ਸਮਾਜ ਦੀ ਬਿਹਤਰੀ ਅਤੇ ਤਰੱਕੀ ਉੱਪਰ ਖ਼ਰਚ ਕੀਤਾ ਜਾਣਾ ਚਾਹੀਦਾ ਹੈ।



ਸਿਤਮਜ਼ਰੀਫ਼ੀ ਇਹ ਹੈ ਕਿ ਚਾਹੇ ਕਾਂਗਰਸ ਦੀ ਯੂ.ਪੀ.ਏ. ਸਰਕਾਰ ਸੀ ਜਾਂ ਮੌਜੂਦਾ ਆਰ.ਐੱਸ.ਐੱਸ.-ਬੀ.ਜੇ.ਪੀ. ਦੀ ਕੇਂਦਰ ਸਰਕਾਰ ਅਤੇ ਹੋਰ ਪਾਰਟੀਆਂ ਦੀਆਂ ਸੂਬਾ ਸਰਕਾਰਾਂ, ਭਾਰਤੀ ਹੁਕਮਰਾਨ ਇਸ ਨੂੰ ਯੁੱਧ ਮੰਨਣ ਤੋਂ ਇਨਕਾਰੀ ਹਨ। ਕਿਉਂਕਿ ਯੁੱਧ ਤਸਲੀਮ ਕੀਤੇ ਜਾਣ ਦੀ ਸੂਰਤ 'ਚ ਭਾਰਤੀ ਰਾਜ ਨੂੰ ਮਨੁੱਖੀ ਹੱਕਾਂ ਬਾਰੇ ਜਨੇਵਾ ਕਨਵੈਨਸ਼ਨ ਦੇ ਨਿਯਮਾਂ ਦਾ ਪਾਬੰਦ ਹੋਣਾ ਪਵੇਗਾ ਜਿਨ੍ਹਾਂ ਅਨੁਸਾਰ ਲੜਾਈ ਵਿਚ ਫੱਟੜ ਹੋਏ ਜਾਂ ਜਿਊਂਦੇ ਕਾਬੂ ਆਏ ਇਕ ਦੂਜੇ ਦੇ ਸੈਨਿਕਾਂ ਦੀ ਦੇਖਭਾਲ ਕਰਨਾ ਅਤੇ ਜੰਗੀ ਕੈਦੀਆਂ ਵਜੋਂ ਉਨ੍ਹਾਂ ਨੂੰ ਸਹੀ-ਸਲਾਮਤ ਸੰਬੰਧਤ ਸਰਕਾਰ ਦੇ ਹਵਾਲੇ ਕਰਨਾ ਸਰਕਾਰਾਂ ਦੀ ਜ਼ਿੰਮੇਵਾਰੀ ਹੈ। ਭਾਰਤੀ ਹੁਕਮਰਾਨ ਮਾਓਵਾਦੀਆਂ ਜਾਂ ਹੋਰ ਹਥਿਆਰਬੰਦ ਲਹਿਰਾਂ ਵੱਲੋਂ ਕੀਤੇ ਜਾਂਦੇ ਕਤਲਾਂ ਬਾਰੇ ਆਏ ਦਿਨ ਚੀਕ-ਚਿਹਾੜਾ ਪਾਉਂਦੇ ਦੇਖੇ ਜਾ ਸਕਦੇ ਹਨ ਪਰ ਇਨ੍ਹਾਂ ਨੇ ਆਪਣੀ ਪੁਲਿਸ ਅਤੇ ਹੋਰ ਸਰਕਾਰੀ ਲਸ਼ਕਰਾਂ ਨੂੰ ਜਨੇਵਾ ਕਨਵੈਨਸ਼ਨ ਦੀਆਂ ਧੱਜੀਆਂ ਉਡਾਉਣ ਦੀ ਪੂਰੀ ਖੁੱਲ੍ਹ ਦਿੱਤੀ ਹੋਈ ਹੈ। ਅਫਸਪਾ, ਯੂਏਪੀਏ, ਪੀਐੱਸਏ ਅਤੇ ਐਸੇ ਹੋਰ ਕਾਲੇ ਕਾਨੂੰਨਾਂ ਤਹਿਤ ਇਨ੍ਹਾਂ ਲਸ਼ਕਰਾਂ ਨੂੰ ਨਿਹਾਇਤ ਘਿਣਾਉਣਾ ਜੁਰਮ ਕਰਨ 'ਤੇ ਵੀ ਸਜ਼ਾ ਤੋਂ ਪੂਰੀ ਤਰ੍ਹਾਂ ਛੋਟ ਹੈ। ਇਸੇ ਕਾਰਨ ਸਰਕਾਰੀ ਲਸ਼ਕਰ ਗਿਣ-ਮਿੱਥ ਕੇ ਕਤਲੇਆਮ ਕਰਨਾ ਆਪਣਾ ਚੁਣੌਤੀ ਰਹਿਤ ਹੱਕ ਸਮਝਦੇ ਹਨ। ਐਸੀਆਂ ਕਈ ਮਿਸਾਲਾਂ ਹਨ, ਜਦੋਂ ਮਾਓਵਾਦੀਆਂ ਨੇ ਹੱਥ ਆਏ ਸਰਕਾਰੀ ਸੈਨਿਕਾਂ ਨੂੰ ਬੰਦੀ ਬਣਾ ਲੈਣ ਤੋਂ ਬਾਦ ਬਿਨਾਂ ਕੋਈ ਨੁਕਸਾਨ ਪਹੁੰਚਾਏ ਜਨਤਕ ਇਕੱਠਾਂ 'ਚ ਸਰਕਾਰੀ ਸਾਲਸੀਆਂ ਦੇ ਹਵਾਲੇ ਕੀਤਾ। ਸੀ.ਆਰ.ਪੀ.ਐੱਫ. ਦਾ ਕਮਾਂਡੋ ਰਾਕੇਸ਼ਵਰ ਸਿੰਘ ਇਸ ਦੀ ਮਿਸਾਲ ਹੈ। ਪਰ ਪੁਲਿਸ ਅਤੇ ਨੀਮ-ਫ਼ੌਜੀ ਲਸ਼ਕਰਾਂ ਵੱਲੋਂ ਐਸੀ ਇਕ ਵੀ ਮਿਸਾਲ ਨਹੀਂ ਹੈ। ਉਹ ਤਾਂ ਸਰਕਾਰੀ ਆਦੇਸ਼ਾਂ ਅਨੁਸਾਰ ਜਿਉਂਦੇ ਹੱਥ ਆਏ ਜਾਂ ਗੱਲਬਾਤ ਕਰਨ ਲਈ ਆਏ ਚੇਰੂਕੁਰੀ ਰਾਜਕੁਮਾਰ ਉਰਫ਼ ਆਜ਼ਾਦ ਅਤੇ ਕਿਸ਼ਨ ਜੀ ਵਰਗੇ ਚੋਟੀ ਦੇ ਮਾਓਵਾਦੀ ਆਗੂਆਂ ਦਾ ਕਤਲ ਕਰਕੇ ਉਨ੍ਹਾਂ ਨੂੰ ਮੁਕਾਬਲੇ 'ਚ ਮਰੇ ਐਲਾਨ ਕੇ ਇਨਾਮ ਅਤੇ ਤਰੱਕੀਆਂ ਹਾਸਲ ਕਰਦੇ ਹਨ ਅਤੇ ਸਰਕਾਰਾਂ ਆਜ਼ਾਦਾਨਾ ਜਾਂਚ ਕਰਾਉਣ ਤੋਂ ਇਨਕਾਰ ਕਰ ਦਿੰਦੀਆਂ ਹਨ। ਇਹ ਸਿਵਲ ਸੁਸਾਇਟੀ ਭਾਵ ਸਮਾਜ ਦਾ ਪੜ੍ਹਿਆ-ਲਿਖਿਆ ਅਤੇ ਹੱਕਾਂ ਬਾਰੇ ਜਾਗਰੂਕ ਹਿੱਸਾ ਹੀ ਹੈ ਜੋ ਸੱਤਾ ਦੀਆਂ ਮਨਮਾਨੀਆਂ ਅਤੇ ਐਸੇ ਹੋਰ ਵਰਤਾਰਿਆਂ ਬਾਰੇ ਅਵਾਮ ਨੂੰ ਸੁਚੇਤ ਅਤੇ ਚੁਕੰਨੇ ਕਰਕੇ ਹੁਕਮਰਾਨ ਜਮਾਤ ਦੀ ਤਾਨਾਸ਼ਾਹ ਰੁਚੀ ਵਿਰੁੱਧ ਅਸਰਦਾਰ ਰੋਕ ਬਣਦਾ ਹੈ।

ਫ਼ਿਕਰਮੰਦੀ ਦੀ ਗੱਲ ਇਹ ਹੈ ਕਿ ਆਉਣ ਵਾਲੇ ਦਿਨਾਂ ਵਿਚ ਸਿਵਲ ਸੁਸਾਇਟੀ (ਜਾਗਰੂਕ ਨਾਗਰਿਕਾਂ) ਨੂੰ ਹੁਕਮਰਾਨ ਧਿਰ ਵੱਲੋਂ ਨਿਸ਼ਾਨਾ ਬਣਾਉਣ ਦਾ ਵਰਤਾਰਾ ਜ਼ੋਰ ਫੜ੍ਹਨ ਦੇ ਸਪਸ਼ਟ ਆਸਾਰ ਨਜ਼ਰ ਆ ਰਹੇ ਹਨ। ਇਸ ਨੂੰ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦੇ ਉਸ ਭਾਸ਼ਣ ਨਾਲ ਜੋੜ ਕੇ ਦੇਖਣਾ ਜ਼ਰੂਰੀ ਹੈ ਜੋ ਉਸ ਨੇ ਉਪਰੋਕਤ ਮੁਕਾਬਲੇ ਤੋਂ ਇਕ ਦਿਨ ਪਹਿਲਾਂ ਸਰਦਾਰ ਵਲਭਭਾਈ ਪਟੇਲ ਨੈਸ਼ਨਲ ਪੁਲੀਸ ਅਕਾਦਮੀ ਵਿਖੇ ਆਈ.ਪੀ.ਐੱਸ. ਪ੍ਰੋਬੇਸ਼ਨਰਾਂ ਦੇ 73ਵੇਂ ਬੈਚ ਦੀ ਪਾਸ ਆਊਟ ਪਰੇਡ ਵਿਖੇ ਦਿੱਤਾ। ਸ਼੍ਰੀ ਡੋਵਾਲ ਨੇ ਫਰਮਾਇਆ, "ਇਹ ਸਿਵਲ ਸੁਸਾਇਟੀ ਹੈ ਜਿਸ ਨੂੰ ਵਿਗਾੜਿਆ ਜਾ ਸਕਦਾ... ਜਿਸ ਨੂੰ ਵੰਡਿਆ ਜਾ ਸਕਦਾ, ਜਿਸ ਰਾਹੀਂ ਰਾਸ਼ਟਰ ਦੇ ਹਿਤਾਂ ਨੂੰ ਨੁਕਸਾਨ ਪਹੁੰਚਾਇਆ ਜਾ ਸਕਦਾ ਹੈ। ਤੁਸੀਂ (ਪੁਲਿਸ) ਇਹ ਦੇਖਣ ਲਈ ਉੱਥੇ ਹੋ ਕਿ ਉਹ ਪੂਰੀ ਤਰ੍ਹਾਂ ਸੁਰੱਖਿਅਤ ਹਨ।" ਉਸ ਨੇ ਜ਼ੋਰ ਦੇ ਕੇ ਕਿਹਾ ਕਿ 'ਸਿਵਲ ਸੋਸਾਇਟੀ ਯੁੱਧ ਦਾ ਨਵਾਂ ਮੋਰਚਾ' ਹੈ। ਗ਼ੌਰਤਲਬ ਇਹ ਹੈ ਕਿ ਇਹ ਐਲਾਨ ਸਰਕਾਰ ਨਹੀਂ ਸਗੋਂ ਕੌਮੀ ਸੁਰੱਖਿਆ ਸਲਾਹਕਾਰ ਕਰ ਰਿਹਾ ਹੈ ਜਿਸ ਦਾ ਕੰਮ ਵਜ਼ਾਰਤ ਨੂੰ ਸਲਾਹ ਦੇਣਾ ਹੈ ਨਾ ਕਿ ਸਰਕਾਰੀ ਲਸ਼ਕਰਾਂ ਦਾ ਮਾਰਗ-ਦਰਸ਼ਨ ਕਰਨਾ। ਸੂਬਿਆਂ ਦੇ ਗਵਰਨਰਾਂ ਨੂੰ ਨਵੀਂ ਸਿੱਖਿਆ ਨੀਤੀ ਬਾਰੇ ਨਿਰਦੇਸ਼ ਰਾਸ਼ਟਰਪਤੀ ਦੀ ਬਜਾਏ ਕੇਂਦਰੀ ਗ੍ਰਹਿ ਮੰਤਰੀ ਵੱਲੋਂ ਦੇਣਾ ਵੀ ਸੱਤਾ ਦੇ ਹੋਰ ਵਧੇਰੇ ਤਾਨਾਸ਼ਾਹ ਬਣਦੇ ਜਾਣ ਦੀ ਨਿਸ਼ਾਨੀ ਹੈ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ 9 ਨਵੰਬਰ ਨੂੰ ਕੇਂਦਰੀ ਨੀਮ-ਫ਼ੌਜੀ ਤਾਕਤਾਂ ਲਈਆਯੋਜਿਤ ਬਹਿਸ ਮੁਕਾਬਲੇ ਦਾ ਵਿਸ਼ਾ ਸੀ: "ਕੀ ਮਨੁੱਖੀ ਹੱਕ ਦਹਿਸ਼ਤਵਾਦ ਅਤੇ ਨਕਸਲਾਵਦ ਵਰਗੀਆਂ ਬੁਰਾਈਆਂ ਨਾਲ ਲੜਨ ਵਿਚ ਰੁਕਾਵਟ ਹਨ?" ਉੱਪਰ ਬਹਿਸ ਕਰਾਵਾਈ ਗਈ ਹੈ। ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਬਣਾਏ ਕਮਿਸ਼ਨ ਵੱਲੋਂ ਮਨੁੱਖੀ ਹੱਕਾਂ ਨੂੰ ਅੜਿੱਕਾ ਦਰਸਾਉਂਦੇ ਹੋਏ ਬਹਿਸ ਮੁਕਾਬਲਾ ਕਰਾਉਣਾ ਇਹ ਸਾਫ਼ ਇਸ਼ਾਰਾ ਹੈ ਕਿ ਹਕੂਮਤ ਕਿਸੇ ਪਾਸੇ ਵਧ ਰਹੀ ਹੈ। ਹਕੂਮਤ ਦੀ ਆਲੋਚਨਾ ਕਰਨ ਵਾਲੇ ਜਾਗਰੂਕ ਨਾਗਰਿਕਾਂ ਉੱਪਰ 'ਬਦੇਸ਼ੀ ਤਾਕਤਾਂ ਦੇ ਇਸ਼ਾਰੇ 'ਤੇ ਰਾਸ਼ਟਰ ਦੇ ਹਿਤਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ' ਦਾ ਠੱਪਾ ਲਗਾ ਕੇ ਕਦੇ ਵੀ ਉਨ੍ਹਾਂ ਦੀ ਥੋਕ ਤਾਦਾਦ 'ਚ ਜ਼ੁਬਾਨਬੰਦੀ ਕੀਤੀ ਜਾ ਸਕਦੀ ਹੈ।

ਇਹ ਮਨੁੱਖੀ ਹੱਕਾਂ ਦਾ ਅਤਿਅੰਤ ਗੰਭੀਰ ਸਵਾਲ ਹੈ ਅਤੇ ਇਸ ਆਦਮਖ਼ੋਰ, ਖ਼ੂਨੀ ਵਰਤਾਰੇ ਵਿਰੁੱਧ ਵਿਆਪਕ ਆਵਾਜ਼ ਉਠਾਈ ਜਾਣੀ ਚਾਹੀਦੀ ਹੈ। ਭਾਰਤੀ ਰਾਜ ਵੱਲੋਂ ਆਪਣੇ ਹੀ ਨਾਗਰਿਕਾਂ ਨੂੰ ਦੁਸ਼ਮਣਾਂ ਵਾਂਗ ਮਾਰਨ ਪ੍ਰਤੀ ਖ਼ਾਮੋਸ਼ ਰਹਿ ਕੇ ਸਹਿਮਤੀ ਦੇਣ ਵਾਲਾ ਸਮਾਜ ਨਿਆਂਪਸੰਦ ਨਹੀਂ ਹੋ ਸਕਦਾ। ਮਾਓਵਾਦੀ ਜਾਂ ਕਿਸੇ ਹੋਰ ਲਹਿਰ ਦੇ ਲੜਾਈ ਦੇ ਤਰੀਕੇ ਸਹੀ ਹਨ ਜਾਂ ਗ਼ਲਤ, ਇਹ ਵੱਖਰੀ ਬਹਿਸ ਦਾ ਵਿਸ਼ਾ ਹੈ। ਕਥਿਤ ਹਿੰਸਾ ਦੇ ਖੰਡਨ ਦੇ ਬਹਾਨੇ ਭਾਰਤੀ ਰਾਜ ਦੇ ਰਾਜਕੀ ਦਹਿਸ਼ਤਵਾਦ ਦੀ ਹਮਾਇਤ ਕਿਸੇ ਵੀ ਤਰ੍ਹਾਂ ਵਾਜਬ ਨਹੀਂ ਹੈ। ਬੁੱਧੀਜੀਵੀਆਂ ਅਤੇ ਹੋਰ ਜਾਗਰੂਕ ਨਾਗਰਿਕਾਂ ਨੂੰ ਆਪਣਾ ਇਹ ਫਰਜ਼ ਪਛਾਨਣਾ ਚਾਹੀਦਾ ਹੈ।

# ਭਾਰਤੀ ਨਿਆਂ ਪ੍ਰਬੰਧ ਦਾ ਜਮਾਤੀ ਖਾਸਾ

- ਸੁਖਦੇਵ

**"ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ ਫੈਸਲੇ ਸੁਣਦਿਆਂ ਸੁਣਦਿਆਂ ਸੁੱਕ ਗਏ। ਆਖੋ ਇਨ੍ਹਾਂ ਨੂੰ ਉੱਜੜੇ ਘਰੀਂ ਜਾਣ ਹੁਣ ਇਹ ਕਦੋਂ ਤੀਕ ਇੱਥੇ ਖੜ੍ਹੇ ਰਹਿਣਗੇ"।**

ਭਾਰਤੀ ਨਿਆਂ ਪ੍ਰਬੰਧ ਦੀ ਅਨਿਆਈ ਖਸਲਤ ਦੀ ਤਰਜਮਾਨੀ ਕਰਦੇ ਹੋਏ ਪੰਜਾਬੀ ਕਵੀ ਸੁਰਜੀਤ ਪਾਤਰ ਦੇ ਉਪਰੋਕਤ ਬੋਲ, ਨਿਆਂ ਪ੍ਰਬੰਧ ਦੇ ਲੋਕਦੋਖੀ ਕਿਰਦਾਰ ਦਾ ਖੂਬ ਪਰਦਾਚਾਕ ਕਰਦੇ ਹਨ। ਇਹ ਇੱਕ ਹਕੀਕਤ ਹੈ ਕਿ ਆਮ ਲੋਕਾਂ ਦਾ ਲਗਾਤਾਰ ਨਿਆਂ ਪ੍ਰਬੰਧ ਤੋਂ ਭਰੋਸਾ ਉੱਠਦਾ ਜਾ ਰਿਹਾ ਹੈ। ਦਰਅਸਲ 'ਨਿਆਂ ਵਿੱਚ ਦੇਰੀ, ਨਿਆਂ ਤੋਂ ਇਨਕਾਰ ਹੁੰਦਾ ਹੈ'। ਪਰ ਸਾਡੇ ਮੁਲਕ ਵਿੱਚ ਤਾਂ ਆਮ ਨਾਗਰਿਕ ਨਿਆਂ ਦੀ ਆਸ ਵਿੱਚ ਸਾਰੀ-ਸਾਰੀ ਉਮਰ ਕਚਿਹਰੀਆਂ 'ਚ ਤਰੀਕਾਂ ਭੁਗਤਦਾ ਬੁੱਢਾ ਹੋ ਜਾਂਦਾ ਹੈ।

ਇੱਥੇ ਨਿਆਂ ਹਾਸਲ ਕਰਨ ਲਈ ਤੁਹਾਡੇ ਕੋਲ਼ ਪੈਸਾ ਅਤੇ ਹੈਸੀਅਤ ਹੋਣੀ ਚਾਹੀਦੀ ਹੈ। ਮਹਿੰਗੇ ਵਕੀਲ ਅਤੇ ਖਰਚੀਲੀ ਅਦਾਲਤੀ ਕਾਰਵਾਈ ਆਮ ਨਾਗਰਿਕ ਦੀ ਪਹੁੰਚ ਤੋਂ ਬਾਹਰ ਹੁੰਦੀ ਜਾ ਰਹੀ ਹੈ। ਆਮ ਨਾਗਰਿਕ ਆਪਣੀ ਸਹਿਜ ਬੁੱਧੀ ਤੋਂ ਜਾਣਦਾ ਹੈ ਕਿ ਮੁਕੱਦਮਾ ਤੇ ਬਿਮਾਰੀ ਗਰੀਬ ਬੰਦੇ ਦੀ ਆਰਥਿਕਤਾ ਅਤੇ ਜ਼ਿੰਦਗੀ ਤਬਾਹ ਕਰ ਦਿੰਦੀ ਹੈ। ਪੜ੍ਹੇ-ਲਿਖੇ ਸੰਵੇਦਨਸ਼ੀਲ ਅਤੇ ਜਾਗਰੂਕ ਨਾਗਰਿਕ, ਫਿਕਰਮੰਦੀ ਵਿੱਚ ਨਿਆਂ ਪ੍ਰਬੰਧ ਵਿੱਚ ਸੁਧਾਰਾਂ ਦੀ ਮੰਗ ਕਰਦੇ ਹਨ। ਸਮਝਿਆ ਜਾਂਦਾ ਹੈ ਕਿ ਅਦਾਲਤਾਂ ਵਿੱਚ ਸੁਣਵਾਈ ਅਧੀਨ ਮੁਕੱਦਮਿਆਂ ਦੀ ਬਹੁਤ ਵੱਡੀ ਗਿਣਤੀ ਹੋਣ ਕਰਕੇ ਫ਼ੈਸਲਿਆਂ ਵਿੱਚ ਦੇਰੀ ਹੋ ਜਾਂਦੀ ਹੈ, ਭਾਵੇਂ ਕਿ ਇਸਦਾ ਇੱਕ ਕਾਰਨ ਇਹ ਹੈ ਵੀ। ਜੱਜਾਂ ਅਤੇ ਹੋਰ ਅਮਲੇ-ਫੈਲੇ ਦੀ ਗਿਣਤੀ ਵਧਾਉਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਪਿਛਲੇ ਦਿਨੀਂ ਸਰਵਉੱਚ ਅਦਾਲਤ ਦੇ ਨਵੇਂ ਬਣੇ ਜੱਜ ਜਸਟਿਸ ਅਭੈ ਐੱਸ. ਓਕਾ ਨੇ ਇੱਕ ਸਮਾਗਮ ਵਿੱਚ ਕਿਹਾ ਹੈ ਕਿ ਕਨੂੰਨੀ ਪੇਸ਼ੇ ਨਾਲ਼ ਸਬੰਧਤ ਵਿਅਕਤੀਆਂ ਨੂੰ, ਨਿਆਂਪਾਲਿਕਾ ਵਿੱਚ ਦੇਸ਼ ਦੇ ਨਾਗਰਿਕਾਂ ਦਾ ਭਰੋਸਾ ਬਹਾਲ ਕਰਨ ਲਈ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਇਸ ਵੇਲੇ ਜੱਜਾਂ ਅਤੇ ਅਬਾਦੀ ਦਾ ਅਨੁਪਾਤ ਪ੍ਰਤੀ ਦਸ ਲੱਖ ਲੋਕਾਂ ਲਈ 17 ਜਾਂ 18 ਜੱਜਾਂ ਦਾ ਹੈ। ਜੱਜਾਂ ਦੀ ਕਮੀ ਨਾਲ਼ ਨਜਿੱਠਿਆ ਜਾਣਾ ਚਾਹੀਦਾ ਹੈ। ਪਰ ਇਹ ਪੂਰਾ ਸੱਚ ਨਹੀਂ ਹੈ। ਇਹ ਅਦਾਲਤਾਂ ਹਰ ਮਾਮਲੇ ਵਿੱਚ ਏਨੀਆਂ ਸੁਸਤ ਨਹੀਂ ਹਨ। ਕੁੱਝ ਖਾਸ ਮਾਮਲਿਆਂ ਵਿੱਚ ਇਹੀ ਅਦਾਲਤਾਂ ਬਹੁਤ ਤੇਜ਼ੀ ਨਾਲ਼ ਵੀ ਕੰਮ ਕਰਦੀਆਂ ਹਨ। ਪਿਛਲੇ ਵਰ੍ਹੇ ਨਵੰਬਰ ਮਹੀਨੇ ਵਿੱਚ ਬੰਬਈ ਉੱਚ ਅਦਾਲਤ ਨੇ ਕਿਸੇ ਕੇਸ ਵਿੱਚ ਇੱਕ ਹਕੂਮਤ ਪੱਖੀ ਮੀਡੀਏ ਦੇ ਪ੍ਰਸਿੱਧ ਪੱਤਰਕਾਰ ਅਰਨਬ ਗੋਸਵਾਮੀ ਦੀ ਜਮਾਨਤ ਨਾ-ਮਨਜੂਰ ਕਰ ਦਿੱਤੀ ਸੀ। ਉਸੇ ਦਿਨ ਸਰਵਉੱਚ ਅਦਾਲਤ ਰਾਤ ਵੇਲੇ ਹੀ ਕਚਿਹਰੀ ਲਾਉਂਦੀ ਹੈ। ਜਸਟਿਸ ਡੀ. ਵਾਈ. ਚੰਦਰਚੂੜ ਅਤੇ ਜਸਟਿਸ ਇੰਦਰਾ ਬੈਨਰਜੀ 'ਤੇ ਅਧਾਰਤ ਬੈਂਚ ਅਰਨਬ ਗੋਸਵਾਮੀ ਦੀ ਫੌਰੀ ਜਮਾਨਤ ਮਨਜੂਰ ਕਰਦਾ ਹੈ। ਫ਼ੈਸਲਾ ਸੁਣਾਉਂਦਿਆਂ ਜਸਟਿਸ ਚੰਦਰਚੂੜ ਕਹਿੰਦੇ ਹਨ ਕਿ ਜੇ ਅਸੀਂ ਅੱਜ ਹੀ ਇਸ ਕੇਸ ਵਿੱਚ ਦਖਲ ਨਾ ਦੇਂਦੇ ਤਾਂ ਅਸੀਂ ਤਬਾਹੀ ਦੇ ਰਸਤੇ 'ਤੇ ਚੱਲ ਰਹੇ ਹੁੰਦੇ ਅਤੇ ਅੱਗੇ ਉਹ ਕਹਿੰਦੇ ਹਨ, "ਇੱਕ ਪਲ ਲਈ ਅਰਨਬ ਗੋਸਵਾਮੀ ਨੂੰ ਭੁੱਲ ਜਾਓ, ਅਸੀਂ ਸੰਵਿਧਾਨਕ ਅਦਾਲਤ ਹਾਂ ਜੇ ਅਸੀਂ ਸੰਵਿਧਾਨਕ ਅਦਾਲਤ ਦੇ ਤੌਰ 'ਤੇ ਵਿਅਕਤੀਗਤ ਅਜਾਦੀ ਅਤੇ ਕਨੂੰਨ ਨੂੰ ਤੈਅ ਨਹੀਂ ਕਰਦੇ, ਤਾਂ ਕੌਣ ਕਰੇਗਾ"? ਭਾਰਤ ਦੀ ਸਰਵਉੱਚ ਅਦਾਲਤ ਦੇ ਵੱਡੇ ਜੱਜ ਦੇ ਵਿਚਾਰ ਸੁਣਨ ਨੂੰ ਬੜੇ ਚੰਗੇ ਲੱਗ ਸਕਦੇ ਹਨ। ਪਰ ਕੀ ਆਮ ਲੋਕਾਂ ਅਤੇ ਹਕੂਮਤੀ ਤੰਤਰ ਤੋਂ ਵੱਖਰੇ ਵਿਚਾਰ ਰੱਖਣ ਵਾਲ਼ੇ ਲੋਕਾਂ ਬਾਰੇ ਫੈਸਲਾ ਸੁਣਾਉਂਦਿਆਂ ਵੀ ਜੱਜ ਸਹਿਬਾਨ ਇਸੇ ਤਰ੍ਹਾਂ ਹੀ ਸੋਚਦੇ ਹਨ? ਹਰ ਰੋਜ ਲੱਖਾਂ ਲੋਕਾਂ ਦੀ ਵਿਅਕਤੀਗਤ ਅਜਾਦੀ ਅਤੇ ਨਾਗਰਿਕ ਹੱਕਾਂ ਦੀ ਹੋ ਰਹੀ ਉਲੰਘਣਾ ਕਦੀ ਕਿਸੇ ਜੱਜ ਨੂੰ ਨਜ਼ਰ ਨਹੀਂ ਆਉਂਦੀ।



ਪਿਛਲੇ ਦਿਨੀਂ ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਵਿੱਚ ਕੇਂਦਰੀ ਗ੍ਰਹਿ ਰਾਜ ਮੰਤਰੀ ਦੇ ਵਿਗੜੇ ਕਾਕੇ ਨੇ ਖੇਤੀ ਕਨੂੰਨਾਂ ਖਿਲਾਫ ਸੰਘਰਸ਼ ਕਰ ਰਹੇ ਕਿਸਾਨਾਂ 'ਤੇ ਜੀਪ ਚੜ੍ਹਾ ਕੇ ਚਾਰ ਕਿਸਾਨਾਂ ਅਤੇ ਇੱਕ ਪੱਤਰਕਾਰ ਨੂੰ ਮਾਰ ਦਿੱਤਾ। ਉਦੋਂ ਕਿਸੇ ਵੀ ਜੱਜ ਸਹਿਬਾਨ ਅਤੇ ਪੂਰੇ ਅਦਾਲਤੀ ਤੰਤਰ ਨੂੰ ਤ੍ਰੇਲੀ ਤੱਕ ਨਹੀਂ ਆਈ। ਪਿਛਲੇ ਵਰ੍ਹੇ ਦਿੱਲੀ ਦੀ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਵਿੱਚ ਪੁਲੀਸ ਦੀ ਸ਼ਹਿ 'ਤੇ ਸੰਘੀ ਕਾਰਕੁੰਨਾਂ ਦੀ ਗੁੰਡਾਗਰਦੀ ਖ਼ਿਲਾਫ਼ ਜਦੋਂ ਕੁੱਝ ਲੋਕਪੱਖੀ ਤੇ ਚੇਤੰਨ ਵਕੀਲ ਅਦਾਲਤ ਨੂੰ ਦਖਲ ਦੇਣ ਲਈ ਬੇਨਤੀ ਕਰਨ ਜਾਂਦੇ ਹਨ ਤਾਂ ਅਜਿਹੇ ਹੀ ਸੀਨੀਅਰ ਜੱਜ ਸਹਿਬਾਨਾਂ ਵੱਲੋਂ ਜਵਾਬ ਮਿਲਦਾ ਹੈ ਕਿ ਇਹ ਕੰਮ ਅਦਾਲਤਾਂ ਦਾ ਨਹੀਂ ਹੈ। ਨਫਰਤੀ ਭਾਸ਼ਣਾਂ, ਹਜੂਮੀ ਹਿੰਸਾ ਅਤੇ ਇੱਕ ਫਿਰਕੇ 'ਤੇ ਹਮਲਿਆਂ ਦੀਆਂ ਘਟਨਾਵਾਂ ਆਏ ਦਿਨ ਹੁੰਦੀਆਂ ਰਹਿੰਦੀਆਂ ਹਨ। ਭੀਮਾ ਕੋਰੇਗਾਉਂ ਕੇਸ ਦੇ ਨਾਂ 'ਤੇ ਝੂਠੇ ਮੁਕੱਦਮੇ ਮੜ੍ਹਕੇ ਦੇਸ਼ ਦੇ ਉੱਚ ਕੋਟੀ ਦੇ ਬੁੱਧੀਜੀਵੀ, ਸਮਾਜਿਕ ਕਾਰਕੁੰਨ, ਵਕੀਲ ਅਤੇ ਟਰੇਡ ਯੂਨੀਅਨ ਆਗੂਆਂ ਨੂੰ ਜੇਲ੍ਹਾਂ ਦੀ ਨਰਕ ਭਰੀ ਜ਼ਿੰਦਗੀ ਜਿਉਂਦਿਆਂ ਤਿੰਨ ਸਾਲਾਂ ਤੋਂ ਵੀ ਵੱਧ ਦਾ ਸਮਾਂ ਹੋ ਗਿਆ ਹੈ। ਜੇਲ੍ਹਾਂ ਦੇ ਅੰਦਰ ਵੀ ਉਨ੍ਹਾਂ ਨੂੰ ਭਾਰਤੀ ਕਨੂੰਨ ਮੁਤਾਬਕ ਮਿਲਣ ਵਾਲ਼ੇ ਹੱਕਾਂ ਤੋਂ ਵਾਂਝੇ ਰੱਖਿਆ ਜਾ ਰਿਹਾ ਹੈ। ਪਾਦਰੀ ਸਟੈਨ ਸਵਾਮੀ ਦੀ ਜੇਲ੍ਹ ਵਿੱਚ ਹੀ ਮੌਤ ਵੀ ਹੋ ਚੁੱਕੀ ਹੈ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਅੰਕੜਿਆਂ ਅਨੁਸਾਰ ਵਿਚਾਰ ਅਧੀਨ 20,806 ਨਵੇਂ ਅਤੇ ਪੁਰਾਣੇ ਮਾਮਲਿਆਂ ਵਿੱਚ 344 ਮਾਮਲੇ ਪੁਲੀਸ ਹਿਰਾਸਤ ਵਿੱਚ ਮੌਤ ਦੇ, 3407 ਨਿਆਂਇਕ ਹਿਰਾਸਤ ਵਿੱਚ ਮੌਤ ਦੇ, 365 ਮਾਮਲੇ ਪੁਲੀਸ ਮੁਕਾਬਲੇ ਵਿੱਚ ਮੌਤ ਦੇ ਹਨ। ਵਰ੍ਹੇ 2020-21 ਵਿੱਚ ਹੁਣ ਤੱਕ ਕਮਿਸ਼ਨ ਨੂੰ ਬੇਨਿਯਮੀਆਂ ਦੀਆਂ 53,191 ਸ਼ਿਕਾਇਤਾਂ ਮਿਲੀਆਂ ਹਨ, ਸਤੰਬਰ ਵਿੱਚ 10,627 ਨਵੀਂਆ ਸ਼ਿਕਾਇਤਾਂ ਮਿਲੀਆਂ ਹਨ। ਕੌਮੀ ਨਾਗਰਿਕ ਰਜਿਸਟਰ ਅਤੇ ਦਿੱਲੀ ਦੰਗਿਆਂ ਵਿੱਚ ਸ਼ਰ੍ਹੇਆਮ ਮਨੁੱਖੀ, ਨਾਗਰਿਕ ਅਤੇ ਜਮਹੂਰੀ ਹੱਕਾਂ ਦਾ ਉਲੰਘਣ ਹੋਇਆ ਹੈ। ਹਕੂਮਤ ਤੋਂ ਵੱਖਰੇ ਵਿਚਾਰ ਰੱਖਣ ਵਾਲਿਆਂ ਵਿਰੁੱਧ ਕੌਮੀ ਸੁਰੱਖਿਆ ਕਨੂੰਨ ਅਤੇ ਯੂਏਪੀਏ ਅਧੀਨ ਪਰਚੇ ਦਰਜ ਕਰਨ ਦੀਆਂ ਘਟਨਾਵਾਂ ਵਿੱਚ ਮੋਦੀ ਰਾਜ ਵਿੱਚ ਬੇਹੱਦ ਤੇਜ਼ੀ ਆਈ ਹੈ।

2019 ਦੇ ਅਖੀਰ ਵਿੱਚ ਕੌਮੀ ਅਪਰਾਧ ਰਿਕਾਰਡ ਬਿਊਰੋ ਦੀ ਇੱਕ ਰਿਪੋਰਟ ਮੁਤਾਬਕ ਜੇਲ੍ਹਾਂ ਵਿੱਚ ਬੰਦ 4,78,600 ਕੈਦੀਆਂ ਵਿੱਚੋਂ 3,30,487 ਕੈਦੀ ਵਿਚਾਰ ਅਧੀਨ ਜਾਂ ਹਵਾਲਾਤੀ ਹਨ। ਉਨ੍ਹਾਂ ਵਿੱਚੋਂ 74 ਫੀਸਦੀ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਹੋਰ ਪਛੜੀਆਂ ਜਾਤੀਆਂ ਨਾਲ਼ ਸਬੰਧਤ ਹਨ। ਉਨ੍ਹਾਂ ਵਿੱਚ 85,646 ਕੈਦੀ ਲੋੜ ਤੋਂ ਵੱਧ ਕੈਦੀਆਂ ਨਾਲ਼ ਭਰੀਆਂ ਹੋਈਆਂ ਅਤੇ ਸਫਾਈ ਪੱਖੋਂ ਗੰਦੀਆਂ ਜੇਲ੍ਹਾਂ ਵਿੱਚ, ਇੱਕ ਸਾਲ ਤੋਂ ਵੱਧ ਸਮਾਂ ਬਤੀਤ ਕਰ ਚੁੱਕੇ ਹਨ। ਬਹੁਤਿਆਂ ਕੋਲ਼ ਕਨੂੰਨੀ ਲੜਾਈ ਲੜਨ ਜੋਗੇ ਪੈਸੇ ਵੀ ਨਹੀਂ ਹਨ। ਉਹ ਜੇਲ੍ਹ ਦੇ ਤਸੀਹੇ ਝੱਲਣ ਲਈ ਸਰਾਪੇ ਹੋਏ ਹਨ। ਜੂਨ 2019 ਵਿੱਚ ਇੱਕ ਅਸਾਮੀ ਨੌਜਵਾਨ ਰਿਕਸ਼ੇ ਵਾਲ਼ੇ ਅਤੇ ਉਸ ਦੀ ਪਤਨੀ ਨੂੰ 'ਗੈਰ ਕਨੂੰਨੀ ਵਿਦੇਸ਼ੀ' ਹੋਣ ਦੇ ਦੋਸ਼ ਵਿੱਚ ਜੇਲ੍ਹ ਵਿੱਚ ਸੁੱਟ ਦਿੱਤਾ ਜਾਂਦਾ ਹੈ। ਉਹ ਡੇਢ ਸਾਲ ਜੇਲ੍ਹ ਵਿੱਚ ਰਹੇ। ਉਹਨਾਂ ਦੇ 3 ਤੇ 7 ਸਾਲਾਂ ਦੇ ਬੱਚੇ ਵੀ ਜੇਲ੍ਹ 'ਚ ਰੱਖੇ ਗਏ। ਜਦੋਂ ਕਿ ਉਨ੍ਹਾਂ ਦੇ ਨਾਂ 1965 ਦੀ ਵੋਟਰ ਲਿਸਟ ਵਿੱਚ ਦਰਜ ਸਨ, ਕੌਮੀ ਨਾਗਰਿਕ ਰਜਿਸਟਰ ਵਿੱਚ ਵੀ ਨਾਂ ਸ਼ਾਮਲ ਸੀ। ਪਰ ਅਨਪੜ੍ਹ ਹੋਣ ਕਰਕੇ ਉਹ ਜ਼ਰੂਰੀ ਕਾਗਜ਼ ਪੇਸ਼ ਕਰਨ ਵਿੱਚ ਅਸਫਲ ਰਹੇ ਸਨ। ਵਕੀਲ ਕਰਨ ਵਾਸਤੇ ਪੈਸੇ ਵੀ ਨਹੀਂ ਸਨ। ਇਹ ਤਾਂ ਕਿਸੇ ਮਨੁੱਖੀ ਅਧਿਕਾਰ ਕਾਰਕੁੰਨ ਅਤੇ ਵਕੀਲ ਦੀ ਮਦਦ ਨਾਲ਼ ਡੇਢ ਸਾਲ ਬਾਅਦ ਉਨ੍ਹਾਂ ਦਾ ਜੇਲ੍ਹ 'ਚੋਂ ਛੁਟਕਾਰਾ ਸੰਭਵ ਹੋ ਸਕਿਆ। ਤਿੰਨ ਕਸ਼ਮੀਰੀ ਨੌਜਵਾਨ ਅੱਤਵਾਦ ਦੇ ਦੋਸ਼ ਵਿੱਚ 1996 ਵਿੱਚ ਗ੍ਰਿਫਤਾਰ ਕੀਤੇ ਗਏ ਸਨ। ਉਹ 23 ਸਾਲ ਜੇਲ੍ਹ ਵਿੱਚ ਰਹੇ। ਰਾਜਸਥਾਨ ਹਾਈ ਕੋਰਟ ਨੇ 23 ਸਾਲਾਂ ਬਾਅਦ ਫ਼ੈਸਲਾ ਸੁਣਾਇਆ ਕਿ ਤਿੰਨੋਂ ਨੌਜਵਾਨ ਬੇਕਸੂਰ ਹਨ। ਉਹ ਜੇਲ੍ਹ ਵਿੱਚ ਹੀ ਬੁੱਢੇ ਹੋ ਗਏ। ਜੇਲ੍ਹੋਂ ਛੁੱਟ ਕੇ ਆਪਣੇ ਮਰੇ ਮਾਪਿਆਂ ਦੀ ਕਬਰ 'ਤੇ ਭੁੱਬਾਂ ਮਾਰ ਕੇ ਰੋਣ ਵਾਲ਼ੇ ਨੌਜਵਾਨ ਦੇ ਮਨੁੱਖੀ ਹੱਕ ਕਿਸ ਨੇ ਖੋਹ ਲਏ ਹਨ? ਕੀ ਇਸਦਾ ਜ਼ਿੰਮੇਵਾਰ ਵੀ ਭਾਰਤੀ ਨਿਆਂ ਪ੍ਰਬੰਧ ਨੂੰ ਨਹੀਂ ਠਹਿਰਾਇਆ ਜਾਣਾ ਚਾਹੀਦਾ? ਦਰਅਸਲ ਭਾਰਤ ਦਾ ਨਿਆਂ ਪ੍ਰਬੰਧ ਜਾਤ-ਪਾਤੀ ਵਿਤਕਰੇ, ਕੌਮੀ ਤੇ ਧਾਰਮਿਕ ਘੱਟਗਿਣਤੀਆਂ ਪ੍ਰਤੀ ਤੁਅੱਸਬਾਂ ਨਾਲ਼ ਗ੍ਰੱਸਿਆ ਹੋਇਆ ਹੈ, ਜਿਸਦੀਆਂ ਸਮੇਂ ਸਮੇਂ ਉੱਤੇ ਮਿਸਾਲਾਂ ਮਿਲਦੀਆਂ ਰਹਿੰਦੀਆਂ ਹਨ। ਉਪਰੋਕਤ ਵੀ ਇਸੇ ਦੀਆਂ ਕੁੱਝ ਮਿਸਾਲਾਂ ਹਨ।

ਭਾਰਤ ਦਾ ਨਿਆਂਪ੍ਰਬੰਧ ਭਾਰਤ ਦੇ ਸਰਮਾਏਦਾਰਾ ਰਾਜ-ਪ੍ਰਬੰਧ ਦਾ ਹੀ ਇੱਕ ਅੰਗ ਹੈ ਤੇ ਸਰਮਾਏਦਾਰਾ ਢਾਂਚੇ ਦੇ ਸਾਰੇ ਅੰਗਾਂ ਦਾ ਸਰੋਕਾਰ ਕੋਈ ਲੋਕ-ਭਲਾਈ ਨਹੀਂ, ਸਗੋਂ ਲੋਟੂ ਤੇ ਮਨੁੱਖਦੋਖੀ ਢਾਂਚੇ ਦੀ ਲੰਮੀ ਉਮਰ ਤੇ ਸਲਾਮਤੀ ਹੁੰਦਾ ਹੈ। ਸਮਾਂ ਬੀਤਣ ਨਾਲ਼ ਸਰਮਾਏਦਾਰਾ ਰਾਜ-ਪ੍ਰਬੰਧ ਦੇ ਸਾਰੇ ਅੰਗ ਵਿਧਾਨਪਾਲਕਾ, ਕਾਰਜਪਾਲਕਾ, ਪੁਲੀਸ, ਫ਼ੌਜ ਅਤੇ ਜੇਲ੍ਹਾਂ ਆਦਿ ਦਾ ਧਨਾਢਾਂ ਦੇ ਸੇਵਕ ਦੇ ਤੌਰ 'ਤੇ ਖਾਸਾ ਨੰਗਾ ਹੁੰਦਾ ਜਾਂਦਾ ਹੈ। ਪਰ ਨਿਆਂਪਾਲਿਕਾ 'ਤੇ ਭਾਰਤ ਦੇ ਆਮ ਲੋਕਾਂ ਅਤੇ ਖਾਸ ਕਰਕੇ ਮੱਧ ਵਰਗੀ ਬੁੱਧੀਜੀਵੀਆਂ ਦਾ ਭਰੋਸਾ ਕਿਸੇ ਹੱਦ ਤੱਕ ਹਾਲੇ ਵੀ ਕਾਇਮ ਸੀ। ਪਰ ਮੋਦੀ ਰਾਜ ਵਿੱਚ ਇਹ ਭਰੋਸਾ ਵੀ ਡਗਮਗਾ ਗਿਆ ਹੈ।

ਨਿਆਂਪਾਲਿਕਾ ਵਿੱਚ ਸੁਧਾਰਾਂ ਨਾਲ਼ ਵਿਚਾਰ ਅਧੀਨ ਮਾਮਲੇ ਨਿਪਟਾਉਣ ਵਿੱਚ ਤੇਜ਼ੀ ਆ ਸਕਦੀ ਹੈ। ਪਰ ਮੁੱਖ ਗੱਲ ਰਾਜ ਦੇ ਜਮਾਤੀ ਧਿਰ ਦੀ ਹੈ। ਇਹ ਠੀਕ ਹੈ ਕਿ ਇਤਿਹਾਸਕ ਤੌਰ 'ਤੇ ਲੰਬੇ ਮੱਧਯੁਗੀ ਜਗੀਰੂ ਪ੍ਰਬੰਧਾਂ ਦਾ ਭੋਗ ਪਾਕੇ, 'ਸਰਮਾਏਦਾਰਾ ਸਮਾਜਕ-ਆਰਥਿਕ-ਸਿਆਸੀ ਪ੍ਰਬੰਧ' ਅਜਾਦੀ, ਬਰਾਬਰੀ ਅਤੇ ਭਾਈਚਾਰੇ ਦੇ ਨਾਅਰੇ ਹੇਠ ਹੋਂਦ ਵਿੱਚ ਆਏ ਸਨ। ਕਨੂੰਨ ਦੀਆਂ ਨਜ਼ਰਾਂ ਵਿੱਚ ਸਾਰੇ ਮਨੁੱਖਾਂ ਦੀ ਬਰਾਬਰੀ ਦਾ ਦਾਅਵਾ ਵੀ ਕੀਤਾ ਜਾਂਦਾ ਰਿਹਾ ਹੈ। ਪਰ ਜਿਉਂ ਜਿਉਂ ਕਿਰਤੀਆਂ ਅਤੇ ਸਰਮਾਏਦਾਰਾਂ ਵਿਚਲਾ ਘੋਲ਼ ਤਿੱਖਾ ਹੁੰਦਾ ਜਾ ਰਿਹਾ ਹੈ, ਹਾਕਮ ਸਰਮਾਏਦਾਰ ਜਮਾਤਾਂ ਆਪਣੀਆਂ ਹੀ ਬਣਾਈਆਂ ਕਨੂੰਨ ਦੀਆਂ ਕਿਤਾਬਾਂ ਜਾਂ ਸੰਵਿਧਾਨ ਵਿੱਚ ਕੀਤੇ ਗਏ ਵਾਅਦਿਆਂ ਨੂੰ ਪੁਗਾਉਣ ਤੋਂ ਭੱਜਣ ਲੱਗਦੀਆਂ ਹਨ। ਭਾਵੇਂ ਕਿ ਸੰਵਿਧਾਨ ਵਿੱਚ ਮਿਲ਼ੇ ਹੱਕ ਵੀ ਮਜ਼ਦੂਰਾਂ, ਕਿਸਾਨਾਂ ਅਤੇ ਹੋਰ ਕਿਰਤੀ ਤਬਕਿਆਂ ਦੇ ਸੰਘਰਸ਼ਾਂ ਨਾਲ਼ ਬਣੇ ਦਬਾਅ ਦਾ ਹੀ ਨਤੀਜਾ ਹਨ। ਆਮ ਲੋਕਾਂ ਸਾਹਮਣੇ ਨਿਆਂਪਾਲਿਕਾ ਦੀ ਧਿਰ ਵੀ ਦਿਨੋਂ ਦਿਨ ਹੋਰ ਵਧੇਰੇ ਸਪੱਸ਼ਟ ਹੁੰਦੀ ਜਾਂਦੀ ਹੈ। ਇਸਦੇ ਲੋਕਦੋਖੀ ਖਾਸੇ ਨੂੰ ਲੋਕਾਂ ਸਾਹਮਣੇ ਨੰਗਿਆਂ ਕਰਨਾ ਜਨਤਕ ਜਮਹੂਰੀ ਤਾਕਤਾਂ ਦਾ ਫਰਜ ਬਣਦਾ ਹੈ ਅਤੇ ਨਾਲ਼ ਹੀ ਇਸ ਝੂਠੀ ਜਮਹੂਰੀਅਤ, ਜੋ ਅਸਲ ਵਿੱਚ ਕਿਰਤੀਆਂ ਲਈ ਤਾਨਾਸ਼ਾਹੀ ਹੈ, ਦਾ ਭੋਗ ਪਾਕੇ ਬਹੁਗਿਣਤੀ ਲਈ ਜਮਹੂਰੀਅਤ, ਇੱਕ ਸਮਾਜਵਾਦੀ ਜਮਹੂਰੀਅਤ ਦੇ ਪ੍ਰਬੰਧ ਲਈ ਹੰਭਲਾ ਮਾਰਨ ਦੀ ਲੋੜ ਹੈ, ਤਾਂ ਹੀ ਲੋਕਾਂ ਦੇ ਮਨੁੱਖੀ, ਜਮਹੂਰੀ ਅਤੇ ਨਾਗਰਿਕ ਹੱਕਾਂ ਦੀ ਸੱਚੀ ਜਾਮਨੀ ਦਿੱਤੀ ਜਾ ਸਕਦੀ ਹੈ।

# ਜ਼ਿੰਦਗੀ ਜਾਂ ਜ਼ਿੰਦਾਦਿਲੀ

ਕਹਿੰਦੇ ਹਨ ਕਿ ਜ਼ਿੰਦਗੀ ਵਿੱਚ ਆਉਣ ਵਾਲੀ ਹਰ ਔਕੜ ਦਾ ਸਾਹਮਣਾ ਕਰਨ ਵਾਲੇ ਨੂੰ ਮਹਾਨ ਇਨਸਾਨ ਕਿਹਾ ਜਾਂਦਾ ਹੈ। ਹੁੰਦੇ ਤਾਂ ਇਨਸਾਨ ਉਹ ਵੀ ਹਨ ਜੋ ਮੁਸੀਬਤਾਂ ਤੋਂ ਘਬਰਾ ਜਾਂਦੇ ਹਨ ਜਾਂ ਘਬਰਾ ਕੇ ਜ਼ਿੰਦਗੀ ਨੂੰ ਹੀ ਖ਼ਤਮ ਕਰ ਲੈਂਦੇ ਹਨ ਪਰ ਸਿਰਫ਼ ਡਰਪੋਕ ਇਨਸਾਨ ਹੁੰਦੇ ਹਨ। ਫ਼ਰਕ ਕਿੱਥੇ ਹੈ? ਫ਼ਰਕ ਤਾਂ ਸੋਚ 'ਚ ਹੈ। ਸੋਚ ਕੀ ਹੈ? ਸੋਚ ਤਾਂ ਸਾਡੇ ਮਨ ਤੇ ਅਵਚੇਤਨ ਦਿਮਾਗ ਦੇ ਵਿੱਚ ਪਏ ਵਿਚਾਰਾਂ ਨਾਲ ਬਣਦੀ ਹੈ। ਮਨ ਸਾਡੇ ਸਰੀਰ ਦਾ ਕੋਈ ਅੰਗ ਨਹੀਂ ਹੈ। ਮਨ ਨੂੰ ਅਸੀਂ ਤੀਜਾ ਨੇਤਰ ਵੀ ਕਹਿ ਸਕਦੇ ਹਾਂ। ਕਦੇ ਆਪਣੇ ਆਪ ਨੂੰ ਤਣਾਵ ਮੁਕਤ ਕਰਕੇ, ਆਪਣੀਆਂ ਅੱਖਾਂ ਬੰਦ ਕਰਕੇ ਦੇਖੋ, ਮਨ ਦੇ ਸ਼ਾਖ਼ਸ਼ਾਤ ਦਰਸ਼ਨ ਹੋ ਜਾਣਗੇ। ਕਈ ਵਿਚਾਰ ਪ੍ਰਗਟ ਹੋਣਗੇ। ਮਨ ਤੁਹਾਨੂੰ ਬੰਦ ਅੱਖਾਂ ਨਾਲ ਉਹ ਨਜ਼ਾਰੇ ਦਿਖਾ ਸਕਦਾ ਹੈ, ਉੱਥੇ ਲਿਜਾ ਸਕਦਾ ਹੈ, ਜਿੱਥੇ ਭਾਵੇਂ ਅਸੀਂ ਨਾ ਪਹੁੰਚ ਸਕਦੇ ਹੋਈਏ, ਇੱਥੋਂ ਹੀ ਸਾਡੀ ਸੋਚ ਜਨਮ ਲੈਂਦੀ ਹੈ। ਹਰ ਕੋਈ ਆਪਣੀ ਜ਼ਿੰਦਗੀ ਨੂੰ ਆਪਣੇ ਢੰਗ ਨਾਲ ਚਲਾਉਣ ਦੀ ਕੋਸ਼ਿਸ਼ ਕਰਦਾ ਹੈ। ਪਰ ਵਕਤ ਆਪਣੀ ਮਰਜ਼ੀ ਨਾਲ ਚਲਾਉਂਦਾ ਹੈ ਕਿਉਂਕਿ ਇਹ ਸਾਡੀ ਸੋਚ ਨਾਲੋਂ ਜ਼ਿਆਦਾ ਬਲਵਾਨ ਹੈ। ਠੀਕ ਹੈ ਸ੍ਰਿਸ਼ਟੀ ਦਾ ਨਿਯਮ ਕੋਈ ਨਹੀਂ ਬਦਲ ਸਕਦਾ। ਵਕਤ ਨੂੰ ਪੁੱਠਾ ਚੱਲਣ ਤੇ ਕੋਈ ਮਜ਼ਬੂਰ ਨਹੀਂ ਕਰ ਸਕਦਾ। ਪਰ ਆਪਣੀ ਸੋਚ ਨੂੰ ਵਕਤ ਦੇ ਮੁਕਾਬਲੇ ਬਲਵਾਨ ਤਾਂ ਕੀਤਾ ਜਾ ਸਕਦਾ ਹੈ। ਅੱਖਾਂ ਬੰਦ ਕਰਕੇ ਅਸੀਂ ਸਿਰਫ਼ ਮਨ ਦੀ ਸੁਣਦੇ ਹਾਂ, ਵਿਚਾਰਧਾਰਾ ਪ੍ਰਬਲ ਹੁੰਦੀ ਹੈ। ਜ਼ਿੰਦਗੀ ਇੰਨੀ ਅਸਾਨ ਨਹੀਂ ਹੈ ਕਿ ਇੱਥੇ ਜਨਮ ਲਿਆ, ਖਾਧਾ-ਪੀਤਾ ਤੇ ਤੁਰ ਗਏ। ਜ਼ਿੰਦਗੀ ਤਾਂ ਜ਼ਿੰਦਾਦਿਲੀ ਦੇ ਨਾਲ ਜੀਣ ਦਾ ਨਾਮ ਹੈ। ਸੋਚ ਦੇ ਪ੍ਰਬਲ ਹੋਣ ਦੇ ਨਾਲ ਜ਼ਿੰਦਾਦਿਲੀ ਦਾ ਹੋਣਾ ਬਹੁਤ ਜ਼ਰੂਰੀ ਹੈ। ਮਨ, ਇੱਛਾਵਾਂ, ਖ਼ਾਹਿਸ਼ਾਂ ਨੂੰ ਜ਼ਿੰਦਾ ਰੱਖਣਾ ਤੇ ਆਪਣੀ ਹਰ ਆਉਣ ਵਾਲੀ ਮੁਸੀਬਤ ਲਈ ਤਿਆਰ ਹਰ ਪਲ ਰਹਿਣਾ। ਜ਼ਿੰਦਗੀ ਤੇ ਵਕਤ ਕਈ ਵਾਰੀ ਇਹੋ ਜਿਹੇ ਰਾਹ ਵੀ ਦਿਖਾਉਂਦੇ ਹਨ, ਜਿਨ੍ਹਾਂ ਤੇ ਸਿਰਫ਼ ਤੇ ਸਿਰਫ਼ ਕੰਡੇ ਹੀ ਨਸੀਬ ਹੁੰਦੇ ਹਨ। ਇਨਸਾਨ ਫੁੱਲਾਂ ਦੀ ਖ਼ੁਸ਼ਬੋ ਲਈ ਵੀ ਤਰਸ ਜਾਂਦਾ ਹੈ, ਪਰ ਫਿਰ ਵੀ ਉਸ ਨੂੰ ਨਸੀਬ ਨਹੀਂ ਹੁੰਦੀ। ਇਨਸਾਨੀਅਤ ਦੀ ਰਾਹ 'ਤੇ ਚੱਲਣ ਵਾਲੇ ਇਨਸਾਨ ਜ਼ਿੰਦਗੀ ਦੀਆਂ ਰਮਜ਼ਾਂ ਖ਼ੂਬ ਪਛਾਣਦੇ ਹਨ ਤੇ ਕਈ ਮਰੀਆਂ ਜ਼ਿੰਦਗੀਆਂ ਨੂੰ ਹਲੂਣਾ ਦੇ ਜਾਂਦੇ ਹਨ। ਸੋਚ ਤੇ ਵਿਚਾਰਾਂ ਦੀ ਪਰਿਪੱਕਤਾ ਹੀ ਜ਼ਿੰਦਗੀ ਨੂੰ ਕਾਮਯਾਬ ਬਣਾ ਸਕਦੀ ਹੈ। ਇਨ੍ਹਾਂ ਦੀ ਪਰਿਪੱਕਤਾ ਲਈ, ਪਕਿਆਈ ਲਈ ਮਨ ਦਾ ਸ਼ਾਂਤ ਤੇ ਸੁਘੜ ਹੋਣਾ ਬਹੁਤ ਜ਼ਰੂਰੀ ਹੈ, ਪਰ ਜੇ ਮਨ ਅਸ਼ਾਂਤ ਹੈ ਤਾਂ ਬਣੀ ਬਣਾਈ ਜ਼ਿੰਦਗੀ ਵੀ ਰਾਖ ਲੱਗਣ ਲੱਗ ਪਵੇਗੀ। ਜ਼ਿੰਦਗੀ ਦੇ ਅਸਲ ਮਾਇਨੇ ਸਮਝਣ ਲਈ ਪੂਰੀ ਜ਼ਿੰਦਗੀ ਵੀ ਥੋੜ੍ਹੀ ਹੈ। ਜ਼ਿੰਦਗੀ ਕੀ ਹੈ? ਪੂਰੀ ਦੁਨੀਆਂ ਦੇ ਇਨਸਾਨਾਂ ਨੂੰ ਪੁੱਛ ਕੇ ਦੇਖ ਲਓ ਸਾਰੇ ਜ਼ਿੰਦਗੀ ਦੀ ਪਰਿਭਾਸ਼ਾ ਅਲੱਗ ਹੀ ਦੇਣਗੇ ਤਾਂ ਵੀ ਜ਼ਿੰਦਗੀ ਖ਼ਤਮ ਨਹੀਂ ਹੋਵੇਗੀ। ਸੋਚ ਦੀ ਪਕਿਆਈ ਲਈ ਜ਼ਰੂਰਤ ਹੈ ਕਿ ਅਸੀਂ ਹਰ ਵਕਤ, ਹਰ ਪਲ ਵਿਦਿਆਰਥੀ ਬਣੇ ਰਹੀਏ ਭਾਵ ਸੋਚ ਦੇ ਦਾਇਰੇ ਨੂੰ ਵੱਡਾ ਕਰਨ ਲਈ ਸਾਨੂੰ ਆਪਣੀਆਂ, ਆਪਣੇ ਦਿਮਾਗ ਦੀਆਂ, ਆਪਣੇ ਮਨ ਦੀਆਂ ਖਿੜਕੀਆਂ ਖੁੱਲ੍ਹੀਆਂ ਰੱਖਣੀਆਂ ਪੈਣਗੀਆਂ ਨਾ ਕਿ ਦਰਵਾਜ਼ੇ। ਕਿਉਂਕਿ ਜੇ ਦਰਵਾਜ਼ੇ ਖੁੱਲ੍ਹੇ ਰੱਖਾਂਗੇ ਤਾਂ ਚੋਰ, ਤੂਫ਼ਾਨ, ਮੀਂਹ, ਹਨੇਰੀ ਆਦਿ ਦਾ ਦਾਖ਼ਿਲਾ ਹੋਵੇਗਾ। ਪਰ ਜੇ ਖਿੜਕੀਆਂ ਖੋਲ੍ਹਾਂਗੇ ਤਾਜ਼ੀ ਹਵਾ, ਰੁਮਕਦੀ ਖ਼ੁਸ਼ਬੂ ਤੇ ਅਨੋਖੇ ਅਹਿਸਾਸਾਂ ਦਾ ਹੀ ਦਾਖ਼ਿਲਾ ਹੋਵੇਗਾ। ਹੁਣ ਇਹ ਅਸੀਂ ਸੋਚਣਾ ਹੈ ਕਿ ਖਿੜਕੀਆਂ ਖੋਲ੍ਹਣ ਨਾਲ ਜ਼ਿਆਦਾ ਜ਼ਿੰਦਗੀ ਦਾ ਵਧੀਆ ਅਹਿਸਾਸ ਹੁੰਦਾ ਹੈ ਜ ਦਰਵਾਜ਼ੇ ਖੋਲ੍ਹਣ ਨਾਲ। ਨਹੀਂ ਯਕੀਨ ਹੁੰਦਾ ਤਾਂ ਅਜ਼ਮਾ ਕੇ ਦੇਖ ਲਉ। ਆਪਣੇ ਘਰ ਦੀਆਂ ਵਾਰੋ-ਵਾਰੀ ਖਿੜਕੀਆਂ ਤੇ ਦਰਵਾਜ਼ੇ ਦੋਨੋਂ ਖੋਲ੍ਹ ਕੇ ਦੇਖ ਲਉ। ਜ਼ਿੰਦਗੀ ਦੀ ਅਟੱਲ ਸੱਚਾਈ ਨਾਲ ਸਾਹਮਣਾ ਹੋ ਜਾਵੇਗਾ। ਜ਼ਿੰਦਗੀ ਦਾ ਪ੍ਰਤੱਖ ਰੂਪ ਦੇਖਣਾ ਹੈ ਤਾਂ ਸ਼ੀਸ਼ੇ ਦੇ ਦੋਨੋਂ ਪਾਸੇ ਦੇਖ ਲਉ। ਅਹਿਸਾਸ ਹੋ ਜਾਵੇਗਾ ਕਿ ਜ਼ਿੰਦਗੀ ਕੀ ਹੈ? ਸੱਚਾਈ ਕੀ ਹੈ? ਜ਼ਿੰਦਗੀ ਦੇ ਹਰੇਕ ਭਾਵ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਸਾਡੇ ਆਲੇ-ਦੁਆਲੇ ਪਈ ਹਰੇਕ ਚੀਜ਼ ਭਾਵੇਂ ਉ ਹਮਿੱਟੀ ਦਾ ਕਣ ਕਿਉਂ ਨਾ ਹੋਵੇ, ਭਾਵੇਂ ਉਹ ਨਿਰਜੀਵ ਕਿਉਂ ਨਾ ਹੋਵੇ, ਜ਼ਿੰਦਗੀ ਤੇ ਜ਼ਿੰਦਾਦਿਲੀ ਦੋਨਾਂ ਦਾ ਅਹਿਸਾਸ ਜ਼ਰੂਰ ਕਰਾਏਗੀ। ਬਹੁਤ ਵਾਰੀ ਅਸੀਂ ਸਾਰਿਆਂ ਨੇ ਦੇਖਿਆ ਹੋਵੇਗਾ ਪਰ ਮਹਿਸੂਸ ਕਦੇ ਨਹੀਂ ਕੀਤਾ ਹੋਣਾ ਕਿ ਇੱਕ ਪੰਛੀ ਦਰਖ਼ਤ ਦੀ ਇੱਕ ਟਹਿਣੀ 'ਤੇ ਬੈਠਾ ਹੁੰਦਾ ਹੈ ਤੇ ਜਿੰਨੀ ਦੇਰ ਉਹ ਬੈਠਾ ਹੁੰਦਾ ਹੈ ਉਹ ਆਪਣੇ ਆਲੇ-ਦੁਆਲੇ ਹਰ ਵੇਲੇ ਕੁੱਝ ਨਾ ਕੁੱਝ ਭਾਲ ਕਰਦਾ ਰਹਿੰਦਾ ਹੈ, ਦੇਖਦਾ ਰਹਿੰਦਾ ਹੈ ਕਿ ਕਿਤੇ ਕੁੱਝ ਉਸ ਨੂੰ ਦਿਸ ਪਵੇ ਤੇ ਜਦੋਂ ਉਹ ਉੱਡਦਾ ਹੈ, ਉਸ ਦੇ ਉੱਡਣ ਤੋਂ ਠੀਕ ਬਾਅਦ ਉਹ ਟਹਿਣੀ ਜਿਸ 'ਤੇ ਉਹ ਬੈਠਾ ਸੀ, ਕਿੰਨਾ ਚਿਰ ਉਹ ਹਿੱਲਦੀ ਰਹਿੰਦੀ ਹੈ। ਉਸ ਦੇ ਹਿੱਲਣ ਨਾਲ ਮਨ ਅੰਦਰ ਇੱਕ ਅਜੀਬ ਅਹਿਸਾਸ ਜਾਗ ਉੱਠਦਾ ਹੈ ਜ਼ਿੰਦਾ ਹੋਣ ਦਾ। ਇਸ ਅਹਿਸਾਸ ਨੂੰ ਪ੍ਰੋ: ਡਾ: ਆਤਮਾ ਸਿੰਘ (ਗਿੱਲ) ਜੀ ਨੇ ਆਪਣੇ ਸ਼ੇਅਰ ਵਿੱਚ ਖ਼ੂਬ ਮਹਿਸੂਸ ਕੀਤਾ ਹੈ ਕਿ:-

ਆਖ਼ਿਰ ਕੀ ਰਿਸ਼ਤਾ ਸੀ
ਟਹਿਣੀ ਦਾ ਪੰਛੀ ਦੇ ਨਾਲਸ਼
ਉਸ ਦੇ ਉੱਡਣ ਤੋਂ ਬਾਅਦ
ਕਿੰਨਾ ਚਿਰ ਕੰਬਦੀ ਰਹੀ।

ਦੇਖੋ ਅਹਿਸਾਸ ਕਰਨ ਦੀ ਗੱਲ ਹੈ। ਅਹਿਸਾਸ ਤੇ ਮਹਿਸੂਸ ਜ਼ਿੰਦਗੀ ਦੇ ਹੀ ਦੋ ਰੂਪ ਹਨ ਜੋ ਇਨ੍ਹਾਂ ਰੂਪਾਂ ਨੂੰ ਸਮਝ ਲੈਂਦਾ ਹੈ, ਜ਼ਿੰਦਗੀ ਦੇ ਮਾਇਨੇ ਬਦਲ ਦਿੰਦਾ ਹੈ। ਇੱਕ ਵਾਰੀ ਅਹਿਸਾਸ ਕਰਕੇ ਤਾਂ ਦੇਖੋ, ਇੱਕ ਵਾਰੀ ਮਹਿਸੂਸ ਕਰਕੇ ਤਾਂ ਦੇਖੋ, ਸੋਚ ਦੇ ਕਿਨਾਰੇ ਬਦਲ ਜਾਣਗੇ। ਰਾਹਾਂ ਦੀਆਂ ਦਿਸ਼ਾਵਾਂ ਬਦਲ ਜਾਣਗੀਆਂ। ਜ਼ਿੰਦਗੀ ਭਾਰੀ ਤੋਂ ਹਲਕੀ ਨਹੀਂ ਵਧੀਆ ਖ਼ੁਸ਼ਬੋ ਦੇਣ ਵਾਲੇ ਫੁੱਲ ਨਾਲੋਂ ਵੀ ਜ਼ਿਆਦਾ ਖਿੜੀ ਲੱਗਣ ਲੱਗ ਪਵੇਗੀ। ਜ਼ਿੰਦਗੀ ਤੇ ਆਏ ਹਾਂ ਤਾਂ ਕੁੱਝ ਕਰਨ ਲਈ ਵਰਨਾ ਮਰੂ-ਮਰੂ ਕਰਕੇ ਜੀਣ ਵਾਲਿਆਂ ਨੇ ਵੀ ਚਲੇ ਹੀ ਜਾਣਾ ਹੈ। ਗੁਜ਼ਾਰਿਸ਼ ਨਹੀਂ ਇੱਕ ਅਹਿਸਾਸ ਦੇ ਰਹੀ ਹਾਂ ਕਿ ਜ਼ਿੰਦਗੀ ਤੇ ਸੋਚ ਵਿੱਚ ਮਨ ਦੀ ਮਿਠਾਸਤਾ ਨੂੰ ਮਿਲਾ ਲਉ, ਥੋੜ੍ਹਾ ਰਾੜ੍ਹ ਲਉ ਤੇ ਫਿਰ ਕੋਸਾ ਖਾਉ, ਅਨੰਦ ਹੀ ਮਿਲੇਗਾ।

- ਆਤਮਜੀਤ ਕੌਰ

# ਅਰਥਚਾਰੇ ਵਿੱਚ ਮੁੜ-ਉਭਾਰ ਕਿਸ ਤਬਕੇ ਦਾ ਉਭਾਰ ਤੇ ਕਿਸ ਦਾ ਨਿਘਾਰ ?


**ਮਾਨਵ**

ਪਿਛਲੇ ਦਿਨੀਂ ਭਾਰਤੀ ਰਿਜ਼ਰਵ ਬੈਂਕ ਨੇ ਅਕਤੂਬਰ ਮਹੀਨੇ ਦਾ ਬੁਲੇਟਿਨ ਜਾਰੀ ਕੀਤਾ ਜਿਸ ਵਿੱਚ ਭਾਰਤ ਦੇ ਅਰਥਚਾਰੇ ਦੇ ਤਾਜ਼ਾ ਹਲਾਤ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਰਿਜ਼ਰਵ ਬੈਂਕ ਨੇ ਕੌਮਾਂਤਰੀ ਮੁਦਰਾ ਕੋਸ਼ ਦੇ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਦਾਅਵਾ ਕੀਤਾ ਕਿ ਅਰਥਚਾਰਾ ਹੁਣ ਕਰੋਨਾ ਲੌਕਡਾਊਨ ਦੇ ਹੋਏ ਨੁਕਸਾਨ ਤੋਂ ਉੱਭਰ ਚੁੱਕਾ ਹੈ ਤੇ ਆਸ ਹੈ ਕਿ ਅਗਲੇ ਸਾਲ ਦੇ ਅੰਤ ਤੱਕ ਭਾਰਤ ਦੀ ਆਰਥਿਕ ਵਾਧਾ ਦਰ ਸੰਸਾਰ ਔਸਤ ਤੋਂ ਅੱਗੇ ਨਿਕਲ ਜਾਵੇਗੀ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਇੱਕ ਅਖ਼ਬਾਰ ਨਾਲ਼ ਮੁਲਾਕਾਤ ਵਿੱਚ ਕਿਹਾ, "ਮੈਨੂੰ ਖੁਸ਼ੀ ਹੈ ਕਿ ਅਰਥਚਾਰਾ ਸਿਹਤਮੰਦ ਹੋ ਰਿਹਾ ਹੈ; ਇਸ ਘੜੀ ਸਾਨੂੰ ਸਾਰੇ ਖੇਤਰਾਂ ਵਿੱਚੋਂ ਬਹੁਤ ਸਕਾਰਤਮਕ ਸੰਕੇਤਾਂ ਦੀ ਜ਼ਰੂਰਤ ਹੈ।" ਵਿੱਤ ਮੰਤਰੀ ਦੇ ਬਿਆਨ ਦੀ ਹਮਾਇਤ ਕਰਦੇ ਕਈ ਅਜਿਹੇ ਅੰਕੜੇ ਵੀ ਸਾਹਮਣੇ ਆਏ ਹਨ ਜਿਹਨਾਂ ਨੂੰ ਦੇਖਣ ਤੋਂ ਲੱਗ ਸਕਦਾ ਹੈ ਕਿ ਭਾਰਤ ਦਾ ਅਰਥਚਾਰਾ ਮੁੜ ਲੀਹ 'ਤੇ ਆ ਰਿਹਾ ਹੈ। ਪਰ ਕੀ ਵਾਕਈ ਕੋਈ ਟਿਕਾਊ ਮੁੜ-ਉਭਾਰ ਛੇਤੀ ਹੋਣ ਜਾ ਰਿਹਾ ਹੈ? ਜਾਂ ਕਿ ਅਰਥਚਾਰੇ ਦੇ ਸਿਰਫ ਇੱਕ ਹਿੱਸੇ ਦਾ ਅਮੀਰ ਹਿੱਸੇ ਦਾ ਹੀ ਉਭਾਰ ਹੋ ਰਿਹਾ ਹੈ?

ਵਿੱਤ ਮੰਤਰੀ ਵੱਲੋਂ ਕਾਹਲੀ ਵਿੱਚ ਅਜਿਹੇ ਸਾਜ਼ਗਾਰ ਬਿਆਨ ਦੇਣ ਪਿੱਛੇ ਜ਼ਾਹਰ ਹੈ ਮਜਬੂਰੀਆਂ ਵੀ ਹੋ ਸਕਦੀਆਂ ਨੇ ਕਿਉਂਕਿ ਅਗਲਾ ਸਾਲ ਕਈ ਸੂਬਿਆਂ ਵਿੱਚ ਵਿਧਾਨ ਸਭਾ ਚੋਣਾਂ ਦਾ ਸਾਲ ਹੈ ਤੇ ਇਸ ਲਈ ਸਰਕਾਰ ਨੂੰ ਕਾਹਲੀ ਹੈ ਕਿ ਖੁਦ ਨੂੰ ਜੇਤੂ ਸਾਬਤ ਕਰਕੇ ਲੋਕਾਂ ਅੱਗੇ ਪੇਸ਼ ਕਰ ਸਕੇ। ਤਸਵੀਰ ਦਾ ਇੱਕ ਪਾਸਾ ਆਓ ਪਹਿਲਾਂ ਉਹਨਾਂ ਕੁੱਝ ਅੰਕੜਿਆਂ 'ਤੇ ਨਜ਼ਰ ਮਾਰਦੇ ਹਾਂ ਜਿਹਨਾਂ ਦੀ ਬੁਨਿਆਦ 'ਤੇ ਆਰਥਿਕ ਤੇਜੀ ਦੇ ਦਾਅਵੇ ਕੀਤੇ ਜਾ ਰਹੇ ਨੇ। 29 ਅਕਤੂਬਰ ਨੂੰ ਜਾਰੀ ਕੀਤੀ ਆਪਣੀ ਰਿਪੋਰਟ ਵਿੱਚ ਸਰਕਾਰ ਨੇ ਕਿਹਾ ਕਿ ਸਤੰਬਰ ਮਹੀਨੇ ਵਿੱਚ ਕਰਾਂ ਤੋਂ ਹੋਣ ਵਾਲ਼ੀ ਆਮਦਨ ਪਿਛਲੇ ਸਾਲ ਦੇ ਸਤੰਬਰ ਮਹੀਨੇ ਮੁਕਾਬਲੇ 50% ਵਧ ਗਈ ਹੈ। ਇਸ ਵਿੱਤੀ ਸਾਲ ਵਿੱਚ ਸਰਕਾਰ ਨੇ ਸਿਤੰਬਰ ਤੱਕ 6.46 ਲੱਖ ਕਰੋੜ ਰੁਪਏ ਇਕੱਠੇ ਕੀਤੇ ਨੇ ਜਿਹੜੇ ਕਿ 2019 ਦੇ ਮੁਕਾਬਲੇ 16.8% ਜ਼ਿਆਦਾ ਹਨ। ਇਹ ਆਸ ਜਤਾਈ ਗਈ ਹੈ ਕਿ ਇਹ ਆਮਦਨ ਵਿੱਤੀ ਸਾਲ 2022 ਦੇ ਅਨੁਮਾਨਾਂ ਤੋਂ ਘੱਟੋ-ਘੱਟ 2 ਲੱਖ ਕਰੋੜ ਉੱਪਰ ਜਾਵੇਗੀ। ਜੇ ਬਰਾਮਦਾਂ ਉੱਪਰ ਨਿਗਾਹ ਮਾਰੀਏ ਤਾਂ ਅਕਤੂਬਰ 2021 ਵਿੱਚ ਅਕਤੂਬਰ 2020 ਦੇ ਮੁਕਾਬਲੇ 42% ਦਾ ਵਾਧਾ ਹੋਇਆ। ਭਾਰਤ ਦੇ ਸਨਅਤੀ ਖੇਤਰ ਵਿੱਚ ਅਕਤੂਬਰ ਮਹੀਨੇ ਹੋਰ ਸੁਧਾਰ ਹੋਣ ਦੀਆਂ ਖਬਰਾਂ ਨੇ। ਇਸ ਦੇ ਪੀਐੱਮਆਈ ਸੂਚਕ ਅਕਤੂਬਰ ਵਿੱਚ ਵਧਕੇ 55.9 ਹੋ ਗਿਆ। ਇਹ ਸੂਚਕ ਸਨਅਤ ਵਿੱਚ ਪੈਦਾਵਾਰ ਦਾ ਇਜ਼ਹਾਰ ਕਰਦਾ ਹੈ। ਜੇ ਅੰਕੜਾ 50 ਤੋਂ ਉੱਪਰ ਹੋਵੇ ਤਾਂ ਪੈਦਾਵਾਰ ਵਧਣ ਦਾ ਸੂਚਕ ਹੁੰਦਾ ਹੈ ਤੇ ਜੇ 50 ਤੋਂ ਹੇਠਾਂ ਹੋਵੇ ਤਾਂ ਸੁੰਗੜਨ ਦਾ। ਟਰੈਕਟਰਾਂ ਦੀ ਘਰੇਲੂ ਵਿਕਰੀ 2019 ਦੇ ਅਪ੍ਰੈਲ-ਸਿਤੰਬਰ ਮੁਕਾਬਲੇ 2021 ਦੇ ਅਪ੍ਰੈਲ-ਸਿਤੰਬਰ ਮਹੀਨੇ ਵਿੱਚ 23% ਵਧਕੇ 4.4 ਲੱਖ ਹੋ ਗਈ ਹੈ। ਇਸੇ ਤਰ੍ਹਾਂ ਏਸੀਆਂ, ਫਰਿੱਜਾਂ ਆਦਿ ਦੀ ਵਿਕਰੀ ਵੀ ਲਗਾਤਾਰ ਵਧੀ ਹੈ। ਪਰ ਅਮੀਰਾਂ ਨੂੰ ਤੇ ਬੁਰਜੂਆ ਪੜਚੋਲੀਆਂ ਨੂੰ ਸਭ ਤੋਂ ਵੱਧ ਉਤਸ਼ਾਹ ਦੇਣ ਵਾਲ਼ੀ ਖਬਰ ਸ਼ੇਅਰ ਬਜ਼ਾਰ ਦਾ ਪਿਛਲੇ ਡੇਢ ਸਾਲ ਦੌਰਾਨ ਲਗਾਤਾਰ ਵਧਦੇ ਜਾਣਾ ਹੈ। ਇਸ ਵਿੱਚ ਨਿਵੇਸ਼ ਕਰਨ ਵਾਲ਼ੀ ਖਾਂਦੀ-ਪੀਂਦੀ ਜਮਾਤ ਆਪਣੇ ਨਿਵੇਸ਼ 'ਤੇ ਹੁੰਦੇ ਨਫ਼ੇ ਨੂੰ ਦੇਖਕੇ ਬਾਗੋਬਾਗ ਹੈ।

ਇਹਨਾਂ ਸਾਰੇ ਸੰਕੇਤਾਂ ਤੋਂ ਕਿਸੇ ਨੂੰ ਵੀ ਲੱਗ ਸਕਦਾ ਹੈ ਕਿ ਭਾਰਤ ਦੇ ਅਰਥਚਾਰੇ ਲਈ ਨਵਾਂ ਸਾਲ ਬੰਪਰ ਸਾਲ ਹੋਣ ਵਾਲ਼ਾ ਹੈ। ਪਰ ਇਹ ਤਸਵੀਰ ਦਾ ਸਿਰਫ ਇੱਕ ਪਾਸਾ ਹੈ।

**ਦੂਜਾ ਪਾਸਾ :** ਭਾਵੇਂ ਸਮਾਜ ਦਾ ਇੱਕ ਹਿੱਸਾ ਕਰੋਨਾ ਦੌਰਾਨ ਵੀ ਤੇ ਉਸ ਤੋਂ ਬਾਅਦ ਵੀ ਲਗਾਤਾਰ ਖੁਸ਼ਹਾਲ ਹੋਇਆ ਹੈ ਪਰ ਇਸ ਦਾ ਵੱਡਾ ਹਿੱਸਾ, ਕਿਰਤੀ ਤਬਕੇ ਦਾ ਹਿੱਸਾ, ਇਸ "ਵਾਧੇ" ਤੇ "ਵਿਕਾਸ" ਵਿੱਚੋਂ ਮਨਫ਼ੀ ਹੈ। ਇਸ ਹਿੱਸੇ ਦੀ ਹਾਲਤ ਨੂੰ ਸਮਝਣ ਲਈ ਅਸੀਂ



ਗੈਰਰਸਮੀ ਤੇ ਰਸਮੀ ਦੋਹਾਂ ਖੇਤਰਾਂ ਦੇ ਅੰਕੜਿਆਂ ਨੂੰ ਦੇਖਦੇ ਹਾਂ। ਪਿਛਲੇ ਦਿਨੀਂ ਨਰੇਗਾ ਕੰਮਾਂ ਦੇ ਅੰਕੜੇ ਸਾਹਮਣੇ ਆਏ। ਜੁਲਾਈ-ਸਤੰਬਰ 2021 ਵਿੱਚ ਨਰੇਗਾ ਦੇ ਕੰਮ ਦੀ ਮੰਗ ਕਰਨ ਵਾਲ਼ੇ ਕਾਮਿਆਂ ਦੀ ਗਿਣਤੀ 2020 ਦੇ ਜੁਲਾਈ-ਸਤੰਬਰ ਮਹੀਨੇ ਜਿੰਨੀ ਹੀ ਸੀ ਤੇ 2019 ਮੁਕਾਬਲੇ ਕਾਫੀ ਵੱਧ ਸੀ। ਇਸ ਦਾ ਮਤਲਬ ਹੈ ਕਿ ਪਿਛਲੇ ਸਾਲ ਜਦ ਸ਼ਹਿਰਾਂ ਵਿੱਚ ਲੌਕਡਾਊਨ ਲੱਗਣ ਕਾਰਨ ਕਰੋੜਾਂ ਕਿਰਤੀ ਲੋਕ ਆਪਣੇ ਪਿੰਡਾਂ ਨੂੰ ਵਾਪਸ ਗਏ ਤਾਂ ਓਥੇ ਨਰੇਗਾ ਤਹਿਤ ਜੋ ਵੀ ਮਾੜਾ-ਮੋਟਾ ਕੰਮ ਮਿਲ਼ ਰਿਹਾ ਸੀ ਉਹ ਕਰਨ ਲੱਗੇ। ਜੇ ਹੁਣ 2021 ਵਿੱਚ ਵੀ ਨਰੇਗਾ ਕੰਮ ਭਾਲਦੇ ਕਾਮਿਆਂ ਦੀ ਗਿਣਤੀ ਲੌਕਡਾਊਨ ਦੇ ਸਾਲ ਜਿੰਨੀ ਹੀ ਹੈ ਤਾਂ ਇਸ ਦਾ ਮਤਲਬ ਇਹੀ ਹੈ ਕਿ ਇਹ ਕਾਮੇ ਸ਼ਹਿਰਾਂ ਦੇ ਕੰਮ ਵੱਲ ਅਜੇ ਖਿੱਚੇ ਨਹੀਂ ਗਏ। ਭਾਵੇਂ ਸ਼ਹਿਰਾਂ ਵਿੱਚ ਮਜ਼ਦੂਰਾਂ ਦੀ ਵਾਪਸੀ ਹੋ ਰਹੀ ਹੈ ਪਰ ਘਿਸ-ਘਿਸਕੇ ਅਗਾਂਹ ਵਧ ਰਹੀ ਸਨਅਤ ਅਜੇ ਐਨੀ ਵੱਡੀ ਪੱਧਰ 'ਤੇ ਕਾਮਿਆਂ ਨੂੰ ਰੁਜ਼ਗਾਰ ਦੇਣ ਦੇ ਸਮਰੱਥ ਨਹੀਂ। ਜਿਹੜੇ ਕਾਰਖਾਨਿਆਂ ਵਿੱਚ ਉਹ ਪਹਿਲਾਂ ਕੰਮ ਕਰਦੇ ਸਨ ਉਹ ਜਾਂ ਤਾਂ ਬੰਦ ਹੋ ਗਏ ਜਾਂ ਉਹਨਾਂ ਨੇ ਕਾਮਿਆਂ ਦੀ ਗਿਣਤੀ ਘਟਾ ਦਿੱਤੀ।

ਇੱਕ ਮਿਸਾਲ ਲਵੋ ਭਾਰਤ ਦੀ ਕੌਮੀ ਰੈਸਤਰਾਂ ਐਸੋਸੀਏਸ਼ਨ ਦੇ ਤਾਜ਼ਾ ਸਰਵੇਖਣ ਮੁਤਾਬਕ ਭਾਰਤ ਭਰ ਵਿੱਚ 25% ਤੋਂ ਵੱਧ ਰੈਸਤਰਾਂ ਪਿਛਲੇ ਇੱਕ ਸਾਲ ਵਿੱਚ ਹੀ ਬੰਦ ਹੋ ਚੁੱਕੇ ਹਨ। ਇਹਨਾਂ ਵਿੱਚ ਕੰਮ ਕਰਦੇ 2.3 ਲੱਖ ਕਾਮਿਆਂ ਦਾ ਰੁਜ਼ਗਾਰ ਪ੍ਰਭਾਵਿਤ ਹੋਇਆ ਹੈ। ਇਸੇ ਤਰ੍ਹਾਂ ਟਰੱਕਾਂ ਤੇ ਢੋਆ-ਢੁਆਈ ਵਿੱਚ ਵੀ ਵੱਡੀ ਪੱਧਰ 'ਤੇ ਛਾਂਟੀ ਹੋਈ ਹੈ।

ਇਸ ਛਾਂਟੀ ਦੀ ਪ੍ਰਤੱਖ ਮਿਸਾਲ ਹੈ ਕਿਰਤੀਆਂ ਦੀ ਹਿੱਸੇਦਾਰੀ ਦਾ ਅੰਕੜਾ। ਅਦਾਰੇ ਸੀਐੱਮਆਈਈ ਵੱਲੋਂ ਜਾਰੀ ਕੀਤਾ ਜਾਂਦਾ ਇਹ ਅੰਕੜਾ 15 ਸਾਲਾਂ ਤੋਂ ਉੱਪਰ ਦੀ ਭਾਰਤ ਦੀ ਕੁੱਲ ਵਸੋਂ ਵਿੱਚ ਮਜ਼ਦੂਰਾਂ ਦੇ ਹਿੱਸੇ ਨੂੰ ਮਾਪਦਾ ਹੈ। ਸਤੰਬਰ ਮਹੀਨੇ ਇਹ ਦਰ ਸ਼ਹਿਰੀ ਖੇਤਰ ਲਈ 37.88% ਸੀ ਜਦਕਿ ਫਰਵਰੀ 2020 ਵਿੱਚ, ਜਾਣੀ ਲੌਕਡਾਊਨ ਤੋਂ ਪਹਿਲਾਂ ਇਹ 40.48% ਸੀ। ਪੇਂਡੂ ਖੇਤਰ ਲਈ ਇਹ ਅੰਕੜਾ ਫਰਵਰੀ 2020 ਵਿੱਚ 43.67% ਤੇ ਹੁਣ ਸਤੰਬਰ ਵਿੱਚ 42.08% ਸੀ। ਇਸ ਦਾ ਸਿੱਧਾ ਮਤਲਬ ਇਹ ਹੈ ਕਿ ਮਜ਼ਦੂਰਾਂ ਦਾ ਖਾਸਾ ਵੱਡਾ ਹਿੱਸਾ ਨੌਕਰੀ ਦੀ ਭਾਲ ਕਰਨੋਂ ਹਟ ਗਿਆ ਹੈ ਤੇ ਆਪੋ-ਆਪਣੇ ਪਿੰਡਾਂ/ਸ਼ਹਿਰਾਂ ਵਿੱਚ ਆਪਣੀ ਟੁਕੜਾ ਕੁ ਜ਼ਮੀਨ 'ਤੇ ਕਿਰਤ ਕਰ ਰਿਹਾ ਹੈ ਜਾਂ ਨਰੇਗਾ ਅਧੀਨ ਮਾੜੇ-ਮੋਟੇ ਕੰਮ 'ਤੇ ਲੱਗਿਆ ਹੋਇਆ ਹੈ ਤੇ ਜਾਂ ਕੋਈ ਰੇਹੜੀ/ਖੋਖਾ ਲਾ ਕੇ ਗੁਜ਼ਾਰਾ ਚਲਾ ਰਿਹਾ ਹੈ।

ਭਾਰਤ ਦੇ ਅਰਥਚਾਰੇ ਦੇ ਦੂਜੇ ਪਾਸੇ ਨੂੰ ਰਸਮੀ ਖੇਤਰ ਦੇ ਅੰਕੜਿਆਂ ਤੋਂ ਵੀ ਸਮਝਿਆ ਜਾ ਸਕਦਾ ਹੈ। ਭਾਰਤ ਦੇ ਬਹੁਤੇ ਪਰਿਵਾਰਾਂ ਲਈ ਦੋਪਹੀਆ ਵਾਹਨ ਖਰੀਦਣਾ ਉਹਨਾਂ ਦਾ ਸਭ ਤੋਂ ਵੱਡਾ ਖਰਚਾ ਹੁੰਦਾ ਹੈ। ਅਪ੍ਰੈਲ-ਸਤੰਬਰ 2021 ਦੇ ਅੰਕੜੇ ਦੱਸਦੇ ਹਨ ਕਿ ਦੋਪਹੀਆ ਵਾਹਨਾਂ ਦੀ ਵਿਕਰੀ ਪਿਛਲੇ ਦਸ ਸਾਲਾਂ ਵਿੱਚ ਲਗਭਗ ਸਭ ਤੋਂ ਨੀਵੇਂ ਪੱਧਰ 'ਤੇ ਹੈ। ਜੇ ਘਰਾਂ ਲਈ ਲਏ ਜਾਂਦੇ ਕਰਜ਼ੇ 'ਤੇ ਨਿਗਾਹ ਮਾਰੀਏ ਤਾਂ ਦੇਖਦੇ ਹਾਂ ਕਿ ਘਰਾਂ ਲਈ ਕਰਜ਼ੇ ਵਿੱਚ ਅਮੀਰਾਂ ਦਾ ਹੀ ਵੱਡਾ ਹਿੱਸਾ ਹੈ, ਇਸ ਵਿੱਚੋਂ ਠੀਕ-ਠਾਕ ਮੱਧਵਰਗ ਦਾ ਹਿੱਸਾ ਵੀ ਕਾਫੀ ਥੋੜ੍ਹਾ ਹੈ। ਹੋਰ ਸੋਨੇ ਬਦਲੇ ਲਿਆ ਕਰਜ਼ਾ ਅਗਸਤ 2021 ਵਿੱਚ ਅਗਸਤ 2020 ਦੇ ਮੁਕਾਬਲੇ 66% ਤੱਕ ਵਧ ਚੁੱਕਿਆ ਹੈ। ਭਾਰਤ ਦੇ ਪਰਿਵਾਰਾਂ ਦੀ ਖਸਲਤ ਤੋਂ ਜਾਣੂੰ ਕੋਈ ਵੀ ਸਮਝ ਸਕਦਾ ਹੈ ਕਿ ਸੋਨਾ ਉਹ ਚੀਜ਼ ਹੈ ਜਿਹੜੀ ਲੋਕੀਂ ਆਪਣੇ ਆਖਰੀ ਚਾਰੇ ਵਜੋਂ ਵਰਤਦੇ ਹਨ। ਅਗਸਤ 2019 ਤੇ ਅਗਸਤ 2021 ਦਰਮਿਆਨ ਸੋਨੇ ਬਦਲੇ ਕਰਜ਼ੇ ਦਾ 137% ਤੱਕ ਵਧਣਾ ਇਹੀ ਦਰਸਾਉਂਦਾ ਹੈ ਕਿ ਭਾਰਤ ਦੇ ਪਰਿਵਾਰਾਂ ਦੇ ਵੱਡੇ ਹਿੱਸੇ ਕੋਲ਼ ਬੱਚਤਾਂ ਦਾ ਆਖਰੀ ਸੋਮਾ ਵੀ ਮੁੱਕ ਚੱਲਿਆ ਹੈ।

**ਅਮੀਰਾਂ ਦਾ ਵਾਧਾ, ਅਮੀਰਾਂ ਦਾ ਵਿਕਾਸ :** ਇਸ ਲਈ, ਦੋ ਤਰ੍ਹਾਂ ਦੇ ਉਪਰੋਕਤ ਅੰਕੜਿਆਂ ਵਿੱਚ ਇਹ ਵਿਰੋਧਤਾਈ ਕਿਉਂ ਹੈ? ਇਸ ਦਾ ਸਿੱਧਾ ਮਤਲਬ ਇਹੀ ਹੈ ਕਿ ਭਾਰਤ ਵਿੱਚ ਜੋ ਆਰਥਿਕ "ਵਾਧੇ" ਦਾ ਵਰਤਾਰਾ ਹੈ ਇਸ ਦੀ ਬੁਨਿਆਦ ਉੱਪਰਲੀ 10 ਕੁ ਫ਼ੀਸਦੀ ਵਸੋਂ ਦੀ ਖਪਤ 'ਤੇ ਹੀ ਟਿਕੀ ਹੈ। ਇਹ ਉੱਪਰ ਦਿੱਤੇ ਟਰੈਕਟਰਾਂ ਦੀ ਵਿਕਰੀ, ਘਰਾਂ ਦੀ ਵਿਕਰੀ, ਏਸੀ ਆਦਿ ਵਿਕਰੀ ਤੋਂ ਸਪੱਸ਼ਟ ਹੈ। ਉੱਪਰਲੇ 10 ਫ਼ੀਸਦੀ ਦੀ ਖਪਤ ਹੇਠਲੀ 50 ਫ਼ੀਸਦੀ ਅਬਾਦੀ ਦੀ ਖਪਤ ਨਾਲ਼ੋਂ ਵੱਧ ਹੈ। ਇਸ ਤਬਕੇ ਦੀ ਮੌਜੂਦਾ ਖਪਤ ਵੀ ਅਸਲ ਵਿੱਚ ਕਰੋਨਾ ਸਾਲ ਦੀ ਰੋਕ ਕੇ ਰੱਖੀ ਖਪਤ ਹੀ ਹੈ ਜਿਹੜੀ ਕਿ ਹੁਣ ਖਰਚ ਹੋ ਰਹੀ ਹੈ। ਕਰੋਨਾ ਸਾਲ ਵਿੱਚ ਹੋਈ ਆਮਦਨ ਨੂੰ ਖਰਚਣ ਦਾ ਕੋਈ ਜ਼ਰੀਆ ਨਾ ਹੋਣ ਕਰਕੇ ਇਸ ਦਾ ਕਾਫੀ ਵੱਡਾ ਹਿੱਸਾ ਸ਼ੇਅਰ ਬਜ਼ਾਰ ਵਿੱਚ ਵੀ ਲੱਗਿਆ ਤੇ ਹੁਣ ਘਰਾਂ, ਕਾਰਾਂ ਤੇ ਹੋਰ ਸਹੂਲਤ ਦੀਆਂ ਚੀਜ਼ਾਂ ਦੀ ਵਿਕਰੀ ਵਿੱਚ ਸਾਹਮਣੇ ਆ ਰਿਹਾ ਹੈ। ਦੂਜੇ ਪਾਸੇ ਨਰੇਗਾ ਕੰਮ ਦੀ ਮੰਗ ਵਧਣਾ, ਕਿਰਤੀਆਂ ਦੀ ਕੁੱਲ ਵਸੋਂ ਵਿੱਚ ਹਿੱਸੇਦਾਰੀ ਘਟਣਾ, ਦੋਪਹੀਆ ਵਾਹਨਾਂ ਦੀ ਵਿਕਰੀ ਘਟਣਾ ਇਹੀ ਦਰਸਾਉਂਦਾ ਹੈ ਕਿ ਗਰੀਬ ਤੇ ਨਿਮਨ ਮੱਧਵਰਗ 'ਤੇ ਪਿਛਲੇ ਦੋ-ਤਿੰਨ ਸਾਲਾਂ ਦੇ "ਵਿਕਾਸ" ਨੇ ਜਿਹੜੀ ਮਾਰ ਪਾਈ ਹੈ ਉਸ ਤੋਂ ਉਹ ਉੱਭਰਿਆ ਨਹੀਂ। ਹੁਣ ਭਾਵੇਂ ਸਰਕਾਰ 2022 ਵਿੱਚ ਸਕਾਰਤਮਕ ਅੰਕੜਿਆਂ ਦਾ ਦਾਅਵਾ ਕਰ ਰਹੀ ਹੈ ਪਰ ਮੋਦੀ ਸਰਕਾਰ ਦੇ ਬਾਕੀ ਦਾਅਵਿਆਂ ਵਾਂਗੂੰ ਇਸ ਦਾਅਵੇ ਵਿੱਚ ਵੀ ਕਿੰਨਾ ਕੁ ਦਮ ਹੈ ਇਹ ਤਾਂ ਤੁਸੀਂ ਵੀ ਬਿਹਤਰ ਜਾਣਦੇ ਓਂ!

*ਲਲਕਾਰ 'ਚੋਂ ਧੰਨਵਾਦ ਸਹਿਤ*

# ਸੀ.ਡੀ.ਆਰ.ਓ. ਵੱਲੋਂ ਮਨੁੱਖੀ ਅਧਿਕਾਰਾਂ ਦੇ ਰਾਖੇ ਅਤੇ ਜੰਮੂ ਅਤੇ ਕਸ਼ਮੀਰ ਕੁਲੀਸ਼ਨ ਆਫ ਸਿਵਲ ਸੁਸਾਇਟੀ ਦੇ ਪ੍ਰਧਾਨ ਖੁਰਮ ਪਰਵੇਜ਼ ਦੀ ਗ੍ਰਿਫਤਾਰੀ ਦੀ ਨਿੰਦਾ

**ਬਲਜਿੰਦਰ ਸਿੰਘ**

22 ਨਵੰਬਰ, 2021 ਨੂੰ, ਮਨੁੱਖੀ ਅਧਿਕਾਰਾਂ ਦੇ ਇਕ ਪ੍ਰਮੁੱਖ ਰਖਵਾਲੇ ਅਤੇ ਜੰਮੂ ਅਤੇ ਕਸ਼ਮੀਰ ਕੋਲੀਸ਼ਨ ਆਫ਼ ਸਿਵਲ ਸੋਸਾਇਟੀ (JKCCS) (ਜੇ.ਕੇ. ਸੀ.ਸੀ. ਐੱਸ.) ਦੇ ਪ੍ਰਧਾਨ, ਖੁਰਮ ਪਰਵੇਜ਼ ਨੂੰ 22 ਨਵੰਬਰ 2021 ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਇਹ ਗ੍ਰਿਫਤਾਰੀ ਸ਼੍ਰੀਨਗਰ ਕਸ਼ਮੀਰ ਦੇ ਸੋਨਵਾਰ ਵਿਚ ਅਮੀਰਾ ਕਦਲ ਵਿਚ ਜੇਕੇਸੀਸੀਐਸ ਦਫ਼ਤਰ ਅਤੇ ਪਰਵੇਜ਼ ਦੇ ਘਰ ਉੱਤੇ ਲੰਮੀ ਛਾਪੇਮਾਰੀ ਕਰਨ ਇਕ ਦਿਨ ਬਾਅਦ ਰਾਸ਼ਟਰੀ ਜਾਂਚ ਏਜੰਸੀ (NIA) ਦੁਆਰਾ ਕੀਤੀ ਗਈ ਸੀ। ਪਰਵੇਜ਼ 'ਤੇ ਧਾਰਾ 17 (ਦਹਿਸ਼ਤਵਾਦੀ ਕਾਰਵਾਈ ਲਈ ਫੰਡ ਇਕੱਠਾ ਕਰਨਾ), 18 (ਸਾਜ਼ਿਸ਼), 18ਬੀ (ਦਹਿਸ਼ਤਵਾਦੀ ਕਾਰਵਾਈ ਲਈ ਕਿਸੇ ਵਿਅਕਤੀ ਜਾਂ ਵਿਅਕਤੀਆਂ ਦੀ ਭਰਤੀ), 38 (ਦਹਿਸ਼ਤਵਾਦੀ ਜਥੇਬੰਦੀ ਦੀ ਮੈਂਬਰਸ਼ਿਪ ਨਾਲ ਸਬੰਧਤ ਜੁਰਮ), ਅਤੇ 40 (ਦਹਿਸ਼ਤਵਾਦੀ ਜਥੇਬੰਦੀ ਦੀ ਮੈਂਬਰੀ ਨਾਲ ਸਬੰਧਤ) ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਗੈਰਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਯੂ.ਏ.ਪੀ.ਏ.) ਦੇ ਇਕ ਦਹਿਸ਼ਤਵਾਦੀ ਜਥੇਬੰਦੀ ਲਈ ਫੰਡ ਇਕੱਠਾ ਕਰਨਾ। ਕਾਰਕੁਨ 'ਤੇ ਭਾਰਤੀ ਦੰਡਾਵਲੀ (ਆਈਪੀਸੀ) ਦੀਆਂ ਧਾਰਾਵਾਂ 120ਬੀ (ਅਪਰਾਧਿਕ ਸਾਜ਼ਿਸ਼), 121 (ਛੇਤੀ ਕਰਨਾ, ਮਜ਼ਦੂਰੀ ਕਰਨ ਦੀ ਕੋਸ਼ਿਸ਼ ਕਰਨਾ, ਸਰਕਾਰ ਵਿਰੁੱਧ ਜੰਗ ਛੇੜਨ ਲਈ ਉਕਸਾਉਣਾ), ਅਤੇ 121ਏ (ਧਾਰਾ 121 ਦੁਆਰਾ ਸਜ਼ਾ ਯੋਗ ਅਪਰਾਧ ਕਰਨ ਦੀ ਸਾਜ਼ਿਸ਼) ਦੇ ਤਹਿਤ ਵੀ ਮਾਮਲਾ ਦਰਜ ਕੀਤਾ ਗਿਆ ਹੈ।

ਪਰਵੇਜ਼ ਦਾ ਕੀ ਜੁਰਮ ਹੈ? ਪਰਵੇਜ਼, ਘਾਟੀ ਦੀ ਸਭ ਤੋਂ ਬੁਲੰਦ ਆਵਾਜ਼ ਵਿੱਚੋਂ ਇਕ, ਪਿਛਲੇ ਕੁਝ ਦਹਾਕਿਆਂ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਪ੍ਰਚਲਿਤ ਸ਼ਾਸਨ ਦਾ ਇਕ ਜ਼ਬਰਦਸਤ ਆਲੋਚਕ ਰਿਹਾ ਹੈ। ਪਰ ਇਹ ਇਕੱਲਾ ਮੌਕਾ ਨਹੀਂ ਹੈ ਜਦੋਂ ਕੇਂਦਰ ਸਰਕਾਰ ਨੇ ਪਰਵੇਜ਼ ਨੂੰ ਗ੍ਰਿਫ਼ਤਾਰ ਕੀਤਾ ਹੈ। 2016 ਵਿਚ ਉਸਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ ਅਤੇ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਵਿਚ ਹਾਜ਼ਰ ਹੋ ਕੇ ਉਸ ਨੂੰ ਆਪਣੇ ਵਿਚਾਰ ਪੇਸ਼ ਕਰਨ ਤੋਂ ਰੋਕਿਆ ਗਿਆ ਸੀ।

ਪਰਵੇਜ਼ ਜੇਕੇਸੀਸੀਐਸ ਦੇ ਬਾਨੀ ਮੈਂਬਰਾਂ ਵਿੱਚੋਂ ਇਕ ਹੈ, ਜੋ ਕਿ ਸ਼੍ਰੀਨਗਰ ਸਥਿਤ ਵੱਖ-ਵੱਖ ਗੈਰ-ਫੰਡਿਡ, ਗੈਰ-ਮੁਨਾਫ਼ਾ, ਮੁਹਿੰਮ, ਖੋਜ ਅਤੇ ਹੱਕਾਂ ਦੀ ਵਕਾਲਤ ਕਰਨ ਵਾਲੀਆਂ ਜਥੇਬੰਦੀਆਂ ਦੀ ਇਕ ਗੱਠਜੋੜ ਸੰਸਥਾ ਹੈ। 2000 ਵਿਚ ਸ਼ੁਰੂ ਕੀਤੀ ਗਈ ਸੰਸਥਾ ਜੇਕੇਸੀਸੀਐਸ ਪਿਛਲੇ ਦੋ ਦਹਾਕਿਆਂ ਤੋਂ ਜੰਮੂ-ਕਸ਼ਮੀਰ ਵਿਚ ਸਮਾਜਿਕ-ਰਾਜਨੀਤਿਕ ਮੁੱਦਿਆਂ ਅਤੇ ਮਨੁੱਖੀ ਅਧਿਕਾਰਾਂ ਦੇ ਹਿੱਤਾਂ ਦਾ ਦਸਤਾਵੇਜ਼ੀਕਰਨ ਕਰ ਰਹੀ ਹੈ। ਜਥੇਬੰਦੀ ਦੀ ਵੈੱਬਸਾਈਟ ਅਨੁਸਾਰ, "ਜੇਕੇਸੀਸੀਐਸ ਆਪਣੀਆਂ ਮੈਂਬਰ ਜਥੇਬੰਦੀਆਂ ਰਾਹੀਂ ਸੱਤਾ ਨੂੰ ਸੱਚ ਕਹਿਣ ਦੀ ਕੋਸ਼ਿਸ਼ ਕਰਦੀ ਹੈ ਭਾਵੇਂ ਇਹ ਰਿਪੋਰਟਾਂ, ਪ੍ਰੋਗਰਾਮਾਂ, ਯੋਜਨਾਬੱਧ ਦਸਤਾਵੇਜ਼ਾਂ, ਮੁਕੱਦਮੇਬਾਜ਼ੀ ਦੁਆਰਾ ਹੈ ਜਾਂ ਜੰਮੂ ਅਤੇ ਕਸ਼ਮੀਰ ਅਤੇ ਬਾਹਰ ਹੋਰ ਸਰਗਰਮੀਆਂ ਦੁਆਰਾ"। ਪਰਵੇਜ਼ ਫਿਲੀਪੀਨਜ਼-ਅਧਾਰਤ ਏਸ਼ੀਅਨ ਫੈਡਰੇਸ਼ਨ ਅਗੇਂਸਟ ਇਨਵੌਲੰਟਰੀ ਡਿਸਅਪੀਅਰੈਂਸ (ਏਐਫਏਡੀ) ਦੇ ਚੇਅਰਪਰਸਨ ਵਜੋਂ ਵੀ ਕੰਮ ਕਰਦਾ ਹੈ। ਇਹ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਜਥੇਬੰਦੀ ਏਸ਼ੀਆ ਵਿਚ ਜਬਰੀ ਲਾਪਤਾ ਕੀਤੇ ਲੋਕਾਂ ਦੇ ਮੁੱਦੇ 'ਤੇ ਕੇਂਦਰਿਤ ਹੈ। ਜ਼ਿਕਰਯੋਗ ਹੈ ਕਿ ਪਰਵੇਜ਼ 1996 ਤੋਂ




ਜਬਰੀ ਲਾਪਤਾ ਕੀਤੇ ਜਾਣ 'ਤੇ ਸਰਗਰਮੀ ਨਾਲ ਕੰਮ ਕਰ ਰਿਹਾ ਸੀ ਜਦੋਂ ਉਹ ਵਿਦਿਆਰਥੀ ਸੀ। 20 ਅਪ੍ਰੈਲ 2004 ਨੂੰ, ਉੱਤਰੀ ਕਸ਼ਮੀਰ ਦੇ ਲੋਲਾਬ ਵਿਚ ਚੋਣਾਂ ਦੀ ਨਿਗਰਾਨੀ ਕਰਦੇ ਹੋਏ,ਪਰਵੇਜ਼ ਅਤੇ ਉਸਦੇ ਸਾਥੀਆਂ ਨੂੰ ਲਿਜਾ ਰਹੀ ਇਕ ਕਾਰ ਨੂੰ ਉੱਚ-ਤੀਬਰਤਾ ਵਾਲੇ ਵਿਸਫੋਟਕ ਯੰਤਰ (ਆਈਈਡੀ) ਦੀ ਵਰਤੋਂ ਕਰਕੇ ਨਿਸ਼ਾਨਾ ਬਣਾਇਆ ਗਿਆ ਸੀ। ਜਦੋਂ ਕਿ ਉਸ ਦੀ ਸਹਿਯੋਗੀ ਅਤੇ ਸਾਥੀ ਅਧਿਕਾਰਾਂ ਦੀ ਰੱਖਿਆ ਕਰਨ ਵਾਲੀ ਆਸੀਆ ਜੀਲਾਨੀ ਧਮਾਕੇ ਦੀ ਲਪੇਟ ਵਿਚ ਆਉਣ ਕਾਰਨ ਦਮ ਤੋੜ ਗਈ, ਪਰਵੇਜ਼ ਦੀ ਲੱਤ ਕੱਟੀ ਗਈ। ਦੁਰਘਟਨਾ ਵਿਚ ਅਪਾਹਜ ਹੋਣ ਤੋਂ ਤੁਰੰਤ ਬਾਅਦ, ਪਰਵੇਜ਼ ਨੋਬਲ ਪੁਰਸਕਾਰ ਜੇਤੂ ਅੰਤਰਰਾਸ਼ਟਰੀ ਮੁਹਿੰਮ ਟੂ ਬੈਨ ਲੈਂਡਮਾਈਨਜ਼ (ਆਈ.ਸੀ.ਬੀ.ਐੱਲ.) ਨਾਲ ਮਿਲ ਕੇ ਸਰਗਰਮੀ ਨਾਲ ਜੁੱਟ ਗਿਆ। ਵਿਅਕਤੀਗਤ ਪੱਧਰ 'ਤੇ, ਇਹ ਕਾਰਕੁੰਨ-ਵਿਦਵਾਨ ਯੂਨਾਈਟਿਡ ਕਿੰਗਡਮ ਦੀ ਗਲਾਸਗੋ ਯੂਨੀਵਰਸਿਟੀ ਵਿਚ ਵੱਕਾਰੀ ਚੇਵੇਨਿੰਗ ਫੈਲੋਸ਼ਿਪ ਦਾ ਪ੍ਰਾਪਤਕਰਤਾ ਹੈ। ਉਸ ਨੂੰ ਵੱਕਾਰੀ 2006 ਰੀਬੋਕ ਇੰਟਰਨੈਸ਼ਨਲ ਹਿਊਮਨ ਰਾਈਟਸ ਸਨਮਾਨ ਵੀ ਮਿਲ ਚੁੱਕਾ ਹੈ, ਜੋ ਤੀਹ ਸਾਲ ਤੋਂ ਘੱਟ ਉਮਰ ਦੇ ਉਨ੍ਹਾਂ ਕਾਰਕੁੰਨਾਂ ਨੂੰ ਮਾਣ-ਸਨਮਾਨ ਦਿੰਦਾ ਹੈ ਜੋ ਅਹਿੰਸਕ ਤਰੀਕਿਆਂ ਨਾਲ ਮਨੁੱਖੀ ਅਧਿਕਾਰਾਂ ਲਈ ਲੜਦੇ ਹਨ। ਇਸ ਤਰ੍ਹਾਂ, ਇਹ ਕਿਸੇ ਦੀ ਹੈਰਾਨੀ ਦੀ ਗੱਲ ਨਹੀਂ ਹੈ ਜਦੋਂ ਸੰਯੁਕਤ ਰਾਸ਼ਟਰ ਦੀ ਵਿਸ਼ੇਸ਼ ਰਿਪੋਰਟਰ ਮੈਰੀ ਲਾਲਰ ਨੇ ਪਰਵੇਜ਼ ਦੀ ਹਾਲੀਆ ਗ੍ਰਿਫਤਾਰੀ ਤੋਂ ਤੁਰੰਤ ਬਾਅਦ ਟਵੀਟ ਕੀਤਾ ਕਿ "ਉਹ ਦਹਿਸ਼ਤਵਾਦੀ ਨਹੀਂ ਹੈ, ਉਹ ਮਨੁੱਖੀ ਅਧਿਕਾਰਾਂ ਦਾ ਰਾਖਾ ਹੈ"।

ਸੀਡੀਆਰਓ ਦਾ ਪੱਕਾ ਮੰਨਣਾ ਹੈ ਕਿ ਉਸਦੀ ਗ੍ਰਿਫਤਾਰੀ ਘਾਟੀ ਵਿਚ ਅਸਹਿਮਤੀ ਵਾਲੀਆਂ ਆਵਾਜ਼ਾਂ ਨੂੰ ਚੁੱਪ ਕਰਾਉਣ ਦੀਆਂ ਲਗਾਤਾਰ ਕੋਸ਼ਿਸ਼ਾਂ ਦੀ ਉੱਘੜਵੀਂ ਯਾਦ ਦਿਵਾਉਂਦੀ ਹੈ, ਇਕ ਪ੍ਰਕਿਰਿਆ ਜਿਸ ਵਿਚ 2019 ਵਿਚ ਸੰਵਿਧਾਨ ਦੀ ਧਾਰਾ 370 ਨੂੰ ਰੱਦ ਕਰਨ ਤੋਂ ਬਾਅਦ ਚੋਖੀ ਤੇਜ਼ੀ ਆਈ ਹੈ। ਅਗਸਤ 2019 ਅਤੇ ਜੁਲਾਈ 2021 ਦੇ ਦੋ ਸਾਲਾਂ ਵਿਚ ਜੰਮੂ-ਕਸ਼ਮੀਰ ਵਿਚ 2364 ਲੋਕਾਂ ਨੂੰ ਯੂਏਪੀਏ ਅਤੇ 954 ਨੂੰ ਪਬਲਿਕ ਸੇਫਟੀ ਐਕਟ (ਪੀਐਸਏ) ਦੇ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਹਿਰਾਸਤ ਵਿਚ ਹਨ।

ਤੇਲੰਗਾਨਾ ਅਤੇ ਆਂਧਰਾ ਪ੍ਰਦੇਸ਼ ਵਿਚ ਕਾਰਕੁਨਾਂ ਅਤੇ ਬੁੱਧੀਜੀਵੀਆਂ ਦੇ ਘਰਾਂ ਵਿਚ ਹਾਲੀਆ ਛਾਪੇਮਾਰੀ ਦੇ ਨਾਲ, ਇਹ ਗ੍ਰਿਫਤਾਰੀ ਸੱਤਾਧਾਰੀ ਸਰਕਾਰ ਦੁਆਰਾ ਆਪਣੇ ਨਾਗਰਿਕਾਂ ਵਿਰੁੱਧ ਅੰਦਰੂਨੀ ਜੰਗ ਛੇੜਨ ਦੀ ਕੋਸ਼ਿਸ਼ ਦਾ ਇਕ ਹਿੱਸਾ ਹੈ। ਗੌਰਤਲਬ ਹੈ ਕਿ ਅਜਿਹਾ ਨੀਤੀਗਤ ਫ਼ੈਸਲਾ ਹਾਲ ਹੀ ਵਿਚ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਵੱਲੋਂ ਪੇਸ਼ ਕੀਤਾ ਗਿਆ ਸੀ। ਉਸਨੇ ਗ੍ਰੈਜੂਏਟ ਪੁਲਿਸ ਅਫਸਰਾਂ ਨੂੰ ਤਾਕੀਦ ਕੀਤੀ ਹੈ ਕਿ ਉਹ ਸਿਵਲ ਸੁਸਾਇਟੀ ਨੂੰ ਸੰਭਾਵੀ ਦੁਸ਼ਮਣ ਵਜੋਂ ਵੇਖਣ, ਜਿਨ੍ਹਾਂ ਵਿਰੁੱਧ "ਯੁੱਧ ਦੀਆਂ ਨਵੀਆਂ ਸਰਹੱਦਾਂ" ਖੋਲ੍ਹੀਆਂ ਜਾਣੀਆਂ ਚਾਹੀਦੀਆਂ ਹਨ ਅਤੇ "ਚੌਥੀ ਪੀੜ੍ਹੀ ਦੀ ਲੜਾਈ" ਲੜਨੀ ਚਾਹੀਦੀ ਹੈ। ਇਸ ਤਰ੍ਹਾਂ ਮੌਜੂਦਾ ਸਰਕਾਰ ਦਾ ਸਪੱਸ਼ਟ ਇਰਾਦਾ ਸੰਵਿਧਾਨ ਵਿਚਲੀਆਂ ਜਮਹੂਰੀ ਸੁਰੱਖਿਆਵਾਂ ਨੂੰ ਖ਼ੋਰਾ ਲਾਉਣਾ ਹੈ। ਅਜਿਹਾ ਗੈਰ-ਜਮਹੂਰੀ ਇਸ਼ਾਰਾ ਸਿਰਫ਼ ਡੋਭਾਲ ਤੱਕ ਹੀ ਸੀਮਤ ਨਹੀਂ ਹੈ। ਜਨਰਲ ਰਾਵਤ ਨੇ ਇਕ ਟੀਵੀ ਪ੍ਰੋਗਰਾਮ ਵਿਚ ਐਲਾਨ ਕੀਤਾ ਹੈ ਕਿ "ਜੰਮੂ-ਕਸ਼ਮੀਰ ਦੇ ਸਥਾਨਕ ਲੋਕ ਕਹਿ ਰਹੇ ਹਨ ਕਿ ਉਹ ਦਹਿਸ਼ਤਵਾਦੀਆਂ ਨੂੰ ਕੁੱਟ ਕੁੱਟ ਕੇ ਮਾਰ ਦੇਣਗੇ, ਜੋ ਕਿ ਇਕ ਬਹੁਤ ਹਾਂਪੱਖੀ ਸੰਕੇਤ ਹੈ..."। ਇਸ ਤਰ੍ਹਾਂ, ਸਰਕਾਰ ਖੁੱਲ੍ਹੇਆਮ ਹਜੂਮੀ ਕਤਲਾਂ ਦੇ ਗ਼ੈਰਅਦਾਲਤੀ ਵਰਤਾਰੇ ਨੂੰ ਉਤਸ਼ਾਹਿਤ ਕਰ ਰਹੀ ਹੈ!!! ਨਾਲ ਹੀ, ਸਾਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ (ਐੱਨ. ਐੱਚ. ਆਰ. ਸੀ.) ਦੁਆਰਾ ਕੇਂਦਰੀ ਨੀਮ ਫ਼ੌਜੀ ਬਲਾਂ ਲਈ 9 ਨਵੰਬਰ ਨੂੰ ਆਯੋਜਿਤ ਸਾਲਾਨਾ ਬਹਿਸ ਮੁਕਾਬਲਾ ਇਸ ਵਿਸ਼ੇ 'ਤੇ ਸੀ: "ਕੀ ਮਨੁੱਖੀ ਅਧਿਕਾਰ ਅੱਤਵਾਦ ਅਤੇ ਨਕਸਲਵਾਦ ਵਰਗੀਆਂ ਬੁਰਾਈਆਂ ਨਾਲ ਲੜਨ ਵਿਚ ਰੁਕਾਵਟ ਹਨ?" ਕੀ ਇਹ ਵਿਡੰਬਨਾ ਨਹੀਂ ਹੈ ਕਿ ਸੰਵਿਧਾਨਕ ਜ਼ਮੀਰ-ਰੱਖਿਅਕ ਅਦਾਰਾ ਇਕ ਬਹਿਸ ਨੂੰ ਫਰੇਮ ਕਰਦਾ ਹੈ, ਇਹ ਪੁੱਛਦਾ ਹੈ ਕਿ ਕੀ "ਮਨੁੱਖੀ ਅਧਿਕਾਰ" ਜੋ ਕਿ ਐੱਨ.ਐੱਚ.ਆਰ.ਸੀ.)ਦੀ ਹੋਂਦ ਦਾ ਕਾਨੂੰਨੀ ਆਦੇਸ਼ ਅਤੇ ਇਕ ਕਾਰਨ ਹੈ - ਇਕ "ਅੜਿੱਕਾ" ਹੈ?

ਸੀ.ਡੀ.ਆਰ.ਓ. ਸਾਰੇ ਨਾਗਰਿਕਾਂ ਨੂੰ ਖੁਰਮ ਪਰਵੇਜ਼ ਦੀ ਗ੍ਰਿਫਤਾਰੀ ਦੇ ਨਾਲ-ਨਾਲ ਮੌਜੂਦਾ ਸਰਕਾਰ ਦੁਆਰਾ ਜਮਹੂਰੀ ਅਧਿਕਾਰਾਂ 'ਤੇ ਰੋਕਾਂ ਲਗਾਉਣ ਦੀਆਂ ਬਹੁ-ਦਿਸ਼ਾਵੀ ਕੋਸ਼ਿਸ਼ਾਂ ਦਾ ਵਿਰੋਧ ਕਰਨ ਦੀ ਅਪੀਲ ਕਰਦਾ ਹੈ। ਸੀਡੀਆਰਓ ਪਰਵੇਜ਼ ਦੀ ਤੁਰੰਤ ਅਤੇ ਬਿਨਾਂ ਸ਼ਰਤ ਰਿਹਾਈ ਅਤੇ ਯੂ.ਏ.ਪੀ.ਏ. ਅਤੇ ਪੀ.ਐੱਸ.ਏ. ਨੂੰ ਰੱਦ ਕਰਨ ਦੀ ਮੰਗ ਕਰਦਾ ਹੈ।

# ਜੁਗਨੀ ਚਲੀ ਗਈ ਕਿਸ ਦੇਸ਼...

ਪੰਜਾਬੀਆਂ ਦੀਆਂ ਹਿੱਕਾਂ ਵਿਚ ਵਸੀ ਲੰਮੀ ਹੇਕ ਹੁਣ ਸਿਮਰਤੀਆਂ ਦਾ ਹਿੱਸਾ ਬਣ ਗਈ ਹੈ। ਲੱਗਭਗ ਅੱਧੀ ਸਦੀ ਪੰਜਾਬੀਆਂ ਦੇ ਦਿਲਾਂ ਤੇ ਰਾਜ ਕਰਨ ਵਾਲੀ ਗੁਰਮੀਤ ਬਾਵਾ ਜਿਸਮਾਨੀ ਤੌਰ ਤੇ ਇਸ ਸੰਸਾਰ ਨੂੰ ਅਲਵਿਦਾ ਕਹਿ ਕੇ ਆਪਣੇ ਪਿੱਛੇ ਸੁਰਾਂ ਅਤੇ ਸਰਗਮਾਂ ਦਾ ਇਕ ਸੁਨਹਿਰਾ ਇਤਿਹਾਸ ਛੱਡ ਗਈ ਹੈ...

**ਹਵਾ ਵਿਚ ਵਿਲੀਨ ਹੋ ਗਈ ਹੈ ਸਾਡੇ ਵਿਰਸੇ ਦੀ ਸੱਚੀ ਸੁੱਚੀ ਹੇਕ..**

ਹਮੇਸ਼ਾ ਯਾਦ ਆਉਂਦੀ ਰਹੇਗੀ ਉਸ ਦੀ ਜੁਗਨੀ..ਜਦ ਉਹ ਅਲਗੋਜ਼ਿਆਂ ਨਾਲ ਇਕ ਸੁਰ ਹੋ ਕੇ 45 ਸੈਕਿੰਡ ਲੰਮੀ ਹੇਕ ਉਸਾਰਦੀ ਸੀ ਤਾਂ ਸੁਰਾਂ ਖਲਾਅ ਵਿਚ ਤਰੰਗਾਂ ਵਾਂਗ ਤੈਰਦੀਆਂ ਸਨ ਤੇ ਉਸ ਦੇ ਬੋਲ ਗੂੰਜਦੇ ਸਨ। ਉਹਨਾਂ ਦਿਨਾਂ ਵਿਚ ਸਰਹੱਦਾਂ ਤੇ ਤਾਰਾਂ ਨਹੀਂ ਸੀ ਲੱਗੀਆਂ। ਰੱਸੀ ਟੱਪ ਕੇ ਲੋਕ ਇਧਰ-ਉਧਰ ਚਲੇ ਜਾਂਦੇ ਸਨ। ਆਲਮ ਲੁਹਾਰ ਅਤੇ ਗੁਰਮੀਤ ਬਾਵਾ ਦੋਵੇਂ ਆਪੋ ਆਪਣੇ ਅੰਦਾਜ਼ ਵਿਚ ਜੁਗਨੀ ਗਾਉਂਦੇ ਸਨ। ਜਦ ਵੀ ਉਹਨਾਂ ਨੂੰ ਦੂਜੇ ਪਾਸੇ ਦੇ ਪੰਜਾਬੀ ਆਵਾਜ਼ ਮਾਰਦੇ ਸਨ ਤਾਂ ਉਹ ਰੱਸੀ ਟੱਪ ਕੇ ਉਧਰ ਪਹੁੰਚ ਜਾਂਦੇ ਸਨ, ਪਰ ਉਹਨਾਂ ਦੀ ਆਵਾਜ਼ ਤਾਂ ਬਿਨਾ ਰੱਸੀ ਟੱਪਿਆਂ ਹੀ ਲਹਿੰਦੇ ਤੇ ਚੜ੍ਹਦੇ ਪੰਜਾਬ ਦੀਆਂ ਹੱਦਾਂ ਨੂੰ ਮੇਟ ਦਿੰਦੀ ਸੀ। 'ਜੁਗਨੀ' ਉਸ ਦੀ ਖਾਸ ਪਹਿਚਾਣ ਸੀ :

**ਮੇਰੀ ਜੁਗਨੀ ਦੇ ਧਾਗੇ ਬੱਗੇ ਜੁਗਨੀ ਉਹਦੇ ਮੂੰਹ ਫੱਬੇ**
**ਜੀਹਨੂੰ ਸੱਟ ਇਸ਼ਕ ਦੀ ਲੱਗੇ**
**ਓ ਵੀਰ ਮੇਰਿਆ ਜੁਗਨੀ ਕਹਿੰਦੀ ਐ**
**ਜਿਹੜੀ ਨਾਮ ਸਾਈਂ ਦਾ ਲੈਂਦੀ ਐ...**

ਮਰਨਾ ਭਾਵੇਂ ਸਭ ਨੇ ਹੈ, ਪਰ ਗੁਰਮੀਤ ਬਾਵਾ ਜਿਹੜਾ ਮੁਕਾਮ ਸਿਰਜ ਕੇ ਗਈ ਹੈ, ਉਹ ਹਰ ਕਿਸੇ ਦੇ ਹਿੱਸੇ ਨੀ ਆਉਂਦਾ..ਪੰਜਾਬੀਆਂ ਦੇ ਸਿਰ ਤੇ ਲਈ ਫੁਲਕਾਰੀ ਸੀ ਗੁਰਮੀਤ ਬਾਵਾ ਜਿਸ ਦੇ ਰੰਗ ਕਦੇ ਫਿੱਕੇ ਨਹੀਂ ਪਏ ਸਨ ਸਗੋਂ ਸਮੇਂ ਦੇ ਨਾਲ ਇਹ ਰੰਗ ਹੋਰ ਗੂੜ੍ਹੇ ਹੁੰਦੇ ਗਏ। ਉਹ ਗਾਉਂਦੀ ਹੁੰਦੀ ਸੀ :

**ਦੁਸ਼ਮਣ ਮਰੇ ਤੇ ਖੁਸ਼ੀ ਨਾ ਕਰੀਏ,**
**ਸੱਜਣਾ ਵੀ ਮਰ ਜਾਣਾ**
**ਓੜਕ ਨੂੰ ਉਏ ਯਾਰ ਮੁਹੰਮਦਾ ਸਭ ਨੇ ਖਾਕ ਸਮਾਣਾ..**

ਜਦ ਉਹ ਨਿਰੋਲ ਲੋਕਧਾਰਾਈ ਅੰਦਾਜ਼ ਵਿਚ ਆਪਣੀਆਂ ਧੀਆਂ ਲਾਚੀ ਬਾਵਾ ਅਤੇ ਗਲੋਰੀ ਬਾਵਾ ਨਾਲ ਮਿਲਕੇ 'ਹਰੀਏ ਨੀ ਰਸ ਭਰੀਏ ਖਜੂਰੇ' ਅਤੇ ਲੋਕਗੀਤ 'ਘੋੜੀ' ਗਾਉਂਦੀ ਸੀ ਤਾਂ ਇਕ ਜਸ਼ਨਮਈ ਦ੍ਰਿਸ਼ ਪੈਦਾ ਹੁੰਦਾ ਸੀ ਅਤੇ ਸਾਰਾ ਜ਼ਹਾਨ ਵਿਆਹ ਵਰਗੇ ਜਸ਼ਨਾਂ ਦੇ ਲੋਕ ਰੰਗ ਵਿਚ ਰੰਗਿਆ ਜਾਂਦਾ ਸੀ :

**ਚੀਰਾ ਤੇਰਾ ਵੇ ਮੱਲਾ ਸੋਹਣਾ**
**ਸੋਹਣਾ ... ਸਜ਼ਦਾ ਕਲਗੀਆਂ ਨਾਲ**
**ਕਲਗੀ ਡੇਢ ਤੇ ਹਜ਼ਾਰ**
**ਮੈਂ ਬਲਿਹਾਰੀ ਵੇ ਮਾਂ ਦਿਆਂ ਸੁਰਜਣਾ**
**ਸੁਰਜਣਾ...ਵਿਚ ਬਾਗਾਂ ਦੇ ਤੁਸੀਂ ਆਇਓ**
**ਚੋਟ ਨਗਾਰਿਆਂ ਤੇ ਲਾਇਆ**
**ਖਾਣਾ ਰਾਜਿਆਂ ਦਾ ਖਾਇਓ**
**ਛੈਲ ਨਵਾਬਾਂ ਦੇ ਘਰ ਢੁੱਕਣਾ...**

ਲੋਕਗੀਤਾਂ ਨੂੰ ਉਹਨਾਂ ਦੇ ਮੌਲਿਕ ਅੰਦਾਜ਼ ਅਤੇ ਕੰਪੋਜ਼ੀਸ਼ਨਾਂ ਵਿਚ ਸੁਰਖਿਅਤ ਰੱਖਣ ਦਾ ਜੋ ਵਿਰਾਸਤੀ ਕੰਮ ਗੁਰਮੀਤ ਬਾਵਾ ਨੇ ਕੀਤਾ ਹੈ ਉਹ ਦਸਤਵੇਜ਼ੀ ਮਹੱਤਵ ਵਾਲਾ ਕੰਮ ਹੈ ਜਿਸ ਨੂੰ ਪੰਜਾਬੀ ਜਗਤ ਕਦੇ ਨਹੀਂ ਭੁੱਲ ਸਕੇਗਾ। ਕਿੰਨੇ ਹੀ ਸੁਹਾਗ, ਘੋੜੀਆਂ, ਸਿਠਨੀਆਂ, ਢੋਲਕੀ ਤੇ ਗਈਆਂ ਜਾਣ ਵਾਲੀਆਂ ਹੋਰ ਵੰਨਗੀਆਂ ਗੁਰਮੀਤ ਬਾਵਾ ਦੀ ਮਿੱਠੀ ਆਵਾਜ਼ ਵਿਚ ਸਾਡੇ ਲਈ ਸਦਾ-ਸਦਾ ਲਈ ਮਹਿਫੂਜ਼ ਹੋ ਗਈਆਂ। ਕਦੇ ਆਲਮ ਲੁਹਾਰ ਨੇ ਕਿਹਾ ਸੀ ਕਿ ਬਾਘਿਓ ਪਾਰ ਤੋਂ ਗੁਰਮੀਤ ਬਾਵਾ ਦੀ ਸੁਣ ਰਹੀ ਆਵਾਜ਼ ਰਾਹੀਂ ਪੰਜਾਬੀ ਦੇ ਲੋਕਗੀਤ ਹਮੇਸ਼ਾ ਜਿਉਂਦੇ ਰਹਿਣਗੇ :

**ਡਿੱਗ ਪਈ ਨੀ ਗੋਰੀ ਸ਼ੀਸ਼ ਮਹਿਲ ਤੋਂ**
**ਪਾ ਦਿਓ ਨੀ ਮੇਰੀ ਮਾਹੀਏ ਜੀ ਨੂੰ ਚਿੱਠੀਆਂ**
**ਜਾਂ ਪਹੁੰਚੀ ਚਿੱਠੀ ਵਿਚ ਨੀ ਕਚਹਿਰੀ ਦੇ**
**ਫੜ੍ਹ ਲਈ ਨੀ ਮਾਹੀਏ ਲੰਮੀ ਬਾਂਹ ਕਰਕੇ**
**ਪੜ੍ਹ ਲਈ ਨੀ ਮਾਹੀਏ ਪੱਟਾਂ ਉਤੇ ਧਰ ਕੇ**
**ਛੁੱਟ ਗਈਆਂ ਨੀ ਹੱਥੋਂ ਕਲਮ ਦਵਾਤਾਂ**
**ਲੈ ਲਈਆਂ ਨੀ ਮਾਹੀਏ ਸਾਹਬ ਕੋਲੋਂ ਛੁੱਟੀਆਂ**
**ਤੁਰ ਪਿਆ ਨੀ ਮਾਹੀਆ ਸ਼ਿਖਰ ਦੁਪਹਿਰੇ**
**ਚੜ੍ਹ ਗਿਆ ਨੀ ਮਾਹੀਆਂ ਗਿਆਰਾਂ ਵਾਲੀ ਗੱਡੀ ਤੇ**
**ਆਉਂਦੇ ਨੇ ਘੋੜਾ ਬੂਹੇ ਵਿਚ ਬੰਨ੍ਹਿਆ**
**ਦਸ ਗੋਰੀਏ ਨੀ ਸਾਨੂੰ ਹਾਲ ਦਿਲਾਂ ਦੇ**
**ਮੁਕ ਗਏ ਵੇ ਸਾਡੇ ਹਾਲ ਦਿਲਾਂ ਦੇ**
**ਦਸ ਗੋਰੀਏ ਨੀ ਸੱਟ ਕਿਥੇ ਕਿੱਥੇ ਲੱਗੀ ਆ**
**ਹਟ ਗਈਆਂ ਵੇ ਮੇਰੇ ਦਿਲਾਂ ਦੀਆਂ ਪੀੜਾਂ**

ਉਸ ਲਈ ਉਹ ਸਦਮਾ ਬਹੁਤ ਵੱਡਾ ਸੀ ਜਦ




ਉਸ ਦੀ ਵੱਡੀ ਧੀ ਲਾਚੀ ਬਾਵਾ 2020 ਵਿਚ ਉਸ ਦੇ ਜਿਉਂਦਿਆਂ ਇਸ ਦੁਨੀਆਂ ਤੋਂ ਚਲੀ ਗਈ ਸੀ। ਉਸ ਤੋਂ ਬਾਅਦ ਉਸ ਲਈ ਜ਼ਿੰਦਗੀ ਵਧੇਰੇ ਉਦਾਸ ਤੇ ਨਿਰਾਸ਼ ਹੋ ਗਈ ਸੀ ਤੇ ਸ਼ਾਇਦ ਉਸੇ ਦਿਨ ਹੀ ਅੱਜ ਦੇ ਮਨਹੂਸ ਦਿਨ ਦੀ ਇਬਾਰਤ ਲਿਖੀ ਗਈ ਸੀ। ਧੀਆਂ ਦਾ ਵਿਗੋਚਾ ਮਾਵਾਂ ਲਈ ਸਭ ਵਿਗੋਚਿਆਂ ਤੋਂ ਵੱਡਾ ਹੁੰਦਾ ਹੈ। ਉਸ ਨੇ ਆਪਣੀ ਧੀ ਵਿਚ ਸਾਹ-ਸਾਹ ਜਿਉਣ ਦੇ ਨਾਲ ਨਾਲ ਸ਼ਬਦ-ਸ਼ਬਦ ਅਤੇ ਸੁਰ-ਸੁਰ ਜੀਵਿਆ ਸੀ। ਉਸ ਲਈ ਇਹ ਸਦਮਾ ਬਹੁਤ ਗਹਿਰਾ ਸੀ।

ਪੰਜਾਬੀ ਗਾਇਕੀ ਵਿਚ ਜੇ ਕੋਈ ਗਾਇਕ ਪਰਿਵਾਰ ਇਹ ਦਾਅਵਾ ਕਰ ਸਕਦਾ ਹੈ ਕਿ ਉਸ ਨੇ ਨਿਰੋਲ ਪਰਿਵਾਰਿਕ ਅਤੇ ਲੋਕਗੀਤ ਹੀ ਗਾਏ ਹਨ ਤਾਂ ਉਹ ਗੁਰਮੀਤ ਬਾਵਾ ਦਾ ਪਰਿਵਾਰ ਹੀ ਹੈ। ਉਸ ਨੇ ਪੰਜਾਬੀਆਂ ਨੂੰ ਇਹ ਅਹਿਸਾਸ ਕਰਾ ਕੇ ਆਪਣੀ ਮਿੱਟੀ ਨਾਲ ਜੋੜਿਆ :

**ਆਪਣੀ ਮਿੱਟੀ ਪੇ ਚਲਨੇ ਕਾ ਸਲੀਕਾ ਸੀਖੋ**
**ਸੰਗੇਮਰਮਰ ਪੇ ਚਲੋਗੇ ਤੇ ਫਿਸਲ ਜਾਓਗੇ**

ਫਰਵਰੀ 1944 ਵਿਚ ਕੋਠੇ (ਗੁਰਦਾਸਪੁਰ) ਵਿਚ ਜਨਮੀ ਗੁਰਮੀਤ ਬਾਵਾ ਉਹਨਾਂ ਦਿਨਾਂ ਵਿਚ ਕਾਲਜ ਪੜ੍ਹਨ ਜਾਂਦੀ ਸੀ ਜਦ ਮਾਂ- ਬਾਪ ਆਪਣੀਆਂ ਧੀਆਂ ਘਰੋਂ ਬਾਹਰ ਤੋਰਨ ਲੱਗਿਆਂ ਸੌ ਵਾਰ ਸੋਚਦੇ ਸਨ। ਉਹ ਦਸਦੀ ਸੀ ਕਿ "ਮੈਂ ਤਿੰਨ ਪਿੰਡਾਂ ਵਿੱਚੋਂ ਇੱਕੋ ਇਕ ਲੜਕੀ ਸੀ ਜੋ ਕਾਲਜ ਵਿਚ ਪੜ੍ਹਨ ਗਈ ਅਤੇ ਮੇਰੇ ਪਿੰਡ ਦੇ ਲੋਕ ਮੇਰੇ ਪਿਤਾ ਸਰਦਾਰ ਉੱਤਮ ਸਿੰਘ ਨੂੰ ਕਹਿੰਦੇ ਸਨ ਕਿ ਸਰਦਾਰਾ ਤੇਰਾ ਦਿਮਾਗ਼ ਖਰਾਬ ਹੋ ਗਿਆ ਤੂੰ ਮੁਟਿਆਰ ਕੁੜੀ ਨੂੰ ਘਰੋਂ ਬਾਹਰ ਤੋਰ ਰਿਹਾ ਹੈਂ? ਤਾਂ ਮੇਰੇ ਪਿਤਾ ਨੇ ਕਿਹਾ ਸੀ, ਜਦ ਤੁਹਾਡਾ ਦਿਮਾਗ਼ ਖਰਾਬ ਹੋਇਆ ਤਾਂ ਤਦ ਮੈਂ ਤੁਹਾਨੂੰ ਦੱਸਾਂਗਾ।" ਜਿੰਨ੍ਹਾਂ ਲੋਕਾਂ ਦੇ ਉਸ ਦੌਰ ਵਿਚ 'ਦਿਮਾਗ਼ ਖਰਾਬ' ਹੋਏ ਉਹਨਾਂ ਦੇ ਬੱਚਿਆਂ ਨੇ ਜ਼ਿੰਦਗੀ ਦੇ ਉੱਚੇ ਮੁਕਾਮ ਹਾਸਿਲ ਕੀਤੇ ਅਤੇ ਜ਼ਿੰਦਗੀ ਦੇ ਹਰ ਰੰਗ ਨੂੰ ਮਾਣਿਆ। ਜੋ ਬਹੁਤੇ 'ਸਿਆਣੇ' ਬਣੇ ਰਹੇ ਉਹਨਾਂ ਘਰਾਂ ਵਿਚ ਧੀਆਂ ਘਰ ਦੀ ਚਾਰਦੀਵਾਰੀ ਤੱਕ ਸਿਮਟ ਗਈਆਂ। ਜਲੰਧਰ ਦੂਰਦਰਸਨ ਉੱਤੇ ਪਹਿਲੀ ਔਰਤ ਗਾਇਕ ਦੇ ਰੂਪ ਵਿਚ ਗਾਉਣ ਦਾ ਮਾਣ ਗੁਰਮੀਤ ਬਾਵਾ ਨੂੰ ਪ੍ਰਾਪਤ ਹੈ। ਬੇਸ਼ਕ ਉਸ ਨੂੰ ਭਾਰਤੀ ਸੰਗੀਤ ਨਾਟਕ ਅਕਾਦਮੀ ਵੱਲੋਂ 'ਰਾਸਟਰਪਤੀ ਪੁਰਸਕਾਰ' ਅਤੇ ਪੰਜਾਬ ਕਲਾ ਪ੍ਰੀਸਦ ਵੱਲੋਂ 'ਪੰਜਾਬ ਗੌਰਵ' ਵਰਗੇ ਪੁਰਸਕਾਰ ਮਿਲ ਚੁੱਕੇ ਹਨ, ਪਰ ਉਹਨਾਂ ਨੂੰ ਇਸ ਗੱਲ ਦਾ ਮਲਾਲ ਰਿਹਾ ਕਿ ਉਹਨਾਂ ਨੂੰ ਉਸ ਦੇ ਮੁਲਕ ਨੇ ਪਦਮ ਸ਼੍ਰੀ ਵਰਗਾ ਪੁਰਸਕਾਰ ਕਿਉਂ ਨਹੀਂ ਦਿੱਤਾ। ਭਾਵੇਂ ਲੋਕਾਂ ਵੱਲੋਂ ਸਤਿਕਾਰੇ ਤੇ ਪ੍ਰਵਾਨੇ ਜਾਣ ਵਾਲੇ ਗਾਇਕ ਕਿਸੇ ਸਰਕਾਰੀ-ਦਰਬਾਰੀ ਐਵਾਰਡ ਦੇ ਮੁਹਤਾਜ਼ ਨਹੀਂ ਹੁੰਦੇ ਪਰ ਇਹ ਇਹ ਕਿਸੇ ਵੀ ਮੁਲਕ ਦਾ ਇਖਲਾਕੀ ਫਰਜ਼ ਬਣਦਾ ਹੈ ਕਿ ਉਹ ਆਪਣੇ ਕਲਾ ਤੇ ਹੁੱਨਰ ਨੂੰ ਪਹਿਚਾਣੇ। ਪਰ ਆਪਣੇ ਮੁਲਕ ਵਿਚ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਮੰਤਰੀਆਂ ਨੂੰ ਤਾਂ ਇਨਾਮ ਮਿਲ ਜਾਂਦੇ ਹਨ ਪਰ ਆਪਣੀ ਕਲਾ ਨਾਲ ਦੇਸ਼ ਦਾ ਸਿਰ ਉੱਚਾ ਕਰਨ ਵਾਲੇ ਅਤੇ ਲੋਕ ਮਨਾਂ 'ਤੇ ਰਾਜ ਕਰਨ ਵਾਲੇ ਲੋਕ ਇਸ ਦੌੜ ਵਿਚ ਅਕਸਰ ਪਿੱਛੇ ਰਹਿ ਜਾਂਦੇ ਹਨ।

ਗੁਰਮੀਤ ਬਾਵਾ ਨੇ ਆਪਣੀ 77 ਸਾਲਾਂ ਦੀ ਉਮਰ ਵਿੱਚੋਂ ਲੱਗਭਗ 60 ਸਾਲ ਲੋਕ ਗਾਇਕੀ ਦੇ ਲੇਖੇ ਲਾਏ। ਸਿਰਫ ਆਪ ਹੀ ਨਹੀਂ ਆਪਣੀਆਂ ਧੀਆਂ ਅਤੇ ਅਗਾਂਹ ਦੋਹਤੀਆਂ ਤੱਕ ਨੂੰ ਸੰਗੀਤ ਦੀ ਜਾਗ ਲਾਈ। ਪੰਜਾਬੀਆਂ ਨੂੰ ਆਪਣੀ ਇਸ ਲੋਕ ਸੰਗੀਤ ਦੀ ਮਲਕਾ ਹੁੰਨਰਮੰਦ ਪੰਜਾਬਣ ਤੇ ਸਦਾ ਮਾਣ ਰਹੇਗਾ। ਉਹ ਜਿਉਂਦਿਆਂ ਵੀ ਦੰਦਕਥਾ ਸੀ ਅਤੇ ਮਰ ਕੇ ਵੀ ਕਿਸੇ ਦੰਦਕਥਾ ਵਾਂਗ ਸਾਡੀਆਂ ਹਿੱਕਾਂ ਵਿਚ ਅਮਰ ਹੋ ਜਾਏਗੀ ਅਤੇ ਪੀੜ੍ਹੀ ਦਰ ਪੀੜ੍ਹੀ ਲੋਕ-ਬੁੱਲ੍ਹਾਂ ਤੇ ਗੁਣਗੁਣਾਈ ਜਾਇਆ ਕਰੇਗੀ।

ਸਰੀਰਕ ਤੌਰ ਤੇ ਪੰਜਾਬੀ ਦੀ 'ਹਰੀ ਅਤੇ ਰਸਭਰੀ ਖਜੂਰ' ਹੁਣ ਸਾਡੇ ਕੋਲੋਂ ਬਹੁਤ ਦੂਰ ਚਲੀ ਗਈ ਹੈ..ਜੀ ਕਰਦਾ ਉਸ ਨੂੰ ਹਾਕ ਮਾਰ ਕੇ ਆਖਾਂ:

**ਹਰੀਏ ਨੀ ਰਸਭਰੀਏ ਖਜੂਰੇ, ਕੀਹਨੇ ਦਿੱਤਾ ਏਨੀ ਦੂਰੇ..**

**ਕੁਲਦੀਪ ਸਿੰਘ ਦੀਪ** (**ਡਾ.**)
9876820600

# ਪੇਟ ਦੀ ਭੁੱਖ ਮਿਟਾਈ ਜਾ ਸਕਦੀ ਹੈ ਪਰ ਨੀਤ ਦੀ ਕੌਣ ਮਿਟਾਵੇ ?

ਰੱਜਿਆ ਪੇਟ ਦਾ ਵੀ ਹੁੰਦਾ ਹੈ ਅਤੇ ਨੀਤ ਦਾ ਵੀ ਹੁੰਦਾ ਹੈ। ਭੁੱਖ ਖਾਣ ਦੀ ਵੀ ਹੁੰਦੀ ਹੈ ਅਤੇ ਦੌਲਤਾਂ ਦੀ ਵੀ ਹੁੰਦੀ ਹੈ। ਪੇਟ ਵਾਲਿਆਂ ਲਈ ਪੇਟ ਦੀ ਅੱਗ ਬੁਝਾਉਣਾ ਚੁਣੌਤੀ ਬਣੀ ਹੋਈ ਹੈ ਅਤੇ ਬਦਨੀਤਿਆਂ ਨੇ ਦੌਲਤਾਂ ਦੇ ਅੰਬਾਰ ਇਕੱਠੇ ਕਰਨ ਤੇ ਲੱਕ ਬੰਨ੍ਹਿਆ ਹੋਇਆ ਹੈ। ਪਰ ਅਸਲ ਗੱਲ ਇਹ ਹੈ ਕਿ ਜਿੰਨੀ ਦੇਰ ਤੱਕ ਕੁਝ ਲੋਕਾਂ ਦੀ ਨੀਤ ਦੀ ਭੁੱਖ ਨਹੀਂ ਮਿਟਦੀ, ਉੱਨੀ ਦੇਰ ਤੱਕ ਕਰੋੜਾਂ ਲੋਕਾਂ ਦੀ ਪੇਟ ਦੀ ਭੁੱਖ ਵੀ ਨਹੀਂ ਮਿਟਦੀ...

ਅੱਜ ਅਚਾਨਕ ਦੋ ਖਬਰਾਂ ਪੜ੍ਹਨ ਨੂੰ ਮਿਲੀਆਂ...

ਪਹਿਲੀ ਸੁਪਰੀਮ ਕੋਰਟ ਵਿਚ ਇਕ ਕੇਸ ਦੀ ਸੁਣਵਾਈ ਦੀ ਹੈ। ਸੁਪਰੀਮ ਕੋਰਟ ਨੇ ਪੇਟ ਦੀ ਭੁੱਖ ਦੀ ਸੁਣਵਾਈ ਕਰਦਿਆਂ ਵਿਵਸਥਾ ਤੇ ਬੜਾ ਤਲਖ ਸਵਾਲ ਖੜ੍ਹਾ ਕਰਦਿਆਂ ਕਿਹਾ :

"ਮੁਲਕ ਵਿਚ ਲੋਕ ਭੁੱਖ ਨਾਲ ਮਰ ਰਹੇ ਹਨ। ਕੇਂਦਰ ਸਰਕਾਰ ਅਜਿਹੇ ਲੋਕਾਂ ਦੀ ਮਦਦ ਲਈ ਕੋਈ ਯੋਜਨਾ ਨਹੀਂ ਬਣਾ ਰਹੀ। ਸਰਕਾਰ ਅਗਰ ਯੋਜਨਾ ਨਹੀਂ ਬਣਾਉਂਦੀ ਤਾਂ ਸਾਨੂੰ ਮਜ਼ਬੂਰਨ ਆਦੇਸ਼ ਪਾਸ ਕਰਨੇ ਪੈਣਗੇ।"

ਸੁਪਰੀਮ ਕੋਰਟ ਦੀ ਇਸ ਤਲਖ ਟਿੱਪਣੀ ਦੀ ਲੋਅ ਵਿਚ ਆਓ ਵਿਸ਼ਵ ਅਤੇ ਭਾਰਤ ਦੀ ਸਥਿਤੀ ਦਾ ਅੰਦਾਜ਼ਾ ਲਗਾਉਂਦੇ ਹਾਂ।

ਅੰਕੜੇ ਦਸਦੇ ਹਨ ਕਿ ਦੁਨੀਆ ਦੀ 82 ਕਰੋੜ ਆਬਾਦੀ ਭੁੱਖਮਰੀ ਦਾ ਸਿਕਾਰ ਹੈ। ਭਾਵ ਹਰ ਦਸ ਵਿਅਕਤੀਆਂ ਵਿੱਚੋਂ ਇਕ ਵਿਅਕਤੀ ਭੁੱਖਾ ਸੌਂਦਾ ਹੈ। ਦੁਨੀਆਂ ਦੇ 20% ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ। ਹਰ ਦਸ ਸੈਕਿੰਡ ਬਾਅਦ ਭੁੱਖ ਨਾਲ ਇਕ ਬੱਚੇ ਦੀ ਮੌਤ ਹੋ ਜਾਂਦੀ ਹੈ ਤੇ ਲੱਗਭਗ 90 ਲੱਖ ਲੋਕ ਹਰ ਸਾਲ ਭੁੱਖ ਨਾਲ ਜਾਂ ਇਸ ਤੋਂ ਹੋਣ ਵਾਲੀਆਂ ਬੀਮਾਰੀਆਂ ਨਾਲ ਮਰ ਜਾਂਦੇ ਹਨ। ਯਾਣੀ ਕਿ ਇਕ ਮਹੀਨੇ ਦੀ ਸਾਢੇ ਸੱਤ ਲੱਖ ਅਤੇ ਇਕ ਦਿਨ ਦੀ 25 ਹਜ਼ਾਰ ਅਬਾਦੀ ਭੁੱਖ ਬੰਬ ਨਾਲ ਮਰ ਰਹੀ ਹੈ। ਮਤਲਬ ਜਿੰਨੀਆਂ ਮੌਤਾਂ ਕਰੋਨਾ ਨਾਲ ਹੋਈਆਂ ਹਨ, ਭੁੱਖ ਨਾਲ ਹੋ ਰਹੀਆਂ ਮੌਤਾਂ ਇਸ ਤੋਂ ਪੰਦਰਾ ਗੁਣਾਂ ਜ਼ਿਆਦਾ ਹਨ।

ਭਾਰਤ ਦੀ ਜੇਕਰ ਗੱਲ ਕਰੀਏ ਤਾਂ ਸਾਡੇ ਦੇਸ਼ ਵਿਚ ਅੱਜ ਵੀ ਵੀਹ ਕਰੋੜ ਲੋਕ ਰਾਤ ਨੂੰ ਭੁੱਖੇ ਸੌਂਦੇ ਹਨ, 30% ਬੱਚੇ ਖੁਰਾਕ ਦੀ ਘਾਟ ਕਰਨ ਘਾਟੇ ਵਾਲੇ ਜੰਮਦੇ ਹਨ। ਰੋਜ਼ 3 ਹਜ਼ਾਰ ਬੱਚਾ ਕੁਪੋਸ਼ਣ ਦਾ ਸ਼ਿਕਾਰ ਹੋ ਕੇ ਜਾਨ ਗਵਾ ਬੈਠਦਾ ਹੈ। ਦੂਜੇ ਪਾਸੇ ਦੇਸ਼ ਦੇ 1% ਲੋਕਾਂ ਕੋਲ ਹੀ 400 ਲੱਖ ਕਰੋੜ ਰੁਪਈਆ ਹੈ। ਜੇ ਸਰਕਾਰ ਇਹਨਾਂ ਤੇ 2% ਟੈਕਸ ਵੀ ਲਗਾ ਦੇਵੇ ਤਾਂ ਜਿੰਨੀ ਰਾਹਤ ਸਰਕਾਰ ਹੁਣ ਦੇਣ ਦਾ ਢੌਂਗ ਕਰ ਰਹੀ ਹੈ, ਉਸ ਤੋਂ ਤਿੰਨ ਗੁਣਾ ਪੈਸਾ ਵੱਧ ਆ ਸਕਦਾ ਹੈ। ਪਰ ਸਰਕਾਰ ਉਹਨਾਂ ਤੇ ਟੈਕਸ ਨਹੀਂ ਲਗਾਉਂਦੀ, ਬਲਕਿ ਬੱਸਾਂ ਦਾ ਕਿਰਾਇਆ, ਬਿਜਲੀ ਦਾ ਬਿੱਲ, ਰਸੋਈ ਦਾ ਸਿਲੰਡਰ, ਤੇ ਡੀਜ਼ਲ ਦਾ ਰੇਟ ਵਧਾਉਂਦੀ ਹੈ। ਉਹਨਾਂ ਨੂੰ ਤਾਂ ਸਬਸਿਡੀਆਂ ਤੋਂ ਲੈ ਕੇ ਟੈਕਸ ਰੀਬੇਟ ਤੱਕ ਬਹੁਤ ਕੁਝ ਦਿੰਦੀ ਹੈ। ਇਸੇ ਕਰਕੇ ਨਾ ਬਦਨੀਤੀਆਂ ਦਾ ਢਿੱਡ ਭਰਦਾ ਹੈ ਤਾਂ ਨਾ ਢਿੱਡ ਦੇ ਭੁਖਿਆਂ ਨੂੰ ਦੋ ਡੰਗ ਦੀ ਰੋਟੀ ਮਿਲਦੀ ਹੈ।

ਨੀਤ ਦੇ ਭੁੱਖਿਆਂ ਵਿੱਚੋਂ ਅੱਜ ਸਿਰਫ ਇਕ ਉਦਾਹਰਨ ਲੈਂਦੇ ਹਾਂ।

ਇਕ ਦਿਨ ਮੈਂ ਆਪਣੇ ਇਕ ਆਰਟੀਕਲ 'ਐਂਟੀਲੀਆਂ ਨੂੰ ਵੰਗਾਰ ਰਹੀਆਂ ਟਰਾਲੀਆਂ' ਵਿਚ ਲਿਖਿਆ ਸੀ:

"ਐਂਟੀਲੀਆ ਦੱਖਣੀ ਮੁੰਬਈ ਵਿਚ ਬਣਾਇਆ ਇਕ ਮਹਿਲਨੁਮਾ ਘਰ ਹੈ ਜਿੱਥੇ ਸੱਤਾ ਦਾ ਸਭ ਤੋਂ ਵੱਡਾ 'ਯਾਰ' ਰਿਲਾਇੰਸ਼ ਇੰਡਸਟਰੀ ਦਾ ਮਾਲਕ ਮੁਕੇਸ਼ ਅੰਬਾਨੀ ਵਸਦਾ ਹੈ। ਇਹ ਦੁਨੀਆ ਦਾ ਦੂਜਾ ਅਤੇ ਭਾਰਤ ਦਾ ਸਭ ਤੋਂ ਮਹਿੰਗਾ ਘਰ ਹੈ...ਸਾਰੀਆਂ ਹਾਈਟੈਕ ਸੁਵਿਧਾਵਾਂ ਨਾਲ ਲੈਸ..ਚਾਲੀ ਹਜ਼ਾਰ ਸਕੁਐਰ ਫੁੱਟ ਵਿਚ ਬਣਿਆ 27 ਮੰਜਿਲਾ ਮਕਾਨ। ਇਸ ਦੀ ਕੀਮਤ ਐਵੇਂ ਦੋ ਕੁ ਬਿਲਿਅਨ ਡਾਲਰ ਹੈ ਜਾਣੀ ਕਿ 1,47,13,10,00,000.00 ... ਗਿਣਤੀ ਨਹੀਂ ਆਈ ਨਾ? ਮੋਟਾ ਜਿਹਾ ਹਿਸਾਬ ਕਿਤਾਬ ਲਾਈਏ ਤਾਂ 14 ਹਜ਼ਾਰ



ਸੱਤ ਸੌ ਤੇਰਾਂ ਕੁ ਕਰੋੜ ਰੁਪਏ ਕੀਮਤ ਹੈ ਇਸ ਵਿਚਾਰੇ 'ਗਰੀਬੜੇ' ਜਿਹੇ ਬੰਦੇ ਦੇ ਮਕਾਨ ਦੀ।"

ਇਸ ਐਂਟੀਲੀਆਂ ਦੇ ਮਾਲਕ ਬਾਰੇ ਤਾਂ ਅਕਸਰ ਆਪਾਂ ਬਹੁਤ ਗੱਲਾਂ ਕਰਦੇ ਹਾਂ। ਅੱਜ ਇਸ ਦੀ ਮਾਲਕਣ ਬਾਰੇ ਗੱਲਾਂ ਕਰਦੇ ਹਾਂ। ਇਹਨਾਂ ਗੱਲਾਂ ਤੋਂ ਇਸ ਗੱਲ ਦੀ ਪੁਸ਼ਟੀ ਹੋ ਜਾਣੀ ਹੈ, ਕਿ ਪੇਟ ਦਾ ਰੱਜ ਤਾਂ ਹੋ ਸਕਦਾ ਹੈ, ਪਰ ਨੀਤ ਦਾ ਨਹੀਂ।

ਜੀ ਦੋਸਤੋ ਗੱਲ ਕਰ ਰਹੇ ਹਾਂ ਨੀਤਾ ਅੰਬਾਨੀ ਦੀ।

ਪ੍ਰਾਪਤ ਜਾਣਕਾਰੀ ਦੇ ਮੁਤਾਬਕ ਅੰਬਾਨੀ ਪਰਿਵਾਰ ਦੀ ਨੂੰਹ ਨੀਤਾ ਅੰਬਾਨੀ ਦੁਨੀਆਂ ਦਾ ਸਭ ਤੋਂ ਮਹਿੰਗਾ ਪਾਣੀ ਪੀਂਦੀ ਹੈ। ਭਾਰਤੀ ਕਰੰਸੀ ਦੇ ਮੁਤਾਬਕ 750 ਐਮ ਐਲ ਦੀ ਪਾਣੀ ਦੀ ਇਕ ਬੋਤਲ ਦੀ ਕੀਮਤ 44 ਲੱਖ ਰੁਪਏ ਤੋਂ ਵੱਧ ਹੈ। ਦਰਅਸਲ ਉਹ ਖ਼ੁਦ ਨੂੰ ਤੰਦਰੁਸਤ ਰੱਖਣ ਲਈ ' ' ਕੰਪਨੀ ਦੀ ਬੋਤਲ ਨਾਲ ਪਾਣੀ ਪੀਂਦੀ ਹੈ। ਇਹ ਬੋਤਲ ਸੋਨੇ ਦੀ ਬਣੀ ਹੁੰਦੀ ਹੈ ਅਤੇ ਕਹਿੰਦੇ ਹਨ ਇਸ ਦੇ ਪਾਣੀ ਵਿਚ ਪੰਜ ਗ੍ਰਾਮ ਸੋਨੇ ਦੀ ਭਸਮ ਮਿਲਾਈ ਜਾਂਦੀ ਹੈ ਜੋ ਇਨਸਾਨ ਦੇ ਸਰੀਰ ਲਈ ਬਹੁਤ ਫਾਇਦੇਮੰਦ ਹੈ। ਤੁਹਾਨੂੰ ਦੱਸ ਦਈਏ ਕਿ 2010 ਵਿਚ ਇਸ ਕੰਪਨੀ ਦਾ ਨਾਮ ਗਿਨੀਜ਼ ਬੁੱਕ ਆਫ ਵਰਲਡ ਰਿਕਾਰਡ ਵਿਚ ਸਭ ਤੋਂ ਮਹਿੰਗੀ ਪਾਣੀ ਦੀ ਬੋਤਲ ਤਿਆਰ ਕਰਨ ਦੇ ਰੂਪ ਵਿਚ ਦਰਜ ਕੀਤਾ ਗਿਆ ਸੀ। ਮਤਲਬ ਨੀਤਾ ਅੰਬਾਨੀ ਦੇ ਇਕ ਬੋਤਲ ਪਾਣੀ ਦੀ ਕੀਮਤ ਵਿਚ ਦਿੱਲੀ ਵਰਗੇ ਸ਼ਹਿਰ ਵਿਚ ਰਹਿਣ ਲਈ ਇਕ ਚੰਗੇ ਦਰਜੇ ਦਾ ਫਲੈਟ ਲਿਆ ਜਾ ਸਕਦਾ ਹੈ।

ਸਾਡੇ ਇਕ ਅਖਾਣ ਸੀ ਕਿ ਫਲਾਣਾ ਬੰਦਾ ਮੂੰਹ ਵਿਚ ਚਾਂਦੀ ਦਾ ਚਮਚਾ ਲੈ ਕੇ ਜੰਮਿਆ ਹੈ। ਮਤਲਬ ਜਿਸ ਨੇ ਇਹ ਅਖਾਣ ਬਣਾਇਆ ਉਹ ਵਿਚਾਰਾ ਵੀ ਆਪਣੇ ਵਰਗਾ ਹੋਣਾ ਜਿਸ ਨੂੰ ਚਾਂਦੀ ਵੀ ਅਮੀਰੀ ਦੀ ਨਿਸ਼ਾਨੀ ਲੱਗੀ, ਪਰ ਉਸ ਨੂੰ ਕੀ ਪਤਾ ਸੀ ਚਮਚੇ ਸਿਰਫ ਚਾਂਦੀ ਦੇ ਨਹੀਂ ਹੁੰਦੇ, ਬਲਕਿ ਸੋਨੇ ਤੇ ਹੀਰੇ ਦੇ ਵੀ ਹੋ ਸਕਦੇ ਹਨ।

ਇਹ ਬੀਬੀ ਲਗਜ਼ਰੀ ਲਾਈਫ ਸਟਾਈਲ ਜਿਉਣਾ ਪਸੰਦ ਕਰਦੀ ਹੈ। ਆਪਣੇ ਵਰਗੇ ਸਧਾਰਨ ਲੋਕ ਜਿੰਨਾ ਇਕ ਸਾਲ ਵਿਚ ਕਮਾਉਂਦੇ ਹਾਂ, ਉਨੇ ਕੁ ਪੈਸਿਆਂ ਦਾ ਤਾਂ ਇਹ ਬੀਬੀ ਕੌਫੀ ਦਾ ਇਕ ਕੱਪ ਪੀਣ ਤੇ ਖਰਚ ਕਰ ਦਿੰਦੀ ਹੈ। ਭਾਵ ਮੈਡਮ ਨੀਤਾ ਅੰਬਾਨੀ ਜੀ 3 ਲੱਖ ਰੁਪਏ ਦਾ ਕੌਫੀ ਦਾ ਕੱਪ ਪੀ ਕੇ ਦਿਨ ਦੀ ਸ਼ੁਰੂਆਤ ਕਰਦੀ ਹੈ।

ਇਹ ਬੀਬੀ ਜਿਸ ਕਸ਼ਟਮਾਈਜ਼ਡ ਲਿਪਸਟਿਕ ਦਾ ਇਸਤੇਮਾਲ ਕਰਦੀ ਹੈ, ਉਸ ਦੀ ਕੀਮਤ ਬਸ 40 ਕੁ ਲੱਖ ਰੁਪਏ ਦੇ ਕਰੀਬ ਮਸਾਂ ਬਣਦੀ ਹੈ।

ਇਹ ਬੀਬੀ 90 ਕਰੋੜ ਰੁਪਏ ਦੀ 9 ਵਿਚ ਸਫਰ ਕਰਦੀ ਹੈ ਅਤੇ ਇਸ ਦੇ ਡਰਾਈਵਰ ਦੀ ਸੈਲਰੀ 2 ਲੱਖ ਰੁਪਏ ਪ੍ਰਤੀ ਮਹੀਨਾ ਹੈ।

ਇਹ ਬੀਬੀ ਦੋ ਕਰੋੜ ਇੱਕੀ ਲੱਖ ਦਾ ਹੈਂਡ ਬੈਗ ਇਸਤੇਮਾਲ ਰਕਦੀ ਹੈ ਅਤੇ ਉਸ ਕੋਲ ਤੇ ਕੰਪਨੀ ਦੇ ਕਈ ਬੈਗ ਹਨ।

ਨੀਤਾ ਨੇ ਰਿਲਾਇੰਸ ਇੰਡਸਟਰੀਜ਼ ਦੇ ਸੀਈਓ ਦੇ ਬੇਟੇ ਦੀ ਸ਼ਾਦੀ ਵਿਚ ਐਵੇਂ 40 ਕੁ ਲੱਖ ਰੁਪਏ ਦੀ ਡਿਜ਼ਾਈਨਰ ਸਾੜੀ ਪਹਿਨੀ ਸੀ।

ਜੇ ਜਹਾਜ਼ ਦੀ ਗੱਲ ਕਰੀਏ ਤਾਂ ਇਸ ਬੀਬੀ ਕੋਲ ਆਪਣਾ ਪ੍ਰਾਈਵੇਟ ਜੈੱਟ ਜਹਾਜ਼ ਹੈ ਅਤੇ ਜਿਸਦੀ ਕੀਮਤ ਐਵੇਂ 240 ਕੁ ਕਰੋੜ ਰੁਪਏ ਹੀ ਹੈ।

ਉਹ ਕਿਹੜੇ ਕੱਪੜੇ ਇਕ ਵਾਰ ਪਹਿਨ ਲੈਂਦੀ ਹੈ, ਮੁੜ ਕੇ ਦੂਜੀ ਵਾਰ ਉਹ ਕੱਪੜੇ ਤੇ ਜੁੱਤੇ ਨਹੀਂ ਪਹਿਨਦੀ।

ਉਹ ਕਰੋੜਾਂ ਦੇ ਡਾਇਮੰਡ ਵਾਲੇ ਗਹਿਣੇ ਪਹਿਨਦੀ ਹੈ ਅਤੇ ਆਈਪੀਐਲ ਦੀ ਸਭ ਤੋਂ ਮਹਿੰਗੀ ਟੀਮ ਮੁੰਬਈ ਇੰਡੀਅਨਜ਼ ਦੀ ਮਾਲਕਣ ਹੈ।

ਕਰੇ ਵੀ ਕਿਉਂ ਨਾ..ਸਈਆਂ ਭਏ ਕੋਤਵਾਲ ਅਬ ਡਰ ਕਾਹੇ ਕਾ...

ਅੰਬਾਨੀ ਪਰਿਵਾਰ ਇਸ ਵੇਲੇ ਦੀ ਸੱਤਾ ਦੇ ਸਭ ਤੋਂ ਨੇੜੇ ਦਾ ਪਰਿਵਾਰ ਹੈ। ਸੱਤਾ ਨੇ ਹਰ ਖੇਤਰ ਵਿਚ ਉਸ ਦੀ ਮਨਾਪਲੀ ਕਰਵਾ ਦਿੱਤੀ ਹੈ। ਇਹਨਾਂ ਦੀ ਕਮਾਈ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲੱਗ ਸਕਦਾ ਹੈ ਕਿ ਲਾਕਡਾਉਨ ਦੇ ਦਰਮਿਆਨ ਵੀ ਇਹਨਾਂ ਦੀ ਕਮਾਈ ਇਕ ਘੰਟੇ ਵਿਚ 90 ਕਰੋੜ ਵਧਦੀ ਸੀ। ਆਮ ਆਦਮੀ ਇਸ ਸਮੇਂ ਦੌਰਾਨ ਬਰਬਾਦ ਹੋਇਆ ਪਰ ਇਹ ਇਹਨਾਂ ਦਿਨਾਂ ਵਿਚ ਆਮ ਹਾਲਤਾਂ ਨਾਲੋਂ 67% ਵੱਧ ਕਮਾ ਰਹੇ ਸੀ। ਏਸੀਆ ਦੇ ਸਭ ਤੋਂ ਵੱਧ ਅਮੀਰ ਅਤੇ ਦੁਨੀਆਂ ਦੇ ਅਮੀਰਾਂ ਵਿਚੋਂ ਇਕ ਅੰਬਾਨੀ ਪਰਿਵਾਰ ਦੀ ਇਸ ਵੇਲੇ ਕੁੱਲ ਆਮਦਨ 9700 ਕਰੋੜ ਅਮਰੀਕੀ ਡਾਲਰ ਹੈ।

ਹੁਣ ਜੇਕਰ ਭਾਰਤ ਦੀ ਸੁਪਰੀਮ ਕੋਰਟ ਸੱਤਾ ਨੂੰ ਮਿਹਣੇ ਮਾਰ ਰਹੀ ਹੈ ਕਿ ਲੋਕ ਭੁੱਖੇ ਮਰ ਰਹੇ ਨੇ ਤੇ ਕੇਂਦਰ ਯੋਜਨਾਵਾਂ ਨਹੀਂ ਬਣਾ ਰਿਹਾ। ਤਾਂ ਸਮਝਣਾ ਬਣਦਾ ਹੈ ਕਿ ਕੇਂਦਰ ਨੂੰ ਵਿਚਾਰੇ ਨੂੰ ਅੰਬਾਨੀ ਵਰਗੇ ਕਾਰਪੋਰੇਟਾਂ ਲਈ ਯੋਜਨਾ ਬਣਾਉਣ ਤੋਂ ਵਿਹਲ ਮਿਲੇ ਤਾਂ ਹੀ ਸੋਚ ਸਕਦੇ ਨੇ ਉਹ ਗ਼ਰੀਬਾਂ ਬਾਰੇ। ਫਿਲਹਾਲ ਤਾਂ ਸੱਤਾ ਇਹਨਾਂ ਦੀ ਜੀ ਹਜ਼ੂਰੀ ਕਰਨ ਲੱਗੀ ਹੋਈ ਹੈ ਤਾਂ ਹੀ ਉਸ ਨੂੰ ਆਪਣੀ ਦਹਿਲੀਜ਼ ਤੇ ਬੈਠੇ ਲੱਖਾਂ ਗ਼ਰੀਬ ਕਿਸਾਨ ਨਹੀਂ ਦਿਸ ਰਹੇ। ਪਿਛਲੇ ਦੋ ਦਹਾਕਿਆਂ ਵਿਚ 20 ਹਜ਼ਾਰ ਤੋਂ ਵੱਧ ਕਿਸਾਨ ਮਜ਼ਦੂਰ ਆਪਣੇ ਟੱਬਰ ਦਾ ਢਿੱਡ ਨਾ ਭਰ ਸਕਣ ਕਾਰਨ ਖੁਦਕੁਸ਼ੀਆਂ ਕਰ ਚੁੱਕੇ ਹਨ। ਹੁਣ ਕਿਸਾਨ ਸੰਘਰਸ਼ ਦੇ ਦੌਰਾਨ 700 ਕਿਸਾਨ ਮਾਰਿਆ ਜਾ ਚੁੱਕਾ ਹੈ, ਪਰ ਸੱਤਾ ਤੇ ਕਾਰਪੋਰੇਟ ਦਾ ਗੱਠਜੋੜ ਦੌਲਤਾਂ ਦੇ ਅੰਬਾਰ ਇੱਕਠੇ ਕਰਨ ਤੇ ਲੱਗਾ ਹੋਇਆ ਹੈ ਤਾਂ ਹੀ ਬਾਬਾ ਨਜ਼ਮੀ ਕਹਿੰਦਾ ਹੈ:

ਇਸ ਧਰਤੀ ਦੇ ਕੱਚੇ ਕੋਠੇ
ਪੱਕੇ ਹੋਵਣ ਤੀਕ,
ਮੇਰਾ ਇੱਟ-ਖੜਿੱਕਾ ਰਹਿਣਾ
ਹਰ ਹਾਕਮ ਦੇ ਨਾਲ਼...
ਮੁਨਸਫ਼ ਅੰਨ੍ਹੇ, ਬੋਲ਼ੇ, ਗੂੰਗੇ
'ਰੱਬ' ਅਸਮਾਨਾਂ ਵਿੱਚ,
ਕੀਹਨੂੰ ਫੱਟ ਵਿਖਾਵਾਂ ਆਪਣੇ
ਕੀਹਨੂੰ ਕਰਾਂ ਸਵਾਲ....

**ਕੁਲਦੀਪ ਸਿੰਘ ਦੀਪ** (**ਡਾ.**)

(**ਫੋਟੋ : ਨੀਤਾ ਅੰਬਾਨੀ ਦੀ ਪਾਣੀ ਦੀ ਬੋਤਲ**)

# ਮਹਾਂਅੰਦੋਲਨ, ਕਾਨੂੰਨ ਵਾਪਸੀ ਅਤੇ ਭਵਿੱਖੀ ਚੁਣੌਤੀਆਂ

(ਸਫ਼ਾ 1 ਦੀ ਬਾਕੀ)

ਦੀ ਮੰਗ ਮੰਨਣ ਤੋਂ ਦੋ-ਟੁੱਕ ਨਾਂਹ ਕਰਦਿਆਂ ਕਿਹਾ ਸੀ ਕਿ ਇਹ ਮੰਗ "ਨਾ ਤਾਂ ਜਾਇਜ਼ ਹੈ ਨਾ ਮੰਨਣਯੋਗ", ਕਿ ਅੰਦੋਲਨ ਤਾਂ ਪੰਜਾਬ ਦੇ ਕੁਛ ਸੌੜੇ ਹਿਤਾਂ ਵਾਲੇ ਲੋਕਾਂ ਵੱਲੋਂ ਪੈਦਾ ਕੀਤੇ 'ਸ਼ੰਕਿਆਂ ਅਤੇ ਭਰਮ, ਭੁਲੇਖਿਆਂ' 'ਤੇ ਆਧਾਰਿਤ ਹੈ।" 29 ਨਵੰਬਰ ਨੂੰ ਕਾਨੂੰਨ ਵਾਪਸੀ ਲਈ ਪੇਸ਼ ਕੀਤੇ ਬਿੱਲ ਦੇ ਉਦੇਸ਼ਾਂ ਅਤੇ ਕਾਰਨਾਂ ਦਾ ਬਿਆਨ ਕਹਿੰਦਾ ਹੈ: "ਭਾਵੇਂ ਕਿ ਕਿਸਾਨਾਂ ਦਾ ਸਿਰਫ ਇਕ ਸਮੂਹ ਹੀ ਇਨ੍ਹਾਂ ਕਾਨੂੰਨਾਂ ਦਾ ਵਿਰੋਧ ਕਰ ਰਿਹਾ ਹੈ, ਸਰਕਾਰ ਨੇ ਕਿਸਾਨਾਂ ਨੂੰ ਖੇਤੀ ਕਾਨੂੰਨਾਂ ਦੀ ਮਹੱਤਤਾ ਬਾਰੇ ਜਾਗਰੂਕ ਕਰਨ ਕਈ ਮੀਟਿੰਗਾਂ ਅਤੇ ਹੋਰ ਫੋਰਮਾਂ ਰਾਹੀਂ ਇਨ੍ਹਾਂ ਦੇ ਗੁਣ ਸਮਝਾਉਣ ਦੀ ਪੂਰੀ ਕੋਸ਼ਿਸ਼ ਕੀਤੀ ਹੈ।" ਨਰਿੰਦਰ ਮੋਦੀ ਦੇ 19 ਨਵੰਬਰ ਦੇ ਸੰਬੋਧਨ ਦਾ ਜ਼ੋਰ ਵੀ ਇਸੇ ਉੱਪਰ ਸੀ ਕਿ ਹਕੂਮਤ ਕੁਛ ਕਿਸਾਨਾਂ ਨੂੰ ਕਾਨੂੰਨਾਂ ਦੇ ਫ਼ਾਇਦੇ ਨਹੀਂ ਸਮਝਾ ਸਕੀ। ਮੋਦੀ ਨੂੰ ਝੋਰਾ ਵੀ ਸਿਰਫ਼ ਇਸੇ ਗੱਲ ਦਾ ਹੈ ਕਿ ਉਸ ਦੀ ਸਰਕਾਰ ਦੀ ਕਾਰਪੋਰੇਟ ਹਿਤੈਸ਼ੀ 'ਤਪੱਸਿਆ' ਵਿਚ ਕੋਈ ਕਮੀ ਰਹਿ ਗਈ ਜਿਸ ਕਰਕੇ ਉਹ 'ਕੁਛ ਕਿਸਾਨਾਂ' ਨੂੰ ਆਪਣਾ 'ਦੀਵੇ ਦੇ ਚਾਨਣ ਵਰਗਾ ਪਵਿੱਤਰ ਸੱਚ' ਸਮਝਾ ਨਹੀਂ ਸਕਿਆ। ਸੰਘ ਬਰਗੇਡ ਲੋਕ ਤਾਕਤ ਅੱਗੇ ਗੋਡੇ ਟੇਕਣ ਤੋਂ ਬਾਦ ਵੀ ਪੰਜਾਬ-ਹਰਿਆਣਾ ਅਤੇ ਪੱਛਮੀ ਯੂ.ਪੀ. ਦੇ ਇਕ ਆਵਾਜ਼ ਹੋ ਕੇ ਜੂਝ ਰਹੇ ਕਿਸਾਨਾਂ ਨੂੰ 'ਕੁਛ ਕਿਸਾਨ' ਹੀ ਦੱਸ ਰਿਹਾ ਹੈ ਜਿਨ੍ਹਾਂ ਵੱਲੋਂ ਸ਼ੁਰੂ ਕੀਤੇ ਗਏ ਅੰਦੋਲਨ ਵਿਚ ਪੂਰੇ ਮੁਲਕ ਦੇ ਕਿਸਾਨ ਕਾਫ਼ਲੇ ਬੰਨ੍ਹ ਕੇ ਸ਼ਾਮਿਲ ਹੁੰਦੇ ਆ ਰਹੇ ਹਨ। ਇਹ ਝੂਠੀਆਂ ਕਹਾਣੀਆਂ ਪ੍ਰਚਾਰ ਕੇ ਮਹਾਨ ਲੋਕ ਸੰਘਰਸ਼ਾਂ ਨੂੰ ਮਾਮੂਲੀ ਵਿਰੋਧ ਦਰਸਾਉਣ ਦਾ ਫਾਸ਼ੀਵਾਦੀ ਤਰੀਕਾ ਹੈ।

ਗੁਰਬਾਣੀ 'ਚੋਂ "ਵਿਚਿ ਦੁਨੀਆ ਸੇਵ ਕਮਾਈਐ। ਤਾ ਦਰਗਹ ਬੈਸਣੁ ਪਾਈਐ॥" ਦਾ ਹਵਾਲਾ ਦਿੰਦਿਆਂ ਮੋਦੀ ਇਕ ਸ਼ਬਦ ਵੀ ਨਹੀਂ ਬੋਲਿਆ ਕਿ ਕੋਰੋਨਾ ਮਹਾਮਾਰੀ ਦੌਰਾਨ 'ਆਤਮਨਿਰਭਰ ਭਾਰਤ ਅਭਿਆਨ' ਦੇ ਨਾਂ ਹੇਠ ਚੁੱਪਚੁਪੀਤੇ ਤਿੰਨ ਖੇਤੀ ਆਰਡੀਨੈਂਸ ਥੋਪਣਾ ਅਤੇ ਰਾਜ ਸਭਾ ਵਿਚ ਜ਼ਬਾਨੀ ਵੋਟਾਂ ਦੀ ਚਲਾਕੀ ਨਾਲ ਵਿਵਾਦਪੂਰਨ ਕਾਨੂੰਨ ਪਾਸ ਕਰਾਉਣਾ ਕਿਸ ਦੀ ਸੇਵਾ ਲਈ ਸੀ? ਖੇਤੀ ਤਾਂ ਰਾਜਾਂ ਦਾ ਵਿਸ਼ਾ ਹੈ, ਫਿਰ ਕੇਂਦਰ ਸਰਕਾਰ ਵੱਲੋਂ ਰਾਜਾਂ ਦੇ ਅਧਿਕਾਰ ਖੇਤਰ ਦੀ ਉਲੰਘਣਾ ਕਰਕੇ ਕਾਨੂੰਨ ਬਣਾਉਣਾ ਸੰਵਿਧਾਨਕ ਤੌਰ 'ਤੇ ਕਿਵੇਂ ਸਹੀ ਸੀ? ਪੇਂਡੂ ਖੇਤਰ ਬਾਰੇ ਉੱਥੇ ਵਸਦੇ ਕਿਸਾਨਾਂ ਅਤੇ ਹੋਰ ਲੋਕਾਂ ਨੂੰ ਭਰੋਸੇ ਵਿਚ ਲਏ ਬਗ਼ੈਰ ਉਨ੍ਹਾਂ ਬਾਬਤ ਕਾਨੂੰਨ ਨਹੀਂ ਬਣਾਏ ਜਾਣੇ ਚਾਹੀਦੇ, ਸੰਯੁਕਤ ਰਾਸ਼ਟਰ ਦੇ ਇਸ ਦਿਸ਼ਾ-ਨਿਰਦੇਸ਼ ਦੀ ਉਲੰਘਣਾ ਕਰਨਾ ਕਿਵੇਂ ਸਹੀ ਸੀ? ਇਸ ਪੂਰੀ ਧੋਖੇਬਾਜ਼ੀ ਦੇ ਮੱਦੇਨਜ਼ਰ ਇਹ ਸਮਝ ਲੈਣਾ ਚਾਹੀਦਾ ਹੈ ਕਿ ਨਿਸ਼ਚੇ ਹੀ ਤਿੰਨ ਕਾਨੂੰਨਾਂ ਦੀ ਵਾਪਸੀ ਫਾਸ਼ੀਵਾਦੀ ਹਕੂਮਤ ਦੀਆਂ ਗੋਡਣੀਆਂ ਲਵਾਊ ਜਿੱਤ ਤਾਂ ਹੈ ਜਿਸ ਨੇ ਸ਼ਾਨਾਮੱਤਾ ਇਤਿਹਾਸ ਰਚਿਆ ਹੈ ਪਰ ਜਿਸ ਖੁੱਲ੍ਹੀ ਮੰਡੀ ਹਿਤੈਸ਼ੀ ਆਰਥਕ ਮਾਡਲ ਦੇ ਹੱਕ 'ਚ ਆਰ.ਐੱਸ.ਐੱਸ.-ਬੀ.ਜੇ.ਪੀ. ਸਮੇਤ ਸਮੁੱਚਾ ਭਾਰਤੀ ਹੁਕਮਰਾਨ ਲਾਣਾ ਐਨੀ ਬੇਸ਼ਰਮੀ ਨਾਲ ਡੱਟਿਆ ਹੋਇਆ ਹੈ ਉਸ ਵਿਰੁੱਧ ਭਾਰਤੀ ਅਵਾਮ ਦੀ ਲੜਾਈ ਐਨੀ ਛੇਤੀ ਮੁੱਕਣ ਵਾਲੀ ਨਹੀਂ ਹੈ। ਭਗਵਾਂ-ਕਾਰਪੋਰੇਟ ਪ੍ਰਚਾਰਤੰਤਰ ਹੁਣ ਵੀ ਕਿਸਾਨ ਅੰਦੋਲਨ ਨੂੰ ਰਾਸ਼ਟਰ ਵਿਰੋਧੀ ਬਣਾ ਕੇ ਪੇਸ਼ ਕਰਨ ਦਾ ਉਹੀ ਘਿਣਾਉਣਾ ਬਿਰਤਾਂਤ ਪ੍ਰਚਾਰਨ 'ਚ ਜੁੱਟਿਆ ਹੋਇਆ ਹੈ। ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਪ੍ਰਧਾਨ ਮੰਤਰੀ ਨੇ ਖੇਤੀ ਕਾਨੂੰਨ 'ਖੱਬੇਪੱਖੀ ਅੱਤਵਾਦੀ' ਘੁਸਪੈਠ ਵਾਲੇ ਅੰਦੋਲਨ ਵੱਲੋਂ ਮੁਲਕ ਦੀ ਸੁਰੱਖਿਆ ਲਈ ਪੈਦਾ ਕੀਤੇ ਜਾ ਰਹੇ ਖ਼ਤਰੇ ਨੂੰ ਰੋਕਣ ਲਈ 'ਕੌਮੀ ਹਿਤ' 'ਚ ਵਾਪਸ ਲਏ ਹਨ; ਕਿ ਇਹ ਅੰਦੋਲਨ ਚੀਨ-ਪਾਕਿਸਤਾਨ ਵੱਲੋਂ ਦਿੱਤੇ ਜਾ ਰਹੇ ਫੰਡਾਂ ਨਾਲ ਚਲਾਇਆ ਜਾ ਰਿਹਾ ਹੈ ਅਤੇ ਕਾਨੂੰਨ ਵਾਪਸ ਲੈ ਕੇ ਮੋਦੀ ਨੇ ਮੁਲਕ ਨੂੰ ਟੁੱਟਣ ਤੋਂ ਬਚਾ ਲਿਆ ਹੈ। ਯਾਨੀ ਕਾਨੂੰਨ ਥੋਪਣਾ ਵੀ ਸਹੀ ਸੀ ਅਤੇ ਵਾਪਸ ਲੈਣਾ ਵੀ ਸਹੀ ਹੈ! ਮੋਦੀ ਵੱਲੋਂ ਭਵਿੱਖ 'ਚ ਕਿਸਾਨਾਂ ਨਾਲ ਮਸ਼ਵਰਾ ਕਰਕੇ ਖੇਤੀ ਸੁਧਾਰ ਕਰਨ ਦੇ ਮਨਸ਼ੇ ਜ਼ਾਹਿਰ ਕਰਨਾ ਵੀ ਸਾਫ਼ ਇਸ਼ਾਰਾ ਹੈ ਕਿ ਆਉਣ ਵਾਲੇ ਸਮੇਂ 'ਚ, ਖ਼ਾਸ ਕਰਕੇ ਪੰਜ ਰਾਜਾਂ ਦੀਆਂ ਚੋਣਾਂ ਤੋਂ ਬਾਦ ਮੋਦੀ ਹਕੂਮਤ ਇਹੀ ਕਾਰਪੋਰੇਟ ਏਜੰਡਾ ਕਿਸੇ ਨਵੇਂ ਅਤੇ ਵਧੇਰੇ ਘਾਤਕ ਰੂਪ 'ਚ ਥੋਪਣ ਦੀ ਕੋਸ਼ਿਸ਼ ਕਰੇਗੀ। ਬਹੁਤ ਸਾਰੇ ਰਾਜਨੀਤਕ ਮਾਹਿਰ ਵੀ ਇਹੀ ਖ਼ਦਸ਼ਾ ਜ਼ਾਹਿਰ ਕਰ ਰਹੇ ਹਨ ਅਤੇ ਖ਼ੁਦ ਬੀ.ਜੇ.ਪੀ. ਦੇ ਆਗੂ ਵੀ ਇਹ ਗੱਲ ਸਾਫ਼ ਤੌਰ 'ਤੇ ਕਹਿ ਰਹੇ ਹਨ।

ਕਪਟੀ ਕਿਰਦਾਰਾਂ ਬਾਰੇ ਗੁਰਬਾਣੀ ਦੀ ਸਿੱਖਿਆ "ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥ ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥" ਮੋਦੀ ਦੀ ਕਪਟੀ ਨਿਮਰਤਾ ਉੱਪਰ ਪੂਰੀ ਢੁੱਕਦੀ ਹੈ। ਜਿੱਤ ਦੇ ਬਾਵਜੂਦ ਹੁਣ ਹੋਰ ਵੀ ਚੁਕੰਨੇ ਰਹਿਣਾ ਪਵੇਗਾ ਕਿ ਹਕੂਮਤ ਦਾ ਕਪਟੀ ਮਨ ਬਦਲਿਆ ਨਹੀਂ ਹੈ, ਇਹ ਸਿਰਫ਼ ਹਾਲਾਤ ਦੇ ਦਬਾਓ ਹੇਠ ਝੁਕੀ ਹੈ। ਇਸ ਨੇ ਸਿਰਫ਼ ਕਾਨੂੰਨ ਵਾਪਸ ਲੈਣ ਦਾ ਐਲਾਨ ਕੀਤਾ ਹੈ, ਖੇਤੀ ਖੇਤਰ ਉੱਪਰ ਕਾਰਪੋਰੇਟਾਂ ਦਾ ਕਬਜ਼ਾ ਕਰਾਉਣ ਦਾ ਏਜੰਡਾ ਨਹੀਂ ਤਿਆਗਿਆ। ਇਸ ਨੇ ਅੰਦੋਲਨ ਦੇ ਆਗੂਆਂ ਨਾਲ ਸਹਿਮਤੀ ਦੇ ਆਧਾਰ 'ਤੇ ਕਾਨੂੰਨ ਰੱਦ ਕਰਨ ਦਾ ਫ਼ੈਸਲਾ ਲੈਣ ਅਤੇ ਪ੍ਰੈੱਸ ਕਾਨਫਰੰਸ ਕਰਕੇ ਸਵਾਲਾਂ ਦੀ ਬੌਛਾੜ ਦਾ ਸਾਹਮਣਾ ਕਰਨ ਦੀ ਬਜਾਏ ਅਚਾਨਕ ਐਲਾਨ ਕਰਨ ਅਤੇ ਇਸੇ ਤਰ੍ਹਾਂ ਸੰਸਦ ਦੇ ਦੋਨਾਂ ਸਦਨਾਂ ਵਿਚ ਬਿੱਲ ਉੱਪਰ ਬਹਿਸ ਕਰਾਉਣ ਦੀ ਬਜਾਏ ਜ਼ਬਾਨੀ ਵੋਟਿੰਗ ਰਾਹੀਂ ਬਿੱਲ ਪਾਸ ਕਰਾਉਣ ਦਾ ਮੱਕਾਰ ਤਰੀਕਾ ਅਪਣਾਇਆ, ਜਿਸ ਪਿੱਛੇ ਇਸ ਦੀ ਬਦਨੀਅਤ ਅਤੇ ਰਾਜਨੀਤਕ ਨੁਕਸਾਨ ਪੂਰਤੀ ਦੀਆਂ ਗਿਣਤੀ-ਮਿਣਤੀਆਂ ਕੰਮ ਕਰਦੀਆਂ ਹਨ। ਗੁਰਪੁਰਬ ਦੇ ਪਵਿੱਤਰ ਮੌਕੇ ਉੱਪਰ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲਵਾ ਕੇ ਅਤੇ ਕਾਨੂੰਨ ਵਾਪਸ ਲੈ ਕੇ ਆਰ.ਐੱਸ.ਐੱਸ.-ਬੀ.ਜੇ.ਪੀ. ਆਪਣਾ ਅਕਸ ਸੁਧਾਰਨ ਦੀ ਕੋਸ਼ਿਸ਼ 'ਚ ਹੈ। ਪੰਜਾਬ ਦੀ ਕਿਸਾਨੀ ਜੋ ਮੁੱਖ ਤੌਰ 'ਤੇ ਸਿੱਖ ਹੈ, ਨੂੰ ਧਾਰਮਿਕ ਤੌਰ 'ਤੇ ਭਰਮਾਉਣ ਅਤੇ ਇਹ ਪ੍ਰਭਾਵ ਸਿਰਜਣ ਲਈ ਹੀ ਖ਼ਾਸ ਦਿਨ ਚੁਣਿਆ ਗਿਆ ਕਿ ਸੰਘਰਸ਼ ਮੁੱਖ ਤੌਰ 'ਤੇ ਸਿੱਖ ਕਿਸਾਨੀ ਦਾ ਸੀ। ਸੰਘ ਬਰਗੇਡ ਨੂੰ ਇਹ ਅਹਿਸਾਸ ਵੀ ਭਲੀਭਾਂਤ ਹੋ ਗਿਆ ਸੀ ਕਿ ਪੰਜਾਬ ਦੇ ਕਿਸਾਨਾਂ ਅਤੇ ਹੋਰ ਲੋਕਾਂ ਵੱਲੋਂ ਕਾਲੇ ਕਾਨੂੰਨਾਂ ਵਿਰੁੱਧ ਸਿਰੜੀ ਲੜਾਈ 'ਚ ਡੱਟਣ ਪਿੱਛੇ ਇਸ ਮਿੱਟੀ ਦੇ ਜਾਇਆਂ ਦਾ ਜਰਵਾਣੇ ਹਾਕਮਾਂ ਵਿਰੁੱਧ ਲੜਨ ਦਾ ਸਦੀਆਂ ਦਾ ਸ਼ਾਨਾਮੱਤਾ ਇਤਿਹਾਸ ਵੱਡਾ ਪ੍ਰੇਰਣਾ ਸਰੋਤ ਹੈ ਜਿਸ ਦੇ ਕੇਂਦਰ 'ਚ ਸਿੱਖ ਲਹਿਰ ਦੇ ਯੋਧਿਆਂ ਅਤੇ ਗ਼ਦਰੀਆਂ-ਬੱਬਰ ਅਕਾਲੀਆਂ ਅਤੇ ਸ਼ਹੀਦ ਭਗਤ ਸਿੰਘ ਵਰਗੇ ਸੂਰਮਿਆਂ ਦੀਆਂ ਮਹਾਨ ਕੁਰਬਾਨੀਆਂ ਹਨ।

ਮੋਦੀ ਵੱਲੋਂ ਕਾਨੂੰਨ ਵਾਪਸੀ ਦਾ ਫ਼ੈਸਲਾ ਲੈਣ ਦਾ ਐਲਾਨ ਕੀਤੇ ਜਾਣ ਤੋਂ ਬਾਦ ਮੋਰਚੇ ਵੱਲੋਂ ਮੋਦੀ ਹਕੂਮਤ ਦੇ ਨਾਂ ਖੁੱਲ੍ਹੀ ਚਿੱਠੀ ਲਿਖ ਕੇ ਅੰਦੋਲਨ ਦੀਆਂ ਮੰਗਾਂ ਬਾਰੇ ਆਪਣੀ ਪੁਜ਼ੀਸ਼ਨ ਇਕ ਵਾਰ ਫਿਰ ਸਪਸ਼ਟ ਕਰ ਦਿੱਤੀ ਗਈ। ਤੈਅ ਕੀਤੇ ਗਏ ਪ੍ਰੋਗਰਾਮਾਂ ਨੂੰ ਬਰਕਰਾਰ ਰੱਖਦੇ ਹੋਏ 26 ਨਵੰਬਰ ਨੂੰ ਸਿੰਘੂ, ਟੀਕਰੀ ਅਤੇ ਹੋਰ ਮੋਰਚਿਆਂ ਉੱਪਰ ਵਿਸ਼ਾਲ ਇਕੱਠ ਕੀਤੇ ਗਏ ਜਿਨ੍ਹਾਂ ਵਿਚ ਕਿਸਾਨ ਅਤੇ ਹੋਰ ਲੋਕ ਜੋਸ਼-ਖ਼ਰੋਸ਼ ਨਾਲ ਸ਼ਾਮਿਲ ਹੋਏ। ਮੰਤਰੀ ਮੰਡਲ ਵੱਲੋਂ ਕਾਨੂੰਨ ਵਾਪਸੀ ਨੂੰ ਰਸਮੀਂ ਮਨਜ਼ੂਰੀ ਦੇਣ ਅਤੇ ਇਸ ਸੰਬੰਧੀ ਬਿੱਲ ਨੂੰ ਲੋਕ ਸਭਾ 'ਚ ਪੇਸ਼ ਕੀਤੇ ਜਾਣ ਲਈ ਸੂਚੀਬੱਧ ਕਰ ਲੈਣ 'ਤੇ ਸੰਯੁਕਤ ਕਿਸਾਨ ਮੋਰਚੇ ਨੇ 29 ਨਵੰਬਰ ਦਾ ਟਰੈਕਟਰ ਮਾਰਚ ਦਾ ਪ੍ਰੋਗਰਾਮ ਮੁਲਤਵੀ ਕਰ ਦਿੱਤਾ। ਸਾਰੇ ਪੱਖਾਂ ਬਾਰੇ ਸੋਚ-ਵਿਚਾਰ ਕਰਕੇ ਸੰਯੁਕਤ ਕਿਸਾਨ ਮੋਰਚੇ ਦੀ ਕੋਰ ਕਮੇਟੀ ਨੇ ਪਾਰਲੀਮੈਂਟ ਵਿਚ ਕਾਨੂੰਨ ਰੱਦ ਕੀਤੇ ਜਾਣ ਤੱਕ ਇੰਤਜ਼ਾਰ ਕਰਨ ਦਾ ਫ਼ੈਸਲਾ ਲਿਆ। ਹੁਣ ਕਿਉਂਕਿ ਸੰਸਦ ਦੇ ਦੋਨਾਂ ਸਦਨਾਂ ਵਿਚ ਕਾਨੂੰਨ ਵਾਪਸ ਲੈ ਲਏ ਗਏ ਹਨ, ਇਸ ਦੇ ਮੱਦੇਨਜ਼ਰ 1 ਦਸੰਬਰ ਨੂੰ ਸੰਯੁਕਤ ਕਿਸਾਨ ਮੋਰਚੇ ਦੀ ਹੰਗਾਮੀ ਮੀਟਿੰਗ ਕਰਕੇ ਅੰਦੋਲਨ ਬਾਰੇ ਫ਼ੈਸਲਾ ਲਿਆ ਜਾਵੇਗਾ। ਆਗੂਆਂ ਨੇ ਸਪਸ਼ਟ ਕਿਹਾ ਹੈ ਕਿ ਕਾਨੂੰਨਾਂ ਨੂੰ ਰੱਦ ਕਰਨ ਤੋਂ ਬਾਦ ਸਰਕਾਰ ਹੁਣ ਐੱਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ ਅਤੇ ਹੋਰ ਮੰਗਾਂ ਬਾਰੇ ਸੰਸਦ ਵਿਚ ਫ਼ੈਸਲਾ ਲਵੇ। ਇਨ੍ਹਾਂ ਮੰਗਾਂ ਨੂੰ ਪੂਰਾ ਕਰਵਾਏ ਅਤੇ ਅੰਦੋਲਨ ਦੌਰਾਨ ਪਾਏ ਕੇਸ ਵਾਪਸ ਲਏ ਜਾਣ ਅਤੇ ਅਜੇ ਮਿਸ਼ਰਾ ਦੀ ਬਰਖ਼ਾਸਤਗੀ ਬਾਰੇ ਕੋਈ ਠੋਸ ਅਮਲ ਤੈਅ ਕਰਵਾਏ ਬਗੈਰ ਕਿਸਾਨ ਕਾਫ਼ਲੇ ਬਾਰਡਰਾਂ ਤੋਂ ਨਹੀਂ ਉੱਠਣਗੇ।

ਕਿਸਾਨ ਜਥੇਬੰਦੀਆਂ ਨੇ ਕਾਲੇ ਕਾਨੂੰਨਾਂ ਦੇ ਖ਼ਿਲਾਫ਼ ਵਿਰੋਧ ਦਰਜ ਕਰਾਉਣ ਲਈ ਰਾਜਧਾਨੀ ਵਿਚ ਦੋ ਦਿਨ ਪੁਰਅਮਨ ਧਰਨੇ ਦਾ ਪ੍ਰੋਗਰਾਮ ਉਲੀਕ ਕੇ 26 ਨਵੰਬਰ 2020 ਨੂੰ "ਦਿੱਲੀ ਚੱਲੋ" ਦਾ ਸੱਦਾ ਦਿੱਤਾ ਸੀ ਪਰ ਉਨ੍ਹਾਂ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਹਰਿਆਣੇ ਵਿਚ ਲਾਈਆਂ ਜਾਬਰ ਰੋਕਾਂ ਨੇ ਲੋਕ ਰੋਹ ਨੂੰ ਜ਼ਰਬਾਂ ਦੇ ਦਿੱਤੀਆਂ ਅਤੇ 26 ਨਵੰਬਰ ਤੋਂ ਸਿੰਘੂ ਅਤੇ ਟੀਕਰੀ ਹੱਦਾਂ ਉੱਪਰ ਬੇਮਿਸਾਲ ਮਹਾਂਅੰਦੋਲਨ ਦਾ ਪਿੜ ਬੱਝ ਗਿਆ। ਫਿਰ ਗਾਜ਼ੀਪੁਰ ਅਤੇ ਹੋਰ ਬਾਰਡਰਾਂ ਉੱਪਰ ਵੀ ਪੱਕੇ ਮੋਰਚੇ ਲਗਾ ਦਿੱਤੇ ਗਏ। ਲੋਕ ਤਾਕਤ ਨੇ ਓੜਕ ਹੰਕਾਰੇ ਹੋਏ ਹੁਕਮਰਾਨ ਨੂੰ ਝੁਕਣ ਲਈ ਮਜਬੂਰ ਕਰ ਦਿੱਤਾ, ਜਿਸ ਨੇ ਆਪਣਾ ਇਹ ਅਕਸ ਬਣਾ ਰੱਖਿਆ ਹੈ ਕਿ ਉਹ ਮੂੰਹੋਂ ਕੱਢਿਆ ਸ਼ਬਦ ਕਦੇ ਵਾਪਸ ਨਹੀਂ ਲੈਂਦਾ। ਪਹਿਲਾਂ ਵੀ 2015 'ਚ ਇਸੇ ਹਕੂਮਤ ਨੂੰ ਜ਼ਮੀਨ ਐਕਵਾਇਰ ਕਰਨ ਸੰਬੰਧੀ ਕਾਲਾ ਕਾਨੂੰਨ ਵਿਆਪਕ ਲੋਕ ਦਬਾਓ ਕਾਰਨ ਵਾਪਸ ਲੈਣਾ ਪਿਆ ਸੀ, ਪਰ ਮੋਦੀ ਫਿਰ ਵੀ ਖ਼ੁਦ ਨੂੰ ਇਸ ਤਰ੍ਹਾਂ ਪੇਸ਼ ਕਰਦਾ ਰਿਹਾ ਕਿ ਉਹ ਕਦੇ ਆਪਣੇ ਕੀਤੇ ਹੋਏ ਫ਼ੈਸਲੇ ਵਾਪਸ ਨਹੀਂ ਲੈਂਦਾ।

ਮਹਾਂਅੰਦੋਲਨ ਦਾ ਦਬਾਓ ਇਸ ਕਦਰ ਸੀ ਕਿ ਉਸ ਫ਼ਾਸ਼ੀਵਾਦੀ ਹਕੂਮਤ ਨੂੰ ਕਿਸਾਨ ਜਥੇਬੰਦੀਆਂ ਨਾਲ ਲਗਾਤਾਰ ਗੱਲਬਾਤ ਕਰਨ ਲਈ ਮਜਬੂਰ ਹੋਣਾ ਪਿਆ ਜੋ ਧਾਰਾ 370 ਨੂੰ ਖ਼ਤਮ ਕਰਨ, ਸੀ.ਏ.ਏ.-ਐੱਨ.ਆਰ.ਸੀ. ਵਿਰੁੱਧ ਵਿਆਪਕ ਪੁਰਅਮਨ ਵਿਰੋਧ ਪ੍ਰਦਰਸ਼ਨਾਂ ਸਮੇਤ ਹਰ ਜਾਇਜ਼ ਵਿਰੋਧ ਨੂੰ ਟਿੱਚ ਸਮਝ ਕੇ ਡੰਡੇ ਨਾਲ ਦਬਾਉਂਦੀ ਆ ਰਹੀ ਸੀ। ਅੰਦੋਲਨ ਦਾ ਦਬਦਬਾ ਐਨਾ ਜ਼ਬਰਦਸਤ ਸੀ ਕਿ ਕਾਲੇ ਕਾਨੂੰਨਾਂ ਦੀ ਵਕਾਲਤ ਕਰਨ ਵਾਲੇ ਬੀ.ਜੇ.ਪੀ. ਦੇ ਬੇਸ਼ਰਮ ਜੋਟੀਦਾਰ ਬਾਦਲਕਿਆਂ ਨੂੰ ਹਰਸਿਮਰਤ ਕੌਰ ਤੋਂ ਅਸਤੀਫ਼ਾ ਦਿਵਾ ਕੇ ਅਤੇ ਬੀ.ਜੇ.ਪੀ. ਨਾਲ "ਨਹੁੰ-ਮਾਸ ਦਾ ਰਿਸ਼ਤਾ" ਤੋੜ ਕੇ ਕਾਨੂੰਨਾਂ ਦਾ ਵਿਰੋਧ ਕਰਨਾ ਪੈ ਗਿਆ। ਇਸੇ ਤਰ੍ਹਾਂ, ਕੈਪਟਨ ਅਤੇ ਚੰਨੀ ਸਰਕਾਰ ਨੂੰ ਵਿਧਾਨ-ਸਭਾ 'ਚ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੇ ਮਤੇ ਪਾਸ ਕਰਨੇ ਪਏ। ਸਾਰੀਆਂ ਪਾਰਟੀਆਂ ਨੂੰ ਕਿਸਾਨ ਵ੍ਹਿੱਪ ਦੀ ਪਾਲਣਾ ਕਰਨੀ ਪਈ। ਹਕੂਮਤ ਦੀਆਂ ਤਮਾਮ ਭੜਕਾਊ ਅਤੇ ਫੁੱਟਪਾਊ ਚਾਲਾਂ ਨੂੰ ਨਾਕਾਮ ਬਣਾ ਕੇ ਅੰਦੋਲਨ ਦੀ ਬੁਲੰਦੀ ਅਤੇ ਲਗਾਤਾਰਤਾ ਨੇ ਇਸ ਸਚਾਈ ਉੱਪਰ ਮੋਹਰ ਲਾ ਦਿੱਤੀ ਕਿ ਹੁਕਮਰਾਨ ਕਿੰਨਾ ਵੀ ਹੰਕਾਰਿਆ ਕਿਉਂ ਨਾ ਹੋਵੇ ਜਿੱਤ ਓੜਕ ਸੱਚੇ ਮਾਰਗ 'ਤੇ ਡੱਟੇ ਰਹਿਣ ਵਾਲਿਆਂ ਦੀ ਹੁੰਦੀ ਹੈ। ਕਿ ਤਾਨਾਸ਼ਾਹਾਂ ਦੇ ਅਮੋੜ ਫ਼ੈਸਲੇ ਵੀ ਲੋਕ ਤਾਕਤ ਦੇ ਜ਼ੋਰ ਉਲਟਾਏ ਜਾ ਸਕਦੇ ਹਨ। ਪਾਸ ਕੀਤੇ ਕਾਨੂੰਨ ਰੱਦ ਕਰਾਏ ਜਾ ਸਕਦੇ ਹਨ।

ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਕਿਸਾਨਾਂ ਨੇ "ਤਿੰਨੇ ਕਾਨੂੰਨ ਚਕਨਾਚੂਰ, ਸੋਧਾਂ ਸੂਧਾਂ ਨਹੀਂ ਮਨਜ਼ੂਰ" ਦਾ ਨਾਅਰਾ ਬੁਲੰਦ ਕਰਦਿਆਂ ਹਕੂਮਤੀ ਕਪਟ ਅਤੇ ਜਬਰ ਦਾ ਮੁਕਾਬਲਾ ਸਿਦਕ, ਸਿਰੜ ਅਤੇ ਤਹੱਮਲ ਨਾਲ ਕਰਦੇ ਹੋਏ ਨਵਾਂ ਇਤਿਹਾਸ ਰਚਿਆ। ਸਮਾਜ ਦਾ ਅੱਧ ਔਰਤਾਂ ਅਤੇ ਨੌਜਵਾਨਾਂ ਦੀ ਭਰਵੀਂ ਹਿੱਸੇਦਾਰੀ ਨੇ ਅੰਦੋਲਨ ਦੀ ਤਾਕਤ ਦੂਣ-ਸਵਾਈ ਕਰ ਦਿੱਤੀ। ਦੁਕਾਨਦਾਰ, ਮਜ਼ਦੂਰ, ਮੁਲਾਜ਼ਮ, ਹੋਰ ਛੋਟੇ ਕਾਰੋਬਾਰੀ, ਪੂਰੇ ਮੁਲਕ ਦੇ ਮੱਧ ਵਰਗੀ ਹਿੱਸੇ, ਬੁੱਧੀਜੀਵੀ, ਲੇਖਕ ਅਤੇ ਵੰਨ-ਸੁਵੰਨੇ ਕਲਾਕਾਰ ਵੀ ਅੰਦੋਲਨ ਨਾਲ ਮਨੋਂ ਜੁੜੇ ਰਹੇ ਜਿਨ੍ਹਾਂ ਦਾ ਖੇਤੀ ਨਾਲ ਸਿੱਧਾ ਸੰਬੰਧ ਨਹੀਂ ਸੀ। ਪ੍ਰਵਾਸੀ ਭਾਰਤੀਆਂ ਨੇ ਅੰਦੋਲਨ ਦੇ ਹੱਕ 'ਚ ਕੌਮਾਂਤਰੀ ਇਕਮੁੱਠਤਾ ਲਹਿਰ ਉਸਾਰਨ 'ਚ ਬਹੁਤ ਹੀ ਕਾਬਲੇਤਾਰੀਫ਼ ਭੂਮਿਕਾ ਨਿਭਾਈ। ਇਸ ਅੰਦੋਲਨ ਨੇ ਅਵਾਮ ਦਾ ਸਮੂਹਿਕ ਸੰਘਰਸ਼ਾਂ ਰਾਹੀਂ ਆਪਣੇ ਹਿਤਾਂ ਦੀ ਰਾਖੀ ਵਿਚ ਵਿਸ਼ਵਾਸ ਬਣਾਉਣ ਅਤੇ ਉਨ੍ਹਾਂ ਨੂੰ ਬਦਲਾਓ ਲਈ ਪ੍ਰੇਰਨ 'ਚ ਮਹੱਤਵਪੂਰਨ ਭੂਮਿਕਾ ਨਿਭਾਈ। ਸੰਯੁਕਤ ਕਿਸਾਨ ਮੋਰਚੇ ਦਾ ਧੁਰਾ ਅਤੇ ਅਸਲ ਤਾਕਤ ਦਹਾਕਿਆਂ ਤੋਂ ਸਰਗਰਮ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਹਨ ਜਿਨ੍ਹਾਂ ਦੀ ਦੂਰਅੰਦੇਸ਼ ਅਗਵਾਈ ਨੇ ਮੋਰਚੇ ਦਾ ਧਰਮ-ਨਿਰਲੇਪ ਸਰੂਪ ਵੀ ਬਣਾਈ ਰੱਖਿਆ ਅਤੇ ਹਾਕਮ ਜਮਾਤੀ ਧੜਿਆਂ ਤੋਂ ਦੂਰੀ ਵੀ ਬਣਾਈ ਰੱਖੀ ਜੋ ਹਮੇਸ਼ਾ ਅੰਦੋਲਨਾਂ ਨੂੰ ਆਪਣੀ ਲੋਕ-ਦੁਸ਼ਮਣ ਸਿਆਸਤ ਦੇ ਹੱਕ 'ਚ ਭੁਗਤਾ ਲੈਣ ਦੀ ਤਾਕ 'ਚ ਰਹਿੰਦੇ ਹਨ। ਮਹਾਂਅੰਦੋਲਨ ਨੇ ਕੇਵਲ ਮੁਲਕ ਦੇ ਕਾਰਪੋਰੇਟ ਮਾਡਲ ਦੀ ਮਾਰ ਝੱਲ ਰਹੇ ਮਾਯੂਸ ਅਵਾਮ, ਖ਼ਾਸ ਕਰਕੇ ਕਿਸਾਨਾਂ ਅਤੇ ਹੋਰ ਮਿਹਨਤਕਸ਼ ਹਿੱਸਿਆਂ 'ਚ ਸਮੂਹਿਕ ਹੱਕ-ਜਤਾਈ ਲਈ ਜੂਝਣ ਦਾ ਉਤਸ਼ਾਹ ਹੀ ਨਹੀਂ ਭਰਿਆ, ਇਸ ਨੇ ਕੁਲ ਆਲਮ 'ਚ ਕਿਸਾਨਾਂ ਨੂੰ ਕਾਰਪੋਰੇਟ ਗ਼ਲਬੇ ਨੂੰ ਚੁਣੌਤੀ ਦੇਣ ਲਈ ਪ੍ਰੇਰਣਾ ਸਰੋਤ ਦਾ ਕੰਮ ਵੀ ਕੀਤਾ। ਮਸ਼ਹੂਰ ਬੁੱਧੀਜੀਵੀ ਨੋਮ ਚੌਮਸਕੀ ਵੱਲੋਂ ਮਹਾਂਅੰਦੋਲਨ ਦਾ ਨੋਟਿਸ ਲੈ ਕੇ ਇਸ ਨੂੰ ਹਨੇਰੇ ਦੌਰ 'ਚ ਚਾਨਣ ਮੁਨਾਰੇ ਦੀ ਤਸ਼ਬੀਹ ਦੇਣਾ ਕੋਈ ਮਾਮੂਲੀ ਗੱਲ ਨਹੀਂ ਹੈ।

ਉਹ ਕਿਹੜੇ ਕਾਰਨ ਹਨ ਜਿਨ੍ਹਾਂ ਕਰਕੇ ਬੇਕਿਰਕ ਮੋਦੀ ਹਕੂਮਤ ਥੁੱਕਿਆ ਚੱਟਣ ਲਈ ਮਜਬੂਰ ਹੋਈ? ਪਹਿਲਾ: ਇਸ ਦਾ ਪੁਰਅਮਨ, ਜ਼ਾਬਤਾਬੱਧ ਵਿਸ਼ਾਲ ਅੰਦੋਲਨ ਨੂੰ ਫੁੱਟਪਾਊ ਚਾਲਾਂ ਅਤੇ ਜਬਰ ਨਾਲ ਕੁਚਲਣ ਦਾ ਫਾਸ਼ੀਵਾਦੀ ਤਰੀਕਾ ਕਿਸਾਨ ਅੰਦੋਲਨ ਦੇ ਮਾਮਲੇ 'ਚ ਨਾਕਾਮ ਰਿਹਾ। ਸੁਪਰੀਮ ਕੋਰਟ ਦੇ ਦਖ਼ਲ ਤੋਂ ਬਾਦ ਇਸ ਅੱਗੇ ਦੋ ਹੀ ਰਾਹ ਸਨ: ਜਾਂ ਤਾਂ ਇਸ ਨੂੰ ਸੜਕਾਂ ਖਾਲੀ ਕਰਾਉਣ ਲਈ ਜਾਬਰ ਤਾਕਤ ਵਰਤਣੀ ਪੈਣੀ ਸੀ ਜਾਂ ਫਿਰ ਕਾਨੂੰਨ ਵਾਪਸ ਲੈਣੇ ਪੈਣੇ ਸਨ। ਜਾਬਰ ਹਮਲਾ ਸਮਾਜੀ ਬੇਚੈਨੀ ਵਧਾ ਕੇ ਅੰਦੋਲਨ ਨੂੰ ਹੋਰ ਤਾਕਤ ਬਖ਼ਸ਼ ਸਕਦਾ ਸੀ। ਇਸ ਨਾਲ ਪੁਲਿਸ, ਫ਼ੌਜ ਦੀਆਂ ਕਿਸਾਨ ਪਿਛੋਕੜ ਵਾਲੀਆਂ ਸਫ਼ਾਂ 'ਚ ਵੀ ਬੇਚੈਨੀ ਫੈਲ ਸਕਦੀ ਸੀ। ਕੁਲ ਆਲਮ ਵਿਚ ਹਕੂਮਤ ਦੀ ਥੂਹ-ਥੂਹ ਵੱਖਰੀ ਹੋਣੀ ਸੀ। ਭਾਰਤੀ ਰਾਜ ਪੰਜਾਬ ਦੇ ਇਕ ਹੋਰ ਕਸ਼ਮੀਰ ਬਣ ਜਾਣ ਦਾ ਖ਼ਤਰਾ ਸਹੇੜਨ ਦੀ ਸਥਿਤੀ ਵਿਚ ਨਹੀਂ ਹੈ ਜਿਸ ਦੀ ਕਸ਼ਮੀਰ, ਉੱਤਰ-ਪੂਰਬੀ ਰਿਆਸਤਾਂ ਅਤੇ ਮਾਓਵਾਦੀ ਜ਼ੋਰ ਵਾਲੇ ਵਿਸ਼ਾਲ ਖੇਤਰਾਂ ਵਿਚ ਹਥਿਆਰਬੰਦ ਵਿਦਰੋਹਾਂ ਨਾਲ ਨਜਿੱਠਣ ਦੀ ਬੇਕਿਰਕ ਜਾਬਰ ਨੀਤੀ ਕਰਕੇ ਪਹਿਲਾਂ ਹੀ ਇਸ ਦੀ ਹਾਲਤ 'ਸੱਪ ਦੇ ਮੂੰਹ ਵਿਚ ਕੋਹੜ ਕਿਰਲੀ' ਵਾਲੀ ਬਣੀ ਹੋਈ ਹੈ।

ਦੂਜਾ, ਆਰ.ਐੱਸ.ਐੱਸ.-ਬੀ.ਜੇ.ਪੀ. ਉੱਪਰ ਆਪਣੇ ਪੈਰਾਂ ਹੇਠੋਂ ਖਿਸਕ ਰਹੀ ਰਾਜਨੀਤਕ ਜ਼ਮੀਨ ਨੂੰ ਬਚਾਉਣ ਦਾ ਭਾਰੀ ਦਬਾਓ ਹੈ। ਪੰਜਾਬ-ਹਰਿਆਣਾ ਤੋਂ ਬਾਦ ਪੱਛਮੀ ਉੱਤਰ ਪ੍ਰਦੇਸ਼ ਵਿਚ ਅੰਦੋਲਨ ਦੇ ਵਧਾਰੇ-ਪਸਾਰੇ ਤੋਂ ਹਕੂਮਤੀ ਧਿਰ ਦੀ ਵੱਧ ਰਹੀ ਬੁਖਲਾਹਟ ਨੇ ਦਿਖਾ ਦਿੱਤਾ ਹੈ ਕਿ ਕਥਿਤ ਰਾਮ ਰਾਜ ਵਿਚ ਭਾਜਪਾ ਦੀ ਰਾਜਨੀਤਕ ਪਕੜ ਦਿਨੋ ਦਿਨ ਕਮਜ਼ੋਰ ਹੋ ਰਹੀ ਹੈ ਅਤੇ ਇਸ ਨੂੰ ਉੱਥੇ ਅਗਲੇ ਸਾਲ ਵਿਧਾਨ-ਸਭਾ



ਚੋਣਾਂ ਅਤੇ ਦੋ ਸਾਲ ਬਾਦ ਹੋਣ ਵਾਲੀਆਂ ਲੋਕ ਸਭਾ ਚੋਣਾਂ 'ਚ ਲੋਕਾਂ ਵੱਲੋਂ ਕੀਤੇ ਜਾਣ ਵਾਲੇ ਤਿੱਖੇ ਵਿਰੋਧ ਦਾ ਡਰ ਸਤਾ ਰਿਹਾ ਹੈ। ਸੋ ਕਾਨੂੰਨ ਵਾਪਸੀ ਦਾ ਮਨੋਰਥ ਦੇਸ਼-ਦੁਨੀਆ ਦਾ ਧਿਆਨ ਮਹਾਂਅੰਦੋਲਨ ਤੋਂ ਹਟਾ ਕੇ ਆਪਣੇ ਹਿੰਦੂ ਰਾਸ਼ਟਰਵਾਦੀ ਬਿਰਤਾਂਤ ਵੱਲ ਖਿੱਚਣਾ ਵੀ ਹੈ। ਲਖੀਮਪੁਰ ਖੀਰੀ 'ਚ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਬੀ.ਜੇ.ਪੀ. ਮੰਤਰੀਆਂ ਦਾ ਵਿਰੋਧ ਕਰਨ ਲਈ ਕਿਸਾਨ 200-200 ਮੀਲ ਦੂਰੋਂ ਵਹੀਰਾਂ ਘੱਤ ਕੇ ਪਹੁੰਚੇ ਸਨ। ਇਹ ਭਗਵੇਂ ਠੱਗਾਂ ਵਿਰੁੱਧ ਸੁਲਗ ਰਹੇ ਲੋਕ ਰੋਹ ਦਾ ਇਜ਼ਹਾਰ ਸੀ। ਹਰਿਆਣਾ ਅਤੇ ਪੰਜਾਬ ਦੇ ਕਿਸਾਨਾਂ ਦੀ ਇਕਜੁੱਟਤਾ ਅਤੇ ਉੱਤਰ ਪ੍ਰਦੇਸ਼ ਵਿਚ ਆਰ.ਐੱਸ.-ਐੱਸ.-ਬੀ.ਜੇ.ਪੀ. ਵੱਲੋਂ ਫੈਲਾਈ ਫਿਰਕੂ ਜ਼ਹਿਰ ਨੂੰ ਦੁਰਕਾਰ ਕੇ ਅਤੇ ਧਾਰਮਿਕ ਫਿਰਕਿਆਂ ਤੇ ਹੋਰ ਵੰਡੀਆਂ ਤੋਂ ਉੱਪਰ ਉੱਠ ਕੇ ਮੁਜ਼ੱਫ਼ਰਨਗਰ ਵਰਗੇ ਫਿਰਕੂ ਪਾਲਾਬੰਦੀ ਵਾਲੇ ਖੇਤਰ 'ਚ ਵੀ ਭਾਈਚਾਰਕ ਏਕਤਾ ਅਤੇ ਸਾਂਝ ਦਾ ਵਧਣਾ ਅੰਦੋਲਨ ਦਾ ਬਹੁਤ ਵੱਡਾ ਹਾਸਲ ਹੈ ਜੋ ਭਗਵੇਂ-ਕਾਰਪੋਰੇਟ ਗੈਂਗ ਦੀ ਨੀਂਦ ਹਰਾਮ ਕਰ ਰਿਹਾ ਹੈ। ਮੁਜ਼ੱਫ਼ਰਨਗਰ ਮਹਾਂ-ਰੈਲੀ 'ਚ ਉੱਤਰ ਪ੍ਰਦੇਸ਼, ਪੰਜਾਬ, ਹਰਿਆਣਾ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਤੋਂ 10 ਲੱਖ ਕਿਸਾਨ ਸ਼ਾਮਿਲ ਹੋਏ। ਇਸੇ ਤਰ੍ਹਾਂ ਲਖਨਊ ਅਤੇ ਮੁੰਬਈ ਵਿਚ ਕਿਸਾਨ-ਮਜ਼ਦੂਰ ਮਹਾਂਪੰਚਾਇਤਾਂ ਨੂੰ ਭਰਪੂਰ ਹੁੰਗਾਰਾ ਮਿਲਿਆ। ਮੋਦੀ-ਅਮਿਤਸ਼ਾਹ ਜੁੰਡਲੀ ਤੋਂ ਨਾਖ਼ੁਸ਼ ਆਰ.ਐੱਸ.ਐੱਸ-ਬੀ.ਜੇ.ਪੀ. ਦਾ ਇਕ ਹਿੱਸਾ ਵੀ ਸਰੇਆਮ ਆਪਣੀ ਸਰਕਾਰ ਦੇ ਖ਼ਿਲਾਫ਼ ਬਿਆਨਬਾਜ਼ੀ ਕਰ ਰਿਹਾ ਸੀ। ਇਕ ਹੋਰ ਹਿੱਸਾ ਵੀ ਅੰਦਰੋ-ਅੰਦਰੀ ਕਾਨੂੰਨ ਵਾਪਸ ਲੈਣ ਲਈ ਦਬਾਅ ਪਾ ਰਿਹਾ ਸੀ ਕਿਉਂਕਿ ਬੀ.ਜੇ.ਪੀ. ਨੂੰ ਮੋਦੀ ਵਜ਼ਾਰਤ ਦੇ ਜ਼ਿੱਦੀ ਰਵੱਈਏ ਦਾ ਖ਼ਮਿਆਜ਼ਾ ਭੁਗਤਣਾ ਪੈ ਰਿਹਾ ਸੀ ਅਤੇ ਪੰਜਾਬ-ਹਰਿਆਣਾ ਵਿਚ ਉਨ੍ਹਾਂ ਨੂੰ ਮੀਟਿੰਗਾਂ ਵੀ ਕਿਸਾਨ ਜਥੇਬੰਦੀਆਂ ਤੋਂ ਲੁਕ-ਛਿਪ ਕੇ ਕਰਨੀਆਂ ਪੈ ਰਹੀਆਂ ਸਨ।

ਕਾਲੇ ਕਾਨੂੰਨਾਂ ਦੀ ਵਾਪਸੀ ਅਤੇ ਮਹਾਂਅੰਦੋਲਨ ਦੇ ਟੀਚੇ ਵਿਚ ਅਜੇ ਵੀ ਲੰਮਾ ਫ਼ਾਸਲਾ ਹੈ। ਐੱਮ.ਐੱਸ.ਪੀ. ਦੇ ਬਹੁਤ ਹੀ ਮਹੱਤਵਪੂਰਨ ਮੁੱਦੇ ਦਾ ਨਿਬੇੜਾ ਅਜੇ ਬਾਕੀ ਹੈ। 30 ਨਵੰਬਰ ਤੋਂ ਜਨੇਵਾ ਵਿਚ ਹੋ ਰਹੀ ਵਿਸ਼ਵ ਵਪਾਰ ਸੰਸਥਾ ਦੀ ਮੰਤਰੀ ਪੱਧਰ ਦੀ ਮੀਟਿੰਗ ਦਾ ਮੁਕਤ ਵਪਾਰ ਦਾ ਏਜੰਡਾ ਸਬਸਿਡੀਆਂ, ਫ਼ਸਲਾਂ ਦੀ ਸਰਕਾਰੀ ਖ਼ਰੀਦ ਅਤੇ ਜਨਤਕ ਵੰਡ ਪ੍ਰਣਾਲੀ ਅਤੇ ਐੱਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ ਦੇ ਸਿੱਧਾ ਵਿਰੋਧ 'ਚ ਹੈ। ਆਲਮੀ ਕਾਰਪੋਰੇਟ ਸਰਮਾਏਦਾਰੀ ਅਤੇ ਉਸ ਦਾ ਜੋਟੀਦਾਰ ਹੁਕਮਰਾਨ ਲਾਣਾ ਥੋੜ੍ਹੇ ਕੀਤਿਆਂ ਆਪਣੇ ਮਨਸੂਬੇ ਨਹੀਂ ਤਿਆਗਣਗੇ। ਅੰਦੋਲਨ ਨੇ ਸੰਯੁਕਤ ਮੋਰਚੇ ਅੱਗੇ ਕੇਂਦਰ ਸਰਕਾਰ ਉੱਪਰ ਵਿਸ਼ਵ ਵਪਾਰ ਸੰਸਥਾ 'ਚੋਂ ਬਾਹਰ ਆਉਣ ਦੀ ਮੰਗ ਨੂੰ ਪੁਰਜ਼ੋਰ ਰੂਪ 'ਚ ਉਭਾਰਨ ਦਾ ਸਾਜ਼ਗਰ ਮੌਕਾ ਮੁਹੱਈਆ ਕਰ ਦਿੱਤਾ ਹੈ ਜਿਸ ਨੂੰ ਕਿਸਾਨ ਅਤੇ ਹੋਰ ਲੋਕ ਜਥੇਬੰਦੀਆਂ ਨੂੰ ਭਾਰਤੀ ਹੁਕਮਰਾਨਾਂ ਉੱਪਰ ਦਬਾਓ ਬਣਾਉਣ ਲਈ ਬਾਖ਼ੂਬੀ ਵਰਤਣਾ ਚਾਹੀਦਾ ਹੈ। ਅੰਦੋਲਨ ਫ਼ੈਸਲਾਕੁੰਨ ਪੜਾਅ 'ਚ ਹੈ। ਮੁਕੰਮਲ ਜਿੱਤ ਲਈ ਨਵੀਂਆਂ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ ਜਨਤਕ ਦਬਾਓ ਬਣਾਈ ਰੱਖਣਾ ਜ਼ਰੂਰੀ ਹੈ। ਮੋਦੀ ਹਕੂਮਤ ਅਗਲੇ ਮਹੀਨਿਆਂ 'ਚ ਕਿਵੇਂ ਪੇਸ਼ ਆਉਂਦੀ ਹੈ ਅਤੇ ਹਕੂਮਤ ਉੱਪਰ ਜਨਤਕ ਦਬਾਓ ਬਰਕਰਾਰ ਰੱਖਣ ਲਈ ਸੰਯੁਕਤ ਕਿਸਾਨ ਮੋਰਚੇ ਦੀਆਂ ਹਿੱਸੇਦਾਰ



ਜਥੇਬੰਦੀਆਂ ਭਵਿੱਖ ਵਿਚ ਖੇਤੀ ਖੇਤਰ ਦੇ ਬਾਕੀ ਮੁੱਦਿਆਂ ਉੱਪਰ ਅੰਦੋਲਨ ਨੂੰ ਕਿਸ ਰੂਪ 'ਚ ਚਲਾਉਂਦੀਆਂ ਹਨ, ਕਿਸਾਨੀ ਦੇ ਹਿਤਾਂ ਦੀ ਰਾਖੀ ਇਸ ਉੱਪਰ ਮੁਨੱਸਰ ਕਰੇਗੀ।

ਅੰਦੋਲਨ ਨੇ ਲੋਕ ਤਾਕਤ ਨਾਲ ਹਕੂਮਤ ਨੂੰ ਝੁਕਾਉਣ ਅਤੇ ਆਪਣੇ ਹਿਤਾਂ ਦੀ ਰਾਖੀ ਦੀ ਚੇਤਨਾ ਦੀ ਡੂੰਘੀ ਛਾਪ ਲੋਕ ਮਨਾਂ ਉੱਪਰ ਛੱਡ ਦਿੱਤੀ ਹੈ। ਸੰਯੁਕਤ ਕਿਸਾਨ ਮੋਰਚੇ ਨੇ ਹਾਕਮ ਜਮਾਤੀ ਸਿਆਸੀ ਪਾਰਟੀਆਂ ਉੱਪਰ ਅੰਦੋਲਨ ਦੇ ਹਿਤ 'ਚ ਚੋਣ ਸਰਗਰਮੀਆਂ ਨਾ ਕਰਨ ਦਾ ਜ਼ਾਬਤਾ ਲਗਾ ਕੇ ਅਤੇ ਉਨ੍ਹਾਂ ਉੱਪਰ ਲੋਕ ਦਬਾਓ ਬਣਾ ਕੇ ਆਮ ਲੋਕਾਂ 'ਚ ਵਾਅਦਾਖ਼ਿਲਾਫ਼ੀ ਕਰਨ ਵਾਲੇ ਰਾਜਨੀਤਕ ਠੱਗਾਂ ਨੂੰ ਘੇਰ ਕੇ ਸਵਾਲ ਕਰਨ ਦਾ ਸਵੈਵਿਸ਼ਵਾਸ ਜਗਾ ਦਿੱਤਾ ਹੈ। ਪਰ ਸਮੱਸਿਆ ਇਹ ਹੈ ਕਿ ਸੱਚੇ ਬੁਨਿਆਦੀ ਬਦਲਾਓ ਬਾਰੇ ਰਾਜਨੀਤਕ ਜਾਗਰੂਕਤਾ ਦੀ ਘਾਟ ਕਾਰਨ ਆਮ ਲੋਕ ਸੰਯੁਕਤ ਮੋਰਚੇ ਦੇ ਆਗੂਆਂ ਤੋਂ ਆਉਣ ਵਾਲੀਆਂ ਚੋਣਾਂ ਵਿਚ ਚੋਣਵਾਦੀ ਪਾਰਟੀਆਂ ਦਾ ਬਦਲ ਪੇਸ਼ ਕਰਨ ਦੀ ਵਧਵੀਂ ਉਮੀਦ ਰੱਖ ਰਹੇ ਹਨ। ਅਜਿਹਾ ਸੋਚਦਿਆਂ ਉਹ ਇਸ ਕੌੜੀ ਹਕੀਕਤ ਨੂੰ ਮਨੋ ਵਿਸਾਰ ਰਹੇ ਹਨ ਕਿ ਸੰਯੁਕਤ ਮੋਰਚੇ 'ਚ ਸ਼ਾਮਿਲ ਪੰਜਾਬ ਅਤੇ ਹੋਰ ਰਾਜਾਂ ਦੀਆਂ ਜਥੇਬੰਦੀਆਂ ਦੀ ਸਹਿਮਤੀ, ਜਿਸ ਦੀ ਗੁਲੀ ਪੰਜਾਬ ਦੀਆਂ ਸੰਘਰਸ਼ਸ਼ੀਲ ਜਥੇਬੰਦੀਆਂ ਹਨ, ਸਿਰਫ਼ ਕਾਲੇ ਕਾਨੂੰਨਾਂ ਨੂੰ ਵਾਪਸ ਕਰਾਉਣ ਅਤੇ ਐੱਮ.ਐੱਸ.ਪੀ. ਨੂੰ ਲੈ ਕੇ ਹੀ ਹੈ। ਇਨ੍ਹਾਂ ਕਿਸਾਨ ਜਥੇਬੰਦੀਆਂ ਦਾ ਹਾਕਮ ਜਮਾਤੀ ਪਾਰਟੀਆਂ ਪ੍ਰਤੀ ਰਵੱਈਆ ਅਤੇ ਉਨ੍ਹਾਂ ਨਾਲ ਰਿਸ਼ਤਾ ਅਤੇ ਰਾਜਨੀਤਕ ਬਦਲ ਬਾਰੇ ਨਜ਼ਰੀਆ ਵੱਖੋ-ਵੱਖਰਾ ਅਤੇ ਟਕਰਾਵਾਂ ਹੈ। ਆਗੂਆਂ ਦਾ ਇਕ ਹਿੱਸਾ ਫਟਾਫਟ ਅੰਦੋਲਨ ਦਾ ਭੋਗ ਪਾ ਕੇ ਚੋਣਾਂ ਵਿਚ ਹਿੱਸਾ ਲੈਣ ਅਤੇ ਆਪਣੀਆਂ ਚਹੇਤੀਆਂ ਹਾਕਮ ਜਮਾਤੀਆਂ ਪਾਰਟੀਆਂ ਨਾਲ ਖੁੱਲ੍ਹ ਕੇ ਤੁਰਨ ਲਈ ਤਰਲੋਮੱਛੀ ਹੋ ਰਿਹਾ ਹੈ। ਇਹ ਹਿੱਸਾ ਅੰਦੋਲਨ ਤੋਂ ਖਹਿੜਾ ਛੁਡਾਉਣ ਲਈ ਤਾਹੂ ਹੈ ਜਦਕਿ ਖੇਤੀ ਸੰਕਟ ਦਾ ਵੱਡਾ ਸਵਾਲ ਅਜੇ ਬੇਹੱਲ ਪਿਆ ਹੈ। ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਅੱਗੇ ਹੁਣ ਤੱਕ ਦੇ ਸਾਂਝੇ ਸੰਘਰਸ਼ ਦੇ ਤਜ਼ਰਬੇ ਦੇ ਆਧਾਰ 'ਤੇ ਖੇਤੀ ਅਤੇ ਕਿਸਾਨੀ ਦੇ ਹੋਰ ਮੁੱਦਿਆਂ ਬਾਰੇ ਭਵਿੱਖੀ ਲੜਾਈ ਲੜਨ ਲਈ ਆਪਸੀ ਸਹਿਮਤੀ ਦੇ ਆਧਾਰ ਨੂੰ ਵਿਸ਼ਾਲ ਕਰਨ ਅਤੇ ਅਗਲੀ ਐਕਸ਼ਨ ਪਲਾਨ ਬਣਾਉਣ ਦਾ ਵੱਡਾ ਮਸਲਾ ਹੈ। ਕਿਉਂਕਿ ਅਜੇ ਸਿਰਫ਼ ਕਾਲੇ ਕਾਨੂੰਨਾਂ ਰਾਹੀਂ ਉਨ੍ਹਾਂ ਦੀ ਜ਼ਿੰਦਗੀ ਨੂੰ ਬਦਤਰ ਬਣਾਉਣ ਵਾਲੇ ਹਮਲੇ ਨੂੰ ਹੀ ਠੱਲ ਪਈ ਹੈ, ਲਿਹਾਜ਼ਾ ਖੇਤੀ ਦੇ ਸੰਕਟ ਨੂੰ ਹੱਲ ਕਰਨ ਅਤੇ ਕਿਸਾਨੀ ਦੀ ਹਾਲਤ ਨੂੰ ਬਿਹਤਰ ਬਣਾਉਣ ਦਾ ਸਵਾਲ ਉਵੇਂ ਦਾ ਉਵੇਂ ਮੂੰਹ ਅੱਡੀ ਖੜ੍ਹਾ ਹੈ। ਇਸ ਲਈ, ਕਿਸਾਨ ਜਥੇਬੰਦੀਆਂ ਨੂੰ ਇਸ ਪੱਖੋਂ ਵੀ ਖ਼ਬਰਦਾਰ ਰਹਿਣਾ ਹੋਵੇਗਾ ਕਿ ਜੇ ਸੰਯੁਕਤ ਮੋਰਚੇ ਦੀ ਕੋਈ ਜਥੇਬੰਦੀ ਜਾਂ ਕੋਈ ਆਗੂ ਇਸ ਅੰਦੋਲਨ 'ਚ ਲੋਕਾਂ ਵੱਲੋਂ ਦਿੱਤੇ ਮਾਣ-ਤਾਣ ਦਾ ਫ਼ਾਇਦਾ ਉਠਾ ਕੇ ਲੋਕ ਦੋਖੀ ਰਾਜਨੀਤਕ ਠੱਗਾਂ ਦੇ ਚੋਣ ਛਕੜੇ ਉੱਪਰ ਸਵਾਰ ਹੋਣ ਜਾਂ ਉਨ੍ਹਾਂ ਦੇ ਹੱਕ 'ਚ ਭੁਗਤਣ ਦੀ ਗ਼ਲਤੀ ਕਰਨਗੇ, ਉਹ ਮੋਰਚੇ ਦੀ ਹੁਣ ਤੱਕ ਦੀ ਕੀਤੀ-ਕਰਾਈ ਉੱਪਰ ਪਾਣੀ ਫੇਰ ਰਹੇ ਹੋਣਗੇ ਅਤੇ ਭਵਿੱਖੀ ਲੋਕ ਸੰਘਰਸ਼ਾਂ 'ਚ ਅੜਿੱਕਾ ਡਾਹ ਰਹੇ ਹੋਣਗੇ। ਲੋਟੂ ਹੁਕਮਰਾਨ ਜਮਾਤ ਵਿਰੁੱਧ ਅਜਿਹੇ ਵਿਸ਼ਾਲ ਸੰਘਰਸ਼ ਮੁਲਕ ਦੇ ਅਵਾਮ ਦੀ ਅਣਸਰਦੀ ਜ਼ਰੂਰਤ ਹਨ।

ਕਾਲੇ ਕਾਨੂੰਨਾਂ ਦੀ ਵਾਪਸੀ ਨਾਲ ਪੰਜਾਬ ਵਿਚ ਚੋਣਵਾਦੀ ਸਿਆਸਤ ਦਾ ਹੁਣ ਬਹੁਤ ਕੁਛ ਉੱਘੜ ਕੇ ਸਾਹਮਣੇ ਆਵੇਗਾ ਜੋ ਅਜੇ ਤੱਕ ਪਰਦੇ ਪਿੱਛੇ ਚੱਲਦਾ ਆ ਰਿਹਾ ਸੀ। ਆਰ.ਐੱਸ.ਐੱਸ.-ਬੀ.ਜੇ.ਪੀ. ਇਸੇ ਮਾਹੌਲ ਦੀ ਇੰਤਜ਼ਾਰ 'ਚ ਸੀ ਤਾਂ ਜੁ ਉਹ ਪੰਜਾਬ ਵਿਚ ਚੋਣ ਸਰਗਰਮੀ ਵਿੱਢ ਸਕਣ। ਉਹ ਕੈਪਟਨ ਅਤੇ ਹੋਰ ਸਿੱਖ ਚਿਹਰਿਆਂ ਦੀ ਮੱਦਦ ਵੀ ਲੈਣਗੇ। ਬਾਦਲਕਿਆਂ ਨਾਲ ਮੁੜ ਗੱਠਜੋੜ ਦੀ ਸੰਭਾਵਨਾ ਵੀ ਰੱਦ ਨਹੀਂ ਕੀਤੀ ਜਾ ਸਕਦੀ। ਚੋਣਾਂ ਅਵਾਮ ਨੂੰ ਮੁੜ ਸੰਘਰਸ਼ ਰਾਹੀਂ ਹੱਕਾਂ ਦੀ ਰਾਖੀ ਤੋਂ ਚੋਣਵਾਦੀ ਸਿਆਸਤ ਵੱਲ ਤਿਲਕਾਉਣਗੀਆਂ। ਇਸ ਬਦਲੇ ਹੋਏ ਰਾਜਨੀਤਕ ਦ੍ਰਿਸ਼ ਵਿਚ ਲੋਕਪੱਖੀ ਰਾਜਨੀਤਕ ਤਾਕਤਾਂ ਨੇ ਲੋਕਾਂ ਅੱਗੇ ਸਹੀ ਬਦਲ ਪੇਸ਼ ਕਰਕੇ ਉਨ੍ਹਾਂ ਨੂੰ ਸੰਘਰਸ਼ਾਂ ਉੱਪਰ ਟੇਕ ਬਰਕਰਾਰ ਰੱਖਣ ਲਈ ਕਾਇਲ ਅਤੇ ਲਾਮਬੰਦ ਕਿਵੇਂ ਕਰਨਾ ਹੈ, ਇਹ ਉਨ੍ਹਾਂ ਸਿਰ ਵੱਡੀ ਜ਼ਿੰਮੇਵਾਰੀ ਹੋਵੇਗੀ।

# ਕਿਉਂ ਪੰਜਾਬ ਦੀ ਮਿੱਟੀ ਬਾਲ਼ ਰਹੇ ਹੋ, ਪੰਜਾਬ ਦੇ ਸਿਆਸਤਦਾਨੋ !!



**ਡੰਗ ਅਤੇ ਚੋਭਾਂ**

ਗੁਰਮੀਤ ਸਿੰਘ ਪਲਾਹੀ
98158-02070



ਪੰਜਾਬ ਦਾ ਆਮ ਆਦਮੀ ਕੀ ਕਹਿੰਦਾ ਹੈ, ਸੁਣਿਆ ਕਦੇ ਪੰਜਾਬ ਦੇ ਸਿਆਸਤਦਾਨੋ? ਕਿ ਬੱਸ ਉਸਨੂੰ ਆਪਣੀ ਹੀ ਸੁਣਾਈ ਜਾਂਦੇ ਹੋ ਯੁੱਗ ਵਸਦੇ, ਚਹਿਕਦੇ-ਦਹਿਕਦੇ-ਮਹਿਕਦੇ ਪੰਜਾਬ ਦੀ ਹਾਲਤ ਵੇਖੀ-ਸੁਣੀ ਹੈ ਕਦੇ? ਕਿ ਆਪਣੇ ਮਹਿਲੀਂ ਅੰਦਰ ਵੜੀ ਬੱਸ ਆਪਣੇ ਸੁਪਨੇ ਸਾਕਾਰ ਕਰਨ 'ਚ ਹੀ ਰੁਝੇ ਹੋਏ ਹੋ।

ਲਓ, ਸੁਣੋ ਪੰਜਾਬ ਦੇ ਆਮ ਆਦਮੀ ਦੀ ਆਵਾਜ਼! ਪੰਜਾਬ ਝੁਲਸ ਰਿਹਾ। ਪੰਜਾਬ ਦਾ ਵਾਤਾਵਰਨ ਖਰਾਬ ਹੋ ਗਿਆ ਪੰਜਾਬ ਰੇਗਸਤਾਨ ਬਣ ਰਿਹਾ। ਪੰਜਾਬ ਲੁਟਿਆ ਜਾ ਰਿਹਾ। ਪੰਜਾਬ ਵੇਚਿਆ ਜਾ ਰਿਹਾ। ਪੰਜਾਬ ਦੀ ਜੁਆਨੀ ਗਾਲ਼ੀ ਜਾ ਰਹੀ ਹੈ। ਵਤਨੋਂ ਦੂਰ ਜਲਾਵਤਨ ਕੀਤੀ ਜਾ ਰਹੀ ਹੈ। ਪੰਜਾਬ ਦਾ ਕਿਸਾਨ ਖ਼ੁਦਕੁਸ਼ੀ ਕਰ ਰਿਹਾ। ਪੰਜਾਬ ਦਾ ਮਜ਼ਦੂਰ ਖ਼ੂਨ ਦੇ ਅੱਥਰੂ ਰੋ ਰਿਹਾ। ਬੇਰੁਜ਼ਗਾਰ ਟੈਂਕੀਆਂ ਤੇ ਚੜ੍ਹ, ਸੜਕਾਂ 'ਤੇ ਖੜ੍ਹ ਭੁੱਖੇ ਢਿੱਡੀਂ ਵਿਰਲਾਪ ਕਰ ਰਿਹਾ। ਪੰਜਾਬ ਦੀ ਹੋਂਦ ਨੂੰ ਖ਼ਤਰਾ ਪੈਦਾ ਹੋ ਗਿਆ ਹੈ, ਪੰਜਾਬ ਦੇ ਸਿਆਸਤਦਾਨੋ! ਪੰਜਾਬੀਆਂ ਦਾ ਪੰਜਾਬ 'ਚ ਜੀਅ ਲਗਣੋਂ ਹੱਟ ਗਿਆ ਹੈ। ਜੀਅ ਲੱਗੇ ਵੀ ਕਿਵੇਂ ਪੰਜਾਬ 'ਚ ਸੇਵਕਾਂ ਦਾ ਰਾਜ-ਭਾਗ ਨਹੀਂ ਮਾਫ਼ੀਏ ਦੀ ਤੂਤੀ ਬੋਲਦੀ ਹੈ। ਨਿਧੜਕ ਪੰਜਾਬੀਆਂ ਦੇ ਮਨਾਂ 'ਚ ਦਹਿਸ਼ਤ ਹੈ, ਖ਼ੌਫ਼ ਹੈ, ਔਲਾਦ ਲਈ ਚਿੰਤਾ ਹੈ।

ਸੁਣੋ ਪੰਜਾਬ ਦੇ ਪਿੰਡਾਂ ਦੀ ਦਾਸਤਾਨ, ਐ ਪਿਆਰੇ ਸਿਆਸਤਦਾਨੋ! ਪਿੰਡ ਧੜਿਆਂ 'ਚ ਵੰਡਿਆ ਪਿਆ ਹੈ, ਅਸਲੀਅਤ ਤਾਂ ਇਹ ਹੈ ਕਿ ਸਿਆਸਤਦਾਨੋ ਆਪਣੀ ਵੋਟ ਦੀ ਖਾਤਰ ਪਿੰਡ ਨੂੰ ਤੁਸੀਂ ਵੰਡਿਆ ਹੈ। ਤੁਹਾਡੇ ਦਲਾਲ ਪਿੰਡ 'ਚ ਨਸ਼ਾ ਵੇਚਦੇ ਹਨ, ਲੋਕਾਂ ਦੇ ਦਫਤਰੀਂ ਕੰਮ ਕਰਾਉਣ ਲਈ ਪੈਸੇ ਲੈਂਦੇ ਹਨ। ਆਪਣਿਆਂ ਨੂੰ ਰਿਆਇਤਾਂ,ਸਹੂਲਤਾਂ ਦੇਂਦੇ ਹਨ। ਵਿਰੋਧੀਆਂ ਨੂੰ ਨਿੱਤ-ਦਿਹਾੜੇ ਥਾਣੇ ਕਚਿਹਰੀਆਂ ਦੇ ਰਾਹ ਪਾਈ ਰੱਖਦੇ ਹਨ। ਵੋਟਾਂ 'ਚ ਨਸ਼ੇ, ਵੋਟਰਾਂ ਦੀ ਖ਼ਰੀਦੋ-ਫ਼ਰੋਖ਼ਤ ਦਲਾਲਾਂ ਹੱਥ ਹੈ। ਧੌਂਸ, ਧੜਾ ਕਾਇਮ ਰੱਖਣ ਲਈ ਆਹ ਜਿਹੜੀਆਂ ਪਿੰਡ ਪੰਚੈਤਾਂ ਬਣੀਆਂ ਹੋਈਆਂ ਹਨ, ਉਹਨਾਂ ਨੂੰ ਗ੍ਰਾਂਟਾਂ ਦਾ ਲਾਲਚ ਦੇਕੇ ਆਪਣੇ ਨਾਲ ਤੋਰਿਆ ਜਾਂਦਾ। ਦਲਾਲ, ਬਾਬੂ, ਅਫਸਰ, ਗ੍ਰਾਂਟਾਂ 'ਚੋਂ ਕਮਿਸ਼ਨ ਲੈਂਦੇ ਹਨ। ਆਮ ਆਦਮੀ ਦੇ ਹੱਕ ਡਕਾਰ ਜਾਂਦੇ ਹਨ। ਕੋਈ ਪੁੱਛਣ-ਦੱਸਣ, ਸਾਰ ਲੈਣ ਵਾਲਾ ਹੀ ਕੋਈ ਨਹੀਂ।

ਛੋਟੇ-ਛੋਟੇ ਖੇਤ ਹਨ। ਕਰਜ਼ੇ ਲੈ ਕੇ ਫਸਲਾਂ ਪਾਲੀਆਂ ਜਾਂਦੀਆਂ ਹਨ। ਕਰਜ਼ਿਆਂ ਦੀਆਂ ਲਿਮਟਾਂ ਬਣਾਈਆਂ ਜਾਂਦੀਆਂ ਹਨ। ਕਰਜ਼ੇ ਨਹੀਂ ਲੱਥਦੇ ਤਾਂ ਸ਼ਤੀਰਾਂ ਨੂੰ ਜੱਫੇ ਪਾਏ ਜਾਂਦੇ ਹਨ। ਧੀਆਂ, ਪੁੱਤਾਂ ਦੇ ਵਿਆਹ ਰਿਸ਼ਤੇ ਸ਼ਾਨੋ-ਸ਼ੌਕਤ ਨਾਲ ਕਰਨ ਦੀ ਹੋੜ 'ਚ ਸਿਰ ਕਰਜ਼ੇ ਚੜ੍ਹਾਏ ਜਾਂਦੇ ਹਨ। ਬੇਰੁਜ਼ਗਾਰੀ ਦਾ ਦਰਦ ਹੰਢਾ ਰਹੇ, ਨਸ਼ਿਆਂ ਦੀ ਮਾਰ ਸਹਿ ਰਹੇ ਪੁੱਤਾਂ-ਧੀਆਂ ਨੂੰ ਬੇਗਾਨੇ ਦੇਸ਼ਾਂ 'ਚ ਭੇਜਣ ਲਈ ਆਪਣੇ ਖੇਤ ਵੇਚਣਾ ਤਾਂ ਉਹਨਾ ਦੀ ਮਜ਼ਬੂਰੀ ਬਣ ਚੁੱਕੀ ਹੈ। ਰਹੀ ਗੱਲ ਲਹਿੰਦੇ, ਚੜ੍ਹਦੇ, ਵਸੀਆਂ ਆਬਾਦੀਆਂ ਦੀ, ਉਹ ਸਿਆਸਤਦਾਨਾਂ ਵਲੋਂ ਲੋਕਾਂ ਨੂੰ ਮੰਗਤੇ ਬਨਾਉਣ ਦੀ ਸਾਜ਼ਿਸ਼ ਦਾ ਸ਼ਿਕਾਰ ਹਨ। ਮਹੀਨੇ ਦੇ ਪਹਿਲੇ ਹਫ਼ਤੇ ਜਾਂ ਤਿਮਾਹੀ ਦੇ ਪਹਿਲੇ ਹਫ਼ਤੇ ਇੱਕ ਰੁਪਏ ਕਿਲੋ ਰਾਸ਼ਨ ਕਣਕ, ਚਾਵਲ ਉਡੀਕਣ ਲਈ ਮਜ਼ਬੂਰ ਕਰ ਦਿੱਤੇ ਹਨ! ਇਹ ਮੰਗਤਾ ਸਭਿਆਚਾਰ ਤਾਂ ਪੰਜਾਬ ਦਾ ਕਦੇ ਵੀ ਨਹੀਂ ਸੀ, ਪੰਜਾਬ ਦੇ ਸਿਆਸਤਦਾਨੋ!

ਪੁੱਛਦੇ ਰਹਿੰਦੇ ਨੇ ਪੇਂਡੂ ਭਾਈ, ਸਾਨੂੰ ਕੋਈ ਕੰਮ ਕਾਰ ਦੇ ਦਿਓ। ਰੁਜ਼ਗਾਰ ਸਾਡੇ ਬੱਚਿਆਂ ਨੂੰ ਦੇ ਦਿਓ। ਪੜ੍ਹਾਈ ਤੇ ਸਿਹਤ ਸਹੂਲਤਾਂ ਸਾਡੇ ਪੱਲੇ ਪਾ ਦਿਓ। ਸਾਡੇ ਪਿੰਡਾਂ ਦਾ ਵਾਤਾਵਰਨ ਸੁਧਾਰ ਦਿਓ! ਤੁਸੀਂ ਰੁਜ਼ਗਾਰ ਦੇ ਨਾਮ ਉਤੇ ਖੈਰਾਤਾਂ, ਪੜ੍ਹਾਈ ਉਹਨਾ ਸਕੂਲਾਂ 'ਚ ਜਿਥੋਂ ਟੀਚਰ ਤੇ ਬੁਨਿਆਦੀ ਢਾਂਚੇ ਦੀ ਕਮੀ ਹੈ, ਪਾਉਂਦੇ ਹੋ। ਸਿਹਤ ਸਹੂਲਤਾਂ ਦਾ ਤਾਂ ਤੁਸੀਂ ਸੋਚਣਾ ਹੀ ਛੱਡ ਦਿੱਤਾ। ਸਰਕਾਰੀ ਹਸਪਤਾਲ 'ਚ ਨਾ ਸਿਹਤ ਅਮਲਾ ਨਾ ਦਵਾਈਆਂ। ਬੱਚਾ ਜੰਮਣ ਲਈ ਔਰਤਾਂ ਕਰਾਹੁੰਦੀਆਂ ਹਨ, ਮਜ਼ਬੂਰੀ ਵੱਸ ਸਰਕਾਰੀ ਦੀ ਥਾਂ ਪ੍ਰਾਈਵੇਟ ਹਸਪਤਾਲ ਦੇ ਵੱਡੇ ਖ਼ਰਚਿਆਂ ਦਾ ਸ਼ਿਕਾਰ ਹੁੰਦੀਆਂ ਹਨ। ਜਿਹਨਾਂ ਕੋਲ ਕੁਝ ਨਹੀਂ ਬੱਸ ਉਹ ਕੁਦਰਤ ਆਸਰੇ! ਗਰੀਬ ਲਈ ਆਹ ਜਾਰੀ ਬੀਮਾ ਕਾਰਡ ਉਹਨਾ ਦੇ ਕਿਸੇ ਕੰਮ ਨਹੀਂ ਆਉਂਦੇ। ਸੱਤ ਦਹਾਕਿਆਂ 'ਚ ਪਿੰਡ ਦਾ ਵਿਕਾਸ ਨਾਲੀਆਂ ਦੇ ਗੰਦੇ ਪਾਣੀ ਅਤੇ ਗਲੀਆਂ ਪੱਕੀਆਂ ਕਰਨ ਤੋਂ ਅੱਗੇ ਨਹੀਂ ਹੋ ਸਕਿਆ। ਮੁਹੱਲਿਆਂ 'ਚ ਗੰਦਗੀ, ਘਰਾਂ 'ਚ ਕੂੜੇ ਦੇ ਢੇਰ! ਘਰਾਂ ਦੀਆਂ ਬਰੂਹਾਂ 'ਚ ਬੁੱਢੇ ਪਤੀ, ਪਤਨੀ ਦੇ ਕੰਬਦੇ ਹੱਥ ਅਤੇ ਸਾਂਭਣ ਵਾਲਾ ਕੋਈ ਨਹੀਂ, ਕਿਥੇ ਹੈ ਸਿਆਸਤਦਾਨੋ ਤੁਹਾਡੀ ਕਲਿਆਣਕਾਰੀ ਸਰਕਾਰ, ਜਿਹੜੀ ਬੁੱਢਿਆਂ ਨੂੰ ਬੁਢਾਪੇ ਦੇ ਸਹਾਰੇ ਲਈ ਸਿਰਫ਼ 750 ਰੁਪਏ ਤੋਂ 1500 ਰੁਪਏ ਤੱਕ ਪੈਨਸ਼ਨ ਦੇਕੇ ਸੁਰਖ਼ਰੂ ਹੋ ਗਿਆ ਸਮਝਦੀ ਹੈ। ਕਦੇ ਸੋਚਿਆ ਸਿਆਸਤਦਾਨ ਜੀ, ਹੁਣ ਤਾਂ ਗੈਸ ਸਿਲੰਡਰ ਦੀ ਕੀਮਤ ਵੀ 1000 ਰੁਪਿਆ ਹੋ ਗਈ ਹੈ ਤੇ ਸਰ੍ਹੋਂ ਦਾ ਤੇਲ 225 ਰੁਪਏ ਲਿਟਰ ਹੋ ਗਿਆ ਹੈ, ਦਾਲਾਂ, ਸਬਜੀਆਂ ਦੀ ਤਾਂ ਗੱਲ ਹੀ ਛੱਡੋ। ਕਦੇ ਸੋਚਿਆ ਸਿਆਸਤਦਾਨੋ ਇਹ ਪੇਂਡੂ ਪਰਿਵਾਰ ਕਿਵੇਂ ਜੀਊਂਦੇ ਹਨ? ਪਿੰਡ 'ਚ ਫੈਲੀ ਆਫ਼ਤ ਸਮੇਂ, ਫੈਲੀਆਂ ਬੀਮਾਰੀਆਂ ਸਮੇਂ ਕਿਵੇਂ ਬੀਮਾਰੀਆਂ ਦਾ ਮੁਕਾਬਲਾ ਕਰਦੇ ਹਨ। ਇਹ ਇੱਕ ਪਿੰਡ ਦੀ ਨਹੀਂ ਇੱਕ ਘਰ ਦੀ ਨਹੀਂ ਘਰ-ਘਰ ਦੀ ਕਹਾਣੀ ਹੈ। ਉਸ ਘਰ ਦੀ ਵੀ ਜਿਹੜਾ ਥੋੜ੍ਹੀ ਵੱਧ ਆਮਦਨ ਵਾਲਾ ਟੱਬਰ ਹੈ, ਜਿਸਨੇ ਆਪਣੀ ਚਾਦਰ ਨਾਲੋਂ ਵੱਧ ਪੈਰ ਪਸਾਰਣ ਦਾ ਢੋਂਗ ਰਚਿਆ ਹੋਇਐ।

ਸਿਆਸਤਦਾਨੋ, ਪੰਜਾਬ '47 'ਚ ਤੁਹਾਡੀਆਂ ਮਿਹਰਬਾਨੀਆਂ ਨਾਲ ਵੰਡਿਆ ਗਿਆ। ਯਾਦ ਹੈ ਨਾ? ਲੱਖਾਂ ਮਰੇ, ਲੱਖਾਂ ਜ਼ਖ਼ਮੀ ਹੋਏ, ਲੱਖਾਂ ਉਜੜੇ, ਲੱਖਾਂ ਔਰਤਾਂ ਦੀਆਂ ਇੱਜਤਾਂ ਨਾਲ ਖਿਲਵਾੜ ਹੋਇਆ। ਪੰਜਾਬ ਤਾਰ-ਤਾਰ ਹੋਇਆ। ਪੰਜਾਬੀਆਂ ਦੇ ਦਿਲ ਵਲੂੰਦੜੇ ਗਏ। ਸਮਾਂ ਪਾਕੇ ਬਹਾਦਰ ਸਿਰੜੀ, ਹੌਂਸਲੇ ਵਾਲੇ ਪੰਜਾਬੀ ਥਾਂ ਸਿਰ ਹੋਏ! ਦੇਸ਼ ਦੀਆਂ ਸਰਹੱਦਾਂ ਤੇ ਲੜੇ। ਦੇਸ਼ ਨੂੰ ਅੰਨ ਦੀ ਤੋਟ ਆਈ ਤਾਂ ਆਪਣੀ ਜ਼ਮੀਨ ਦੀ ਕੁੱਖੋਂ ਪਾਣੀ ਕੱਢ ਪੂਰੇ ਦੇਸ਼ ਦੇ ਅੰਨ ਦਾਤਾ ਬਣੇ, ਆਪਣਾ ਜਿਸਮ ਸਾੜਿਆ, ਆਪਣੀ ਜ਼ਮੀਨ ਨਸ਼ੀਲੀ ਕਰ ਲਈ, ਆਪਣਾ ਵਾਤਾਵਰਨ ਕੀੜੇ ਮਾਰ ਦਵਾਈਆਂ, ਖਾਦਾਂ ਪਾ-ਪਾ ਦੂਸ਼ਿਤ ਕਰ ਲਿਆ। ਜਾਨ ਲੇਵਾ ਬਿਮਾਰੀਆਂ ਸਹੇੜ ਲਈਆਂ ਅਤੇ "ਮਾਂ ਵਰਗੀ ਜ਼ਮੀਨ" ਦੀ ਕੁੱਖ 'ਚੋਂ ਪਾਣੀ ਕੱਢ-ਕੱਢ ਇਸਨੂੰ ਬੰਜ਼ਰ ਬਣਾ ਲਿਆ। ਪੱਲੇ ਕੀ ਪਿਆ? ਘਾਟੇ ਦੀ ਖੇਤੀ!!

ਇਕੱਲੇ ਪਿੰਡ ਦੀ ਨਹੀਂ, ਪੰਜਾਬ ਦੇ ਸ਼ਹਿਰ ਦੀ ਹਾਲਾਤ ਵੀ ਵੱਖਰੀ ਨਹੀਂ! ਕਦੇ ਵੇਖੇ ਹਨ ਸਿਆਸਤਦਾਨੋ, ਸ਼ਹਿਰਾਂ ਦੇ ਸਲੱਮ ਖੇਤਰ ਦੇ ਲੋਕ! ਕਦੇ ਵੇਖੇ ਹਨ ਝੁੱਗੀਆਂ, ਝੌਪੜੀਆਂ, ਬਸਤੀਆਂ 'ਚ ਇੱਕ-ਇੱਕ, ਦੋ-ਦੋ ਮਰਲੇ ਘਰਾਂ 'ਚ ਰਹਿੰਦੇ ਲੋਕ! ਲੁਧਿਆਣਾ ਵਰਗੇ ਦੂਸ਼ਿਤ ਸ਼ਹਿਰ 'ਚ ਰਹਿੰਦੇ ਲੋਕਾਂ ਬਾਰੇ ਕਦੇ ਜਾਣਿਆ ਹੈ? ਕਦੇ ਉਹਨਾ ਦਾ ਫ਼ਿਕਰ ਕੀਤਾ ਹੈ? ਬੁੱਢਾ ਨਾਲਾ ਜੋ ਸਾਫ਼-ਸੁਥਰੇ ਪਾਣੀ ਦਾ ਸਰੋਤ ਸੀ, ਹੁਣ ਸ਼ਹਿਰ ਦੀ ਗੰਦਗੀ ਦਾ ਸਰੋਤ ਹੈ! ਹੁਣ ਤਾਂ ਹਰ ਸ਼ਹਿਰ ਲੁਧਿਆਣਾ ਬਣਦਾ ਜਾ ਰਿਹਾ ਹੈ। ਕਦੇ ਮੁਰਝਾਏ, ਕਮਲਾਏ, ਮਜ਼ਦੂਰਾਂ ਦੇ ਚਿਹਰੇ ਪਛਾਨਣ ਦਾ ਕਦੇ ਯਤਨ ਕੀਤਾ ਹੈ ਤੁਸਾਂ। ਇਹਨਾਂ 'ਚ ਉਹ ਪੰਜਾਬੀ ਕਿਸਾਨ ਵੀ ਹਨ, ਜਿਹੜੇ ਪਿੰਡਾਂ 'ਚੋਂ ਥੋੜ੍ਹੀ-ਬਹੁਤੀ ਹਿੱਸੇ ਆਉਂਦੀ ਜ਼ਮੀਨ ਵੇਚ ਵੱਟ ਕੇ ਸ਼ਹਿਰ ਆ ਮਜ਼ਦੂਰੀ ਕਰ ਰਹੇ ਹਨ! ਰਿਕਸ਼ਾ ਚਲਾ ਰਹੇ ਹਨ। ਲੇਬਰ ਚੌਂਕਾਂ 'ਚ ਖੜ ਮਜ਼ਦੂਰੀ ਵੇਚਣ ਲਈ ਮਜ਼ਬੂਰ ਹਨ। ਉਹਨਾ ਦੇ ਬੱਚਿਆਂ ਦਾ ਕੀ ਭਵਿੱਖ ਹੈ? ਉਹਨਾ ਦੇ ਬੁਢਾਪੇ ਦਾ ਸਹਾਰਾ ਕੌਣ ਹੈ? ਉਹਨਾ ਦੇ ਦੁੱਖ-ਦਰਦ ਸੁਣਨ ਜਾਨਣ ਵਾਲਾ ਕੌਣ ਹੈ? ਸਿਆਸਤਦਾਨਾ, ਤੂੰ ਤਾਂ ਸੁਆਰਥੀ ਹੋ ਗਿਆ ਹੈਂ। ਤੈਨੂੰ ਇਹ ਲੋਕ ਨਹੀਂ, ਸਿਰਫ਼ ਵੋਟਰ ਵਿਖਾਈ ਦਿੰਦੇ ਹਨ, ਜਿਹਨਾ ਨੂੰ ਪੰਜੀਂ ਸਾਲੀਂ ਤੂੰ ਵਰਤਦਾ ਹੈਂ ਅਤੇ ਆਪਣੇ ਰਾਹ ਪੈਂਦਾ ਹੈਂ। ਇਹ ਲੋਕ ਪ੍ਰੇਸ਼ਾਨ ਹਨ, ਕਿਉਂਕਿ ਇਹਨਾ ਤੇ ਇਹਨਾ ਦੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਨਹੀਂ। ਇਹ ਲੋਕ ਪ੍ਰੇਸ਼ਾਨ ਹਨ, ਕਿਉਂਕਿ ਇਹਨਾ ਪੱਲੇ ਧੇਲਾ ਨਹੀਂ ਅਤੇ ਸਰਕਾਰੀ ਸਕੀਮਾਂ ਇਹਨਾ ਦੀ ਪਹੁੰਚ 'ਚ ਨਹੀਂ।

ਕਦੇ ਪੰਜਾਬ ਖੁਸ਼ਹਾਲ ਸੀ ਸਿਆਸਤਦਾਨੋ। ਅੱਜ ਪੰਜਾਬ ਦਾ ਪੋਟਾ-ਪੋਟਾ ਕਰਜ਼ਾਈ ਹੈ। ਪੰਜਾਬ ਸੁਖੀ ਸੀ ਸਿਆਸਤਦਾਨੋ! ਅੱਜ '84, ਨਸ਼ੇ, ਮਾਫੀਏ ਦਾ ਭੰਨਿਆ ਕਰਾਹ ਰਿਹਾ ਹੈ। ਪੰਜਾਬ 'ਚ ਚੱਲੀਆਂ ਤੱਤੀਆਂ ਲਹਿਰਾਂ ਸਮੇਂ ਸਿਆਸਤਦਾਨੋ ਤੁਹਾਡੀ ਚੁੱਪੀ, ਕੀ ਕਿਸੇ ਸਾਜ਼ਿਸ਼ ਤੋਂ ਘੱਟ ਸੀ? ਹਜ਼ਾਰਾਂ ਨੌਜਵਾਨ ਸ਼ਹੀਦ ਕੀਤੇ ਗਏ। ਹਜ਼ਾਰਾਂ ਨੌਜਵਾਨ ਗਾਇਬ ਕੀਤੇ ਗਏ, ਹਜ਼ਾਰਾਂ ਘਰ ਤਬਾਹ ਹੋਏ, ਪਰ ਤੁਹਾਡੇ ਸੰਘੋਂ ਹਮਦਰਦੀ ਦੇ ਦੋ ਬੋਲ ਵੀ ਨਾ ਥਿਆਏ! ਪੰਜਾਬ ਅਣਖੀ ਸੀ ਸਿਆਸਤਦਾਨੋ, ਪਰ ਦਲਾਲਾਂ ਨੇ, ਆਪਣੇ ਪੰਜਾਬੀ ਦਲਾਲਾਂ ਨੇ, ਇਸਦੀ ਸਿਆਸਤ, ਇਸਦੀ ਆਰਥਿਕਤਾ ਦਿੱਲੀ ਕੋਲ ਗਿਰਵੀ ਰੱਖ ਦਿੱਤੀ। ਅੱਜ ਪੰਜਾਬ ਦਿੱਲੀ ਵੱਲ ਝਾਕਦਾ ਹੈ, ਕਦੇ ਦਿੱਲੀ ਪੰਜਾਬ ਵੱਲ ਝਾਕਦੀ ਸੀ। ਕਿਹੋ ਜਿਹੀ ਹਾਲਾਤ ਬਣਾ ਦਿੱਤੀ ਹੈ ਸੋਹਣੇ, ਰੰਗਲੇ, ਜੋਸ਼ੀਲੇ,ਅਣਖੀ ਪੰਜਾਬ ਦੀ ਐ ਪਿਆਰੇ ਪੰਜਾਬ ਦੇ ਸਵਾਰਥੀ ਸਿਆਸਤਦਾਨੋ!!

ਸਿਆਸਤਦਾਨੋ, ਚੋਣਾਂ ਲੜਦੇ ਹੋ ਤਾਂ ਲੜੋ! ਇਹ ਸਭ ਦਾ ਸੰਵਾਧਾਨਿਕ ਹੱਕ ਹੈ। ਪਰ ਜਿਸ ਢੰਗ ਨਾਲ ਪੈਸਾ, ਨਸ਼ਾ ਚੋਣਾਂ 'ਚ ਪਾਣੀ ਦੀ ਤਰ੍ਹਾਂ ਵਹਾਉਂਦੇ ਹੋ। ਲੋਕਾਂ ਦੇ ਟੈਕਸਾਂ ਨਾਲ ਇਕੱਠੇ ਹੋਏ ਪੈਸੇ ਉਤੇ ਐਸ਼ਾਂ ਕਰਦੇ ਹੋ ਅਤੇ ਵੋਟਾਂ ਵਟੋਰਨ ਲਈ ਰਿਆਇਤਾਂ ਦੀ ਬੁਰਕੀ ਗਰੀਬਾਂ ਦੇ ਪੱਲੇ ਪਾਉਂਦੇ ਹੋ, ਇਹ ਕਿਹੜਾ ਪੰਜਾਬ ਦਾ ਭਲਾ ਕਰਦੇ ਹੋ? ਕਿਸ ਦੇ ਹਿੱਤ ਪੂਰਦੇ ਹੋ! ਜੇਕਰ ਪੰਜਾਬ ਲਈ ਰਤਾ ਕੁ ਵੀ ਦਰਦ ਹੈ ਤੁਹਾਡੇ ਮਨਾਂ 'ਚ, ਤਾਂ ਉਜੱੜ ਰਹੇ ਪੰਜਾਬ ਨੂੰ ਬਚਾ ਲਓ! ਬਚਾ ਲਓ, ਪੰਜਾਬ ਦੀ ਜੁਆਨੀ!! ਬਚਾ ਲਓ ਪੰਜਾਬ ਦੀ ਕਿਰਸਾਨੀ!!

ਜੇਕਰ ਤੁਹਾਡਾ ਮਨ, ਸੱਚੀਂ-ਮੁੱਚੀਂ ਪੰਜਾਬ ਲਈ ਕੁਝ ਕਰਨਾ ਲੋਚਦਾ ਹੈ, ਜੇਕਰ ਤੁਸੀਂ ਸੱਚੇ-ਸੁੱਚੇ ਪੰਜਾਬੀ ਹੋ, ਜੇਕਰ ਤੁਹਾਡੇ ਮਨਾਂ 'ਚ ਪੰਜਾਬ ਦੇ ਲੋਕਾਂ ਲਈ ਕੁਝ ਕਰਨ ਦੀ ਲਾਲਸਾ ਹੈ ਤਾਂ ਪਹਿਲਾ ਪੰਜਾਬ ਦੀ ਬੇਰੁਜ਼ਗਾਰੀ ਖ਼ਤਮ ਕਰੋ। ਨੌਜਵਾਨਾਂ ਨੂੰ ਵਿਦੇਸ਼ਾਂ ਦੇ ਔਝੜੇ ਪਏ ਰਾਹਾਂ ਤੋਂ ਰੋਕੋ। ਉਹਨਾ ਲਈ ਚੰਗੀ ਪੜ੍ਹਾਈ ਦਾ ਪ੍ਰਬੰਧ ਪੰਜਾਬ 'ਚ ਕਰੋ! ਖੇਤੀ-ਅਧਾਰਤ ਉਦਯੋਗ ਲਗਾਓ! ਪਿੰਡਾਂ 'ਚ ਫਸਲੀ ਸਟੋਰੇਜ਼ ਮੰਡੀਕਰਨ ਦੀਆਂ ਸਹੂਲਤਾਂ ਪੈਦਾ ਕਰੋ। ਪੰਜਾਬ 'ਚ ਵੱਡੇ ਉਦਯੋਗ ਲਗਾਓ।

ਦੂਜਾ, ਖੇਤੀ ਨੂੰ ਲਾਹੇਵੰਦ ਕਿੱਤਾ ਬਣਾਉਣ ਲਈ ਅਤੇ ਧਰਤੀ ਹੇਠਲੇ ਪਾਣੀ ਦੀ ਵਰਤੋਂ ਦੀ ਥਾਂ ਨਹਿਰੀ ਪਾਣੀਆਂ ਦਾ ਖੇਤ-ਸਿੰਚਾਈ ਲਈ ਵਿਆਪਕ ਪ੍ਰਬੰਧ ਕਰੋ। ਇਸਰਾਈਲੀ ਤੁਪਕਾ ਸਿੰਚਾਈ ਸਕੀਮ ਕਾਰਗਰ ਸਾਬਤ ਹੋ ਸਕਦੀ ਹੈ। ਖੇਤੀ ਨਾਲ ਸਬੰਧਤ ਹੋਰ ਕਿੱਤਿਆਂ ਨੂੰ ਉਤਸ਼ਾਹਿਤ ਕਰੋ।

ਤੀਜਾ, ਪੰਜਾਬ 'ਚ ਹੱਥੀਂ-ਕਿੱਤਾ ਸਿਖਲਾਈ ਦਾ ਵਿਆਪਕ ਪ੍ਰਬੰਧ ਕਰਕੇ ਨੌਜਵਾਨਾਂ ਨੂੰ ਸਵੈ-ਰੁਜ਼ਗਾਰਤ ਹੋਣ ਦੇ ਮੌਕੇ ਦਿਓ।

ਚੌਥਾ, ਪੰਜਾਬ ਦੀ ਆਰਥਿਕਤਾ ਨੂੰ ਠੁੰਮਣਾ ਦੇਣ ਲਈ ਟੈਕਸ ਚੋਰੀ ਰੋਕਣਾ ਜ਼ਿਆਦਾ ਜ਼ਰੂਰੀ ਹੈ। ਵੱਡੇ ਉਦਯੋਗ ਅਤੇ ਆਈ ਟੀ ਕਾਰੋਬਾਰ ਖੋਲ੍ਹਣੇ ਸਮੇਂ ਦੀ ਮੰਗ ਹੈ।

ਪੰਜਵਾਂ, ਪੰਜਾਬ ਦੇ ਪਾਣੀਆਂ ਉਤੇ ਜੋ ਡਾਕਾ ਪਿਆ ਹੈ, ਉਸਦਾ ਹੱਲ ਰਿਪੇਰੀਅਨ ਕਾਨੂੰਨ ਅਨੁਸਾਰ ਹੋਵੇ ਤਾਂ ਕਿ ਸੂਬੇ ਨੂੰ ਪਾਣੀਆਂ ਦਾ ਮੁੱਲ ਮਿਲ ਸਕੇ ਅਤੇ ਇਸਦੀ ਆਰਥਿਕਤਾ 'ਚ ਸੁਧਾਰ ਹੋਵੇ।

ਛੇਵਾਂ, 1966 'ਚ ਪੰਜਾਬੀ ਸੂਬੇ ਦੀ ਸਥਾਪਨਾ ਸਮੇਂ ਸਾਜ਼ਿਸ਼ਾਨਾਂ ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ ਪੰਜਾਬੋਂ ਬਾਹਰ ਕਰ ਦਿੱਤੇ ਗਏ ਸਨ। ਇਹ ਇਲਾਕੇ ਪੰਜਾਬ ਲਈ ਪ੍ਰਾਪਤ ਕਰਨ ਹਿੱਤ ਵਿਆਪਕ ਯਤਨ ਹੋਣ।

ਸੱਤਵਾਂ, ਪੰਜਾਬੀ, ਪੰਜਾਬ ਦੀ ਮਾਤ ਭਾਸ਼ਾ ਹੈ। ਇਸਦਾ ਸਕੂਲਾਂ, ਕਾਲਜਾਂ, ਦਫ਼ਤਰਾਂ, ਕਚਿਹਰੀਆਂ, ਕਾਰੋਬਾਰਾਂ 'ਚ ਚਲਣ ਜ਼ਰੂਰੀ ਹੋਵੇ।

ਅੱਠਵਾਂ, ਭ੍ਰਿਸ਼ਟਾਚਾਰ, ਮਾਫੀਆ ਅਤੇ ਨਸ਼ੇ ਨੇ ਪੰਜਾਬ ਭੰਨ ਸੁੱਟਿਆ ਹੈ, ਇਹ ਲੋਕਾਂ ਦੇ ਰਗ-ਰਗ 'ਚ ਫੈਲਾ ਦਿੱਤਾ ਗਿਆ ਹੈ। ਇਹਨਾ ਤੋਂ ਮੁਕਤੀ ਪੰਜਾਬ ਦੇ ਲੋਕਾਂ ਦੀ ਵੱਡੀ ਜਿੱਤ ਹੋਏਗੀ।

ਨੌਵਾਂ, ਪੰਜਾਬ 'ਚ ਪੰਜਾਬੀਆਂ ਲਈ ਚੰਗੀ ਪੜ੍ਹਾਈ, ਚੰਗੀਆਂ ਸਿਹਤ ਸਹੂਲਤਾਂ, ਚੰਗਾ ਵਾਤਾਵਰਨ ਉਸਾਰਨ ਲਈ ਵਿਆਪਕ ਪ੍ਰਬੰਧ ਹੋਣ।

ਦਸਵਾਂ, ਸੂਬਿਆਂ ਲਈ ਵੱਧ ਅਧਿਕਾਰ ਪ੍ਰਾਪਤ ਕਰਨੇ ਜ਼ਰੂਰੀ ਹਨ ਤਾਂ ਕਿ ਸਥਾਨਕ ਪੱਧਰ ਉਤੇ ਫ਼ੈਸਲੇ ਹੋਣ ਅਤੇ ਸਥਾਨਕ ਸਰਕਾਰਾਂ ਵੀ ਸਹੀ ਕੰਮ ਕਰ ਸਕਣ।

ਸਿਆਸਤਦਾਨੋ! ਗੱਲਾਂ ਤਾਂ ਹੋਰ ਵੀ ਬਥੇਰੀਆਂ ਹਨ। ਪੰਜਾਬ 'ਚ ਚੋਣਾਂ ਦਾ ਵਿਗਲ ਵੱਜ ਗਿਆ ਹੈ। ਤੁਹਾਡੇ ਵਲੋਂ ਰੈਲੀਆਂ ਦਾ ਦੌਰ ਚੱਲ ਪਿਆ ਹੈ। ਭੀੜਾਂ ਇਕੱਠੀਆਂ ਕੀਤੀਆਂ ਜਾਣ ਲੱਗ ਪਈਆਂ ਹਨ। ਮਾਫੀਆ, ਅਪਰਾਧਿਕ ਪਿਛੋਕੜ ਵਾਲੇ ਅਤੇ ਤਿਕੜਮ ਲੜਾਉਣ ਵਾਲੇ ਪੂਰੀ ਤਰ੍ਹਾਂ ਸਰਗਰਮ ਹੋ ਗਏ ਹਨ। ਉਹਨਾ ਢੁੱਠਾਂ ਨੂੰ ਤੇਲ ਲਾ ਲਏ ਹਨ। ਇੱਕ ਵੇਰ ਫੇਰ ਉਹ ਪੰਜਾਬੀਆਂ ਨੂੰ ਠੱਗਣ ਅਤੇ ਮਾਤ ਦੇਣ ਦੀ ਤਿਆਰੀ 'ਚ ਹਨ। ਦਿਲੀਓਂ ਨਿੱਤ ਸਿਆਸੀ ਸੁਨੇਹੇ ਆ ਰਹੇ ਹਨ। ਪੰਜਾਬੀਆਂ ਨੂੰ ਕਾਬੂ ਕਰਨ ਦੀਆਂ ਵਿਉਂਤਾਂ ਗੁੰਦੀਆਂ ਜਾ ਰਹੀਆਂ ਹਨ। ਇੱਕ ਦੂਜੇ ਦੀਆਂ ਪਾਰਟੀਆਂ ਦੇ ਨੇਤਾਵਾਂ ਦੀ ਖ਼ਰੀਦੋ-ਫ਼ਰੋਖ਼ਤ ਸ਼ੁਰੂ ਹੋ ਗਈ ਹੈ। ਸਿਆਸਤਦਾਨੋ! ਕਿਥੇ ਗਈ ਅਸੂਲਾਂ ਦੀ ਰਾਜਨੀਤੀ, ਜਿਸ ਉਤੇ ਪੰਜਾਬੀ ਰਸ਼ਕ ਕਰਦੇ ਸਨ? ਕੀ ਭੁੱਲ ਗਏ ਹੋ ਲੋਕ ਸਰੋਕਾਰ? ਕੀ ਕੁਰਸੀ ਪ੍ਰਾਪਤੀ ਹੀ ਤੁਹਾਡਾ ਮੁਖ ਨਿਸ਼ਾਨਾ ਹੈ ਜਾਂ ਲੋਕ ਹਿੱਤ ਵੀ ਕਿਧਰੇ ਤੁਹਾਡੇ ਸਿਆਸੀ ਕਿਤਾਬਚੇ 'ਚ ਹਨ?

ਯਾਦ ਰੱਖਿਓ, ਪੰਜਾਬ ਦੇ ਲੋਕ ਬਹੁਤ ਸਿਆਣੇ ਹਨ। ਉਹਨਾ ਨੂੰ ਆਪਣੇ ਭਲੇ-ਬੁਰੇ ਦੀ ਪਛਾਣ ਹੈ। ਇਹ ਵੱਖਰੀ ਗੱਲ ਹੈ ਕਿ ਕਦੇ ਕਦਾਈ ਉਹ ਉਤੇਜਿਤ ਹੋਕੇ, ਭਾਵੁਕ ਹੋਕੇ ਉਲਾਰ ਹੋ ਜਾਂਦੇ ਹਨ। ਪਰ ਉਹ ਭੈੜੇ ਸਿਆਸਤਦਾਨਾਂ ਦੀਆਂ ਭੈੜੀਆਂ ਲੂੰਬੜ ਚਾਲਾਂ ਤੋਂ ਜਾਣੂ ਹਨ।

ਸਿਆਸਤਦਾਨੋ! ਤੁਸੀਂ ਆਪਸ ਵਿੱਚ ਲੜਦੇ ਹੋ! ਅਸੰਬਲੀ 'ਚ ਗਾਲੀ-ਗਲੋਚ ਕਰਦੇ ਹੋ। ਇੱਕ ਦੂਜੇ ਉਤੇ ਦੂਸ਼ਣਬਾਜੀ ਕਰਦੇ ਹੋ। ਆਪਣੇ ਆਪ ਨੂੰ ਚੰਗਾ, ਦੂਜੇ ਨੂੰ ਮਾੜਾ ਕਹਿੰਦੇ ਹੋ। ਤੁਹਾਨੂੰ ਪੰਜਾਬ ਨਹੀਂ, ਪੰਜਾਬ ਦੇ ਮੁੱਦੇ ਨਹੀਂ, ਸਿਰਫ਼ ਕੁਰਸੀ ਪਿਆਰੀ ਹੈ। ਦਿੱਲੀ ਦੇ ਇਸ਼ਾਰਿਆਂ ਉਤੇ ਪੰਜਾਬ ਦੇ ਲੋਕਾਂ ਨੂੰ ਭੜਕਾਉਂਦੇ ਹੋ, ਭੁਚਲਾਉਂਦੇ ਹੋ, ਬਰਾਉਂਦੇ ਹੋ, ਚੰਗਾ ਨਹੀਂ ਕਰਦੇ! ਕਦੇ ਇਕੱਲੇ ਬੈਠਕੇ ਸੋਚੋ ਤਾਂ ਸਹੀ ਪੰਜਾਬ ਤੁਹਾਡਾ ਹੈ? ਕਦੇ ਸੋਚੋ ਤਾਂ ਸਹੀ ਪੰਜਾਬੀ ਤੁਹਾਡੇ ਹਨ?

ਆਖ਼ਰੀ ਗੱਲ, ਪੰਜਾਬ ਦਾ ਕਿਸਾਨ, ਦਿੱਲੀ ਹਾਕਮਾਂ ਨਾਲ ਆਪਣੀ ਹੋਂਦ ਬਚਾਉਣ ਦੀ ਲੜਾਈ ਲੜ ਰਿਹਾ ਹੈ। ਪੰਜਾਬੀ ਸਿਆਸਤਦਾਨੋ ਮਨੋਂ, ਧਨੋਂ, ਤਨੋਂ ਉਹਨਾ ਨਾਲ ਖੜਨਾ ਤੁਹਾਡਾ ਇਖ਼ਲਾਕੀ ਫ਼ਰਜ਼ ਹੈ। ਉਹ ਲੋਕਾਂ ਦੀ ਲੜਾਈ ਲੜ ਰਹੇ ਹਨ। ਉਹ ਕਾਰਪੋਰੇਟਾਂ ਵਿਰੁੱਧ, ਜਿਹੜੇ ਲੋਕਾਂ ਦਾ ਸਭ ਕੁਝ ਹੜੱਪਣ ਦੇ ਰਾਹ ਹਨ,ਵਿਰੁੱਧ ਡਟ ਕੇ ਖੜੇ ਹਨ। ਉਹ ਕੇਂਦਰੀ ਹਾਕਮਾਂ ਦੀ ਬਦਨੀਤੀ ਵਿਰੁੱਧ ਹੋਕਾ ਦੇ ਰਹੇ ਹਨ। ਪੰਜਾਬੀ ਸਿਆਸਤਦਾਨੋ! ਤੁਹਾਡੇ ਕਿਸੇ ਵਲੋਂ ਕੀਤੀ ਗਈ ਦਲਾਲੀ-ਰਾਜਨੀਤੀ, ਸਿਆਸੀ ਸੌੜੀ ਕੌਤਾਹੀ ਪੰਜਾਬ ਤੇ ਪੰਜਾਬੀਆਂ ਦੇ ਇਸ ਸਮੇਂ ਲਿਖੇ ਜਾ ਰਹੇ ਇਤਿਹਾਸ ਵਿੱਚ ਤੁਹਾਨੂੰ ਕਾਲਾ ਦਾਗ ਦੇਵੇਗੀ।

# ਕੋਵਿਡ-19 ਮਹਾਂਮਾਰੀ ਦੌਰਾਨ ਭਾਰਤੀ ਹਾਕਮ ਕੈਹਿਰਵਾਨ ਸਾਬਤ ਹੋਏ !


ਰਾਜਿੰਦਰ ਕੌਰ ਚੋਹਕਾ
ਹੁਸ਼ਿਆਰਪੁਰ
91=98725-44738
001-403-285-4208

ਕੋਵਿਡ-19 ਦੀ ਮਹਾਂਮਾਰੀ ਦੌਰਾਨ ਸਿਝਣ ਲਈ, ਜੋ ਗੈਰ ਪ੍ਰਸੰਗਿਕ, ਗੈਰ-ਤਰਕਸ਼ੀਲ ਅਤੇ ਗੈਰ ਵਿਗਿਆਨਕ ਨੀਤੀਆਂ ਕੇਂਦਰ ਦੀ ਮੋਦੀ ਸਰਕਾਰ ਅਤੇ ਰਾਜ ਸਰਕਾਰਾਂ ਨੇ ਦੇਸ਼ ਅੰਦਰ ਲਿਆਂਦੀਆਂ ਉਹ ਸਭ ਆਮ ਤੇ ਗਰੀਬ ਲੋਕਾਂ ਲਈ ਮਾਰੂ ਸਾਬਤ ਹੋਈਆਂ ਸਨ। ਭਾਵੇਂ ਇਸ ਆਫ਼ਤ ਦੌਰਾਨ ਖਾਸ ਕਰਕੇ ਕਿਰਤੀ ਜਮਾਤ ਅਤੇ ਕਿਸਾਨੀ ਦਾ ਦੇਸ਼ ਦੇ ਨਿਰਮਾਣ ਵਿੱਚ ਸਭ ਤੋਂ ਵੱਧ ਯੋਗਦਾਨ ਪੈ ਰਿਹਾ ਸੀ। ਪਰ ਉਸ ਗਰੀਬ ਵਰਗ ਨੂੰ ਸਭ ਤੋਂ ਵੱਧ ਆਰਥਿਕ ਅਤੇ ਸਮਾਜਿਕ ਦੁੱਖ ਭੋਗਣਾ ਪਿਆ। ਕੋਵਿਡ-19 ਮਹਾਂਮਾਰੀ ਦੌਰਾਨ ਅਤੇ ਇਸ ਤੋਂ ਬਾਦ 14 ਕਰੋੜ ਤੋਂ ਵੱਧ ਰਹੀ ਬੇਰੁਜ਼ਗਾਰੀ ਤੇ ਕੋਈ ਕੰਮ-ਕਾਰ ਨਾ ਹੋਣ ਕਰਕੇ ਬੇ-ਸਹਾਰਾ ਹੋ ਗਏ ਸਨ। ਪੇਟ ਭਰ ਰੋਟੀ ਖਾਣ ਨੂੰ ਨਾ ਮਿਲਣ ਅਤੇ ਘਰਾਂ ਦੀਆਂ ਹੋਰ ਜ਼ਰੂਰਤਾਂ ਅਤੇ ਥੁੜਾਂ ਪੂਰੀਆਂ ਨਾ ਹੋਣ ਕਾਰਨ ਇਹ ਲੋਕ ਆਪਣੇ-ਆਪਣੇ ਰਾਜਾਂ ਨੂੰ ਕੋਈ ਸੁਰੱਖਿਅਤ ਸਾਧਨ ਨਾ ਹੁੰਦਿਆਂ ਹੋਇਆਂ ਵੀ ਆਪਣੇ ਘਰਾਂ ਵੱਲ ਨੂੰ ਤੁਰ ਪਏ ਸਨ। ਇਸ ਆਫ਼ਤ ਭਰੇ ਸਫ਼ਰ ਦੌਰਾਨ ਰੇਲ ਅਤੇ ਸੜਕ ਦੁਰਘਟਨਾਵਾਂ ਕਾਰਨ ਅਤੇ ਭੁੱਖ ਦੇ ਦੁੱਖੋਂ ਪੈਦਲ ਚਲਦਿਆਂ, ਇਹੋ ਜਿਹੀ ਮੁਸੀਬਤ ਵਿੱਚ ਆਪਣੀਆਂ ਕੀਮਤੀ ਜਾਨਾ ਵੀ ਉਨ੍ਹਾਂ ਨੂੰ ਗੁਵਾਣੀਆਂ ਪਈਆਂ। ਇਹੋ ਜਿਹੀ ਤਰਾਸਦੀ ਦੌਰਾਨ ਵੀ ਸਾਡੀਆਂ ਸਰਕਾਰਾਂ ਉਨ੍ਹਾਂ ਨੂੰ ਜਾਨ-ਮਾਲ, ਸਿਹਤ, ਰਿਹਾਇਸ਼, ਖਾਣ ਪੀਣ ਤੇ ਹੋਰ ਬੁਨਿਆਦੀ ਸਹੂਲਤਾਂ ਦੇਣ ਦਾ ਵਿਸ਼ਵਾਸ਼ ਨਹੀ ਦੇ ਸਕੀਆਂ। ਗਰੀਬ ਮਜਦੂਰਾਂ ਦੀ ਇਹੋ ਜਿਹੀ ਤਰਾਸਦੀ ਦੀ ਹਾਲਤ ਨੂੰ ਕੇਵਲ ਰਾਜਨੀਤਕ ਅਸਫਲਤਾ ਕਹਿਣਾ ਹੀ ਠੀਕ ਨਹੀ ਹੋਵੇਗਾ, ਸਗੋਂ ਤੇ ਸਰਕਾਰਾਂ ਦੀ ਨੈਤਿਕ ਅਸਫ਼ਲਤਾ ਵੀ ਮੰਨੀ ਜਾਵੇਗੀ? ਕੋਵਿਡ-19 ਮਹਾਂਮਾਰੀ ਦੀ ਮਾਰ ਦਾ ਸਭ ਤੋਂ ਵੱਧ ਗਰੀਬ, ਬੇਸਹਾਰਾ ਅਤੇ ਆਮ ਲੋਕਾਂ ਨੂੰ ਇਸ ਦਾ ਸ਼ਿਕਾਰ ਹੋਣਾ ਪਿਆ ਸੀ।

ਬੱਚਿਆਂ ਦੇ ਮਨ ਨੂੰ "ਇਗਨਾਈਟ" ਕਰਨ ਵਾਲੀ ਆਪਣੀ ਪ੍ਰਸਿੱਧ ਕਿਤਾਬ, "ਇਗਨਾਈਟਿੰਗ ਮਾਂਈਡਜ਼" ਨੂੰ ਸਾਬਕਾ ਰਾਸ਼ਟਰਪਤੀ ਏ.ਪੀ.ਜੇ. ਅਬਦੁਲ ਕਲਾਮ ਤੇ ਗੁਜਰਾਤ ਦੀ ਇਕ ਬਾਰ੍ਹਵੀ ਕਲਾਸ ਦੀ ਵਿਦਿਆਰਥਣ ਨੂੰ 11 ਅਪ੍ਰੈਲ 2002 ਨੂੰ ਉਸ ਸਮੇਂ ਸਮਰਪਿੱਤ ਕੀਤੀ ਸੀ, ਜਦੋਂ ਉਹ ਇਕ ਸਕੂਲ ਦੇ ਮੁੱਖ ਮਹਿਮਾਨ ਵਜੋਂ ਉਥੇ ਪਹੁੰਚੇ ਸਨ। ਉਨਾਂ ਨੇ ਉਥੇ ਬੱਚਿਆਂ ਨੂੰ ਇਕ ਸਵਾਲ ਕੀਤਾ, "ਕਿ ਸਾਡਾ ਦੁਸ਼ਮਣ ਕੌਣ ਹੈ?" ਜਿਸ ਦਾ ਉਤੱਰ ਇਕ ਵਿਦਿਆਰਥਣ ਸਨੇਹਲ ਨੇ ਦਿੱਤਾ, ਤੇ ਜਿਸ ਦਾ ਸਾਰੇ ਵਿਦਿਆਰਥੀਆਂ ਨੇ ਇਕ ਸੁਰ ਹੋ ਕੇ ਸਮਰਥਨ ਕੀਤਾ ਸੀ। ਉਸ ਨੇ ਕਿਹਾ ਸੀ, "ਕਿ ਗਰੀਬੀ ਸਾਡੀ ਸਭ ਤੋਂ ਵੱਡੀ ਦੁਸ਼ਮਣ ਹੈ?" ਕਰੋਨਾ ਕਾਲ ਦੇ ਦੌਰਾਨ ਦੇਸ਼ ਭਰ ਵਿੱਚ ਪੂਰਨ ਬੰਦੀ (ਲਾਕ-ਡਾਊਨ) ਤੇ ਉਸ ਤੋਂ ਬਾਦ ਦੇਸ਼ ਦੇ ਬਦਲਦੇ ਆਰਥਿਕ ਤੇ ਸਮਾਜਿਕ ਹਲਾਤਾਂ ਵਿੱਚ ਇਸ ਅਵਾਜ਼ ਦੀ ਸਾਨੂੰ ਸਹਿਜ ਹੀ ਸਮਝ ਆ ਸਕਦੀ ਹੈ, 'ਕਿ ਦੇਸ਼ ਅੰਦਰ ਗਰੀਬੀ ਹੀ ਸੱਭ ਤੋਂ ਵੱਡੀ ਲਾਹਨਤ ਹੈ! ਇਸ ਲਾਕ-ਡਾਊਨ ਦਾ ਸਭ ਤੋਂ ਮਾੜਾ ਅਸਰ ਗਰੀਬ ਤੇ ਦਿਹਾੜੀਦਾਰ ਮਜ਼ਦੂਰਾਂ ਉੱਪਰ ਪਿਆ। ਵਿੰਡਬਨਾ ਇਹ ਸੀ, ਕਿ, ਇਹ ਅਬਾਦੀ ਦਾ ਇਕ ਵੱਡਾ ਹਿੱਸਾ ਕੋਵਿਡ-19 ਦੀ ਮਹਾਂਮਾਰੀ ਰਾਹੀ ਨਹੀਂ ਸਗੋਂ ਉਹ ਗਰੀਬੀ ਤੇ ਭੁੱਖ-ਮਰੀ ਵਾਲੀ ਹਾਲਤ ਜੋ ਸਰਕਾਰ ਤੇ ਅਮੀਰ ਲੋਕਾਂ ਦੀ ਬੇਪ੍ਰਵਾਹੀ ਅਤੇ ਲਾਪ੍ਰਵਾਹੀ ਦੇ ਕਾਰਨ ਪੈਦਾ ਹੋਈ ਦੌਰਾਨ ਹੀ ਮਰ ਰਹੇ ਸਨ।" ਹਿੰਦੀ ਦੇ ਲੇਖਕ "ਫਨੀਸ਼ਰ ਰੇਣੂ" ਦੀ "ਮੈਲਾ ਆਂਚਲ" ਹਿੰਦੀ ਦੀ ਇਕ ਕਿਤਾਬ ਵਿੱਚ ਲਿਖਿਆ ਹੈ, "ਕਿ ਕਿਵੇਂ ਲੋਕ ਮਲੇਰੀਆ ਦੀ ਬਿਜਾਏ ਗਰੀਬੀ ਤੇ ਪੱਛੜੇ-ਪਨ ਨਾਲ ਮਰਦੇ ਹਨ। ਡਾ:ਰੇਣੂ ਇਸ ਤੋਂ ਅੱਗੇ ਲਿਖਦੇ ਹਨ ਕਿ ਡਾਕਟਰਾਂ ਨੇ ਰੋਗ ਦੀ ਜੜ ਲੱਭ ਲਈ ਹੈ, ਤੇ ਉਹ ਹੈ, "ਗਰੀਬੀ ਤੇ ਜਹਾਲਤ" ਜੋ ਇਸ ਰੋਗ ਦੇ ਸਭ ਤੋਂ ਵੱਡੇ ਕੀਟਾਣੂ ਹਨ। ਇਸੇ ਤਰ੍ਹਾਂ ਹੀ ਸਾਡੇ ਦੇਸ਼ ਵਿੱਚ ਵੀ ਕੋਵਿਡ-19 ਦੀ ਮਹਾਂਮਾਰੀ ਨਾਲ ਉਨੀਆਂ ਮੌਤਾਂ ਨਹੀਂ ਹੋਈਆਂ ਜਿੰਨੀਆਂ ਗਰੀਬੀ-ਗੁਰਬਤ ਤੇ ਭੁੱਖ ਨਾਲ ਜੂਝਦਿਆਂ ਹੋਇਆ, ਹੋਈਆਂ ਹਨ, ਜਿਸ ਦਾ ਇਲਾਜ ਪਹਿਲਾਂ ਹੋਣਾ ਚਾਹੀਦਾ ਸੀ।

ਸਾਨੂੰ ਪ੍ਰੇਮ ਚੰਦ ਦੇ ਉਸ ਨਾਵਲ "ਗੋਦਾਨ" ਜੋ 1936 ਵਿੱਚ ਲਿਖਿਆ ਸੀ, ਜਿਸ ਵਿੱਚ ਕਿਸਾਨ ਦੇ ਮਜ਼ਦੂਰ ਵਿੱਚ ਬਦਲਣ ਦੀ ਤਰਾਸਦੀ ਦੀ ਵਿਆਖਿਆ ਹੈ। ਤਾਂ! ਅੱਜ ਦੇ ਸੰਦਰਭ ਵਿੱਚ ਵੀ "ਸਾਨੂੰ ਇਸ ਇਸ ਭੂਮੰਡਲੀ-ਕਰਨ ਦੀ ਅਰਥ-ਵਿਵਸਥਾ ਅੰਦਰ ਇਨ੍ਹਾਂ ਮਜ਼ਦੂਰਾਂ ਦੇ ਸ਼ੋਸ਼ਣ ਦੀ ਅਸਲੀ ਗਾਥਾ, ਦੀ ਤਸਵੀਰ ਦਿਸ ਰਹੀ ਹੈ, ਜਿਥੇ ਹਰ ਚੀਜ਼ ਦਾ ਸਰਵੇਖਣ ਕੇਵਲ ਆਰਥਿਕ ਲਾਭ ਦੇ ਮਾਪਦੰਡ ਨਾਲ ਹੀ ਮਾਪਿਆ ਜਾਂਦਾ ਹੈ। ਖ਼ੂਨ-ਪਸੀਨੇ ਦੀ ਮਿਹਨਤ ਨਾਲ ਦੇਸ਼ ਭਰ ਵਿੱਚ ਆਲੀਸ਼ਾਨ ਮਹੱਲ, ਹੋਟਲ, ਹਸਪਤਾਲ, ਸੜਕਾਂ, ਪੁੱਲ ਆਦਿ ਬਣਾਉਣ ਵਾਲੇ ਮਜ਼ਦੂਰ ਹੀ ਹਨ ? ਪਰ ਸ਼ੋਸ਼ਣਕਾਰੀ ਉਦਯੋਗਪਤੀ ਆਪਣੀ ਧੰਨ ਨੂੰ ਵਧਾਉਣ ਦੀ ਲਾਲਸਾ ਤੇ ਅਸੰਵੇਦਨਸ਼ੀਲਤਾ ਦੇ ਰਵੱਈਏ ਰਾਂਹੀ ਕਿਰਤੀ ਵਰਗ ਦੀ ਜ਼ਿੰਦਗੀ ਨਰਕ ਬਣਾ ਦਿੰਦੇ ਹਨ।

ਇਕ ਤਾਜ਼ਾ ਰਿਪੋਰਟ ਅਨੁਸਾਰ ਭਾਰਤ ਦੀ 58-ਫੀ ਸਦ ਧੰਨ ਦੌਲਤ ਇਸ ਦੇਸ਼ ਦੇ ਸਭ ਤੋਂ ਵੱਧ ਅਮੀਰ ਇਕ-ਫੀ ਸਦ ਲੋਕਾਂ ਕੋਲ ਹੈ ਤੇ ਦੂਜੇ ਪਾਸੇ 21.9 ਫੀ ਸਦ ਲੋਕ ਗਰੀਬੀ ਤੋਂ ਹੇਠਾਂ ਆਪਣਾ ਜੀਵਨ ਨਿਰਬਾਹ ਕਰਨ ਲਈ ਮਜਬੂਰ ਹਨ। ਇਹ ਅੰਕੜੇ, "ਭਾਰਤ ਦੇਸ਼ ਮਹਾਨ ਹੈ" ਦੇ ਹਨ ਜੋ ਗਰੀਬ-ਅਮੀਰ ਦੇ ਪਾੜੇ ਦੀ ਤਸਵੀਰ ਪੇਸ਼ ਕਰਦੇ ਹਨ। ਦੇਸ਼ ਦੇ ਇਕ ਫੀ ਸਦ ਲੋਕਾਂ ਕੋਲ ਆਮਦਨ ਕਿੰਨੀ ਹੈ ਅਤੇ ਗਰੀਬਾਂ ਦੀ ਆਮਦਨ ਕਿੰਨੀ ਹੈ, ਦਾ ਪਾੜਾ ਦਿੱਸ ਰਿਹਾ ਹੈ। ਪ੍ਰੰਤੂੰ ਅਫਸੋਸ ਹੈ, "ਕਿ ਦੇਸ਼ ਨੂੰ ਆਜ਼ਾਦ ਹੋਇਆ 75 ਸਾਲ ਬੀਤਣ ਦੇ ਬਾਦ ਵੀ ਦੇਸ਼ ਭਰ ਵਿਚਕਾਰ ਗਰੀਬੀ ਅਮੀਰੀ ਦਾ ਪਾੜਾ ਵੱਧਦਾ ਹੀ ਜਾ ਰਿਹਾ ਹੈ। ਅੱਜ ! ਮਿਹਨਤ-ਮਜ਼ਦੂਰੀ ਕਰਕੇ ਪੇਟ ਪਾਲਣ ਵਾਲਾ ਹੋਰ ਗਰੀਬ ਹੋ ਰਿਹਾ ਹੈ। ਅਮੀਰ-ਵਰਗ ਰਾਜ ਸਤਾ ਤੇ ਕਾਬਜ਼ ਹੋ ਕੇ ਗਰੀਬਾਂ ਦੀ ਲੁੱਟ ਕਰ ਕਰ ਕੇ ਹੋਰ ਅਮੀਰ ਹੋ ਰਿਹਾ ਹੈ। ਦੇਸ਼ ਦੇ ਵਿਕਾਸ ਦੀ ਮੂੰਹ ਬੋਲਦੀ ਤਸਵੀਰ ਰਾਹੀ, "ਆਦਮ ਗੌਂਡਵੀ" ਦੇ ਲੇਖਕ ਨੇ ਲਿਖਿਆ ਹੈ, "ਕਿ ਝੀਲ ਪਰ ਪਾਨੀ ਬਰਸਤਾ ਹੈ ; ਹਮਾਰੇ ਦੇਸ਼ ਮੇਂ ਖੇਤ ਪਾਨੀ ਕੋ ਤਰਸਤਾ ਹੈ।" ਅਫਸੋਸ! ਹੈ ਕਿ ਸਾਡੇ ਦੇਸ਼ ਦੇ ਹਾਕਮ ਤੇ ਸਰਕਾਰਾਂ ਦੇਸ਼ ਵਿਚੋਂ ਨੰਗ-ਭੁਖ, ਮਹਿੰਗਾਈ ਤੇ ਬੇਰੁਜ਼ਗਾਰੀ ਆਦਿ ਮਸਲਿਆਂ ਨੂੰ ਹਲ ਕਰਨ ਵਿੱਚ ਅਸਫਲ ਹੀ ਰਹੇ ਹਨ। ਸਗੋਂ! ਤੇ ਉਹ ਪੂੰਜੀਪਤੀਆਂ ਤੇ ਅਮੀਰ-ਘਰਾਣਿਆਂ ਦੀ ਪੂੰਜੀ ਕਿਵੇਂ ਵਧੇ, ਜਿਹੀਆਂ ਨੀਤੀਆਂ ਘੜ ਕੇ ਉਨ੍ਹਾਂ ਨੂੰ ਲਾਭ ਪਹੁੰਚਾ ਰਹੇ ਹਨ। ਜੇਕਰ ਪਿਛਲਾ ਇਤਿਹਾਸ ਵੀ ਦੇਖਿਆ ਜਾਵੇ ਤਾਂ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਦੇਸ਼ ਦੀ ਰੀੜ ਦੀ ਹੱਡੀ ਕਿਹਾ ਗਿਆ ਹੈ। ਜਨਵਰੀ-1902 ਵਿੱਚ "ਸਵਾਮੀ ਵਿਵੇਕਾਨੰਦ" ਨੇ ਵੀ ਕਿਹਾ ਸੀ, "ਕਿ ਇਸ ਧਰਤੀ ਤੇ ਕੋਈ ਵੀ ਸ਼ਾਸ਼ਕ ਗਰੀਬ ਲੋਕਾਂ ਬਾਰੇ ਨਹੀਂ ਸੋਚਦਾ। ਜਦਕਿ ਉਹ ਇਸ ਦੇਸ਼ ਦੇ 'ਕਿਰਤੀ-ਕਿਸਾਨ' ਹੀ ਸਨ, ਜਿਨ੍ਹਾਂ ਨੇ ਆਪਣੀ ਮਿਹਨਤ-ਮੁਸ਼ਕਤ ਤੇ ਖ਼ੂਨ-ਪਸੀਨੇ ਦੀ ਕਮਾਈ ਨਾਲ ਅਨਾਜ ਦੇ ਭੰਡਾਰ ਪੈਦਾ ਕੀਤੇ ਸਨ। ਪਰ ! ਅਫੋਸ ਹੈ ਕਿ ਮਜ਼ਦੂਰਾਂ ਨੂੰ ਉਨਾਂ ਵਲੋਂ ਕੀਤੀ ਗਈ ਮਿਹਨਤ ਦਾ ਫਲ ਉਨਾਂ ਨੂੰ ਘੱਟ ਹੀ ਮਿਲਦਾ ਹੈ। ਜੇਕਰ ! ਉਹ ਮਿਹਨਤੀ ਕਿਸਾਨ-ਮਜ਼ਦੂਰ ਇਕ ਦਿਨ ਕੰਮ ਕਰਨਾ ਛੱਡ ਦੇਣ ਤਾਂ ! ਦੇਸ਼ ਦੀ ਆਰਥਿਕਤਾ ਡਾਵਾਂ-ਡੋਲ ਹੋ ਜਾਵੇਗੀ ਆਵਾਮ ਭੁੱਖਾ ਮਰ ਜਾਵੇਗਾ।

ਜੇਕਰ ਸਰਕਾਰ ਸੱਚ-ਮੁੱਚ ਦੇਸ਼ ਵਿਚੋਂ ਗਰੀਬੀ ਗੁਰਬਤ ਖਤਮ ਕਰਨਾ ਚਾਹੁੰਦੀ ਹੈ ਤੇ ਦੇਸ਼ ਦੀ ਸਮਾਜਿਕ-ਆਰਥਿਕ ਹਾਲਤ ਨੂੰ ਉੱਚਾ ਚੁੱਕਣਾ ਚਾਹੁੰਦੀ ਹੈ,ਤਾਂ! ਦੇਸ਼ ਵਿੱਚ ਗਰੀਬੀ-ਅਮੀਰੀ ਦੇ ਪਾੜੇ ਨੂੰ ਖਤਮ ਕਰਨਾ ਹੋਵੇਗਾ। ਕਰੋਨ ਮਹਾਂਮਾਰੀ ਦੌਰਾਨ ਕੇਵਲ "ਮਜ਼ਦੂਰ ਹੀ ਨਹੀਂ ਮਰੇ, ਸਗੋਂ ਤੇ ਦੇਸ਼ ਭਰ ਵਿੱਚ ਇਨਸਾਨੀਅਤ ਵੀ ਮਰੀ ਹੈ!" ਭਾਵੇਂ ਫਿਲਮਾਂ ਵਿੱਚ ਦੇਸ਼ ਦੀ ਰਾਜਨੀਤੀ ਅੰਦਰ ਗਰੀਬੀ-ਗੁਰਬਤ ਵਿੱਚ ਰਹਿ ਰਹੇ ਲੋਕਾਂ 'ਤੇ ਫਿਲਮਸਾਜ਼ ਤੇ ਐਕਟਿੰਗ ਕਰਨ ਵਾਲੇ ਕੁਝ ਰਾਜਨੀਤਕ ਅਤੇ ਉਨ੍ਹਾਂ ਦੀਆਂ ਪਾਰਟੀਆਂ ਖੁਦ ਕਿਰਤੀ-ਜਮਾਤ ਦੀ ਬਦੌਲਤ ਅਰਬਪਤੀ ਬਣ ਜਾਂਦੇ



ਹਨ। ਪ੍ਰੰਤੂ ਗਰੀਬ ਉਥੋ ਦਾ ਉਥੇ ਹੀ ਰਹਿ ਜਾਂਦਾ ਹੈ। ਭਾਵ ਭਾਰਤ ਦੇਸ਼ ਵਿੱਚ ਰਾਜਸਤਾ ਅੰਦਰ ਇਥੋਂ ਦੇ ਗਰੀਬ ਲੋਕ ਅਮੀਰਾਂ ਨੂੰ ਅੱਗੇ ਵੱਧਣ ਲਈ ਇਕ "ਪੌੜੀ" ਵਜੋਂ ਹੀ ਵਰਤੇ ਜਾ ਰਹੇ ਹਨ। "ਸੂਡਾਨ" ਵਿੱਚ 1993 ਦੇ ਅਕਾਲ ਸਮੇਂ; "ਦੀ ਵਲਚਰ ਐਂਡ ਦੀ ਲਿਟਲ ਗਰਲ" ਵਿੱਚ ਇਕ ਗਿੱਧ ਦੇ ਸਾਹਮਣੇ ਭੁੱਖ ਨਾਲ ਮਰ ਰਹੀ ਇਕ ਛੋਟੀ ਜਿਹੀ ਲੜਕੀ ਦੀ ਤਸਵੀਰ ਇਕ ਫੋਟੋਗਰਾਫ਼ਰ, 'ਕੇਵਿਨ ਕਾਰਟਰ' ਨੇ ਖਿੱਚੀ ਸੀ। (ਬਾਦ ਵਿਚ ਜਿਸ ਦੀ ਪਛਾਣ 'ਕੋਂਗ ਨਿਓਗ' ਨਾਮ ਦੇ ਲੜਕੇ ਦੇ ਰੂਪ ਵਿੱਚ ਹੋਈ)। ਕੇਵਿਨ ਰਾਤੋ-ਰਾਤ ਇਕ ਵੱਡੀ ਹਸਤੀ ਫੋਟੋਗਰਾਫਰ ਦੇ ਨਾਂ ਨਾਲ ਮਸ਼ਹੂਰ ਹੋ ਗਿਆ। ਉਸ ਨੂੰ ਇਸ ਤਸਵੀਰ ਬਦਲੇ 'ਪੁਲਿਤਜ਼ਰ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ। ਪ੍ਰੰਤੂ ਕੇਵਿਨ ਨੇ ਕੁਝ ਚਿਰ ਬਾਦ 'ਆਤਮ-ਹੱਤਿਆ' ਕਰ ਲਈ। ਕਿਉਂਕਿ ਉਹ ਇਹੀ ਸੋਚਦਾ ਰਿਹਾ "ਕਿ ਮੈਂ ਬਹੁਤ ਵੱਡਾ ਅਪਰਾਧ ਕੀਤਾ ਹੈ। ਮੈਂ ਉਸ ਲੜਕੇ ਦੀ ਜਾਨ ਬਚਾਉਣ ਦੀ ਬਜਾਏ ਉਸ ਦੀ ਫੋਟੋ ਕਿਉਂ ਖਿੱਚੀ ?" ਅਸਲ ਬੀਮਾਰੀ ਇਹ ਹੈ ਕਿ ਨੰਗ-ਭੁੱਖ ਨੂੰ ਲੋਕਾਂ ਸਾਹਮਣੇ ਕਿਵੇਂ ਨੰਗਾ ਕੀਤਾ ਜਾਵੇ ਤੇ ਇਸ ਦਾ ਹੱਲ ਕੀ ਹੋਵੇ? ਇਸ ਨੰਗ-ਭੁੱਖ ਲਈ ਕੌਣ ਜਿੰਮੇਵਾਰ ਹੈ?

ਸਾਡੇ ਦੇਸ਼ ਦੀ ਮੋਦੀ ਸਰਕਾਰ ਨੂੰ ਅਤੇ ਅਡਾਨੀਆਂ, ਅੰਬਾਨੀਆਂ, ਰਿਲਾਇੰਸ ਅਤੇ ਹੋਰ ਅਮੀਰਾਂ ਨੂੰ ਇਹੋ ਜਿਹੀਆਂ ਕਹਾਣੀਆਂ ਤੋਂ ਸਬਕ ਸਿਖਣਾ ਚਾਹੀਦਾ ਹੈ, ਤਾਂ! ਜੋ "ਗਰੀਬਾਂ ਦੀ ਗਰੀਬੀ ਤੇ ਹੱਸਿਆ ਨਾ ਜਾਵੇ। ਸਗੋਂ ਤੇ ਉਨ੍ਹਾਂ ਦੀ ਮਦਦ ਕੀਤੀ ਜਾਵੇ।" ਜਰਮਨੀ ਦੇ ਬੋਨ 'ਚ ਰਹਿਣ ਵਾਲੇ (ਆਈ.ਜੇ.ਡੀ.ਏ) ਇੰਸਟੀਚਿਊਟ ਆਫ ਲੇਬਰ ਇਕਨੌਮਿਕਸ ਦੇ ਫੈਲੋ ਰਿਸਰਚ "ਸੰਤੋਸ਼ ਮੇਹਰੋਤਰਾ ਅਤੇ ਉਨ੍ਹਾਂ ਦਾ ਸਾਥੀ ਜਜਤੀ ਕੇਸ਼ਰੀ ਪਰਿਦਾ" ਦੀ ਇਕ ਰੀਪੋਟ ਮੁਤਾਬਿਕ ਭਾਰਤ ਵਿੱਚ ਪਿਛਲੇ 8-ਸਾਲਾਂ (ਅੱਠ-ਸਾਲਾਂ) ਤੋਂ 76-ਮਿਲੀਅਨ ਭਾਵ-7 ਕਰੋੜ 60 ਲੱਖ ਲੋਕ 2020 ਤੱਕ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। "ਦੀ ਵਾਇਰ" ਦੀ ਰੀਪੋਰਟ ਮੁਤਾਬਿਕ ਇਹ ਹੈਰਾਨ ਕਰਨ ਵਾਲੀ ਗੱਲ ਹੈ, 'ਕਿ ਇਹ ਵੇਰਵਾ (ਡਾਟਾ) ਕਰੋਨਾ ਮਹਾਂਮਾਰੀ ਦੇ ਸ਼ੁਰੂ ਹੋਣ ਤੋਂ ਪਹਿਲਾਂ ਦਾ ਹੈ। ਭਾਵ ਭਾਰਤ ਵਿੱਚ ਕਰੋਨਾ ਤੋਂ ਪਹਿਲਾਂ ਹੀ ਗਰੀਬੀ ਸ਼ੁਰੂ ਹੋ ਚੁੱਕੀ ਸੀ। ਕਰੋਨਾ ਮਹਾਂਮਾਰੀ ਦੌਰਾਨ ਪਹਿਲੇ ਅਤੇ ਦੂਸਰੇ ਕਰੋਨਾ ਦੇ ਹਮਲੇ ਬਾਦ ਇਹੋ ਜਿਹੇ ਗਰੀਬਾਂ ਦੇ ਹਾਲਾਤ ਕਿਹੋ ਜਿਹੇ ਹੋਣਗੇ ਇਸ ਦਾ ਅੰਦਾਜ਼ਾ ਅਸਾਨੀ ਨਾਲ ਲਗਾਇਆ ਜਾ ਸਕਦਾ ਹੈ।

ਜੇਕਰ ਅਸੀਂ "ਵਿਸ਼ਵ ਮਹਾਂਮਾਰੀਆਂ" ਦਾ ਇਤਿਹਾਸ ਪੜ੍ਹੀਏ ਜਾਂ ਦੇਖੀਏ ਤਾਂ ਪਤਾ ਲੱਗਦਾ ਹੈ, 'ਕਿ ਇਹੋ ਜਿਹੀਆਂ ਮਹਾਂਮਾਰੀਆਂ ਦੌਰਾਨ ਅਜਿਹੀਆਂ ਹੋ ਰਹੀਆਂ ਮੌਤਾ ਦਾ ਸਮੇਂ ਸਿਰ ਇਲਾਜ ਨਾ ਕਰਨ ਨਾਲ ਹੀ ਨਹੀਂ? ਸਗੋਂ ਤੇ ਰਾਜਸਤਾ ਤੇ ਬੈਠੀਆਂ ਸਰਕਾਰਾਂ ਦੀਆਂ ਲਪ੍ਰਵਾਹੀਆਂ 'ਤੇ ਅਣਗੈਹਿਲੀਆਂ ਕਾਰਨ ਲੱਖਾਂ ਮੌਤਾਂ ਹੋਈਆਂ ਹਨ। ਕਿਸੇ ਵੀ ਸਭਿਅਕ ਸਮਾਜ ਅੰਦਰ ਇਸ ਤਰ੍ਹਾਂ ਦੀਆਂ ਗਰੀਬੀ ਨਾਲ ਹੋ ਰਹੀਆਂ ਲੱਖਾਂ ਦੀ ਗਿਣਤੀ 'ਚ ਮੌਤਾਂ ਜੋ ਤੰਗੀਆਂ ਤਰੁਸ਼ੀਆਂ ਵਿੱਚ ਆਪਦਾ ਜੀਵਨ ਬਤੀਤ ਕਰਦੇ ਹਨ, ਦੇ ਸੰਕੇਤ ਦੇਸ਼ ਲਈ ਅਤੇ ਦੁਨੀਆਂ ਲਈ ਵੀ ਠੀਕ ਨਹੀਂ ਤੇ ਨਾ ਹੀ ਸੋਭਦੇ ਹਨ। "ਨਿਤਸ਼ ਸ਼ਾਸਤਰੀ ਪੀਟਰ ਸਿੰਗ" ਨੇ ਆਪਣੇ ਲੇਖ "ਫੈਸਿਨ ਅਫੂਲੂਏਨਸ਼ ਐਂਡ ਮਾਰਲਟੀ" ਵਿੱਚ ਲਿਖਦੇ ਹਨ, "ਕਿ ਉਹ ਇਕ ਮਹਾਨ ਰਾਸ਼ਟਰ ਜਾਂ ਕਿਸੇ ਇਕ ਵਿਅਕਤੀ ਦਾ ਇਹ ਫਰਜ਼ ਹੈ, ਕਿ ਉਹ ਗਰੀਬ, ਕਮਜ਼ੋਰ ਵਿਅਕਤੀ ਜਾਂ ਰਾਸ਼ਟਰ ਦੇਸ਼ ਦੀ ਮਦਦ ਕਰੇ। ਕਿਉਂ ਕਿ ਇਸ ਤਰ੍ਹਾਂ ਨਾ ਕਰਨਾ ਕੇਵਲ ਅਨੈਤਿਕਤਾ ਹੀ ਨਹੀਂ? ਬਲਕਿ ਮਨੁੱਖਤਾ ਦਾ ਮਨੁੱਖਤਾ ਦੇ ਵਿਰੁੱਧ ਅਪਰਾਧ ਹੈ "ਵਿਸ਼ਵ ਮਹਾਂ-ਮਾਰੀਆਂ ਤੋਂ ਪੈਦਾ ਹੋਈਆਂ ਇਹੋ ਜਿਹੀਆਂ ਭਿਅੰਕਰ ਬੀਮਾਰੀਆਂ ਵਿੱਚ ਸਭ ਤੋਂ ਪਹਿਲਾਂ ਮਨੁੱਖਤਾ ਅਤੇ ਗਰੀਬ ਲੋਕਾਂ ਨੂੰ ਬਚਾਉਣਾ ਜਰੂਰੀ ਹੁੰਦਾ ਹੈ। ਰਾਜ-ਸਤਾ ਤੇ ਬੈਠੀਆਂ ਸਰਕਾਰਾਂ ਦਾ ਫਰਜ਼ ਹੁੰਦਾ ਹੈ, ਕਿ ਉਹ ਆਪਣੇ ਫ਼ਰਜ਼ਾਂ ਦੀ ਪਾਲਣਾ ਕਰੇ।"

"ਮਸ਼ਹੂਰ ਮੈਡੀਕਲ ਮੈਗਜ਼ੀਨ ਦ ਲੈਂਸਟ" ਦੀ ਸੰਪਾਦਕੀ 'ਚ ਕਰੋਨਾ ਮਹਾਂਮਾਰੀ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਸੰਪਾਦਕੀ 'ਚ ਕਿਹਾ ਗਿਆ ਹੈ, "ਕਿ ਹਸਪਤਾਲ ਮਰੀਜਾਂ ਨਾਲ ਭਰੇ ਪਏ ਹਨ। ਆਕਸੀਜਨ ਦੀ ਭਾਰੀ ਕਮੀ ਹੈ ਤੇ ਸ਼ੋਸ਼ਲ ਮੀਡੀਆ ਤੇ ਲੋਕ ਤੇ ਡਾਕਟਰ ਮੈਡੀਕਲ ਆਕਸੀਜਨ, ਹਸਪਤਾਲਾਂ ਦੇ ਬੈਡ ਤੇ ਦੂਜੀਆਂ ਹੋਰ ਜ਼ਰੂਰਤਾਂ ਲਈ ਗੁਹਾਰ ਲਗਾ ਰਹੇ ਹਨ। ਪਰ ਇਸ ਮੁਸ਼ਕਿਲ ਸਮੇਂ 'ਚ ਉਨ੍ਹਾਂ ਮਦਦ ਤੇ ਉਕਤ ਹਾਲਾਤ ਲਈ ਜ਼ਿੰਮੇਵਾਰੀ ਲੈਣ ਵਾਲਾ ਕੋਈ ਨਹੀ ਹੈ। 'ਦ ਲੈਂਸਟ' ਅਨੁਸਾਰ ਅਜਿਹੇ ਮੁਸ਼ਕਿਲ ਸਮੇਂ 'ਚ ਮੋਦੀ ਦੀ ਸ਼ੋਸ਼ਲ ਮੀਡੀਆ ਤੇ ਆਪਣੀ ਆਲੋਚਨਾ ਤੇ ਖੁਲ੍ਹੀ ਚਰਚਾ ਨੂੰ ਦਬਾਉਣ ਦੀ ਕੋਸ਼ਿਸ਼ ਮੁਆਫੀ ਦੇ ਯੋਗ ਨਹੀਂ ਹੈ। 'ਤਨਜ ਕਸਦਿਆਂ ਕਿਹਾ ਗਿਆ ਹੈ, ਕਿ ਲੱਗ ਰਿਹਾ ਹੈ ਕਿ, ਮੋਦੀ ਸਰਕਾਰ ਦਾ ਧਿਆਨ ਟਵਿਟਰ ਤੇ ਆਪਣੀ ਆਲੋਚਨਾ ਨੂੰ ਹਟਾਉਣ ਤੇ ਜਿਆਦਾ ਅਤੇ ਮਹਾਂਮਾਰੀ ਨੂੰ ਕਾਬੂ ਕਰਨ 'ਤੇ ਘੱਟ ਸੀ? ਸੰਪਾਦਕੀ ਵਿੱਚ ਕਿਹਾ ਗਿਆ ਕਿ ਕਰੋਨਾ ਖਿਲਾਫ਼ ਸ਼ੁਰੂਆਤੀ ਸਫ਼ਲਤਾ ਤੋਂ ਬਾਦ ਸਰਕਾਰ ਦੀ 'ਟਾਸਕ ਫੋਰਸ' ਦੀ ਮੀਟਿੰਗ ਅਪ੍ਰੈਲ ਤੱਕ ਇਕ ਵਾਰ ਵੀ ਨਹੀਂ ਹੋਈ ਤੇ ਇਸ ਸਭ ਦਾ ਨਤੀਜਾ ਸਾਡੇ ਸਾਹਮਣੇ ਹੈ। 'ਦ ਲੈਂਸਟ' ਨੇ ਲਿਖਿਆ ਕਿ ਕੁਝ ਰਾਜਾਂ ਨੇ ਬੈਡ ਅਤੇ ਆਕਸੀਜਨ ਲਈ ਗੁਹਾਰ ਲਗਾ ਰਹੇ ਲੋਕਾਂ ਖਿਲਾਫ਼ ਦੇਸ਼ ਦੀ ਸੁਰੱਖਿਅ ਨਾਲ ਜੁੜੇ ਕਾਨੂੰਨਾਂ ਦੀ ਵਰਤੋਂ ਕੀਤੀ।"

ਦੇਸ਼ ਭਰ ਵਿੱਚ ਸਿਹਤ-ਸੇਵਾਵਾਂ ਦੀ ਦਸ਼ਾ ਦਿਨ ਪ੍ਰਤੀ ਦਿਨ ਇਸ ਲਈ ਖਰਾਬ ਹੁੰਦੀ ਜਾ ਰਹੀ ਹੈ, ਕਿ ਹਾਕਮ ਉਨ੍ਹਾਂ ਪ੍ਰਤੀ ਗੰਭੀਰ ਨਹੀਂ ਹਨ। ਭਾਵੇਂ ਸਿਹਤ ਸੇਵਾਵਾਂ ਸਬੰਧੀ ਹਰ ਸਾਲ ਖਰਚਿਆਂ ਦਾ ਅੰਕੜਾ ਤਾਂ ਜਾਰੀ ਕੀਤਾ ਜਾਂਦਾ ਹੈ, ਜੋ ਪ੍ਰਤੀ ਵਿਅਕਤੀ ਗਰੀਬ ਦੇਸ਼ਾਂ ਤੋਂ ਵੀ ਬਹੁਤ ਥੋੜ੍ਹਾ ਹੈ। ਕਿਉਂਕਿ ਦੇਸ਼ ਦੀ ਵੱਡੀ ਗਿਣਤੀ 'ਚ ਲੋਕ ਸਰਕਾਰੀ ਹਸਪਤਾਲਾਂ ਤੇ ਨਿਰਭਰ ਹਨ, ਇਲਾਜ ਵਿਹੂਣੇ ਰਹਿ ਜਾਂਦੇ ਹਨ। ਸਰਕਾਰੀ ਸਿਹਤ ਸੇਵਾਵਾਂ 'ਚ ਹਰ ਤਰ੍ਹਾਂ ਦੇ ਸੁਧਾਰ-ਸਹੂਲਤਾਂ ਅਤੇ ਆਧੁਨਿਕਤਾ ਤੋਂ ਬਿਨਾਂ ਸਰਕਾਰ ਦੀ ਕਾਰਗੁਜ਼ਾਰੀ ਲੋਕਾਂ ਲਈ ਕਲਿਆਣਕਾਰੀ ਨਹੀਂ ਕਹੀ ਜਾ ਸਕਦੀ ਹੈ। ਇਸ ਲਈ ਲੋਕ ਵਾਇਰਸ ਤੋਂ ਨਹੀਂ? ਸਗੋਂ ਤੇ ਉਹ ਸਭ ਤੋਂ ਮਾੜੀ ਢਿੱਢ ਦੀ ਭੁੱਖ ਤੋਂ ਡਰਦੇ ਹਨ। ਗਰੀਬੀ ਨਾਲ ਲੜਨਾ, ਬਿਨਾਂ ਇਲਾਜ ਮਰਨਾ, ਇਹ ਵਾਇਰਸ ਤੋਂ ਵੀ ਮਾੜਾ ਹੈ।

## ਪੰਜਾਬ ਕਿਉਂ ਉੱਜੜ ਰਿਹਾ ਹੈ ਇਸ ਗੱਲ ਦਾ ਜਵਾਬ ਪੰਜਾਬ ਸਰਕਾਰ ਕੋਲ ਹੈ ?

ਆਹ ਕਮਲਜੀਤ ਕੌਰ ਪੱਤੀ ਨਾਂ ਦੀ ਜਿਸ ਕੁੜੀ ਨੂੰ ਪੰਜਾਬ ਪੁਲਿਸ ਦੀ 'ਬਹਾਦਰ' ਟੀਮ ਧੂਹ ਕੇ ਲਿਜਾ ਰਹੀ ਹੈ, ਇਸਦੀ ਗਲਤੀ ਇਹ ਹੈ ਕਿ ਇਸਨੇ ਪੰਜਾਬ ਦੇ ਇਕ ਨਾਮੀ ਹਸਪਤਾਲ ਤੋਂ B.Sc. Nursing ਕੀਤੀ ਹੈ ਤੇ ਉਸਤੋਂ ਬਾਅਦ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਰਾਹੀਂ B.A.(English literature ) ਕੀਤੀ ਹੈ।

ਕੀ ਕਮਲਜੀਤ ilets ਨਹੀਂ ਕਰ ਸਕਦੀ?

ਜਦੋਂ ਕਿ ਬਹੁ-ਗਿਣਤੀ (90%) ਨਰਸਿੰਗ ਕਰਨ ਵਾਲੀਆਂ ਲੜਕੀਆਂ ਵਿਦੇਸ਼ ਵਿੱਚ ਚੰਗੇ ਡਾਲਰ ਕਮਾ ਕੇ ਵਧੀਆ ਜਿੰਦਗੀ ਜਿਉਂ ਰਹੀਆਂ ਹਨ ਕਿਉਂਕਿ ਵਿਦੇਸ਼ ਖਾਸਕਰ ਕੈਨੇਡਾ, ਅਮਰੀਕਾ, ਨਿਊਜ਼ੀਲੈਂਡ, ਆਸਟਰੇਲੀਆ ਵਰਗੇ ਵਿਕਸਿਤ ਮੁਲਕਾਂ ਵਿੱਚ ਨਰਸਿੰਗ ਖੇਤਰ ਵਿਚ ਚੰਗੀ ਨੌਕਰੀ ਮਿਲ ਜਾਂਦੀ ਹੈ। ਇਹ ਕੁੜੀ ਇਸ ਕਰਕੇ ਆਈਲੈਟਸ ਕਰਕੇ ਅਜੇ ਤੱਕ ਵਿਦੇਸ਼ ਨਹੀਂ ਗਈ ਕਿ ਇਸਦੇ ਦਿਮਾਗ ਵਿੱਚ ਇਕ ਭਾਵਨਾ ਹੈ ਕਿ ਇੱਥੇ ਹੀ ਆਪਣੇ ਮੁਲਕ ਵਿੱਚ ਮਰੀਜ਼ਾਂ ਦੀ ਸੇਵਾ ਕੀਤੀ ਜਾਵੇ।

7 ਸਾਲ ਪਹਿਲਾਂ ਬਕਾਇਦਾ ਟੈਸਟ ਦੇ ਕੇ ਇਹ ਐਨਐਚਐਮ ਤਹਿਤ ਬਤੌਰ ਸਟਾਫ ਨਰਸ ਸਿਵਲ ਹਸਪਤਾਲ ਬਰਨਾਲਾ ਵਿਖੇ ਤਾਇਨਾਤ ਹੋਈ ਸੀ ਪਰ ਅਜੇ ਤੱਕ ਇਹ ਨਿਗੂਣੀ ਤਨਖਾਹ (10-12 ਹਜਾਰ) ਤਹਿਤ



ਕੱਚੇ ਹੋਣ ਦਾ ਦਰਦ ਹੰਢਾ ਰਹੀ ਹੈ।ਕੀ ਹੁਣ ਸਰਕਾਰ ਵੱਲੋਂ ਅਜਿਹੇ ਹਜਾਰਾਂ ਨੌਜਵਾਨਾਂ ਨੂੰ ਵੀ ਵਿਦੇਸ਼ ਭਜਾਉਣ ਦੇ ਯਤਨ ਨਹੀਂ ਹੋ ਰਹੇ?

ਚਰਨਜੀਤ ਸਿੰਘ ਚੰਨੀ ਦਾ ਕੱਚੇ ਕਾਮੇ ਪੱਕੇ ਕਰਨ ਦਾ ਫੋਕਾ ਐਲਾਨ ਇਹਨਾਂ ਕੱਚੇ ਕਾਮਿਆਂ ਲਈ ਚਿੱਟਾ ਹਾਥੀ ਸਾਬਤ ਹੋ ਰਿਹਾ ਹੈ। ਜਦ ਇਹ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਬਰਨਾਲਾ ਫੇਰੀ ਮੌਕੇ ਰੋਸ ਪ੍ਰਦਰਸ਼ਨ ਕਰਨ ਪਹੁੰਚੇ ਤਾਂ ਪੁਲਿਸ ਨੇ ਇਹਨਾਂ ਦੀ ਧੂਹ ਘੜੀਸ ਕਰਕੇ ਹਿਰਾਸਤ ਵਿੱਚ ਲੈ ਲਿਆ।

ਪੰਜਾਬ ਦੀ ਬੇਰੁਜ਼ਗਾਰੀ, ਅਰਧ ਬੇਰੁਜ਼ਗਾਰੀ ਤੋਂ ਅੱਕੇ ਲੱਖਾਂ ਪੜ੍ਹੇ ਲਿਖੇ ਦਿਮਾਗ ਵਿਦੇਸ਼ ਜਾ ਚੁੱਕੇ ਹਨ ਅਤੇ ਜੇਕਰ ਸਰਕਾਰਾਂ ਇਸੇ ਤਰ੍ਹਾਂ ਪੜ੍ਹੇ ਲਿਖੇ ਨੌਜਵਾਨਾਂ ਨੂੰ ਨਿਗੂਣੀਆਂ ਤਨਖਾਹਾਂ ਦੇ ਕੇ ਕੁੱਟਦੀਆਂ ਰਹਿਣਗੀਆਂ ਤਾਂ ਪੰਜਾਬ ਬਿਲਕੁਲ ਉਜੜ ਜਾਏਗਾ।

ਪੰਜਾਬ ਦੇ ਉਜਾੜੇ ਲਈ ਜਿੰਮੇਵਾਰ ਕੋਈ ਹੋਰ ਨਹੀਂ ਹੈ ਬਲਕਿ ਸਰਕਾਰਾਂ ਖੁਦ ਹਨ।

ਬਾਕੀ ਪੰਜਾਬ 'ਚ ਇਹ ਸਵਾਲ ਕਿਉਂ ਨਹੀਂ ਮੌਲ ਰਿਹਾ ਜਾਂ ਉੱਠ ਰਿਹਾ ..!

ਵਿਧਾਇਕ ਨੂੰ ਹਰ ਟਰਮ ਦੀ ਭਰਵੀਂ ਤਨਖਾਹ, ਭੱਤੇ ਤੇ ਨਾਲ ਨਾਲ ਪੈਨਸ਼ਨ ਵੀ?

ਦੂਸਰੇ ਪਾਸੇ ਮੂਹਰੇ ਹੋ ਕਿ ਕੰਮ ਕਰਨ ਵਾਲੇ ਮੁਲਾਜਮ ਵਰਿਆਂ ਤੋਂ ਨਿਗੂਣੀਆਂ ਤਨਖਾਹਾਂ ਤੇ?

ਪੈਨਸ਼ਨ ਤਾਂ ਖਾਦੀ ਖੜੀ ਉਹਨਾਂ ਨੂੰ ਤਾਂ ਤਨਖਾਹ ਵੀ ਰੈਗੂਲਰ ਨਹੀਂ?

ਹੁਣ ਜੇ ਇਹ ਰੱਜੇ ਪੁੱਜੇ ਸਿਆਸਤਦਾਨ , ਭੁੱਖੇ ਢਿੱਡ ਕੰਮ ਕਰਨ ਵਾਲਿਆਂ ਦੀ ਗੱਲ ਨਹੀਂ ਕਰਨਗੇ ਤਾਂ ਉਹ ਆਪਣੇ ਢਿੱਡ ਲਈ ਘਰ ਛੱਡ ਹੀ ਜਾਣਗੇ !

ਫਿਰ ਤੁਸੀਂ ਆਪਣੇ ਚੋਣ-ਮੈਨੀਫਿਸਟੋ 'ਚ ਵਿਦੇਸ਼ ਜਾਣ ਲਈ ਖਰਚੇ ਉੱਪਰ ਇੰਟਰਸਟ ਫ੍ਰੀ ਲੋਨ ਤੇ ਆਰਥਿਕ ਮੱਦਦ ਦਾ ਐਲਾਨ ਕਰ ਦਿਉ ।

ਨੋਟ-ਫੋਟੋ 'ਚ ਕਮਲਜੀਤ ਦਾ ਪਤੀ ਨਵਕਿਰਨ ਪੱਤੀ ਜੋ ਵਿਦਿਆਰਥੀ ਆਗੂ ਰਿਹਾ ਤੇ ਅੱਜ ਕੱਲ ਪੰਜਾਬੀ ਟ੍ਰਿਬਿਊਨ ਦਾ ਪੱਤਰਕਾਰ ਤੇ ਕੈਨੇਡਾ ਦੇ ਰੇਡੀਓ ਸ਼ੇਰ-ਏ-ਪੰਜਾਬ ਵੈਨਕੁਵਰ ਦਾ ਪੇਸ਼ਕਾਰ ਹੈ, ਕਹਿ ਰਿਹਾ ਤੂੰ ਨਿਧੜਕ ਹੋ ਕਿ ਰਹਿਣਾ, ਘਰ ਤੇ ਨਿਆਣੇ ਮੈਂ ਸਾਂਭ ਲਵਾਂਗਾ। ਇੱਥੇ ਜ਼ਿਕਰਯੋਗ ਹੈ ਨਵਕਿਰਨ ਵੀ M.Sc , B.ED, M.A ਜਰਨਲਿਜਮ ਅਤੇ PGDCA ਹੈ।

#ਟੀਮ-ਡਾਕਟਰ-ਗਾਂਧੀ



ਜਸਦੇਵ ਸਿੰਘ ਲਲਤੋਂ
96464-02470

## ਜਨਮ ਦਿਵਸ ਮੌਕੇ 1 ਦਸੰਬਰ ਨੂੰ ਵਿਸ਼ੇਸ਼

# ਗਦਰੀ ਬਾਬਾ -ਬਾਵਾ ਨਨਕਾਣਾ ਬਿਸ਼ਨ



ਬਾਵਾ ਨਨਕਾਣਾ ਬਿਸ਼ਨ



ਊਧਮ ਸਿੰਘ ਨੇ ਆਪਣੀ ਉਕਤ ਫੋਟੋ 13.03.1940 ਤੋਂ ਕੁੱਝ ਦਿਨ ਪਹਿਲਾਂ ਬਾਵਾ ਨਨਕਾਣਾ ਮਿਸ਼ਨ ਦੇ ਕੈਲੀਫੋਰਨੀਆਂ ਵਾਲੇ ਪਤੇ ਤੇ ਭੇਜੀ ਸੀ, ਜਿਸਦੇ ਪਿਛਲੇ ਪਾਸੇ ਲਿਖਿਆ ਹੈ, "ਆਪਨੂੰ ਯਾਦਗਾਰ ਭੇਜਦਾ ਹਾਂ ਕਦੀ ਇਸ ਨੂੰ ਦੇਖ ਲਿਆ ਕਰਨਾ।"

ਆਪ ਦਾ ਜਨਮ 1 ਦਸੰਬਰ 1877 ਨੂੰ ਮਾਤਾ ਜੀ ਬਸੰਤ ਕੌਰ ਦੀ ਕੁੱਖੋਂ ਪਿਤਾ ਜੀ ਸੰਤ ਰਾਮ ਢੁਡੀਕੇ ਦੇ ਘਰੇ ਪਿੰਡ ਕੋਟ ਸੰਤਰਾਮ ਵਿੱਖੇ (ਨਨਕਾਣਾ ਸਾਹਿਬ ਦੇ ਨਾਲ) ਹੋਇਆ। ਇਹ ਪਿੰਡ ਹੁਣ ਨਨਕਾਣਾ ਸਾਹਿਬ ਦੀ (ਪਾਕਿਸਤਾਨ) ਦੀ ਸੰਤਰਾਮ ਕਲੋਨੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਮੁਢਲੀ ਸਿਖਿਆ ਦੌਰਾਨ ਆਪ ਨੇ ਗੁਰਮੁਖੀ ਤੇ ਉੜਦੂ ਭਾਸ਼ਾ ਸਿਖੀ। ਰੁਜਗਾਰ ਤੇ ਚੰਗੀ ਜਿੰਦਗੀ ਦੀ ਭਾਲ ਲਈ ਆਪ ਚੁੱਪਚਾਪ ਮਾਤਾ ਜੀ ਦੇ ਰੱਖੇ ਹੋਏ 82 ਰੁਪਏ ਲੈ ਕੇ ਰੇਲ ਗੱਡੀ ਰਾਹੀ ਬਰਮਾ ਪੁੱਜੇ 1895 ਚ। ਮਿਹਨਤ ਮਜਦੂਰੀ ਕਰਦਿਆਂ ਆਪ ਨੇ ਕਰੀਬ 3 ਸਾਲ ਬਰਮਾ ਚ ਬਿਤਾਏ। ਉਸ ਤੋ ਪਿਛੋ ਚੀਨ ਜਾ ਕੇ ਸਭ ਤੋ ਔਖੀ ਭਾਸ਼ਾ ਚੀਨੀ ਦਾ ਸਰਟੀਫਿਕੇਟ ਪਾਸ ਕੀਤਾ ਤੇ ਚੀਨੀ ਪੁਲਿਸ ਵਿਚ 2 ਸਾਲ ਨੌਕਰੀ ਕੀਤੀ। ਇਸ ਤੋ ਬਾਅਦ ਸਿੰਘਾਪੁਰ ਪੁੱਜ ਕੇ 4 ਸਾਲ ਫੌਜੀ ਸਰਵਿਸ ਕੀਤੀ ਤੇ ਪਿੰਡੋਂ ਮੰਗਵਾਈ ਜਰੂਰੀ ਚਿੱਠੀ ਰਾਹੀ ਡਿਸਚਾਰਜ ਹੋ ਕੇ 1904 ਚ ਸਾਨਫਰਾਂਸਿਸਕੋ (ਅਮਰੀਕਾ) ਵਿਖੇ ਪਹੁੰਚੇ। ਮਜਦੂਰੀ ਕਰਦਿਆਂ ਆਪ ਨੇ ਕਾਫੀ ਡਾਲਰ ਜੋੜੇ ਤੇ ਕੁਝ ਹੋਰ ਸੱਜਣਾਂ ਨਾਲ ਜੁੜ ਕੇ ਇਕ ਹਜ਼ਾਰ ਏਕੜ ਦਾ ਫਾਰਮ ਠੇਕੇ ਤੇ ਲੈ ਕੇ ਸਬਜੀਆਂ ਦੀ ਕਾਸ਼ਤ ਕਰਨ ਤੇ ਘਰ- ਘਰ ਵੇਚਣ ਦਾ ਕਾਰੋਬਾਰ ਸ਼ੁਰੂ ਕਰ ਦਿੱਤਾ।ਬਿਸ਼ਨ ਜੀ ਗੁਰਦੁਆਰਿਆਂ ਚ ਹੋਣ ਵਾਲੇ ਭਾਰਤੀਆਂ ਦੇ ਹਫਤਾਵਾਰੀ ਇਕੱਠਾਂ ਵਿਚ ਜਾਂਦੇ, ਜਿਥੇ ਪਰਵਾਸੀਆਂ ਦੀਆਂ ਸਮੱਸਿਆਵਾਂ, ਦੁੱਖਾਂ ਅਤੇ ਹੱਲ ਬਾਰੇ ਵਿਚਾਰਾਂ ਹੁੰਦੀਆਂ। 1911-12 ਦੌਰਾਨ ਆਪ ਜੀ ਦਾ ਮੇਲ ਭਾਰਤੀ ਕ੍ਰਾਂਤੀਕਾਰੀ ਆਗੂਆਂ- ਲਾਲਾ ਹਰਦਿਆਲ ਤੇ ਸਾਥੀਆਂ ਨਾਲ ਹੋਇਆ। 1913 ਵਿਚ ਗਦਰ ਪਾਰਟੀ (ਹਿੰਦੀ ਪੈਸੀਫਿਕ ਕੋਸਟ ਐਸੋਸੀਏਸ਼ਨ) ਬਣਨ ਉਪਰੰਤ ਆਪ ਗਦਰ ਪਾਰਟੀ ਦੇ ਮੈਂਬਰ ਬਣ ਗਏ। ਗਦਰ ਪਾਰਟੀ ਦੀ ਲਹਿਰ ਤੇ ਗਦਰ ਅਖਬਾਰ ਦੀਆਂ ਸਾਰੀਆ ਸਰਗਰਮੀਆਂ ਵਿਚ ਹਿੱਸਾ ਲੈਣ ਲੱਗੇ। ਆਪ ਨੇ ਤਨ, ਮਨ ਅਤੇ ਵਿਸ਼ੇਸ਼ ਕਰਕੇ ਧਨ ਨਾਲ ਗਦਰ ਪਾਰਟੀ ਦੀ ਬਹੁਤ ਵੱਡੀ ਸਹਾਇਤਾ ਲਗਾਤਾਰ ਜਾਰੀ ਰੱਖੀ।

1922-23 ਚ ਜਦੋਂ ਊਧਮ ਸਿੰਘ ਅਮਰੀਕਾ ਪੁੱਜਾ, ਤਾਂ ਆਪ ਨਾਲ ਗਦਰ ਪਾਰਟੀ ਰਾਹੀਂ ਉਸ ਦਾ ਮੇਲਜੋਲ ਬਣਿਆ। ਦੋਨੋਂ ਪੱਕੇ ਮਿੱਤਰ ਬਣ ਗਏ ਤੇ ਮੈਰੀਲੈਂਡ ਵਿਖੇ ਦੋ ਸਾਲ ਇੱਕਠੇ ਰਹੇ। ਮਕਾਨ ਤੇ ਅਮਰੀਕੀ ਪੁਲਿਸ ਦਾ ਛਾਪਾ ਪੈਣ ਉਪਰੰਤ ਊਧਮ ਸਿੰਘ ਸਫਲਤਾ ਨਾਲ ਪਿਛਲੇ ਪਾਸੇ ਦੀ ਬਚ ਨਿਕਲਿਆ। ਆਪ ਨੇ ਊਧਮ ਸਿੰਘ ਦੀ ਪੈਸੇ ਨਾਲ ਭਾਰੀ ਮਦਦ ਕੀਤੀ ਤੇ ਹੋਰ ਸਾਥੀਆਂ ਤੋਂ ਵੀ ਕਰਵਾਈ। ਉਸ ਨੇ ਕੀਮਤੀ ਅਸਲਾ ਖਰੀਦਿਆ, ਗਦਰ ਸਾਹਿਤ ਲਿਆ ਤੇ ਭਾਰਤ ਨੂੰ ਚਾਲੇ ਪਾ ਦਿੱਤੇ। 1927 ਚ ਊਧਮ ਸਿੰਘ ਅੰਮ੍ਰਿਤਸਰ ਤੋਂ ਫੜੇ ਗਏ ਤੇ1928 ਚ 5 ਸਾਲ ਦੀ ਕੈਦ ਹੋ ਗਈ। ਫੱਕਰ ਸੁਭਾਅ ਵਾਲੇ ਬਿਸ਼ਨ ਜੀ 32 ਸਾਲ ਬਾਅਦ ਪਹਿਲੀ ਵੇਰ ਘਰੇ ਨਨਕਾਣਾ ਸਾਹਿਬ ਪਰਤੇ ਅਤੇ ਅੰਮ੍ਰਿਤਸਰ ਜਾ ਕੇ ਊਧਮ ਸਿੰਘ ਨਾਲ ਮੁਲਾਕਾਤ ਕੀਤੀ। ਬਿਸ਼ਨ ਜੀ ਨੇ ਦੱਸਿਆ ਸੀ ਕਿ 1932 ਵਿਚ ਊਧਮ ਸਿੰਘ ਰਿਹਾਅ ਹੋ ਕਿ ਜੰਮੂ-ਕਸ਼ਮੀਰ ਦੇ ਪਹਾੜਾਂ ਵੱਲ ਨੂੰ ਚਲਾ ਗਿਆ, ਇਕ ਸਾਧੂ ਦਾ ਭੇਸ ਧਾਰ ਕੇ। ਇਥੇ ਉਸ ਦਾ ਮੇਲ ਇਕ ਅਮੀਰ ਆਦਮੀ ਨਾਲ ਹੋਇਆ, ਜਿਸ ਨੇ ਉਸ ਤੋਂ ਪਰਭਾਵਿਤ ਹੋ ਕੇ ਊਧਮ ਸਿੰਘ ਨੂੰ ਬਾਵਾ ਦੇ ਨਾਮ ਹੇਠ ਲਾਹੌਰ ਤੋਂ ਨਵਾਂ ਪਾਸਪੋਰਟ ਜਾਰੀ ਕਰਵਾਇਆ ਤੇ ਵਲੈਤ( ਇੰਗਲੈਂਡ) ਭਿਜਵਾਇਆ। ਬਿਸ਼ਨ ਤੇ ਊਧਮ ਸਿੰਘ ਦਾ ਮੇਲ ਜੋਲ ਚਿੱਠੀ ਪੱਤਰ ਰਾਹੀਂ ਲਗਾਤਾਰ ਬਣਿਆ ਰਿਹਾ। 1936 ਚ ਆਪ ਦੇ ਫੌਜੀ ਭਰਾ ਕਿਸ਼ਨ ਦਾਸ ਦੀ ਪਲੇਗ ਕਾਰਣ ਮੌਤ ਹੋ ਗਈ। ਆਪ ਨਨਕਾਣਾ ਸਾਹਿਬ ਆਏ, ਪਲੇਗ ਦਾ ਇਲਾਜ ਕਰ ਰਹੇ ਅੰਗਰੇਜ਼ ਡਾਕਟਰਾਂ ਦੀ ਟੀਮ (ਜਿੰਨ੍ਹਾਂ ਨੂੰ ਭਾਸ਼ਾ ਦੀ ਸਮੱਸਿਆ ਸੀ) ਨਾਲ ਰਹਿ ਕੇ 6 ਮਹੀਨੇ ਇਲਾਕੇ ਦੇ ਲੋਕਾਂ ਦੀ ਬੇਹੱਦ ਸੇਵਾ ਕੀਤੀ। ਇਸੇ ਸਮੇਂ ਆਪ ਦਾ ਵਿਆਹ ਬੀਬੀ ਹਰਬੰਸ ਕੌਰ ਨਾਲ ਹੋਇਆ। ਆਪ ਮੁੜ ਅਮਰੀਕਾ ਚੱਲੇ ਗਏ। ਹਰਬੰਸ ਕੌਰ ਸਮੇਤ ਸਾਰਾ ਪਰਿਵਾਰ ਨਨਕਾਣਾ ਸਾਹਿਬ ਹੀ ਰਿਹਾ। ਆਪ 4-4 ਸਾਲ ਬਾਅਦ ਦੇਸ਼ ਆਉਣ ਲੱਗੇ। ਆਪ ਦੇ ਘਰੇ 5 ਧੀਆਂ ਤੇ 1 ਸਪੁੱਤਰ ਨੇ ਜਨਮ ਲਿਆ। 1940 ਚ ਲੰਡਨ ਵਿਚ ਕੀਤੇ ਜਾਣ ਵਾਲੇ ਸਰ ਮਾਈਕਲ ਉਡਵਾਇਰ ਵਾਲੇ ਕੌਮੀ ਬਦਲੇ ਦੇ ਇਤਿਹਾਸਕ ਸਾਕੇ ਤੋਂ ਥੋੜਾ ਅਰਸਾ ਪਹਿਲਾਂ ਊਧਮ ਸਿੰਘ ਨੇ ਪਰਮ ਮਿੱਤਰ ਹੋਣ ਕਰਕੇ ਆਪ ਨੂੰ ਇਗਲੈਂਡ ਸੱਦਿਆ ਤੇ ਪੂਰੇ 20 ਦਿਨ ਦੋਨਾਂ ਨੇ ਇਕੱਠਿਆਂ ਗੁਜਾਰੇ ਅਤੇ ਵਾਪਸੀ ਮੌਕੇ ਦਸਿਆ ਕਿ ਜੱਲਦੀ ਹੀ ਤੁਹਾਨੂੰ ਅਜੇਹੀ ਨਿਵੇਕਲੀ ਖਬਰ ਮਿਲੇਗੀ ਜਿਸ ਨਾਲ ਮੇਰੀ ਜਿੰਦਗੀ ਦਾ ਵੱਡਾ ਟੀਚਾ ਪੂਰਾ ਹੋ ਜਾਵੇਗਾ। ਜੋ ਕਿ 13 ਮਾਰਚ 1940 ਨੂੰ ਵਾਪਰਿਆ।

ਊਧਮ ਸਿੰਘ ਦੇ ਫੜੇ ਜਾਣ ਤੇ ਬਿਸ਼ਨ ਜੀ ਪਹਿਲ ਕਦਮੀ ਨਾਲ ਅਮਰੀਕਾ ਦੀ ਗਦਰ ਪਾਰਟੀ ਨੇ ਮੁਕੱਦਮਾ ਲੜਣ ਲਈ ਦੋ ਵੱਡੇ ਵਕੀਲ ਖੜ੍ਹੇ ਕੀਤੇ, ਤਾਂ ਜੋ ਊਧਮ ਸਿੰਘ ਨੂੰ ਬਚਾਉਣ ਦਾ ਯਤਨ ਕੀਤਾ ਜਾ ਸਕੇ। ਊਧਮ ਸਿੰਘ ਨੇ ਬਿਸ਼ਨ ਨੂੰ ਆਪਣੇ ਅਸਲੀ ਦਸਤਖਤਾਂ ਵਾਲੀ ਆਖਰੀ ਫੋਟੋ ਲੰਡਨ ਜੇਲ੍ਹ ਵਿਚੋਂ ਡਾਕ ਰਾਹੀਂ ਅਮਰੀਕਾ ਭੇਜੀ, ਜਿਸ ਦੇ ਪਿਛਲੇ ਪਾਸੇ ਲਿਖਿਆ ਹੋਇਆ ਸੀ, ਮੁਹੰਮਦ ਸਿੰਘ ਆਜ਼ਾਦ। ਆਪ ਨੂੰ ਯਾਦਗਾਰ ਭੇਜਦਾ ਹਾਂ ਕਦੀ ਇਸ ਨੂੰ ਦੇਖ ਲਿਆ ਕਰਨਾ। ਐਮ.ਐਸ.ਆਜ਼ਾਦ। ਜੋ ਕਿ ਪ੍ਰੋ: ਮਲਵਿੰਦਰਜੀਤ ਵੜੈਚ ਨੇ ਲੰਮੀ ਖੋਜ ਉਪਰੰਤ ਉਨ੍ਹਾਂ ਪਾਸੋਂ 1969 ਚ ਪ੍ਰਾਪਤ ਕੀਤੀ ਸੀ।

ਆਪ ਦੇ ਪਿਆਰੇ ਵਤਨ ਤੇ ਵਤਨ ਵਾਸੀਆਂ ਦੇ ਖਿੱਚੇ, ਬਿਸ਼ਨ ਜੀ 1952 ਚ ਅਮਰੀਕਾ ਤੋਂ ਪਰਿਵਾਰ ਪਾਸ ਡਡਹੇੜੀ ਪਿੰਡ ਪਹੁੰਚੇ ਤੇ ਬਾਅਦ ਚ ਪਰਿਵਾਰ ਸਮੇਤ ਮੰਡੀ ਗੋਬਿੰਦਗੜ੍ਹ (ਜ਼ਿਲ੍ਹਾ ਫਤਿਹਗੜ੍ਹ ਸਾਹਿਬ) ਰਹਿਣ ਲੱਗੇ। ਬਾਵਾ ਜੀ ਲਗਾਤਾਰ ਦੇਸ਼ ਭਗਤੀ ਤੇ ਲੋਕ ਸੇਵਾ ਦੇ ਕਾਰਜਾਂ ਵਿਚ ਜੁਟੇ ਰਹੇ। ਆਪ ਦੀ ਪੱਕੀ ਸਮਝ ਸੀ ਕਿ ਦੂਜੀ ਸੰਸਾਰ ਜੰਗ ਪਿਛੋਂ ਬਦਲੀਆਂ ਹੋਈਆਂ ਸੰਸਾਰ-ਹਾਲਤਾਂ ਅੰਦਰ ਤੇ ਭਾਰਤ ਦੀਆਂ ਕੌਮੀ ਆਜ਼ਾਦੀ ਲਹਿਰਾਂ ਦੇ ਭਾਰੀ ਦਬਾਅ ਕਾਰਨ 1947 ਵਿੱਚ ਬੇਸ਼ੱਕ ਅੰਗਰੇਜ਼ਾਂ ਨੂੰ ਇਥੋਂ ਨਿਕਲਨਾ ਪਿਆ, ਪਰੰਤੂ ਦੇਸ਼ ਦੇ ਰਾਜ ਪ੍ਰਬੰਧ 'ਤੇ ਵੱਡੇ ਦਲਾਲ ਸਰਮਾਏਦਾਰ, ਜਾਗੀਰਦਾਰ, ਭਰਿਸ਼ਟ ਅਫਸਰਸ਼ਾਹੀ ਤੇ ਸਾਮਰਾਜੀ ਕੰਪਨੀਆਂ ਅੱਜ ਵੀ ਕਾਬਜ਼ ਹਨ। ਉਹ ਸਮਝਦੇ ਸਨ ਕਿ ਆਜ਼ਾਦੀ ਦੀ ਲਾਲੀ 90% ਕਿਸਾਨਾਂ, ਮਜ਼ਦੂਰਾਂ, ਤਮਾਮ ਕਿਰਤੀਆਂ ਦੇ ਘਰਾਂ 'ਚ ਨਹੀਂ ਪਹੁੰਚੀ। ਇਸ ਤਰਾਂ ਵੱਡੇ ਇਨਕਲਾਬ ਦੀ ਆਸ ਤੇ ਵਿਸ਼ਵਾਸ਼ ਮਨਾਂ ਵਿਚ ਜਿੰਦਾ ਰਖਦੇ ਹੋਏ 16 ਜੂਨ 1975 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਕੌਮੀ ਅਜ਼ਾਦੀ ਤੇ ਨਵੇਂ-ਨਰੋਏ ਅਤੇ ਲੋਕ ਪੱਖੀ ਜਮਹੂਰੀ ਰਾਜ ਪ੍ਰਬੰਧ ਦੀ ਸਥਾਪਨਾ ਲਈ ਕੀਤੇ ਵੱਡੇ ਤਿਆਗ ਤੇ ਭਾਰੀ ਕੁਰਬਾਨੀਆਂ ਬਦਲੇ ਸਦਾ ਯਾਦ ਰਹਿਣਗੇ।

NEW SERVICE BY CARE INC
Calgary 403-605-6300
ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ
CARE AUDIOLOGY
ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??
ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।
ਸ਼ੁਣਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।
'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available




www.careinc.ca
Calgary Store: #124 - 4774 Westwinds Drive N.E., Calgary Alberta, Canada
Phone: 403-605-6300 Fax : 403-536-4057 Email : calgary@careinc.ca


Sun Life
Advice from someone you trust.
It's important to protect yourself and your family from the financial impact of lost income due to accident, illness or disability. Do you have a plan in place?
Critical illness insurance • Life insurance • Personal Health Insurance



Harvinder Singh
587-574-0029
harvinder.h.singh@sunlife.com
Sun Life Assurance Company of Canada is a member of the Sun Life group of companies.
© Sun Life Assurance Company of Canada, 2021.



Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com



-ਅਮੋਲਕ ਸਿੰਘ
98778-68710

## *ਇਹਨਾਂ ਜ਼ਖ਼ਮਾਂ ਦਾ ਕੀ ਕਹਿਣਾ..*

# ਗਾਉਂਦਾ ਤੁਰ ਗਿਆ ਸੁਖਮਿੰਦਰ ਰਾਮਪੁਰੀ


ਖੇਡ ਦੇ ਮੈਦਾਨ ਵਿੱਚ ਝੰਡੀ ਗੱਡਣ ਵਾਲਾ, ਸਾਹਿਤ ਦੇ ਪਿੜ ਅੰਦਰ ਵੀ ਜਦੋਂ ਕਲਮ ਲੈ ਕੇ ਉੱਤਰਿਆ ਤਾਂ ਗੀਤਾਂ ਦੀ ਕੌਡੀ ਪਾਉਂਦੇ ਦਾ ਸਥਾਪਤੀ ਗੁੱਟ ਨਾ ਫੜ ਸਕੀ। ਉਹ ਜ਼ਿੰਦਗੀ ਦੇ ਹਰ ਮੋੜ ‘ਤੇ ਅਵੱਲ ਨੰਬਰ ਲੈ ਕੇ ‘ਮੈਚ’ ਜਿੱਤਦਾ ਰਿਹਾ। ਉੱਚਾ ਲੰਮਾ, ਛੈਲ ਛਬੀਲਾ, ਕਹਿਣੀ ਤੇ ਕਰਨੀ ਦਾ ਪੂਰਾ ਜਿਵੇਂ ਥਾਪੀ ਮਾਰਕੇ ਖੇਡਾਂ ਦੀ ਦੁਨੀਆਂ ਵਿੱਚ ਛਾਇਆ ਉਸਤੋਂ ਵੀ ਉਚੇਰੀ ਪਰਵਾਜ਼ ਭਰੀ ਗੀਤਾਂ ਦੇ ਅੰਬਰ ’ਤੇ। ਅੰਦਰੋਂ ਬਾਹਰੋਂ ਨਾਰੀਅਲ ਦੇ ਗੁੱਟ ਵਰਗਾ ਸੀ ਸਾਡਾ ਸੁਖਮਿੰਦਰ ਰਾਮਪੁਰੀ। ਉਸਦੀ ਪੰਜਾਬੀ ਸਾਹਿਤ, ਵਿਸ਼ੇਸ਼ ਕਰਕੇ ਲੋਕ-ਪੱਖੀ ਪੰਜਾਬੀ ਗੀਤਕਾਰੀ ਅਤੇ ਗਾਇਨ ਖੇਤਰ ਅੰਦਰ ਅਮਿਟ ਦੇਣ ਨੂੰ ਆਉਣ ਵਾਲਾ ਸਮਾਂ ਚੁੰਮ ਚੁੰਮ ਸੰਭਾਲਦਾ ਰਹੇਗਾ।

ਲੋਕਾਂ ਦਾ ਮਹਿਬੂਬ ਖਿਡਾਰੀ, ਸੁਖਮਿੰਦਰ ਰਾਮਪੁਰੀ ਇੱਕ ਦਿਨ ਨਹਿਰੀ ਰੈਸਟ ਹਾਊਸ ਲਾਗੇ ਬਣੇ ਘਾਹ ਪਾਰਕ ਵਿੱਚ ਹੋ ਰਹੀ ਕਾਵਿ-ਮਹਿਫ਼ਲ ਵਿੱਚ ਸੰਗਦੇ ਸੰਗਾਉਂਦੇ ਪਿੱਛੇ ਜਿਹੇ ਜਾ ਬੈਠਾ। ਇਹ ਪਤਾ ਲੱਗਣ ਤੇ ਹਰ ਐਤਵਾਰ ਇਥੇ ਕਵੀ ਜੁੜਦੇ ਨੇ ਤਾਂ ਉਹਨੇ ਵੀ ਕੁੱਝ ਸਤਰਾਂ ਲਿਖੀਆਂ :

**ਦੇਖੀਂ ਕਿਤੇ ਦਿਲ ਲਾ ਨਾ ਬੈਠੀਂ**
**ਆਪਣਾ ਆਪ ਗਵਾ ਨਾ ਬੈਠੀਂ**

ਸੁਖਮਿੰਦਰ ਰਾਮਪੁਰੀ ਨੇ ਜਦੋਂ ਇਹ ਸਤਰਾਂ ਆਪਣੇ ਕਵੀ ਚਾਚਾ ਮਹਿੰਦਰ ਰਾਮਪੁਰੀ ਨੂੰ ਦਿਖਾਈ ਤਾਂ ਉਹਨਾਂ ਸਖ਼ਤ ਲਹਿਜੇ ਵਿੱਚ ਕਿਹਾ, “ਕਵਿਤਾ ਐਹੋ ਜਿਹੀ ਹੁੰਦੀ ਐਂ? ਗੋਲੀ ਨਾਲੋਂ ਵੀ ਗਹਿਰਾ ਅਸਰ ਕੀਤਾ ਸੁਖਮਿੰਦਰ ਦੇ ਮਨ ਮਸਤਕ ’ਤੇ, ਚਾਚੇ ਦੇ ਇਹਨਾਂ ਬੋਲਾਂ ਨੇ। ਉਹ ਪੜ੍ਹਨ ਅਤੇ ਅਧਿਐਨ ਕਰਨ ਲੱਗਾ। ਉਸਦਾ ਕਹਿਣਾ ਸੀ ਕਿ ਉਸ ਪਿੱਛੋਂ 35-40 ਸਾਲ ਮੈਂ ਰਾਤ ਦੇ ਢਾਈ ਵਜੇ ਤੋਂ ਬਾਅਦ ਕਦੇ ਵੀ ਮੰਜੇ ਨਾਲ ਪਿੱਠ ਨਹੀਂ ਲਾਈ। ਮੈਂ ਤੜਕੇ ਉੱਠਕੇ ਪੜ੍ਹਨ, ਲਿਖਣ, ਸੈਰ ਅਤੇ ਕਸਰਤ ਕਰਨ ਲੱਗਾ। ਉਸਨੂੰ ਸਵੈ- ਮੰਥਨ ਦੇ ਗਹਿਰੇ ਨੇ ਝੰਜੋੜਕੇ ਰੱਖ ਦਿੱਤਾ ਕਿ ਖੇਡਾਂ ਦੇ ਅਖਾੜੇ ਵਿੱਚ ਝੰਡੀ ਗੱਡਦੇ ਰਹਿਣਾ ਸਭ ਕੁਝ ਨਹੀਂ। ਜਿਨ੍ਹਾਂ ਡਾਢਿਆਂ ਨੇ ਸਾਡੇ ਮਿਹਨਤਕਸ਼ ਲੋਕਾਂ ਦੀ ਪਿੱਠ ਲੁਆਈ ਹੋਈ ਹੈ ਉਹਨਾਂ ਤੋਂ ਲੋਕਾਂ ਨੂੰ ਛੁਡਾਉਣ ਲਈ ਸਾਹਿਤ ਦਾ ਚਾਨਣ ਅਤੇ ਲੋਕਾਂ ਦੀ ਜ਼ਿੰਦਗੀ ਦੇ ਗੀਤ ਲਿਖਣਾ ਗਾਉਣਾ ਹੀ ਅਸਲੀ ਖੇਡ ਦਾ ਮੈਦਾਨ ਹੈ। ਉਸ ਮੈਦਾਨ ਫਤਹਿ ਪਾਉਣ ਬਿਨਾਂ ਖੇਡਾਂ ਦਾ ਅਖਾੜਾ ਵੀ ਨਹੀਂ ਬਚਣਾ, ਇਹ ਬੋਧ ਹੋਣ ਲੱਗਾ ਸੁਖਮਿੰਦਰ ਨੂੰ।

ਜੁਲਾਈ 1957 ਦੇ ‘ਪ੍ਰੀਤ ਲੜੀ’ ਵਿੱਚ ਸੁਖਮਿੰਦਰ ਰਾਮਪੁਰੀ ਦੀ ਪਹਿਲੀ ਰਚਨਾ ਛਪੀ। ‘ਪਿਆਰ ਮੇਰੇ ਦੇ ਲੱਖਾਂ ਦੀਵੇ ਬਲ਼ਦੇ ਜਿਵੇਂ ਸਿਤਾਰੇ।’ ਸੁਰਜੀਤ ਰਾਮਪੁਰੀ ਅਤੇ ਮਹਿੰਦਰ ਰਾਮਪੁਰੀ ‘ਪ੍ਰੀਤ ਲੜੀ’ ਵਿੱਚ ਛਪੀ ਕਵਿਤਾ ਪੜ੍ਹਕੇ ਸੁਖਮਿੰਦਰ ਰਾਮਪੁਰੀ ਦੇ ਘਰ ਗਏ। ਘਰੋਂ ਪਤਾ ਲੱਗਣ ’ਤੇ ਪੈੜ ਕੱਢਦੇ ਹੋਏ ਸੁਖਮਿੰਦਰ ਨੂੰ ਨਹਿਰ ਦੇ ਪੁਲ ‘ਤੇ ਆਣ ਮਿਲੇ। ਉਹਨਾਂ ਨੇ ਕਵਿਤਾ ਛਪਣ ’ਤੇ ਵਧਾਈ ਦਿੱਤੀ। ਸੁਖਮਿੰਦਰ ਰਾਮਪੁਰੀ ਨੇ ਕਵਿਤਾ ਛਪਣ ਬਾਰੇ ਅਣਜਾਣਤਾ ਪ੍ਰਗਟਾਈ। ਮਹਿੰਦਰ ਰਾਮਪੁਰੀ ਨੇ ਕਿਹਾ ਕਿ ਜੇ ਇਹ ਤੇਰੀ ਨਹੀਂ ਤਾਂ ਫਿਰ ਰਾਮਪੁਰ ਵਿੱਚ ਹੋਰ ਸੁਖਮਿੰਦਰ ਕਿਹੜਾ ਜੰਮ ਪਿਆ?



ਸੁਖਮਿੰਦਰ ਦੇ ਪਿਤਾ ਸੂਬੇਦਾਰ ਸਨ ਅਤੇ ਮਾਂ ਘਰ ਦੇ ਸਾਰੇ ਕੰਮਾਂ ਦਾ ਬੋਝ ਚੁੱਕਦੀ ਸੀ। ਸੁਖਮਿੰਦਰ ਨੂੰ ਪੜ੍ਹਨੋ ਹਟਾ ਕੇ ਕੰਮ ਤੇ ਲੱਗਣ ਦੀ ਮਜ਼ਬੂਰੀ ਨੇ ਝੰਬਕੇ ਰੱਖ ਦਿੱਤਾ। ਨਾਜ਼ਕ, ਕੋਮਲ ਮਨ ਵਾਲਾ ਸੁਖਮਿੰਦਰ ਗਹਿਰੀਆਂ ਸੋਚਾਂ ਵਿੱਚ ਪੈ ਗਿਆ। ਕਈ ਦਿਨ ਉਹਨੇ ਰੋਟੀ ਵੀ ਨਾ ਖਾਧੀ। ਉਹ ਸੋਚਣ ਲੱਗਾ ਕਿ ਇਹ ਦੁਸ਼ਵਾਰੀਆਂ ਕੌਣ ਦਿੰਦਾ ਹੈ ਜਿਹੜੀਆਂ ਸਾਡੇ ਹੱਥ ਵਿੱਚੋਂ ਕਿਤਾਬ ਅਤੇ ਕਲਮ ਖੋਹ ਲੈਂਦੀਆਂ ਨੇ। ਉਹਨੂੰ ਕਈ ਦੋਸਤਾਂ ਨੇ ਕੁੱਝ ਦੇਰ ਬਾਅਦ ਹੌਂਸਲਾ ਦਿੱਤਾ। ਉਹ ਮੁੜ ਪੜ੍ਹਨ ਦੀ ਉੱਦਮ ਕਰਨ ਲੱਗਾ। ਜੇ.ਬੀ.ਟੀ., ਐਮ.ਏ. ਕੀਤੀ। ਉਹ ਅਧਿਆਪਕ ਲੱਗੇ। ਗੱਲ 1964 ਦੀ ਹੈ ਜਦੋਂ ਉਹ ਦਿੜਬੇ ਅਧਿਆਪਕ ਸੀ ਤਾਂ ਗੀਤ ਰਚਿਆ :

**ਯਾਦ ਯਾਦ ਵਿੱਚ ਤੇਰੇ ਕੋਲ ਚਲੇ ਆਏ ਹਾਂ**
**ਅਣਭੋਲ ਚਲੇ ਆਏ ਹਾਂ।**

ਗੀਤ ਦੀ ਠੁੱਕਦਾਰ ਸ਼ੈਲੀ ਅਤੇ ਸੁਖਮਿੰਦਰ ਦੀ ਮਾਖਿਓ ਮਿੱਠੀ, ਸੁਰੀਲੀ ਅਤੇ ਮਖ਼ਮਲੀ ਆਵਾਜ਼ ਦੇ ਜਾਦੂ ਕਾਰਨ ਸੁਰਜੀਤ ਖੁਰਸ਼ੀਦੀ ਨੇ ਉਹਨਾਂ ਨੂੰ ਜੋਰ ਦੇਕੇ ਕਹਿਣਾ ਸ਼ੁਰੂ ਕੀਤਾ ਕਿ ਤੂੰ ਭਾਵੇਂ ਬਹੁ-ਵਿਧਾਵਾਂ ਵਿੱਚ ਲਿਖਣ ਦੇ ਸਮਰੱਥ ਏਂ ਪਰ ਗੀਤਕਾਰੀ ਵਿੱਚ ਤੇਰਾ ਕੋਈ ਸਾਨੀ ਨਹੀਂ। ਇਸ ਲਈ ਤੇਰੀ ਤਰਜੀਹ ਗੀਤਕਾਰੀ ਨੂੰ ਹੋਣੀ ਚਾਹੀਦੀ ਹੈ।

ਸੁਖਮਿੰਦਰ ਨੇ ਇਹ ਗੱਲ ਲੜ ਬੰਨ੍ਹ ਲਈ। ਖੁਰਸ਼ੀਦੀ ਦੀ ਕੀਤੀ ਭਵਿਖਬਾਣੀ ਸੱਚ ਸਾਬਤ ਹੋਈ। ਉਹ ਗੀਤਕਾਰੀ ਅਤੇ ਗਾਇਕੀ ਦੇ ਧਰੂ ਤਾਰੇ ਹੋ ਨਿੱਬੜੇ।

ਉਹ ਸਿੱਖਿਆ ਸਾਸ਼ਤਰੀ, ਵਾਰਤਕ ਲੇਖਕ, ਨਾਵਲਕਾਰ, ਤਜੱਰਬੇਕਾਰ ਜੱਥੇਬੰਦਕਾਰ, ਕਵੀ, ਗੀਤਕਾਰ, ਗਾਇਕ, ਯਾਰਾਂ ਦਾ ਯਾਰ, ਸੰਸਥਾ ਦੀ ਕਦਰਦਾਨ, ਬਹੁ-ਪੱਖੀ ਸਖਸ਼ੀਅਤ ਸੀ।

ਉਹਨਾਂ ਨੇ ‘ਯੁੱਗਾਂ ਯੁੱਗਾਂ ਦੀ ਪੀੜ’, ‘ਅਸੀਮਤ ਸਫ਼ਰ’, ‘ਮਿਹਰਬਾਨ ਹੱਥ’, ‘ਮੈਂ ਨਿਰੀ ਪੱਤਝੜ ਨਹੀਂ’, ‘ਅੱਜ ਤੀਕ’, ‘ਧੀਆਂ’, ‘ਇਹ ਸਫ਼ਰ ਜਾਰੀ ਰਹੇ’, ‘ਸਫ਼ਰ ਸਾਡੀ ਬੰਦਗੀ’, ਅਤੇ ‘ਪੈਰੋਲ ’ਤੇ ਆਈ ਕਵਿਤਾ’ ਆਦਿ ਕਾਵਿ-ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪਾਏ। ਉਹਨਾਂ ਦਾ ਨਾਵਲ ‘ਗ਼ੁਲਾਬੀ ਛਾਂ ਵਾਲੀ ਕੁੜੀ’, ਸਾਹਿਤਕ ਹਲਕਿਆਂ ਵਿੱਚ ਚਰਚਿਤ ਰਿਹਾ। ਉਹਨਾਂ ਨੇ ‘ਕੂੜ ਨਿਖੁੱਟੇ’, ‘ਕਿਰਨਾਂ ਦੇ ਰੰਗ’, ‘ਕਤਰਾ ਕਤਰਾ ਸੋਚ’, ‘ਨਿੱਕੇ ਨਿੱਕੇ ਫੁੱਲ ਅਤੇ ਨਿੱਕੀ ਵਾਸ਼ਨਾ’ ਪੁਸਤਕਾਂ ਦਾ ਸੰਪਾਦਨ ਕੀਤਾ।

ਉਹ ਸਖ਼ਤ ਮਿਹਨਤ ਕਰਕੇ ਰਾਮਪੁਰ ਦਾ ਕੁਰਸੀਨਾਮਾ ਲਿਖਦਾ ਆ ਰਿਹਾ ਸੀ। ਇਸਦਾ ਨਾਂਅ ਵੀ ਉਸਨੇ ‘ਰਾਮਪੁਰ ਦੀ ਡਿਕਸ਼ਨਰੀ’ ਸੋਚ ਰੱਖਿਆ ਸੀ। ਇਹ ਅਜੇ ਤੱਕ ਦੀ ਪ੍ਰਾਪਤ ਜਾਣਕਾਰੀ ਮੁਤਾਬਕ ਪੁਸਤਕ ਦੇ ਰੂਪ ਵਿੱਚ ਛਪਕੇ ਤਾਂ ਸਾਹਮਣੇ ਨਹੀਂ ਆ ਸਕੀ। ਇਸ ਤਰ੍ਹਾਂ ਹੀ ਆਪਣਾ ਜੀਵਨ ਸਫ਼ਰ ਲਿਖਣ ਦਾ ਕਾਰਜ਼ ਵੀ ਅਧਵਾਟੇ ਰਹਿ ਗਿਆ।

ਸਦਾ ਚੜ੍ਹਦੀ ਕਲਾ ਵਿੱਚ ਰਹਿਣ ਵਾਲਾ, ਹਰ ਮੁਸੀਬਤ ਦਾ ਟਾਕਰਾ ਖਿੜੇ ਮੱਥੇ ਕਰਨ ਵਾਲਾ ਸੁਖਮਿੰਦਰ ਅਧਮਨ ਨਾਲ ਪਰਵਾਸ਼ ਦੀਆਂ ਕੌੜੀਆਂ ਘੁੱਟਾਂ ਭਰਦਾ ਰਿਹਾ। ਇਸਦਾ ਗਵਾਹ ਉਸਦਾ ਸਵੈ-ਕਥਨ ਹੈ, ਜੋ ਗੀਤ ਮੇਰੇ ਜਿਹਨ ਵਿੱਚ ਅਪਣੀ ਜਨਮ ਭੋਇੰ, ਇੱਥੋਂ ਦੇ ਤਲਖ਼ ਸਮਾਜੀ-ਜੀਵਨ ਵਿੱਚੋਂ ਉੱਗਦੇ ਹਨ, ਪ੍ਰਦੇਸ਼ੀ ਹੋ ਕੇ ਇਹ ਹਾਰੇ ਦੀ ਭੁੱਬਲ ਬਣਕੇ ਧੁਖਦੇ ਰਹਿ ਗਏ। ਇਹ ਪਰਵਾਸ ਦੀ ਪੀੜਾ ਹੀ ਉਸਨੂੰ ਨਾ-ਮੁਰਾਦ ਮਰਜ਼ ਕੈਂਸਰ ਦੀ ਜਨਣੀ ਜਾਪਦੀ ਸੀ।

ਸਹੀਦ ਕਰਤਾਰ ਸਿੰਘ ਸਰਾਭਾ ਸਹਾਦਤ ਸਤਾਬਦੀ ਮੌਕੇ 2015 ਵਿਚ ਮੈਂ ਤਰਕਸੀਲ ਸੁਸਾਇਟੀ ਨਾਰਦਰਨ ਅਮਰੀਕਾ ਦੇ ਸੱਦੇ ਤੇ ਮੁੱਖ ਬੁਲਾਰੇ ਵਜੋਂ ਗਿਆ ਹੋਇਆ ਸੀ ਉਸ ਮੌਕੇ ਇੱਕ ਕਮਿਊਨਿਟੀ ਸੈਂਟਰ ਵਿਚ ਸੁਖਮਿੰਦਰ ਰਾਮਪੁਰੀ ਅਤੇ ਸਾਥੀਆਂ ਨੇ ਪ੍ਰਬੰਧ ਕੀਤਾ। ਇਸ ਮੌਕੇ ਕੁਝ ਬਜ਼ੁਰਗ ਤਾਸ ਖੇਡਣ ਵਿਚ ਮਗਨ ਰਹੇ ਤਾਂ ਪ੍ਰੋਗਰਾਮ ਸ਼ੁਰੂ ਕਰਨ ਵੇਲੇ ਸੁਖਮਿੰਦਰ ਰਾਮਪੁਰੀ ਨੇ ਮੰਚ ਤੋਂ ਕਿਹਾ ਕਿ ਇਹ ਪ੍ਰਬੰਧ ਆਪਾਂ ਨੂੰ ਤਾਸ ਦੇ ਪੱਤਿਆਂ ਦੀ ਦੁੱਕੀ ਤਿੱਕੀ ਸਮਝਦਾ ਹੈ। ਸਦੀਆਂ ਤੋਂ ਗੋਲੇ, ਬੇਗਮ ਅਤੇ ਬਾਦਸਾਹ ਆਪਣੀ ਜ਼ਿੰਦਗੀ ਨਾਲ ਖੇਡਦਿਆਂ ਬਾਜ਼ੀ ਜਿੱਤ ਦੇ ਆ ਰਹੇ ਨੇ ਅਜੇ ਵੀ ਵੇਲਾ ਕਿ ਅਸੀਂ ਆਪਣੇ ਫਰਜ਼ ਪਹਿਚਾਨਣ ਦੇ ਰਾਹ ਤੁਰੀਏ। ਉਹਨੇ ਕੈਂਸਰ ਦੀ ਬਿਮਾਰੀ ਨੂੰ ਸਿੰਗਾਂ ਤੋਂ ਫੜਕੇ ਵਰ੍ਹਿਆਂ ਬੱਧੀ ਯੁੱਧ ਕੀਤਾ। ਕੀਮੀਓਥਰੈਪੀ ਉਹਦਾ ਸਾਹ ਸਤ ਪੀਣ ਲੱਗੀ। ਉਹਨੇ ਕਸਰਤ, ਇਲਾਜ, ਪਰਹੇਜ, ਸਿਦਕ ਅਤੇ ਸਿਰੜ ਦੇ ਸਹਾਰੇ ਇੱਕ ਵਾਰ ਕੈਂਸਰ ਨੂੰ ਮਾਤ ਦਿੱਤੀ, ਉਹ ਨੌਂ-ਬਰ-ਨੌਂ ਹੋਏ। ਮੁੜ ਫਿਰ ਗ੍ਰਿਫ਼ਤ ਵਿੱਚ ਆ ਗਏ।

ਕੈਂਸਰ ਦੀ ਪੀੜਾ ਦੇ ਬਾਵਜੂਦ ਉਹ ਸਾਲ ਦੇ ਅੰਦਰ ਅੰਦਰ ਜਦੋਂ ਵੀ ਕਨੇਡਾ ਤੋਂ ਰਾਮਪੁਰ ਆਉਂਦੇ ਤਾਂ ਪੰਜਾਬੀ ਲਿਖਾਰੀ ਸਭਾ, ਰਾਮਪੁਰ ਦੇ ਸਾਹਿਤਕਾਰ ਕਾਮਿਆਂ ਨੂੰ ਹੌਂਸਲਾ ਦਿੰਦੇ। ਲਾਇਬਰੇਰੀ ਹਾਲ ਬਣਾਉਣ, ਸਾਲਾਨਾ ਸਮਾਗਮ ਕਰਨ ਵਿੱਚ ਵਿਤੀ ਅਤੇ ਇਖ਼ਲਾਕੀ ਮੱਦਦ ਕਰਦੇ। ਬੀਤੇ ਵਰ੍ਹੇ ਪੰਜਾਬੀ ਲਿਖਾਰੀ ਸਭਾ ਵੱਲੋਂ ਜਦੋਂ ਮੈਨੂੰ ਸਮਾਗਮ ਵਿੱਚ ਬੁਲਾਇਆ ਤਾਂ ਉਹਨਾਂ ਦੇ ਖ਼ੂਬਸੂਰਤ ਅਲਫ਼ਾਜ ਸਦਾ ਮੇਰੇ ਅੰਗ-ਸੰਗ ਰਹਿੰਦਿਆਂ, ਸਦਾ ਸਫ਼ਰ ਤੇ ਰਹਿਣ ਦੀ ਪ੍ਰੇਰਨਾ ਦਿੰਦੇ ਰਹਿਣਗੇ ਉਹਨਾਂ ਦਾ ਸਦਾ ਬਹਾਰ ਨਗ਼ਮਾ ਜੋ ਉਹਨਾਂ ਦੀ ਹੀ ਆਵਾਜ਼ ਵਿੱਚ ਬੇਹੱਦ ਮਕਬੂਲ ਹੋਇਆ ਉਹ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ :

ਇਹਨਾਂ ਜਖ਼ਮਾਂ ਦਾ ਕੀ ਕਹਿਣਾ
ਜਿਹਨਾ ਰੋਜ਼ ਹਰੇ ਰਹਿਣਾ

ਨਾਂਅ ਆਪਣਾ ਨਹੀਂ ਸੁਣਿਆਂ
ਬੱਸ ਜਾਤ ਦਾ ਨਾਂਅ ਸੁਣਿਆਂ
ਸਾਡੇ ਜਨਮ ਤੋਂ ਪਹਿਲਾਂ ਹੀ
ਸਾਡੇ ਮੱਥਿਆਂ ‘ਤੇ ਇਹ ਖੁਣਿਆਂ
ਇਹ ਸੌਖਾ ਨਹੀਂ ਲਹਿਣਾ
ਇਹਨਾਂ ਜਖ਼ਮਾਂ ਦਾ ਕੀ ਕਹਿਣਾ
ਜਿਹਨਾਂ ਰੋਜ਼ ਹਰੇ ਰਹਿਣਾ।

ਕਿਸ ਜਿਉਣ ਦੀ ਗੱਲ ਕਰੀਏ
ਇਸ ਜਿਉਣ ‘ਚ ਨਿੱਤ ਮਰੀਏ
ਕਿਉਂ ਤੇਰੀ ਜ਼ਿੰਦ ਗਹਿਣੇ
ਕਿਉਂ ਆਪਣੀ ਜ਼ਿੰਦ ਧਰੀਏ
ਕਦ ਤੱਕ ਹੈ ਇਉਂ ਪਿੰਜ ਹੋਣਾ
ਕਦ ਤੱਕ ਹੈ ਇਹ ਸਭ ਸਹਿਣਾ
ਇਹਨਾਂ ਜਖ਼ਮਾਂ ਦਾ ਕੀ ਕਹਿਣਾ
ਜਿਹਨਾਂ ਰੋਜ਼ ਹਰੇ ਰਹਿਣਾ।

ਕਿਸ ਗੀਤ ਦੀ ਗੱਲ ਕਰੀਏ
ਕਿਸ ਚੀਸ ਦੀ ਗੱਲ ਕਰੀਏ
ਹਉਕੇ ਤੋਂ ਜੋ ਹੂਕ ਬਣੇ
ਕਿਸ ਗੀਤ ਦੀ ਗੱਲ ਕਰੀਏ
ਇੱਕ ਸੂਲ ਤੋਂ ਉਡਣਾ ਹੈ
ਇੱਕ ਸੂਲ ‘ਤੇ ਜਾ ਬਹਿਣਾ
ਇਹਨਾਂ ਜਖ਼ਮਾਂ ਦਾ ਕੀ ਕਹਿਣਾ
ਜਿਹਨਾਂ ਰੋਜ਼ ਹਰੇ ਰਹਿਣਾ।

ਸਦੀਆਂ ਤੋਂ ਉਦਾਸ ਖੜ੍ਹੇ
ਦਿਨ ਰੋਜ ਉਦਾਸ ਚੜ੍ਹੇ
ਧੁੱਪ ਸਾਡੇ ਵਿਹੜੇ ‘ਤੇ
ਭੁੱਲ ਚੁੱਕ ਕੇ ਆਣ ਵੜੇ
ਅਸੀਂ ਕਿਰਨਾਂ ਨੂੰ ਫੜ ਫੜ ਕੇ
ਸੂਰਜ ਤੇ ਹੈ ਜਾ ਬਹਿਣਾ
ਇਹਨਾਂ ਜਖ਼ਮਾਂ ਦਾ ਕੀ ਕਹਿਣਾ
ਜਿਹਨਾਂ ਰੋਜ਼ ਹਰੇ ਰਹਿਣਾ।














### ਸ਼ਾਇਰ ਨੂੰ ਸ਼ਰਧਾਂਜਲੀ

# ਚਿਰਾਗ ਬੁਝ ਗਿਆ ਇਕ ਦੀਵਾਲੀ ਦੀ ਰਾਤੋਂ ਪਹਿਲਾਂ...



**ਡਾ. ਸੁਖਦੇਵ ਸਿੰਘ ਝੰਡ**
(647-567-9128)









ਸੁਖਮਿੰਦਰ ਰਾਮਪੁਰੀ ਨਾਲ ਮੇਰਾ ਕੋਈ ਨਿੱਜੀ ਸਬੰਧ ਨਹੀਂ ਸੀ। ਨਾ ਸਾਡੀ ਕੋਈ ਰਿਸ਼ਤੇਦਾਰੀ ਸੀ ਤੇ ਨਾ ਹੀ ਕੋਈ ਡੂੰਘੀ ਜਾਣ-ਪਛਾਣ। ਪੰਜਾਬ ਵਿਚ ਰਹਿੰਦਿਆਂ ਅਸੀਂ ਕਦੇ ਵੀ ਇਕ ਦੂਸਰੇ ਨੂੰ ਨਹੀਂ ਮਿਲੇ ਸੀ। ਅਲਬੱਤਾ, ਏਨਾ ਜ਼ਰੂਰ ਪਤਾ ਸੀ ਕਿ ਸੁਖਮਿੰਦਰ ਰਾਮਪੁਰੀ ਨਾਂ ਦਾ ਕੋਈ ਕਵੀ ਹੈ ਜੋ ਗੀਤ ਲਿਖਦਾ ਹੈ ਅਤੇ ਤਰੰਨਮ ਵਿਚ ਗਾਉਂਦਾ ਵੀ ਹੈ ਅਤੇ ਸਰੋਤਿਆਂ ਨੂੰ ਕੀਲ ਲੈਂਦਾ ਹੈ। ਪਰ ਉਸ ਨੂੰ ਸੁਣਨ ਦਾ ਮੌਕਾ ਕਦੇ ਨਹੀਂ ਮਿਲਿਆ ਸੀ।

ਸਤੰਬਰ 2010 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਨੌਕਰੀ ਤੋਂ ਸੇਵਾ-ਮੁਕਤੀ ਤੋਂ ਬਾਅਦ ਜਦੋਂ ਨਵੰਬਰ ਮਹੀਨੇ ਮੈਂ ਪੱਕੇ ਪੈਰੀਂ ਇੱਥੇ ਬਰੈਂਪਟਨ ਆ ਗਿਆ ਤਾਂ ਅਗਲੇ ਸਾਲ 2011 ਦੇ ਜੂਨ-ਜੁਲਾਈ ਮਹੀਨਿਆਂ ਵਿਚ ਸਿਟੀ ਬੱਸਾਂ ਵਿਚ ਏਧਰ ਓਧਰ ਜਾਣ ਆਉਣ ਨਾਲ ਕੁਝ ਕੁ ਸਾਹਿਤਕ ਦੋਸਤਾਂ ਨਾਲ ਮੁਲਾਕਾਤਾਂ ਹੋਈਆਂ। ਪਹਿਲੀ ਮੁਲਾਕਾਤ ਕਵੀ ਜੋਗਿੰਦਰ ਸਿੰਘ ਅਣਖੀਲਾ ਨਾਲ 1 ਨੰਬਰ ਸਿਟੀ ਬੱਸ ਵਿਚ ਹੋਈ। ਉਦੋਂ ਤੱਕ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦਾ ਗਠਨ ਹੋ ਚੁੱਕਾ ਸੀ ਅਤੇ ਕਵੀ ਹੋਣ ਕਰਕੇ ਮੈਂ ਉਨ੍ਹਾਂ ਨੂੰ ਇਸ ਸਭਾ ਦੀਆਂ ਮਹੀਨਾਵਾਰ ਮੀਟਿੰਗਾਂ ਵਿਚ ਆਉਣ ਲਈ ਕਿਹਾ। ਉਹ ਆਪਣੇ ਨਾਲ ਅਤਿ-ਨੇੜਲੇ ਸਾਥੀ ਸੁਖਮਿੰਦਰ ਰਾਮਪੁਰੀ ਨੂੰ ਵੀ ਨਾਲ ਲੈ ਆਏ ਅਤੇ ਇਹ ਸਿਲਸਿਲਾ ਚੱਲਦਾ ਰਿਹਾ। ਇਸ ਤਰ੍ਹਾਂ ਮੇਰੀ ਜਾਣ-ਪਛਾਣ ਰਾਪੁਰੀ ਜੀ ਨਾਲ ਸਭਾ ਦੀਆਂ ਮੀਟਿੰਗਾਂ ਵਿਚ ਹੋਈ ਅਤੇ ਹੌਲੀ-ਹੌਲੀ ਇਹ ਸਾਹਿਤ- ਦੋਸਤੀ ਵਿਚ ਬਦਲ ਗਈ।

4 ਨਵੰਬਰ ਨੂੰ ਦੀਵਾਲੀ ਸੀ ਤੇ ਉਸ ਤੋਂ ਇਕ ਦਿਨ ਪਹਿਲਾਂ ਪੰਜਾਬੀ ਸਾਹਿਤ ਦਾ ਇਕ ਚਿਰਾਗ ਹਮੇਸ਼ਾ ਲਈ ਬੁਝ ਗਿਆ ਜਦੋ ਸੁਖਮਿੰਦਰ ਰਾਮਪੁਰੀ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ। 7 ਨਵੰਬਰ ਨੂੰ ਉਨ੍ਹਾਂ ਦੇ ਮਿਰਤਕ ਸਰੀਰ ਦਾ ਸਸਕਾਰ 'ਲੋਟੱਸ ਫ਼ਿਊਨਰਲ ਹੋਮ' ਵਿਚ ਹੋਇਆ ਅਤੇ ਉਨ੍ਹਾਂ ਨਮਿਤ ਰਖਾਏ ਗਏ ਗੁਰਬਾਣੀ ਦੇ ਅਖੰਡ ਪਾਠ ਦਾ ਭੋਗ ਗੁਰਦੁਆਰਾ ਸਿੱਖ ਸਪਿਰਿਚੂਅਲ ਸੈਂਟਰ ਵਿਖੇ ਪਾਇਆ ਗਿਆ। ਇਸ ਮੌਕੇ ਅੰਤਿਮ ਅਰਦਾਸ ਵਿਚ ਪਰਿਵਾਰ ਦੇ ਮੈਂਬਰਾਂ, ਰਿਸ਼ਤੇਦਾਰਾਂ ਅਤੇ ਜਾਣ-ਪਹਿਚਾਣ ਵਾਲਿਆਂ ਤੋਂ ਇਲਾਵਾ ਉਨ੍ਹਾਂ ਦੇ ਬਹੁਤ ਸਾਰੇ ਸਾਹਿਤਕਾਰ ਦੋਸਤ ਕਾਫ਼ੀ ਗਿਣਤੀ ਵਿਚ ਸ਼ਾਮਲ ਹੋਏ। ਰਿਸ਼ਤੇ ਵਿਚ ਸੁਖਮਿੰਦਰ ਰਾਮਪੁਰੀ ਦੇ ਭਤੀਜੇ ਦੀਪ ਰਾਮਪੁਰੀ ਅਤੇ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਰਾਮਪੁਰੀ ਜੀ ਨੂੰ ਭਾਵ-ਭਿੰਨੀ ਸ਼ਾਬਦਿਕ-ਸ਼ਰਧਾਂਜਲੀ ਦਿੱਤੀ ਗਈ।

ਅਧਿਆਪਕ ਦੀ ਨੌਕਰੀ ਦੌਰਾਨ ਸੁਖਵਿੰਦਰ ਰਾਮਪੁਰੀ ਆਪਣੇ ਪਿੰਡ ਬਣੀ 'ਰਾਮਪੁਰ ਸਾਹਿਤ ਸਭਾ' (ਲੁਧਿਆਣਾ) ਵਿਚ ਉਹ ਸੁਰਜੀਤ ਰਾਮਪੁਰੀ, ਗੁਰਚਰਨ ਰਾਮਪੁਰੀ, ਸੁਰਿੰਦਰ ਰਾਮਪੁਰੀ ਵਰਗੇ ਨਾਮੀ ਕਵੀਆਂ ਦੇ ਨਾਲ ਲੰਮੇਂ ਸਮੇਂ ਤੱਕ ਜੁੜੇ ਰਹੇ। ਉਹ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਵੀ ਸਰਗਰਮ ਮੈਂਬਰ ਸਨ। ਸਕੂਲ ਅਧਿਆਕ ਵਜੋਂ ਸੇਵਾ-ਮੁਕਤੀ ਤੋਂ ਬਾਅਦ ਉਹ ਬਰੈਂਪਟਨ ਆ ਗਏ ਅਤੇ ਇੱਥੋਂ ਦੀਆਂ ਸਾਹਿਤ ਸਭਾਵਾਂ ਵਿਚ ਆਪਣੀ ਹਾਜ਼ਰੀ ਲਵਾਉਣ ਲੱਗ ਪਏ। ਉਹ 'ਕਲਮਾਂ ਦਾ ਕਾਫ਼ਲਾ' ਅਤੇ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀਆਂ ਮਹੀਨਾਵਾਰ ਮੀਟਿੰਗਾਂ ਵਿਚ ਅਕਸਰ ਸ਼ਿਰਕਤ ਕਰਦੇ ਸਨ ਤੇ ਆਪਣੇ ਭਾਵਪੂਰਤ ਗੀਤਾਂ ਨਾਲ ਇਸ ਦੇ ਕਵੀ-ਦਰਬਾਰਾਂ ਵਿਚ ਭਰਪੂਰ ਯੋਗਦਾਨ ਪਾਉਂਦੇ ਸਨ। ਪ੍ਰਮਾਤਮਾ ਵਜੋਂ ਬਖ਼ਸ਼ੀ ਗਈ ਸੁਰੀਲੀ ਆਵਾਜ਼ ਨਾਲ ਆਪਣੇ ਗੀਤਾਂ ਨੂੰ ਤਰੰਨਮ ਵਿਚ ਗਾ ਕੇ ਉਹ ਸਰੋਤਿਆਂ ਨੂੰ ਮੰਤਰ-ਮੁਗਦ ਕਰ ਲੈਂਦੇ ਸਨ। ਕਰੋਨਾ-ਕਾਲ ਦੇ ਦੌਰਾਨ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਵੱਲੋਂ ਨਿੱਜੀ-ਮੀਟਿੰਗਾਂ ਬਰਖ਼ਾਸਤ ਕਰਨ 'ਤੇ ਉਹ ਕਈ ਵਾਰ ਇਸ ਦੀਆਂ ਜ਼ੂਮ-ਮੀਟਿੰਗਾਂ ਵਿਚ ਸ਼ਾਮਲ ਹੁੰਦੇ ਰਹੇ ਅਤੇ ਆਪਣੇ ਗੀਤਾਂ ਨਾਲ ਹਾਜ਼ਰੀਨ ਨੂੰ ਸਰਸ਼ਾਰ ਕਰਦੇ ਰਹੇ।

ਇਸ ਤੋਂ ਪਹਿਲਾਂ ਵਿਅੱਕਤੀਗਤ ਮੀਟਿੰਗਾਂ ਵਿਚ ਉਹ ਆਮ ਤੌਰ 'ਤੇ ਆਪਣੇ ਅਤਿ-ਨੇੜਲੇ ਸਾਥੀ ਕਵੀ ਜੋਗਿੰਦਰ ਸਿੰਘ ਅਣਖੀਲਾ ਨਾਲ ਹਾਜ਼ਰ ਹੁੰਦੇ ਸਨ। ਸਭਾ ਦੇ ਮੈਂਬਰਾਂ ਵੱਲੋਂ ਉਨ੍ਹਾਂ ਨੂੰ "ਹੰਸਾਂ ਦੀ ਜੋੜੀ" ਵਜੋਂ ਜਾਣਿਆਂ ਜਾਂਦਾ ਸੀ। ਇਸ ਜੋੜੀ ਵਿੱਚੋਂ ਹੁਣ ਇਕ ਹੰਸ ਉਡਾਰੀ ਮਾਰ ਗਿਆ ਹੈ ਅਤੇ ਦੂਸਰਾ ਹੰਸ ਆਪਣੇ ਸਾਥੀ ਨੂੰ ਕਾਵਿਕ ਅੰਦਾਜ਼ ਵਿਚ ਬੜੀ ਸ਼ਿੱਦਤ ਨਾਲ ਯਾਦ ਕਰ ਰਿਹਾ ਹੈ।

ਇਕ ਹਾਦਸਾ ਹੈ ਜਿਸ ਨੂੰ,
ਦਿਲ ਨੇ ਭੁਲਾਇਆ ਹੀ ਨਹੀਂ,
ਮੂੰਹ ਫੇਰ ਲਿਆ ਵੇਖ ਕੇ,
ਉਸ ਨੇ ਬੁਲਾਇਆ ਹੀ ਨਹੀ।
ਨਾ ਉਹ ਰੁਕਿਆ ਤੇ ਨਾ ਹੀ ਮੈਂ
ਉਸ ਨੂੰ ਰੋਕ ਪਾਇਆ,
ਜਾਣ ਵਾਲੇ ਦੇ ਦਿਲ ਨੂੰ ਸ਼ਾਇਦ
ਇਹ ਭਾਇਆ ਹੀ ਨਹੀਂ।
ਅਤੇ
ਇਕ ਬਾਂਵਰਾ ਮੁਸਾਫ਼ਿਰ,
ਹੈ ਛੋੜ ਕੇ ਚਲਾ ਗਿਆ,
ਏਥੇ ਕੌਣ ਹੈ ਕਿਸੇ ਦਾ,
ਸੱਭ ਸੋਚ ਕੇ ਇਹ ਰੋਏ।
ਮਿਲਣਾ ਨਹੀਂ ਏ ਉਸਨੇ,
ਜੇ ਮਿਲੇ ਤਾਂ ਉਸ ਨੂੰ ਕਹਿਣਾ,
ਰਹਿ ਗਿਐ 'ਅਣਖੀਲਾ'
'ਕੱਲ੍ਹਾ, ਕਿਸ ਕੋਲ ਬਹਿ ਕੇ ਰੋਏ।

ਸੁਖਮਿੰਦਰ ਰਾਮਪੁਰੀ ਇਸ ਸੰਸਾਰ ਦੇ ਅਧੂਰੇਪਨ ਦੀ ਹਕੀਕਤ ਨੂੰ ਬਾਖ਼ੂਬੀ ਸਮਝਦੇ ਹਨ। ਉਹ ਭਲੀ-ਭਾਂਤ ਜਾਣਦੇ ਸਨ ਕਿ ਇੱਥੇ ਕੁਝ ਵੀ ਪੂਰਾ ਨਹੀਂ ਹੈ। ਆਪਣੇ ਗੀਤਾਂ ਨੂੰ ਵੀ ਉਹ ਅਧੂਰਾ ਸਮਝਦੇ ਸਨ ਅਤੇ ਇਕ ਪੂਰੇ ਗੀਤ ਦੀ ਤਲਾਸ਼ ਵਿਚ ਸਨ:

ਮੈਂ ਮੰਨਦਾਂ ਕਿ ਇਹ ਵੀ ਸੱਚ ਹੈ,
ਹਰ ਯੁੱਗ ਦਾ ਹਰ ਗੀਤ ਅਧੂਰਾ,
ਹਰ ਯੁੱਗ ਦਾ ਸੰਗੀਤ ਅਧੂਰਾ,
ਹਰ ਯੁੱਗ ਦਾ ਹਰ ਮੀਤ ਅਧੂਰਾ,
ਮੇਰੇ ਦਰਦ ਦਾ ਸਫ਼ਰ ਅਧੂਰਾ,
ਮੈਨੂੰ ਇਕ ਹੀ ਗੀਤ ਬਥੇਰਾ।
ਮੈਨੂੰ ਇਕ ਹੀ ਗੀਤ ਬਥੇਰਾ।

ਹੋਰ ਪਤਾ ਨਹੀਂ ਕੀ-ਕੀ ਉਨ੍ਹਾਂ ਦੇ ਮਨ ਵਿਚ ਸੀ। ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਬੀਮਾਰੀ ਨਾਲ ਜੂਝਣ ਤੋਂ ਪਹਿਲਾਂ ਉਹ ਇਕ ਹੋਰ ਨਾਵਲ ਦੇ ਖਰੜੇ ਨੂੰ ਉਹ ਅੰਤਿਮ ਛੋਹਾਂ ਦੇ ਰਹੇ ਸਨ। ਮੇਰਾ ਖ਼ਿਆਲ ਹੈ ਕਿ ਇਸ ਸੰਸਾਰ ਤੋਂ ਜਾਣ ਤੋਂ ਪਹਿਲਾਂ ਉਪਰੋਕਤ ਵਰਗੇ ਕਈ ਗੀਤਾਂ ਦੇ ਮੁਖੜੇ ਕਈ ਉਨ੍ਹਾਂ ਦੇ ਜ਼ਹਿਨ ਵਿਚ ਚੱਲ ਰਹੇ ਹੋਣਗੇ। ਪਰ,

ਚਿਰਾਗ ਬੁਝ ਗਿਆ ਇਕ,
ਦੀਵਾਲੀ ਦੀ ਰਾਤੋਂ ਪਹਿਲਾਂ।
ਕੀ-ਕੀ ਛੱਡ ਗਿਆ ਅਣਕਿਹਾ,
ਦੀਵਾਲੀ ਦੀ ਰਾਤੋਂ ਪਹਿਲਾਂ।

ਸੁਖਮਿੰਦਰ ਰਾਮਪੁਰੀ ਅਗਾਂਹ-ਵਧੂ ਕਵੀ ਅਤੇ ਸੁਰੀਲੇ ਗੀਤਕਾਰ ਹੋਣ ਦੇ ਨਾਲ਼ ਨਾਲ ਬਹੁਤ ਹੀ ਵਧੀਆ ਇਨਸਾਨ ਸਨ। ਉਹ ਅਤੀ ਮਿੱਠ-ਬੋਲੜੇ ਸਨ ਅਤੇ ਉਨ੍ਹਾਂ ਦੇ ਚਿਹਰੇ ਉੱਪਰ ਹਮੇਸ਼ਾ ਮੁਸਕਰਾਹਟ ਰਹਿੰਦੀ ਸੀ। ਗੀਤਕਾਰੀ ਵਿਚ ਉਨ੍ਹਾਂ ਦਾ ਕੋਈ ਜੁਆਬ ਨਹੀਂ ਸੀ ਅਤੇ ਆਪਣੇ ਗੀਤਾਂ ਨੂੰ ਉਹ ਸੁਰੀਲੀ ਆਵਾਜ਼ ਵਿਚ ਜ਼ਬਾਨੀ ਬੋਲ ਕੇ ਬਹੁਤ ਹੀ ਵਧੀਆ ਤਰੀਕੇ ਨਾਲ ਪੇਸ਼ ਕਰਦੇ ਸਨ। ਉਹ ਇਕ ਪ੍ਰੌੜ੍ਹ ਕਵੀ ਅਤੇ ਗੀਤਕਾਰ ਹੋਣ ਦੇ ਨਾਲ਼ ਨਾਲ ਨਾਵਲਕਾਰ, ਵਾਰਤਕ-ਲੇਖਕ ਅਤੇ ਸੰਪਾਦਕ ਵੀ ਸਨ। ਉਨ੍ਹਾਂ ਅੱਧੀ ਦਰਜਨ ਤੋਂ ਵਧੀਕ ਕਾਵਿ-ਪੁਸਤਕਾਂ 'ਯੁਗਾਂ ਯੁਗਾਂ ਦੀ ਪੀੜ', 'ਅਸੀਮਤ ਸਫ਼ਰ', 'ਮਿਹਰਬਾਨ ਹੱਥ', 'ਮੈਂ ਨਿਰੀ ਪੱਤਝੜ ਨਹੀਂ', 'ਧੀਆਂ', 'ਅੱਜ ਤੀਕ', 'ਇਹ ਸਫ਼ਰ ਜਾਰੀ ਰਹੇ', 'ਸਫ਼ਰ ਸਾਡੀ ਬੰਦਗੀ', 'ਤੁਹਾਨੂੰ ਕਿਵੇਂ ਲੱਗਦੀ ਹੈ' ਰਚਣ ਦੇ ਨਾਲ਼ ਨਾਲ਼ ਨਾਵਲ 'ਗੁਲਾਬੀ ਛਾਂ ਵਾਲੀ ਕੁੜੀ' ਲਿਖਿਆ ਅਤੇ ਪੁਸਤਕਾਂ 'ਕੂੜ ਨਿਖੁੱਟੇ', 'ਕਿਰਨਾਂ ਦੇ ਰੰਗ', 'ਕਤਰਾ ਕਤਰਾ ਸੋਚ ਅਤੇ 'ਨਿੱਕੇ ਨਿੱਕੇ ਫੁੱਲ ਨਿੱਕੀ ਵਾਸ਼ਨਾ' ਸੰਪਾਦਿਤ ਵੀ ਕੀਤੀਆਂ।

ਉਹ ਇਕ ਸੁਯੋਗ ਅਧਿਆਪਕ ਸਨ ਅਤੇ ਉਨ੍ਹਾਂ ਦੇ ਵਿਦਿਆਰਥੀਆਂ ਘੇਰਾ ਬੜਾ ਵਿਸ਼ਾਲ ਹੈ। ਹਜ਼ਾਰਾਂ ਨਹੀਂ, ਸਗੋਂ ਲੱਖਾਂ ਦੀ ਗਿਣਤੀ ਵਿਚ ਉਹ ਉਂਨ੍ਹਾਂ ਨੂੰ ਯਾਦ ਕਰ ਰਹੇ ਹਨ। ਉਹ ਪ੍ਰਗਤੀਸ਼ੀਲ ਵਿਚਾਰਾਂ ਦੇ ਧਾਰਨੀ ਸਨ ਅਤੇ ਇਕ ਵਧੀਆ ਕਵੀ ਤੇ ਪ੍ਰਬੰਧਕ ਹੋਣ ਦੇ ਨਾਤੇ 'ਰਾਮਪੁਰ ਸਾਹਿਤ ਸਭਾ' ਨੂੰ ਬੁਲੰਦੀਆਂ ਵੱਲ ਲਿਜਾਣ ਵਿਚ ਉਨ੍ਹਾਂ ਨੇ ਵੱਡਮੁੱਲਾ ਯੋਗਦਾਨ ਪਾਇਆ। ਉਹ ਦੱਸਦੇ ਹੁੰਦੇ ਸਨ ਕਿ ਉਨ੍ਹਾਂ ਨੇ ਇਸ ਸਭਾ ਦੀਆਂ ਖੁੱਲ੍ਹੇ ਮੈਦਾਨਾਂ ਵਿਚ ਹੋਈਆਂ ਵੱਡੀਆਂ ਮੀਟਿੰਗਾਂ ਵਿਚ ਉਹ ਉੱਡਦੀ ਮਿੱਟੀ ਉੱਪਰ ਪਾਣੀ ਤਰੌਂਕਣ, ਦਰੀਆਂ ਵਿਛਾਉਣ ਤੇ 'ਕੱਠੀਆਂ ਕਰਨ, ਪਾਣੀ ਪਿਲਾਉਣ, ਮਾਈਕ ਫਿੱਟ ਕਰਨ ਅਤੇ ਸਟੇਜ-ਸਕੱਤਰ ਵਜੋਂ ਸਭਾ ਦੀ ਕਾਰਵਾਈ ਚਲਾਉਣ ਤੱਕ ਉਨ੍ਹਾਂ ਸਾਰੀਆਂ ਹੀ ਡਿਊਟੀਆਂ ਨਿਭਾਈਆਂ। ਆਪਣੇ ਸਮਰੱਥ ਗੀਤਾਂ ਸਦਕਾ ਉਨ੍ਹਾਂ 19 ਵਾਰ ਕੌਮੀ ਕਵੀ-ਦਰਬਾਰਾਂ ਵਿਚ ਵੱਡਮੁੱਲੀ ਹਾਜ਼ਰੀ ਲਵਾਈ। ਇਸ ਦੇ ਨਾਲ ਹੀ ਉਹ ਵਿਦਿਆਰਥੀ ਜੀਵਨ ਵਿਚ ਆਪਣੇ ਸਮੇਂ ਦੇ ਉੱਘੇ ਖਿਡਾਰੀ ਵੀ ਰਹੇ।

ਇਸ ਦੁਨੀਆਂ ਤੋਂ ਰੁਖ਼ਸਤ ਹੋਣ ਸਮੇਂ ਉਨ੍ਹਾਂ ਦੀ ਉਮਰ ਲੱਗਭੱਗ 85 ਸਾਲ ਸੀ। ਇਸ ਸੰਸਾਰ ਤੋਂ ਜਾਣਾ ਤਾਂ ਹਰੇਕ ਨੇ ਹੀ ਹੈ ਪਰ ਕਈ ਸਖ਼ਸ ਆਪਣੇ ਪਿੱਛੇ ਕਾਫ਼ੀ 'ਖ਼ਲਾਅ' ਛੱਡ ਜਾਂਦੇ ਹਨ ਜਿਸ ਨੂੰ ਭਰਨਾ ਬੜਾ ਮੁਸ਼ਕਲ ਹੁੰਦਾ ਹੈ। ਬਹੁ-ਪੱਖੀ ਸ਼ਖ਼ਸੀਅਤ ਦੇ ਮਾਲਕ ਸੁਖਮਿੰਦਰ ਰਾਮਪੁਰੀ ਵੀ ਉਨ੍ਹਾਂ ਇਨਸਾਨਾਂ ਵਿੱਚੋਂ ਇਕ ਸਨ। ਉਨ੍ਹਾਂ ਦੇ ਸਦੀਵੀ ਵਿਛੋੜੇ ਨਾਲ ਪੰਜਾਬੀ ਸਾਹਿਤ ਜਗਤ ਨੂੰ ਬਹੁਤ ਵੱਡਾ ਘਾਟਾ ਪਿਆ ਹੈ ਜੋ ਕਦੇ ਪੂਰਾ ਨਹੀਂ ਹੋ ਸਕਦਾ।






# ਕਿਸਾਨ-ਸੰਘਰਸ਼ ਬਨਾਮ ਸਮਾਜਿਕ ਚੇਤਨਾ ਲਹਿਰ



ਗੁਰਚਰਨ ਕੌਰ ਥਿੰਦ
ਕੈਲਗਰੀ
001-403-402-9635



ਕਿਸਾਨ-ਸੰਘਰਸ਼ ਨੂੰ ਦਿੱਲੀ ਦੀਆਂ ਬਰੂਹਾਂ ਤੇ ਚਲਦੇ ਨਵੰਬਰ ਦੇ ਅੰਤ ਵਿੱਚ ਸਾਲ ਹੋ ਜਾਣਾ ਸੀ ਕਿ ਅਠਾਰਾਂ ਨਵੰਬਰ ਨੂੰ ਅਚਾਨਕ ਇਹ ਕਾਨੂੰਨ ਰੱਦ ਕਰਨ ਦਾ ਐਲਾਨ ਕਰ ਦਿੱਤਾ ਗਿਆ ਹੈ। ਗੱਲ ਖੁਸ਼ੀ ਵਾਲੀ ਹੈ ਸੰਤੁਸ਼ਟੀ ਵਾਲੀ ਹੈ। ਪਰ ਕਿਸਾਨ ਮੋਰਚੇ ਤੇ ਕਿਸਾਨ ਸੰਘਰਸ਼ ਅਜੇ ਜਿਉਂ ਦਾ ਤਿਉਂ ਹੈ। ਮੋਢੀ ਕਿਸਾਨ ਆਗੂਆਂ ਨੇ ਕਾਨੂੰਨਾਂ ਦਾ ਪਾਰਲੀਮੈਂਟ ਵਿੱਚ ਪੂਰਨ ਰੂਪ ਵਿੱਚ ਰੱਦ ਕੀਤੇ ਜਾਣ ਤੱਕ ਅਤੇ ਆਪਣੀਆਂ ਰਹਿੰਦੀਆਂ ਮੰਗਾਂ ਪੂਰੀਆਂ ਹੋ ਜਾਣ ਤੱਕ ਮੋਰਚਾ ਨਾ ਚੁੱਕਣ ਦੀ ਗੱਲ ਵੀ ਨਾਲ ਹੀ ਆਖ ਦਿੱਤੀ ਹੈ। ਹੁਣ ਤੱਕ ਕਿਸਾਨਾਂ ਨੇ ਆਪਣੇ ਟ੍ਰੈਕਟਰ-ਟਰਾਲੀਆਂ ਦੇ ਤਰਪਾਲਾਂ ਨਾਲ ਬਣਾਏ ਸਿਰ ਲੁਕਾਵਿਆਂ ਅਤੇ ਕੱਚੇ ਪੱਕੇ ਆਰਜ਼ੀ ਤੌਰ ਤੇ ਖੜੇ ਕੀਤੇ ਘਰਾਂ ਛੰਨਾਂ ਤੇ ਛੱਪਰਾਂ ਨਾਲ ਦਿੱਲੀ ਦੇ ਬਾਹਰਵਾਰ ਸੜਕਾਂ ਕਿਨਾਰੇ ਛੋਟੇ ਛੋਟੇ ਪਿੰਡ-ਰੂਪੀ ਸਮੂਹ ਉਸਾਰ ਲਏ ਹਨ। ਇੱਥੇ ਸਾਂਝਾ ਲੰਗਰ ਪਕਦਾ ਹੈ, ਵਰਤਾਇਆ ਜਾਂਦਾ ਹੈ ਖਾਧਾ ਜਾਂਦਾ ਹੈ। ਲੋੜ ਅਨੁਸਾਰ ਨਹਾਉਣ ਧੋਣ ਦੀਆਂ, ਦਵਾਈ-ਬੂਟੀ ਤੇ ਹੋਰ ਨਿੱਕੀਆਂ ਮੋਟੀਆਂ ਸਹੂਲਤਾਂ ਦਾ ਪ੍ਰਬੰਧ ਕਰ ਘਰੋਂ ਬੇਘਰ ਹੋਏ ਕਿਸਾਨ ਸਾਲ ਭਰ ਤੋਂ ਸੰਘਰਸ਼ਮਈ ਜੀਵਨ ਬਤੀਤ ਕਰ ਰਹੇ ਹਨ। ਪਿਛਲੇ ਇੱਕ ਸਾਲ ਤੋਂ ਪੰਜਾਬ, ਹਰਿਆਣਾ, ਯੂ,ਪੀ. ਸੂਬਿਆਂ ਦੇ ਕਿਸਾਨ, ਕਿਸਾਨ ਔਰਤਾਂ ਤੇ ਬੱਚੇ ਆਪਣੇ ਪਿੰਡੇ ਤੇ ਕੜਾਕੇ ਦੀ ਠੰਢ, ਬਰਸਾਤਾਂ ਤੇ ਗਰਮੀ ਹੰਢਾ ਰਹੇ ਹਨ। ਪੂਰੇ ਦੇਸ਼ ਵਿਚੋਂ ਦੂਰ ਦੁਰਾਡੇ ਦੇ ਪ੍ਰਦੇਸ਼ਾਂ ਤੋਂ ਵੀ ਕਿਸਾਨ ਆਪਣੀ ਹਾਜ਼ਰੀ ਲੁਆ ਇਸ ਕਿਸਾਨੀ ਸੰਘਰਸ਼ ਦੇ ਸਮਰਥਕ ਹੋਣ ਦਾ ਦਮ ਭਰਦੇ ਰਹੇ ਹਨ। ਪ੍ਰਤੀਕੂਲ ਹਾਲਾਤਾਂ ਕਾਰਨ ਸੱਤ ਸੌ ਤੋਂ ਉਪਰ ਕਿਸਾਨ ਆਪਣੀਆਂ ਕੀਮਤੀ ਜਾਨਾਂ ਗੁਆ ਚੁੱਕੇ ਹਨ। ਮਰਨ ਵਾਲਿਆਂ ਵਿੱਚ ਬਜ਼ੁਰਗ ਹੀ ਨਹੀਂ ਅੱਧਖੜ੍ਹ ਤੇ ਨੌਜੁਆਨ ਵਿਅਕਤੀ ਵੀ ਸ਼ਾਮਲ ਹਨ। ਜਿਸ ਜ਼ਾਬਤੇ ਅਤੇ ਸਿਰੜ ਨਾਲ ਧਰਤੀ ਦੇ ਜਾਏ, ਮਿੱਟੀ ਨਾਲ ਮਿੱਟੀ ਹੋ ਮਿੱਟੀ ਵਿਚੋਂ ਅੰਨ ਪੈਦਾ ਕਰਨ ਵਾਲੇ ਇਹ ਅੰਨ-ਦਾਤੇ ਮੂੰਹ ਅੱਡੀ ਖੜ੍ਹੀਆਂ ਮਗਰਮੱਛ-ਰੂਪੀ ਕਾਰਪੋਰੇਸ਼ਨਾਂ ਤੋਂ ਆਪਣੀਆਂ ਫ਼ਸਲਾਂ ਤੇ ਨਸਲਾਂ ਦੀ ਰਾਖੀ ਲਈ ਬੈਠੇ ਹੋਏ ਹਨ ਉਹ ਕਦੇ ਕਿਸੇ ਨੇ ਵੇਖਿਆ ਸੁਣਿਆ ਜਾਂ ਕਿਆਸਿਆ ਨਹੀਂ ਹੋਣਾ। ਦੁਨੀਆਂ ਦੇ ਇਤਿਹਾਸ ਨੂੰ ਫਰੋਲ ਕੇ ਵੇਖ ਲਓ ਐਨਾ ਲੰਮਾ ਸ਼ਾਂਤਮਈ ਕਿਸਾਨੀ ਸੰਘਰਸ਼ ਆਪਣੀ ਮਿਸਾਲ ਆਪ ਹੈ।

ਹਾਂ, 1978 ਵਿੱਚ 'ਅਮਰੀਕਨ ਐਗਰੀਕਲਚਰਲ ਮੂਵਮੈਂਟ' ਨਾਂ ਦਾ ਇਸੇ ਤਰ੍ਹਾਂ ਦਾ ਇੱਕ ਸੰਘਰਸ਼ ਕਿਸਾਨਾਂ ਵਲੋਂ ਵਾਸ਼ਿੰਗਟਨ ਡੀ,ਸੀ. ਵਿੱਚ ਵਿੱਢਿਆ ਗਿਆ ਸੀ। ਮਸਲਾ ਉੱਥੇ ਵੀ ਕਿਸਾਨਾਂ ਸਿਰ ਚੜ੍ਹੇ ਬੈਂਕਾਂ ਦੇ ਕਰਜ਼ੇ ਦੀ ਦੇਣਦਾਰੀ ਦਾ ਸੀ। ਕਰਜ਼ੇ ਦੀ ਵਸੂਲੀ ਲਈ ਬੈਂਕਾਂ ਵਲੋਂ ਫਾਰਮਾਂ ਦੀਆਂ ਲਗਾਈਆਂ ਜਾ ਰਹੀਆਂ ਘੱਟ ਕੀਮਤਾਂ ਦਾ ਕਿਸਾਨਾਂ ਵਲੋਂ ਵਿਰੋਧ ਇੱਕ ਲਹਿਰ ਬਣ ਜਨਵਰੀ 1979 ਨੂੰ ਦੂਰ ਦੁਰਾਡੇ ਦੇ ਪ੍ਰਦੇਸ਼ਾਂ ਤੋਂ ਟ੍ਰੈਕਟਰ ਟਰਾਲੀਆਂ ਤੇ ਸੁਆਰ ਕਿਸਾਨਾਂ ਦੇ ਰੋਹ ਦੇ ਰੂਪ ਵਿੱਚ ਵਾਸ਼ਿੰਗਟਨ ਵੱਲ ਨੂੰ ਵਹੀਰਾਂ ਘੱਤ ਤੁਰਿਆ ਸੀ। ਕਈ ਹਜ਼ਾਰਾਂ ਮੀਲਾਂ ਦਾ ਸਫ਼ਰ ਤਹਿ ਕਰ ਤਿੰਨ ਕੁ ਹਜ਼ਾਰ ਦੇ ਕਰੀਬ ਟ੍ਰੈਕਟਰਾਂ ਤੇ ਸੁਆਰ ਕਿਸਾਨ ਵਾਸ਼ਿੰਗਟਨ ਡੀ.ਸੀ. ਪਹੁੰਚ ਸੜਕਾਂ ਮੱਲ ਬੈਠੇ ਸਨ। ਹਫ਼ਤੇ ਕੁ ਬਾਦ ਉਸ ਵੇਲੇ ਦੇ ਰਾਸ਼ਟਰਪਤੀ ਜਿਮੀ ਕਾਰਟਰ ਨੇ ਕਿਸਾਨਾਂ ਦੀਆਂ ਮੰਗਾਂ ਮੰਨਣ ਦਾ ਦਿਖਾਵਾ ਕੀਤਾ। ਪ੍ਰੰਤੂ ਜਿਉਂ ਹੀ ਕਿਸਾਨ ਰੈਲੀ ਖਤਮ ਹੋਈ ਹਾਕਮ ਆਪਣੇ ਵਾਅਦਿਆਂ ਤੋਂ ਮੁਕਰ ਗਏ। ਇਤਿਹਾਸ ਗਵਾਹ ਹੈ ਕਿ ਉਸ ਵੇਲੇ ਦੀ ਕਿਸਾਨ-ਮੰਦੀ ਨੇ ਬਹੁਤ ਸਾਰੇ ਕਿਸਾਨਾਂ ਨੂੰ ਆਪਣੇ ਫਾਰਮ ਵੇਚਣ ਅਤੇ ਖੇਤੀ ਦਾ ਧੰਦਾ ਛੱਡ ਮਜ਼ਦੂਰ ਬਣਨ ਲਈ ਮਜਬੂਰ ਕਰ ਦਿੱਤਾ ਸੀ। ਇਥੇ ਛੋਟਾ ਕਿਸਾਨ ਖਤਮ ਹੁੰਦਾ ਗਿਆ ਅਤੇ ਵੱਡੇ ਵੱਡੇ ਫ਼ਾਰਮਾਂ ਤੇ ਕਾਰਪੋਰੇਸ਼ਨਾਂ ਦਾ ਕਬਜ਼ਾ ਹੁੰਦਾ ਗਿਆ। ਲਾਲਚੀ ਹਾਕਮਾਂ ਦੇ ਸਹਿਯੋਗ ਨਾਲ ਵੱਡੀਆਂ ਕਾਰਪੋਰੇਸ਼ਨਾਂ ਦੁਆਰਾ ਕਿਸਾਨਾਂ ਦੀਆਂ ਜ਼ਮੀਨਾਂ ਹੜੱਪਣ ਦੀ ਇਹ ਮੂੰਹ ਬੋਲਦੀ ਉਦਾਹਰਣ ਹੈ।

ਅੱਧੀ ਸਦੀ ਪਹਿਲਾਂ ਜੋ ਅਮਰੀਕਾ ਦੇ ਕਿਸਾਨਾਂ ਦੀ ਹੋਣੀ ਬਣੀ ਸੀ ਉਸੇ ਹੀ ਤਰਜ਼ ਤੇ ਆਮਦਨ ਦੁਗਣੀ ਕਰਨ ਦਾ ਲਾਰਾ ਲਾਉਣ ਵਾਲੇ ਤਿੰਨ ਖੇਤੀ ਕਾਨੂੰਨਾਂ ਰਾਹੀਂ ਭਾਰਤ ਦੇ ਖੇਤੀ ਤੇ ਨਿਰਭਰ ਸੂਬਿਆਂ ਦੇ ਕਿਸਾਨਾਂ ਦੀਆਂ ਜ਼ਰਖ਼ੇਜ਼ ਜ਼ਮੀਨਾਂ ਹੜੱਪਣ ਦੀ ਸਾਜ਼ਿਸ਼ ਕੀਤੀ ਗਈ। ਸ਼ੁਕਰ ਹੈ ਅੱਜ ਦਾ ਕਿਸਾਨ ਜਾਗਰੂਕ ਹੈ ਅਤੇ ਉਹ ਸਰਕਾਰੀ ਚੁਸਤੀਆਂ ਤੇ ਲਾਰਿਆਂ ਤੋਂ ਚੰਗੀ ਤਰ੍ਹਾਂ ਸੁਚੇਤ ਹੈ। ਜਿਉਂ ਹੀ ਕਾਨੂੰਨ ਹੋਂਦ ਵਿੱਚ ਆਏ, ਇਨ੍ਹਾਂ ਦੀ ਚਕਾਚੌਂਧ ਵਿੱਚ ਲੁਕਿਆ ਕੌੜਾ ਸੱਚ ਸਾਹਮਣੇ ਆਇਆ ਤਾਂ ਲੋਕ-ਰੋਹ ਉੱਠ ਖਲੋਤਾ ਜੋ ਪੰਜਾਬ ਤੋਂ ਸ਼ੁਰੂ ਹੋ ਹਰਿਆਣਾ ਯੂ.ਪੀ. ਤੇ ਨੇੜਲੇ ਸੂਬਿਆਂ ਤੋਂ ਬਾਦ ਪੂਰੇ ਭਾਰਤ ਵਿੱਚ ਫੈਲ ਗਿਆ। ਸਰਕਾਰ ਦੀਆਂ ਖੜ੍ਹੀਆਂ ਕੀਤੀਆਂ ਰੁਕਾਵਟਾਂ ਦੀ ਪ੍ਰਵਾਹ ਨਾ ਕਰਦੇ ਹੋਏ ਪੰਜਾਬ ਹਰਿਆਣਾ ਅਤੇ ਯੂ.ਪੀ. ਦੇ ਕਿਸਾਨ ਬਾਹਵਾਂ ਵਿੱਚ ਬਾਹਵਾਂ ਪਾਈ, ਮੋਢੇ ਨਾਲ ਮੋਢਾ ਜੋੜੀ ਡੱਟੇ ਖਲੋਤੇ ਹਨ ਅਤੇ ਉਦੋਂ ਤੱਕ ਡੱਟੇ ਰਹਿਣ ਲਈ ਦ੍ਰਿੜ ਹਨ ਜਦ ਤੱਕ ਸਰਕਾਰ ਇਹ ਕਿਸਾਨ ਤੇ ਕਿਸਾਨੀ ਮਾਰੂ ਤਿੰਨ ਕਾਲੇ ਕਾਨੂੰਨ ਵਾਪਸ ਲੈਣ ਦੇ ਨਾਲ ਨਾਲ ਕਿਸਾਨਾਂ ਦੀਆਂ ਬਾਕੀ ਰਹਿੰਦੀਆਂ ਮੰਗਾਂ ਪੂਰੀਆਂ ਨਹੀਂ ਕਰ ਦੇਂਦੀ। ਸਰਕਾਰ ਲਈ ਇਹ ਮਸਲਾ 'ਸੱਪ ਦੇ ਮੂੰਹ ਕੋਹੜ ਕਿਰਲੀ' ਬਣ ਗਿਆ ਸੀ। ਉਸ ਕਾਨੂੰਨਾਂ ਤੇ ਰੋਕ ਲਗਾ ਦਿੱਤੀ, ਹਰ ਪ੍ਰਕਾਰ ਦੀਆਂ ਸੋਧਾਂ ਕਰਨ ਲਈ ਤਿਆਰ ਹੋ ਗਏ ਪਰ ਵਾਪਸ ਲੈਣ ਨਾਲ ਉਹਦੀ ਨੱਕ ਵੱਢੀ ਜਾਣੀ ਸੀ। ਕਿਉਂਜੁ ਇਸ ਸਰਕਾਰ ਸਬੰਧੀ ਭਰਮ ਫੈਲਾਇਆ ਹੋਇਆ ਕਿ ਇਹਦੇ ਮੋਹਰੀ ਝੱਟਪਟ ਫੈਸਲਾ ਲੈਂਦੇ ਹਨ। ਜੋ ਫੈਸਲਾ ਇੱਕ ਵਾਰ ਲੈ ਲਿਆ ਮੁੜ ਉਸ ਤੇ ਨਜ਼ਰਸਾਨੀ ਨਹੀਂ ਹੁੰਦੀ ਬੱਸ ਫੈਸਲਾ ਲਾਗੂ ਹੁੰਦਾ ਹੈ ਅਤੇ ਉਹ ਵੀ ਇੰਨ ਬਿੰਨ। ਨਾਲੇ ਜੇ ਇਹ ਕਾਨੂੰਨ ਵਾਪਸ ਲੈ ਲਏ ਜਾਂਦੇ ਤਾਂ ਪਹਿਲਾਂ ਝੱਟਪਟ ਲਾਗੂ ਕੀਤੇ ਗਏ ਕਈ ਲੋਕ-ਵਿਰੋਧੀ ਕਾਨੂੰਨ ਵਾਪਸ ਲੈਣ ਦੀ ਸ਼ੰਕਾ ਹਾਕਮਾਂ ਨੂੰ ਸੀ। ਸੋ ਇੰਜ ਇਹ ਖਿਚੋਤਾਣ ਨਿੱਤ ਵਧਦੀ ਗਈ ਅਤੇ ਨਾਲ ਹੀ ਲੰਮਾ ਪੈਂਦਾ ਰਿਹਾ ਕਿਸਾਨੀ ਸੰਘਰਸ਼, ਜੋ ਹੁਣ ਕਿਸਾਨੀ ਸੰਘਰਸ਼ ਨਾ ਰਹਿ ਕੇ ਲੋਕ-ਸੰਘਰਸ਼ ਬਣ ਚੁੱਕਾ ਸੀ। ਇਹਦੇ ਨਾਲ ਹਰ ਵਰਗ ਦੇ ਲੋਕ, ਲੋਕਾਂ ਦੀ ਹਮਦਰਦੀ ਅਤੇ ਲੋੜਾਂ ਜੁੜ ਚੁੱਕੀਆਂ ਹਨ। ਕਿਉਂਕਿ ਹੁਣ ਮਸਲਾ ਨਿਰਾ ਕਿਸਾਨਾਂ ਦੀਆਂ ਜ਼ਮੀਨਾਂ ਜਾਂ ਉਹਦੀਆਂ ਫ਼ਸਲਾਂ ਦੀਆਂ ਕੀਮਤਾਂ ਜਾਂ ਕਿਸਾਨਾਂ ਸਿਰ ਚੜ੍ਹੇ ਕਰਜ਼ੇ ਦਾ ਹੀ ਨਹੀਂ ਰਹਿ ਗਿਆ ਸੀ ਬਲਕਿ ਇਹ ਸਮਾਜਿਕ ਲੋੜਾਂ ਥੋੜਾਂ ਦਾ ਮਸਲਾ ਬਣ ਗਿਆ ਹੈ। ਹੁਣ ਕਿਸਾਨੀ ਨਾਲ ਜੁੜੇ ਆੜ੍ਹਤੀਏ, ਵਪਾਰੀ, ਖੇਤ ਮਜ਼ਦੂਰ, ਮੰਡੀ ਮਜ਼ਦੂਰ ਗੱਲ ਕੀ ਰੋਟੀ ਖਾਣ ਵਾਲੇ ਹਰ ਢਿੱਡ ਦਾ ਇਸ ਸੰਘਰਸ਼ ਨਾਲ ਡੂੰਘਾ ਰਿਸ਼ਤਾ ਬਣ ਚੁੱਕਾ ਹੈ।

ਇਸ ਕਿਸਾਨੀ-ਸੰਘਰਸ਼ ਤੋਂ ਬਣੇ ਲੋਕ-ਸੰਘਰਸ਼ ਦੇ ਸਮਾਜਿਕ ਪਹਿਲੂ ਤੇ ਨਜ਼ਰ ਮਾਰੀਏ ਤਾਂ ਵੇਖਦੇ ਹਾਂ ਕਿ ਇਸ ਸੰਘਰਸ਼ ਨੇ ਲੋਕਾਂ ਨੂੰ ਇੱਕ ਸਾਂਝਾ ਪਲੈਟਫਾਰਮ ਪ੍ਰਦਾਨ ਕਰ ਇੱਕਮੁੱਠ ਕਰਨ ਵਿੱਚ ਤਕੜਾ ਰੋਲ ਨਿਭਾਇਆ ਹੈ। ਲੋਕ ਪ੍ਰਾਂਤਕ ਝਗੜੇ ਭੁੱਲ ਗਲ਼ੇ ਮਿਲ ਰਹੇ ਹਨ। ਪੰਜਾਬ ਵਿਚੋਂ ਨਿਕਲੇ ਹਰਿਆਣਾ ਸੂਬੇ ਦੀ ਗੱਲ ਕਰੀਏ ਤਾਂ ਪੰਜਾਬੀਆਂ ਅਤੇ ਹਰਿਆਣਵੀਆਂ ਦਰਮਿਆਨ ਕਿੰਨੀ ਵੱਡੀ ਖਾਈ ਖੋਦ ਦਿੱਤੀ ਗਈ ਸੀ। ਕਦੇ ਪਾਣੀਆਂ ਦੇ ਨਾਂ ਤੇ, ਕਦੇ ਬੋਲੀ ਦੇ ਅਧਾਰ ਤੇ ਪਿੰਡਾਂ ਦੀ ਵੰਡ ਅਤੇ ਕਦੇ ਹੋਰ ਕਈ ਨਿਗੂਣੀਆਂ ਗੱਲਾਂ ਤੇ ਇਕੋ ਮਿੱਟੀ ਦੇ ਜਾਏ ਖਹਿਬੜ ਕੇ ਵਿੱਥ ਤੇ ਜਾ ਖਲੋਂਦੇ ਸਨ। ਹੁਣ ਜਦੋਂ ਇੱਕ ਸਾਂਝੇ ਮਸਲੇ ਨੇ ਦੋ ਗਵਾਂਢੀ ਭਰਾਵਾਂ ਨੂੰ ਇੱਕ ਮੁਹਾਜ਼ ਤੇ ਲਿਆ ਖੜਾ ਕੀਤਾ ਹੈ ਤਾਂ ਇਹੋ ਜਿਹੇ ਪ੍ਰਾਂਤਕ ਝਗੜੇ ਜਿੰਵੇਂ ਵਿਸਰ ਹੀ ਗਏ ਹੋਣ। ਉਹ ਸਿਰ ਜੋੜ ਕੇ ਬਹਿੰਦੇ ਹਨ, ਇੱਕ ਦੂਜੇ ਦੇ ਸਾਹੀਂ ਜਿਉਂਦੇ ਹਨ, ਬੁਰਕੀ ਸਾਂਝੀ ਹੋ ਗਈ ਹੈ। ਉੱਥੇ ਬੈਠ ਭਵਿੱਖੀ ਰਿਸ਼ਤੇਦਾਰੀਆਂ ਵੀ ਗੰਢ ਰਹੇ ਹਨ। ਸਿਆਣਿਆਂ ਦਾ ਕਿਹਾ ਕਿ 'ਆਖਰ ਭੱਜੀਆਂ ਬਾਹਵਾਂ ਗਲ਼ ਨੂੰ ਆਉਂਦੀਆਂ ਨੇ' ਸਮੂਲਚਾ ਸੱਚ ਸਿੱਧ ਹੋ ਰਿਹਾ ਹੈ। ਉਂਜ ਤਾਂ ਸਮੁੱਚਾ ਦੇਸ਼ ਹੀ ਪ੍ਰੰਤੂ ਪੰਜਾਬ ਹਰਿਆਣਾ ਅਤੇ ਯੂ.ਪੀ ਖਾਸ ਤੌਰ ਤੇ ਘਿਓ ਖਿਚੜੀ ਹੋਇਆ ਪਿਆ ਹੈ। ਸਭ ਤੋਂ ਵਿਲੱਖਣ ਗੱਲ ਕਿ ਔਰਤਾਂ ਤੇ ਮੁਟਿਆਰਾਂ, ਮਰਦਾਂ ਤੇ ਨੌਜੁਆਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਇਸ ਸੰਘਰਸ਼ ਵਿੱਚ ਸ਼ਾਮਲ ਹਨ। ਲਿੰਗੀ ਬਰਾਬਰਤਾ ਨਿਰਉਚੇਚ ਜੜ੍ਹਾਂ ਫੜ ਰਹੀ ਹੈ। ਊਚ-ਨੀਚ ਅਤੇ ਸਮਾਜਿਕ ਵਿਤਕਰਿਆਂ ਦੀਆਂ ਕੰਡਆਲੀਆਂ ਤਾਰਾਂ ਪਾਰ ਕਰ ਸਾਂਝਾ ਭਾਈਚਾਰਾ ਮਜਬੂਤ ਹੋ ਰਿਹਾ ਹੈ। ਸਿਹਤਮੰਦ ਸਮਾਜਿਕ ਵਿਕਾਸ ਦਾ ਜੋ ਪ੍ਰਚਾਰ ਇਥੇ ਹੋ ਰਿਹਾ ਹੈ, ਜਾਤਾਂ ਮਜ਼੍ਹਬਾਂ ਧਰਮਾਂ ਅਤੇ ਖੇਤਰੀਵਾਦ ਦੇ ਨਾਂ ਤੇ ਵੰਡੇ ਭਾਰਤ ਦੇਸ਼ ਵਿੱਚ ਅਜਿਹਾ ਹੋ ਜਾਣਾ ਕਦੇ ਕਿਸੇ ਨੇ ਸੋਚਿਆ ਵੀ ਨਹੀਂ ਹੋਣਾ ਹੈ। ਜਿਨ੍ਹਾਂ ਦੇ ਨਸੀਬਾਂ ਵਿੱਚ ਸਕੂਲ ਦੀਆਂ ਦਹਿਲੀਜ਼ਾਂ ਹੈ ਹੀ ਨਹੀਂ ਸਨ ਉਹ ਬੱਚੇ ਇੱਥੇ ਮੁਫ਼ਤ ਤੇ ਮਿਆਰੀ ਗਿਆਨ ਹਾਸਲ ਕਰ ਰਹੇ ਹਨ। ਜਾਤੀ ਵਿਤਕਿਰਿਆਂ ਨੂੰ ਵਿਸਾਰ ਸਰਬ ਸਾਂਝੀਵਾਲਤਾ ਦਾ ਪਾਠ ਹਰੇਕ ਦੇ ਕੰਨਾਂ ਤੱਕ ਬਿਨਾ ਕਿਸੇ ਉਚੇਚ ਦੇ ਪਹੁੰਚ ਰਿਹਾ ਹੈ। ਵੱਖ ਵੱਖ ਕਿਸਾਨ ਜਥੇਬੰਦੀਆਂ ਦੇ ਸੂਝਵਾਨ ਨੇਤਾ ਇੱਕਜੁੱਟ ਹੋ ਇਸ ਲੰਮੇ ਹੁੰਦੇ ਜਾ ਰਹੇ ਸੰਘਰਸ਼ ਦੀ ਵਾਗ ਡੋਰ ਬੜੀ ਸੁਚੱਜਤਾ ਨਾਲ ਸੰਭਾਲਦੇ ਰਹੇ ਅਤੇ ਸੰਘਰਸ਼ਕਾਰੀਆਂ ਦੀ ਅਗਵਾਈ ਕਰਦੇ ਰਹੇ ਹਨ।

ਇਸ ਸੰਘਰਸ ਦੌਰਾਨ ਬਹੁਤ ਕੁਝ ਚੰਗਾ ਮਾੜਾ ਵੀ ਵਾਪਰਿਆ। ਦਿੱਲੀ ਦੇ ਪਾਰਲੀਮੈਂਟ ਹਾਊਸ ਦੇ ਬਾਹਰ ਸਰਕਾਰ ਵਾਲੀ ਅੰਦਰਲੀ ਪਾਰਲੀਮੈਂਟ ਦੇ ਸਮਾਂਤਰ ਕਿਸਾਨਾਂ ਵਲੋਂ ਲਗਾਈ ਗਈ ਪਾਰਲੀਮੈਂਟ ਕਿਸਾਨਾਂ ਦੀ ਸੂਝ-ਬੂਝ ਦੀ ਮੂੰਹ ਬੋਲਦੀ ਤਸਵੀਰ ਸਾਰੇ ਸੰਸਾਰ ਨੇ ਵੇਖੀ ਤੇ ਸਲਾਹੀ ਹੈ। ਪੂਰੇ ਯੋਜਨਾਬੱਧ ਢੰਗ ਨਾਲ ਇਸ ਨੂੰ ਸ਼ੁਰੂ ਕੀਤਾ, ਚਲਾਇਆ ਅਤੇ ਨੇਪਰੇ ਚਾੜ੍ਹਿਆ ਗਿਆ। ਆਮ ਜਿਹੇ ਦਿਸਦੇ ਕਿਸਾਨਾਂ ਨੇ ਕਿਸਾਨੀ ਦੇ ਇੱਕ ਇੱਕ ਮੁੱਦੇ 'ਤੇ ਸਰਕਾਰ ਦੇ, ਵਿਰੋਧੀਆਂ ਦੇ ਅਤੇ ਲੋਕਾਂ ਦੇ ਕੰਨ ਖੋਲ੍ਹ ਦਿੱਤੇ। ਲਖੀਮਪੁਰ ਵਰਗੀਆਂ ਹਿੰਸਕ ਕਿਸਾਨ ਮਾਰੂ ਨੀਤੀਆਂ ਸ਼ਾਂਤਮਈ ਸੰਘਰਸ਼ ਨੂੰ ਠਿੱਬੀ ਲਾ ਮੂਧੇ ਮੰਹ ਸੁੱਟਣ ਲਈ ਕਾਫ਼ੀ ਸਨ। ਪਰ ਆਫ਼ਰੀਨ ਕਿਸਾਨ ਆਗੂਆਂ ਦੇ, ਜਿਨ੍ਹਾਂ ਦੇ ਏਕੇ ਅੱਗੇ ਸਰਕਾਰ ਦਾ ਇਹ ਤੀਰ ਵੀ ਖੁੰਡਾ ਹੋ ਘੋਲ ਦੀ ਲਗਾਤਾਰਤਾ ਨੂੰ ਨੁਕਸਾਨ ਨਹੀਂ ਪੁਚਾ ਸਕਿਆ। ਸਿਰ ਝੁੱਕਦਾ ਹੈ ਸੰਘਰਸ ਦੇ ਉਹਨਾਂ ਹਜ਼ਾਰਾਂ ਵਲੰਟੀਅਰਜ਼ ਦੇ ਅੱਗੇ ਜਿਹੜੇ ਸਾਲ ਭਰ ਤੋਂ ਹਰ ਪ੍ਰਕਾਰ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਰਹੇ ਹਨ। ਆਪਣੇ ਦੇਸ਼ ਦੇ ਹੀ ਨਹੀਂ ਬਲਕਿ ਵਿਦੇਸ਼ਾਂ ਤੋਂ ਵੀ ਆਪਣੇ ਚਲਦੇ ਕਾਰੋਬਾਰ ਤੇ ਨੌਕਰੀਆਂ ਛੱਡ ਬਹੁਤ ਸਾਰੇ ਸਵੈ-ਸੇਵੀ ਨਿਗੂਣੀਆਂ ਤੋਂ ਲੈ ਕੇ ਆਪਣੇ ਹੁਨਰ ਵਾਲੀਆਂ ਵੱਡੀਆਂ ਤੋਂ ਵੱਡੀਆਂ ਸੇਵਾਵਾਂ ਨਿਰਸਵਾਰਥ ਨਿਭਾਉਂਦੇ ਰਹੇ ਹਨ।

ਇਹ ਮੁਕਤੀ ਦੇ ਰਾਹ ਚਲੀ ਆਮ ਲੋਕਾਂ ਦੀ ਫ਼ੌਜ ਹੈ ਜਿਸ ਸਦਕਾ ਸਮਾਜਿਕ ਜਾਗ੍ਰਤੀ ਦੀ ਨਵੀਂ ਲਹਿਰ ਦਾ ਜਨਮ ਹੋਇਆ ਹੈ। ਇਸ ਲਹਿਰ ਨੇ ਲਾਚਾਰ ਤੇ ਬੇਵਸ ਦਿਸਦੀ ਖ਼ਲਕਤ ਦੀ ਗੁੰਗੀ ਜ਼ੁਬਾਨ ਨੂੰ ਬੋਲ ਦੇ ਦਿੱਤੇ ਹਨ। ਲੋਕ ਜਿਹੜੇ ਹੱਥੀਂ ਚੁਣੇ ਰਾਜਨੀਤਕ ਨੇਤਾਵਾਂ ਨੂੰ ਹੱਥੀਂ ਛਾਵਾਂ ਕਰਦੇ ਸੀ, ਉਹਨਾਂ ਦੀ ਆਮਦ ਤੇ ਰਾਜੇ ਵਾਂਗ ਸਵਾਗਤ ਕਰਦੇ ਤੇ ਨੀਵੇਂ ਬਹਿ ਸੰਤੁਸ਼ਟ ਹੋ ਜਾਂਦੇ ਸਨ, ਹੁਣ ਖਲ੍ਹਾਰ ਕੇ ਸਵਾਲ ਪੁੱਛਦੇ ਹਨ। ਪਿਛਲੇ ਕੀਤੇ ਵਾਇਦਿਆਂ ਦਾ ਹਿਸਾਬ ਮੰਗਦੇ ਹਨ। ਉਹਨਾਂ ਦਾ ਸਵਾਗਤ ਕਰਨ ਦੀ ਬਜਾਏ ਕਾਲੇ ਝੰਡਿਆਂ ਨਾਲ ਵਿਰੋਧ ਕਰਦੇ ਹਨ। ਇਸ ਆਮ ਲੋਕਾਂ ਦੀ ਭੀੜ ਨੂੰ ਸੁਚੇਤ ਲੋਕਾਂ ਦਾ ਸਮੂਹ ਬਣਿਆ ਵੇਖ ਨੇਤਾ ਲੋਕ ਭਮੰਤਰ ਗਏ ਹਨ। ਕਦੇ ਸਵਾਲਾਂ ਨੂੰ ਆਊਂ ਗਊਂ ਕਰਦੇ ਹਨ ਅਤੇ ਕਦੇ ਰਾਹ ਬਦਲ ਜਾਂਦੇ ਹਨ। ਇਥੋਂ ਤੱਕ ਕੇ ਇਸ ਡਰੋਂ ਸਰਕਾਰਾਂ ਬਦਲ ਰਹੀਆਂ ਹਨ। ਸਰਕਾਰਾਂ ਦੇ ਮੋਹਰੀ ਬਦਲੇ ਜਾ ਰਹੇ ਹਨ। ਇਸ ਅਚਾਨਕ ਆਈ ਸਮਾਜਿਕ ਕ੍ਰਾਂਤੀ ਨੇ ਵਰ੍ਹਿਆਂ ਦੇ ਲਾਏ ਲਾਰਿਆਂ ਅਤੇ ਅਣਕੀਤੇ ਕੰਮਾਂ ਨੂੰ ਪੂਰਾ ਕਰਨ ਦੀ ਹੋੜ ਲਾ ਦਿੱਤੀ ਹੈ। ਇਹ ਪਿਰਤ ਬਣੀ ਰਹਿਣ ਅਤੇ ਬਣਾਈ ਰਖਣ ਦੀ ਲੋੜ ਹੈ।

ਵਕਤ ਦੇ ਹਾਕਮਾਂ ਨੂੰ ਇਹ ਲੋਕ-ਤਬਦੀਲੀ ਚਾਹੇ ਫੁੱਟੀ ਅੱਖ ਨਾ ਭਾਉਂਦੀ ਹੋਵੇ ਪਰ ਮਨੁੱਖਤਾ ਦੇ ਸੁਨਹਿਰੇ ਭਵਿੱਖ ਲਈ ਇਹ ਇੱਕ ਰੋਸ਼ਨ ਰਾਹ ਹੈ ਜਿਹਦੇ ਤੇ ਧਰੇ ਲੋਕ-ਪਿਆਰ, ਮੁਹੱਬਤ ਤੇ ਇੱਕਮੁਠਤਾ ਦੇ ਚਿਰਾਗ ਲੋਕਾਈ ਨੂੰ ਰੋਸ਼ਨ ਕਰਦੇ ਰਹਿਣਗੇ। ਗੱਲ ਕੀ ਸਾਰੇ ਦੇਸ਼ ਦੇ ਲੋਕ ਇੱਕ ਧਰਾਤਲ ਤੇ ਆ ਇਕੱਠੇ ਹੋਏ ਹਨ, ਉਹ ਸੋਚਣ ਲਗ ਪਏ ਹਨ, ਆਪਣੇ ਬਾਰੇ ਵੀ, ਦੂਸਰੇ ਲੋਕਾਂ ਬਾਰੇ ਵੀ ਅਤੇ ਦੇਸ਼ ਦੀ ਕਿਸਮਤ ਬਾਰੇ ਵੀ। ਹੈ ਨਾ ਸਮਾਜਿਕ ਜਾਗ੍ਰਤੀ ਦੀ ਇਹ ਕਮਾਲ ਦੀ ਲੋਕ ਲਹਿਰ। ਰੱਬ ਕਰੇ ਇਹ ਤਬਦੀਲੀ ਚਿਰਸਥਾਈ ਬਣ ਲੋਕਾਂ ਦੀਆਂ ਸੋਚਾਂ ਨੂੰ ਟੁੰਬਦੀ ਰਹੇ! ਮੁੜ ਕਦੇ ਭਾਰਤ ਦੇ ਲੋਕਾਂ ਨੂੰ ਗ਼ਫ਼ਲਤ ਦੀ ਨੀਂਦਰ ਸੌਣ ਨਾ ਦੇਵੇ।






# ਪ੍ਰਧਾਨ ਮੰਤਰੀ ਦੇ 18 ਮਿੰਟ ਦੇ ਭਾਸ਼ਣ ਦੇ ਮਾਇਨੇ



ਕੁਲਦੀਪ ਸਿੰਘ ਦੀਪ (ਡਾ.)
ਦੀਪ ਦੁਨੀਆ
9876820600

ਜ਼ਰੂਰੀ ਨਹੀਂ ਹੁੰਦਾ...ਜੋ ਕੁਝ ਕਿਹਾ ਜਾਂਦਾ ਹੈ ਉਹ ਸੁਣ ਹੀ ਲਿਆ ਜਾਵੇ ਅਤੇ ਇਹ ਵੀ ਜ਼ਰੂਰੀ ਨਹੀਂ ਹੁੰਦਾ ਕਿ ਜੋ ਕੁਝ ਸੁਣ ਲਿਆ ਜਾਂਦਾ ਹੈ, ਉਹ ਕਿਹਾ ਹੀ ਹੋਵੇ। ਕਹਿਣ, ਸੁਣਨ ਅਤੇ ਸਮਝਣ ਦੇ ਵਿਚਕਾਰ ਬਹੁਤ ਕੁਝ ਅਣਕਿਹਾ, ਅਣਸੁਣਿਆ ਅਤੇ ਅਣਸਮਝਿਆ ਰਹਿ ਜਾਂਦਾ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ ਸ਼ਬਦਾਂ ਅਤੇ ਲਾਈਨਾਂ ਦੇ ਅੰਦਰ ਤੋਂ ਬਿਨਾ ਬਹੁਤ ਕੁਝ ਲਾਈਨਾਂ ਦੇ ਵਿਚਕਾਰ (Between the Lines) ਵੀ ਹੁੰਦਾ ਹੈ। ਆਓ ਮੋਦੀ ਦੇ 18 ਮਿੰਟ ਦੇ ਭਾਸ਼ਣ ਨੂੰ ਇਸ ਨਜ਼ਰੀਏ ਤੋਂ ਸਮਝਣ ਦੀ ਕੋਸ਼ਿਸ਼ ਕਰੀਏ..

**ਜੋ ਕਿਹਾ ਹੈ ਉਸ ਦਾ ਸਿੱਧਾ ਜਿਹਾ ਅਰਥ ਇਹ ਹੈ ਕਿ :**

ਜੇਕਰ ਸਾਰਾ ਕੁਝ ਠੀਕ ਠਾਕ ਰਿਹਾ ਅਤੇ ਸੱਤਾ ਆਪਣੇ ਵਾਇਦੇ ਤੇ ਪੱਕੀ ਰਹੀ ਤਾਂ 29 ਨਵੰਬਰ ਤੋਂ ਸ਼ੁਰੂ ਹੋ ਰਹੇ ਲੋਕਸਭਾ ਅਤੇ ਰਾਜ ਸਭਾ ਦੇ ਸਦਨ ਵਿਚ ਜਿਸ ਮੂੰਹ ਨਾਲ ਇਹ ਕਨੂੰਨ ਲਿਆਂਦੇ ਗਏ ਸੀ, ਉਸੇ ਮੂੰਹ ਨਾਲ ਵਾਪਿਸ ਕਰ ਦਿੱਤੇ ਜਾਣਗੇ। ਇਹੀ ਐਲਾਨ ਪ੍ਰਧਾਨ ਮੰਤਰੀ ਨੇ ਕੱਲ੍ਹ ਨੌਂ ਵਜੇ ਦੇਸ਼ ਦੇ ਨਾਂ ਆਪਣੇ ਸੰਬੋਧਨ ਵਿਚ ਕੀਤਾ।

ਵੈਸੇ ਤਾਂ ਕਿਸੇ ਵੀ ਪ੍ਰਧਾਨ ਮੰਤਰੀ ਵੱਲੋਂ ਕਹੇ ਹਰ ਸ਼ਬਦ ਦਾ ਇਕ ਵਿਸ਼ੇਸ਼ ਅਰਥ ਹੁੰਦਾ ਹੈ, ਪਰ ਨਰਿੰਦਰ ਮੋਦੀ ਤਾਂ ਇਸ ਸਬੰਧ ਵਿਚ ਵਿਸ਼ਵ ਪ੍ਰਸਿੱਧ ਹੈ ਕਿ ਉਸ ਨੇ ਜੋ ਬੋਲਣਾ ਹੈ, ਬਸ ਉਹੀ ਬੋਲਣਾ ਹੈ.ਨਾ ਉਸ ਤੋਂ ਕੁਝ ਵੱਧ ਬੋਲਣਾ ਹੈ ਤੇ ਨਾ ਉਸ ਤੋਂ ਕੁਝ ਘੱਟ ਬੋਲਣਾ ਹੈ...ਨਾ ਉਸ ਤੋਂ ਕੁਝ ਇਧਰ ਬੋਲਣਾ ਹੈ ਤੇ ਨਾ ਉਸ ਤੋਂ ਕੁਝ ਉਧਰ ਬੋਲਣਾ ਹੈ...ਤਾਂ ਆਓ ਚਰਚਾ ਕਰੀਏ 18 ਮਿੰਟਾਂ ਵਿਚ ਬੋਲੇ 1430 ਸ਼ਬਦਾਂ ਵਿਚ ਨਰਿੰਦਰ ਮੋਦੀ ਨੇ ਕੀ ਬੋਲਿਆ?

ਉਸ ਨੇ ਐਲਾਨ ਕਰਨ ਵਿਚ ਸਿਰਫ਼ 86 ਸ਼ਬਦ ਖਰਚੇ ਪਰ ਐਲਾਨ ਦੀ ਵਜ੍ਹਾ ਦੱਸਣ ਵਿਚ 277 ਸ਼ਬਦ ਖਰਚੇ ਹਨ...

ਸਭ ਤੋਂ ਪਹਿਲੀ ਨੋਟ ਕਰਨ ਵਾਲੀ ਮਹੱਤਵਪੂਰਨ ਗੱਲ ਇਹ ਹੈ ਕਿ :

– ਉਸ ਨੇ ਨਾ ਪ੍ਰੈਸ ਕਾਨਫਰੰਸ ਕੀਤੀ...

– ਨਾ ਕਿਸਾਨਾਂ ਨਾਲ ਮੀਟਿੰਗ ਕਰਕੇ ਐਲਾਨ ਕੀਤਾ...

– ਨਾ ਐਲਾਨ ਕਰਨ ਸਮੇਂ ਕਿਸੇ ਨੂੰ ਵੀ ਆਪਣੇ ਕੋਲ ਬਿਠਾਇਆ...

ਇਹਨਾਂ ਵਿੱਚੋਂ ਕੋਈ ਵੀ ਚੀਜ਼ ਸੁਭਾਵਕ ਤੌਰ 'ਤੇ ਨਹੀਂ ਵਾਪਰੀ ਬਲਕਿ ਨਰਿੰਦਰ ਮੋਦੀ ਦੀ ਹਰ ਪ੍ਰਤੀਕਿਰਿਆ ਬਹੁਤ ਗਿਣੀ-ਮਿੱਥੀ ਹੁੰਦੀ ਹੈ...

ਉਹ ਮਹਿਜ ਐਲਾਨ ਨਹੀਂ ਕਰਦਾ..ਐਲਾਨ ਦਾ ਸਹੀ ਸਮਾਂ ਤਲਾਸ਼ਦਾ ਹੈ ਅਤੇ ਫਿਰ ਐਲਾਨ ਰਾਹੀਂ ਸਨਸਨੀ ਪੈਦਾ ਕਰਦਾ ਹੈ...ਨੋਟਬੰਦੀ ਤੋਂ ਲੈ ਕੇ ਧਾਰਾ 370 ਦੇ ਖਾਤਮੇ ਤੱਕ...ਸੀ ਏ ਏ ਤੋਂ ਲੈ ਕੇ ਕਰੋਨਾ ਲਾਕਡਾਉਨ ਅਤੇ ਤਾਲੀ-ਥਾਲੀ ਮੂਵਮੈਂਟ ਤਕ...ਸਭ ਕੁਝ ਸਨਸਨੀ ਸੀ...ਉਹ ਸਭ ਕੁਝ ਇਸ ਤਰ੍ਹਾਂ ਅਣਕਿਆਸਿਆ ਕਰਦਾ ਹੈ ਜਿਸ ਨਾਲ ਲੋਕਾਂ ਵਿਚ ਇਸ ਦੀ ਚਰਚਾ ਵੱਧ ਤੋਂ ਵੱਧ ਹੋਵੇ। ਇਹ ਡਿਕਟੇਟਰ ਹੋਣ ਦੀਆਂ ਨਿਸ਼ਾਨੀਆਂ ਹੁੰਦੀਆਂ ਹਨ।

ਉਹ ਸਾਰਾ ਕੁਝ ਕਿਸਾਨਾਂ ਨਾਲ ਮੀਟਿੰਗ ਵਿਚ ਕਰ ਸਕਦਾ ਸੀ,

ਉਹ ਸਾਰਾ ਕੁਝ ਕੈਬਨਿਟ ਦੀ ਮੀਟਿੰਗ ਬੁਲਾ ਕੇ ਕਰ ਸਕਦਾ ਸੀ,

ਉਹ ਸਾਰਾ ਕੁਝ ਦੋ ਵਾਰ ਚੱਲੇ ਸੰਸਦ ਦੇ ਸੈਸ਼ਨ ਵਿਚ ਵੀ ਕਰ ਸਕਦਾ ਸੀ..

ਉਹ ਐਲਾਨ ਕਰਨ ਵੇਲੇ ਆਪਣੇ ਪੰਜ ਚਾਰ ਸਾਥੀਆਂ ਨੂੰ ਵੀ ਨਾਲ ਬਿਠਾ ਸਕਦਾ ਸੀ..

ਪਰ ਨਹੀਂ ..ਇਹ ਸਾਰਾ ਕੁਝ ਕਰਨਾ ਲੋਕਤੰਤਰਿਕ ਹੈ..ਪਰ ਉਹ ਲੋਕਤੰਤਰ ਦਾ ਨਹੀਂ ਹਰ ਵਾਰ ਤਾਨਾਸ਼ਾਹੀ ਦਾ ਪ੍ਰਭਾਵ ਦਿੰਦਾ ਹੈ... ਉਹ ਆਪਣੇ ਆਪ ਨੂੰ ਦੈਵੀ ਮੁੱਦਰਾ ਵਿਚ ਲੈ ਆਉਂਦਾ ਹੈ ਤਾਂ ਜੋ ਉਹਨਾਂ ਦੇ ਮੁੱਖ ਵਿੱਚੋਂ ਨਿਕਲਣ ਵਾਲਾ ਹਰ ਸ਼ਬਦ 'ਪ੍ਰਵਚਨ' ਹੋਣ ਦਾ ਪ੍ਰਭਾਵ ਦੇਵੇ। ਬਾਅਦ ਵਿਚ ਗੋਦੀ ਮੀਡੀਆ ਉਹਨਾਂ ਦੇ ਸ਼ਬਦਾਂ ਨੂੰ ਪ੍ਰਵਚਨ ਬਣਾ ਕੇ ਪੇਸ਼ ਵੀ ਕਰਦਾ ਹੈ।



ਤੋਮਰ ਤੋਂ ਲੈ ਕੇ ਖੱਟਰ ਤੱਕ ਅਤੇ ਜ਼ਿਆਣੀ ਸਮੇਤ ਹਰਜੀਤ ਐਂਡ ਕੰਪਨੀ ਤੱਕ ਹਰ ਐਰਾ ਗੈਰਾ ਨੱਥੂ ਖੈਰਾ ਕਿਸਾਨਾਂ ਨੂੰ ਕਹਿੰਦਾ ਰਿਹਾ : ਹੋਰ ਕੁਝ ਵੀ ਹੋ ਸਕਦਾ ਹੈ, ਪਰ ਕਨੂੰਨ ਵਾਪਿਸ ਨਹੀਂ ਹੋ ਸਕਦੇ...ਭਾਵ ਜਿੱਦ ਦੀ ਇਕ ਪਿਚ ਖੜ੍ਹੀ ਕਰਵਾ ਲਈ ਅਤੇ ਆਪ ਉਸ ਪਿੱਚ ਤੇ ਖੜ੍ਹੇ ਹੋ ਕੇ ਛੱਕਾ ਮਾਰਨ ਦਾ ਸੀਨ ਕਰੀਏਟ ਕਰ ਦਿੱਤਾ, ਤਾਂ ਜੋ ਇਹ ਪ੍ਰਭਾਵ ਬਣੇ ਕਿ ਅਜਿਹਾ ਸਿਰਫ਼ ਤੇ ਸਿਰਫ਼ ਮੋਦੀ ਹੀ ਸੋਚ ਸਕਦਾ ਹੈ..ਬਾਕੀ ਕੋਈ ਨਾ ਸੋਚ ਸਕਦਾ ਹੈ, ਨਾ ਉਹਨਾਂ ਕੋਲ ਸੋਚਣ ਦਾ ਅਧਿਕਾਰ ਹੈ, ਉਹ ਤਾਂ ਸਿਰਫ਼ ਰਟੀਆਂ-ਰਟਾਈਆਂ ਸਕਰਿਪਟਾਂ ਹੀ ਪੜ੍ਹ ਸਕਦੇ ਹਨ।

ਇਸ ਵਾਰ ਵੀ ਉਸ ਨੇ ਇਹ ਸੋਚ ਕੇ ਗੁਰਪੁਰਬ ਦਾ ਦਿਨ ਚੁਣਿਆ ਕਿਉਂਕਿ ਇਸ ਅੰਦੋਲਨ ਵਿਚ ਪੰਜਾਬੀ ਅਤੇ ਸਿੱਖ ਵੱਡੀ ਗਿਣਤੀ ਵਿਚ ਹਨ। ਇਸ ਦਿਨ ਦੀ ਚੋਣ ਨਾਲ ਉਹਨਾਂ ਨੂੰ ਇਮੋਸ਼ਨਲੀ ਬਲੈਕਮੇਲ ਕੀਤਾ ਜਾ ਸਕਦਾ ਹੈ। ਇਸੇ ਲਈ ਇਹ ਦਿਨ ਚੁਣਿਆ ਗਿਆ।

ਕੀ ਕਿਹਾ ਉਸ ਨੇ ?

"ਮੈਂ ਅੱਜ ਦੇਸ਼ ਵਾਸੀਆਂ ਤੋਂ ਮੁਆਫੀ ਮੰਗਦੇ ਹੋਏ ਸਚੇ ਮਨ ਅਤੇ ਪਵਿਤਰ ਹਿਰਦੇ ਨਾਲ ਇਹ ਕਹਿਣਾ ਚਾਹੁੰਦਾ ਹਾਂ ਕਿ ਸ਼ਾਇਦ ਸਾਡੀ ਤਪਸਿਆ ਵਿਚ ਹੀ ਕੋਈ ਕਮੀ ਰਹੀ ਹੋਵੇਗੀ, ਜਿਸ ਦੇ ਕਾਰਨ 'ਦੀਵੇ ਦੇ ਚਾਨਣ ਵਰਗੇ ਸੱਚ' ਨੂੰ 'ਕੁਝ' ਕਿਸਾਨ ਭਾਈਆਂ ਨੂੰ ਅਸੀਂ ਸਮਝਾ ਨਹੀਂ ਸਕੇ।"

"ਸਰਕਾਰ ਕਿਸਾਨਾਂ ਖਾਸਕਰ ਨਿਮਨ ਕਿਸਾਨਾਂ ਦੇ ਕਲਿਆਣ ਅਤੇ ਖੇਤੀ ਜਗਤ ਦੇ ਹਿੱਤ ਵਿਚ ਪੂਰੀ ਇਮਾਨਦਾਰੀ ਅਤੇ ਨੇਕ ਨੀਅਤ ਨਾਲ ਤਿੰਨ ਕਨੂੰਨ ਲੈ ਕੇ ਆਈ ਸੀ, ਲੇਕਿਨ ਤਮਾਮ ਯਤਨਾਂ ਦੇ ਬਾਵਜੂਦ ਕੁਝ ਕਿਸਾਨਾਂ ਨੂੰ ਸਮਝਾ ਨਹੀਂ ਸਕੇ।"

ਪਹਿਲਾ : ਇਹਨਾਂ ਲਾਈਨਾਂ ਦਾ ਮਤਲਬ ਸਮਝੀਏ। ਉਹਨਾਂ ਨੂੰ ਤਿੰਨ ਕਨੂੰਨ ਬਣਾਉਣ ਤੇ ਕੋਈ ਪਛਤਾਵਾ ਨਹੀਂ ਸਗੋਂ ਮਾਣ ਹੈ। ਇਸੇ ਲਈ ਉਸ ਨੇ ਇਹਨਾਂ ਨੂੰ 'ਦੀਵੇ ਦੇ ਚਾਨਣ ਵਰਗਾ ਸੱਚ' ਕਿਹਾ ਹੈ।

ਦੂਜਾ : ਉਹਨਾਂ ਦੀ ਨਜ਼ਰ ਵਿਚ ਅੰਦੋਲਨਕਾਰੀ ਅਜੇ ਵੀ 'ਕੁਝ' ਕਿਸਾਨ ਹਨ। ਇਸ ਦਾ ਅਰਥ ਇਹ ਹੈ ਕਿ ਇਹਨਾਂ 'ਕੁੱਝ' ਤੋਂ ਬਿਨਾ 'ਬਹੁਤ' ਅਜਿਹੇ ਕਿਸਾਨ ਹਨ ਜੋ ਇਸ 'ਦੀਵੇ ਦੇ ਚਾਨਣ ਵਰਗੇ ਸੱਚ' ਨੂੰ ਸਮਝ ਚੁੱਕੇ ਹਨ। ਮਤਲਬ ਕਨੂੰਨ ਵੀ ਠੀਕ ਸੀ, ਸਮਝਾਉਣ ਦੀ ਕੋਸ਼ਿਸ਼ ਵੀ ਕੀਤੀ ਗਈ, ਪਰ ਇਹ ਕਿਸਾਨ ਹੀ 'ਮੰਦਬੁੱਧੀ' ਸਨ ਜਿਹੜੇ ਸਮਝ ਨਹੀਂ ਸਕੇ।

ਉਹ ਅਜੇ ਵੀ ਇਹੀ ਮੰਨਦਾ ਹੈ ਕਿ ਇਹ ਕਨੂੰਨ ਕਿਸਾਨਾਂ ਦੇ ਹੱਕ ਵਿਚ ਹਨ । ਇਹਦਾ ਮਤਲਬ ਕਨੂੰਨ ਵਾਪਿਸ ਲੈਣੇ ਇਹਨਾਂ ਦੀ ਮਜ਼ਬੂਰੀ ਹੈ, ਨਾ ਕਿ ਇਹ ਸਮਝ ਕਿ ਉਹਨਾਂ ਤੋਂ ਇਹਨਾਂ ਕਨੂੰਨਾਂ ਰਾਹੀਂ ਕੁਝ ਗ਼ਲਤ ਹੋਇਆ ਹੈ।

ਇਥੇ ਹੀ ਪੀ ਐਮ ਨੇ ਬਹੁਤ ਹੀ ਗਲੈਮਰਸ ਤਰੀਕੇ ਨਾਲ 'ਭਾਵੁਕ ਅਪੀਲ' ਕੀਤੀ ਕਿ:

"ਹੁਣ ਆਪੋ ਆਪਣੇ ਘਰ ਜਾਓ..ਖੇਤਾਂ ਵਿਚ ਜਾਓ...ਪਰਿਵਾਰਾਂ ਵਿਚ ਜਾਓ... ਆਓ ਇਕ ਨਵੀਂ ਸ਼ੁਰੂਆਤ ਕਰਦੇ ਹਾਂ..ਨਵੇਂ ਸਿਰੇ ਤੋਂ ਅੱਗੇ ਵਧਦੇ ਹਾਂ..."

ਇਸ ਦਾ ਸਿੱਧਾ ਜਿਹਾ ਮਤਲਬ ਇਹ ਹੈ ਕਿ ਇਕ ਸਾਲ ਦੇ ਜਾਨ ਹੂਲਵੇਂ ਸੰਘਰਸ਼ ਤੋਂ ਬਾਅਦ 'ਜੈਸੇ ਥੇ' ਦੇ ਰੂਪ ਵਿਚ ਘਰ ਮੁੜ ਜਾਓ, ਬਾਕੀ ਮੁੱਦੇ ਹੌਲੀ ਹੌਲੀ ਵਿਚਾਰ ਲਵਾਂਗੇ। ਜੋ ਖੋਹਿਆ ਸੀ, ਉਹ ਦੇ ਦਿੱਤਾ, ਪਰ ਹੋਰ ਅਸੀਂ ਕੁਝ ਨਹੀਂ ਦੇਣਾ...

ਸੋ ਦੋਸਤੋ.. ਸ਼ਬਦਾਂ ਰਾਹੀਂ ਜੋ ਕੁਝ ਕਿਹਾ ਉਹ ਤਾਂ ਅਸੀਂ ਸੁਣ ਲਿਆ, ਪਰ ਸ਼ਬਦਾਂ ਦੇ ਵਿਚਕਾਰ (Between the Lines) ਬਹੁਤ ਕੁਝ ਅਜਿਹਾ ਹੈ..ਜਿਸ ਦੇ ਅਰਥ ਬਹੁਤ ਗਹਿਰੇ ਅਤੇ ਸਾਜ਼ਿਸ਼ੀ ਹਨ। ਉਹਨਾਂ ਦੀ ਨਜ਼ਰਾਂ ਵਿਚ ਕਨੂੰਨ ਗ਼ਲਤ ਨਹੀਂ ਹਨ, ਪਰ ਅਸੀਂ ਲਾਗੂ ਨਹੀਂ ਕਰਵਾ ਸਕੇ। ਇਹਦਾ ਮਤਲਬ ਅਜੇ ਏਜੰਡਾ ਬਾਕੀ ਹੈ। ਕਿਸੇ ਵੀ ਵੇਲੇ (ਪੰਜਾਬ, ਯੂਪੀ) ਦੀਆਂ ਚੋਣਾਂ ਤੋਂ ਬਾਅਦ ਜਾਂ 2024 ਦੀਆਂ ਚੋਣਾਂ ਜਿੱਤਣ ਤੋਂ ਬਾਅਦ ਮੁੜ 'ਉਧਮੂਲ' ਖੜ੍ਹਾ ਕੀਤਾ ਜਾਏਗਾ।

ਸੋ ਇਹ ਸਿੱਧੇ ਤੌਰ ਤੇ ਮਜ਼ਬੂਰੀ ਵਿਚ ਚੁੱਕਿਆ ਕਦਮ ਹੈ। ਪੰਜਾਬ ਤੇ ਯੂਪੀ ਦੀਆਂ ਚੋਣਾਂ ਵਿਚ ਹਾਰ ਦੇ ਆਸਾਰ ਸਪਸ਼ਟ ਨਜ਼ਰ ਆ ਰਹੇ ਸਨ..ਇਸ ਲਈ :

ਮਰਦੀ ਨੇ ਅੱਕ ਚੱਬਿਆ...ਹਾਰ ਕੇ ਜੇਠ ਨਾਲ ਲਾਈਆਂ...

ਹੁਣ ਇਹ ਆਪਾਂ ਸੋਚਣਾ ਹੈ ਕਿ 'ਜੇਠ' ਦੀਆਂ ਚਾਲਾਂ ਨੂੰ ਸਮਝ ਕੇ ਉਸ ਨੂੰ ਦੇਹਲੀਓਂ ਪਾਰ ਕਰਨਾ ਹੈ...ਜਾਂ ਮੁੜ ਆਪਣੇ ਸਿਰ ਤੇ ਬਿਠਾਉਣਾ ਹੈ..ਜੇਕਰ ਇਹ ਗ਼ਲਤੀ ਕਰ ਲਈ ਤਾਂ ਫੇਰ ਬਾਅਦ ਵਿਚ ਉਸ ਲੋਕਗੀਤ ਵਾਂਗੂ ਤਾਹਨੇ ਸੁਣਨ ਜੋਗੇ ਰਹਿ ਜਾਓਗੇ...

ਜੇਠਾ ਵੇ ਮੈਨੂੰ ਕਹਿਣ ਕੁੜੀਆਂ, ਤੇਰੇ ਮੁੰਡੇ ਦਾ ਜੇਠ ਤੇ ਮੁੜ੍ਹੰਗਾ..

ਆ ਜਾਓ ਵਕਤ ਹੈ...ਜੇਠ ਨੂੰ ਮੰਜੇ ਹੇਠ ਕਰ ਲਈਏ ਤੇ...ਨੱਥ ਪਾ ਲਈਏ...

# ਦਵਾਈਆਂ ਦਾ ਸੰਸਾਰ ਬਾਜ਼ਾਰ, ਹਥਿਆਰਾਂ ਦੇ ਬਾਜ਼ਾਰ ਤੋਂ ਬਾਅਦ ਦੂਜੇ ਨੰਬਰ ਦੇ ਮੁਨਾਫੇ ਵਾਲਾ ਹੈ

ਡਾ. ਸ਼ਿਆਮ ਸੁੰਦਰ ਦੀਪਤੀ ਪ੍ਰੋਫੈਸਰ

ਦਵਾ ਕੰਪਨੀਆਂ ਦਾ ਗਲਬਾ ਹੁਣ ਕਿਸੇ ਇਕ ਮੁਲਕ ਤੱਕ ਸੀਮਤ ਨਹੀਂ ਹੈ। ਇਹ ਹੁਣ ਸੰਸਾਰ ਸਿਹਤ ਸੰਸਥਾ ਦੇ ਜ਼ਰੀਏ ਸਾਰੇ ਸੰਸਾਰ 'ਤੇ ਹੈ। ਅੰਦਾਜਾ ਲਗਾਓ, ਬਲੱਡ ਸ਼ੂਗਰ ਦੀ ਬਿਮਾਰੀ ਦੀ ਸੀਮਾ ਜੋ ਕਦੇ 120 ਸੀ, ਹੁਣ 105 ਹੈ; ਇਸੇ ਤਰ੍ਹਾਂ ਕੋਲੈਸਟਰੋਲ ਨੂੰ ਲੈ ਕੇ 200-250 ਕਾਫੀ ਸਮਾਂ ਰਹੀ ਸੀਮਾ ਹੁਣ 150-200 ਹੈ। ਇਹ ਸੀਮਾ ਤੈਅ ਕੌਣ ਕਰਦਾ ਹੈ?

– ਦਵਾਈਆਂ ਦਾ ਸੰਸਾਰ ਬਾਜ਼ਾਰ, ਹਥਿਆਰਾਂ ਦੇ ਬਾਜ਼ਾਰ ਤੋਂ ਬਾਅਦ ਦੂਜੇ ਨੰਬਰ ਦੇ ਮੁਨਾਫੇ ਵਾਲਾ ਹੈ। ਦਵਾਈਆਂ ਵੀ ਹਥਿਆਰ ਹਨ ਜੋ ਬਿਮਾਰੀਆਂ ਨਾਲ ਲੜਨ ਲਈ ਸੁਖਾਵੇਂ ਹਾਲਾਤ ਪੈਦਾ ਕਰਦੇ ਹਨ। ਹਥਿਆਰਾਂ ਦੀ ਇਸ ਸਮਝ ਤਹਿਤ ਜਿਸ ਤਰ੍ਹਾਂ ਜੰਗੀ ਹਥਿਆਰ ਬਣਾਉਣ ਵਾਲੇ ਮੁਲਕ/ਸਰਮਾਏਦਾਰ ਕਾਰੋਬਾਰੀ ਚਾਹੁੰਦੇ ਹਨ ਕਿ ਦੁਨੀਆ ਵਿਚ ਕਿਤੇ ਨਾ ਕਿਤੇ ਜੰਗ ਲੱਗੀ ਰਹੇ, ਉਸੇ ਤਰ੍ਹਾਂ ਦਵਾਈਆਂ ਦੇ ਕਾਰੋਬਾਰੀ ਵੀ ਚਾਹੁੰਦੇ ਹਨ, ਬਿਮਾਰੀਆਂ ਚਲਦੀਆਂ ਰਹਿਣ। ਇਹ ਸਰਮਾਏਦਾਰੀ ਸੋਚ ਹੈ ਜਿਸ ਤਹਿਤ ਨਵੇਂ ਬਾਜ਼ਾਰ ਲੱਭੇ ਜਾਂਦੇ ਹਨ ਜਾਂ ਪੈਦਾ ਕੀਤੇ ਜਾਂਦੇ ਹਨ, ਭਾਵੇਂ ਉਹ ਕੋਈ ਵੀ ਸਮਾਨ ਬਣਾਉਣ, ਸਾਬਣ ਸੈਂਪੂ ਤੋਂ ਲੈ ਕੇ ਦਵਾਈਆਂ ਤੱਕ।

– ਹਥਿਆਰਾਂ ਵਾਲੇ ਅਮਨ-ਅਮਾਨ ਵਾਲੇ ਸਮਿਆਂ ਵਿਚ ਵੀ ਹਥਿਆਰ ਖਰੀਦਣ ਦੀ ਗੱਲ ਕਰਦੇ ਹਨ। ਇਹ ਸਮਝ ਜਾਂ ਨਾਅਰਾ ਸਰਮਾਏਦਾਰੀ ਬਾਜ਼ਾਰ ਵਿਚੋਂ ਹੀ ਨਿਕਲਿਆ ਜਾਪਦਾ ਹੈ ਕਿ ਜੇ ਤੁਸੀਂ ਅਮਨ ਨਾਲ ਰਹਿਣਾ ਚਾਹੁੰਦੇ ਹੋ ਤਾਂ ਜੰਗ ਲਈ ਤਿਆਰ ਰਹੋ। ਆਪਣੇ ਸਿਰ ਥੱਲੇ ਪਿਸਤੌਲ ਰੱਖ ਕੇ ਸੋਵੋ ਜੋ ਆਪਾ-ਵਿਰੋਧੀ ਮਤ ਹੈ। ਇਹੀ ਸੋਚ ਦਵਾਈ ਕੰਪਨੀਆਂ ਦਾ ਰਾਹ ਦਸੇਰਾ ਹੈ ਕਿ ਜੇ ਦਵਾਈਆਂ ਦੇ ਲੜ ਲੱਗੇ ਰਹੋਗੇ ਤਾਂ ਬਿਮਾਰ ਨਹੀਂ ਹੋਵੋਗੇ। ਮੈਡੀਕਲ ਵਿਗਿਆਨ ਵਿਚ ਹੁਣ ਕੁਝ ਬਿਮਾਰੀਆਂ ਨੂੰ ਲੈ ਕੇ ਇਹ ਮੱਦ ਜੁੜ ਗਈ ਹੈ ਕਿ ਚਾਲੀ ਸਾਲ ਤੋਂ ਬਾਅਦ ਆਪਣਾ ਨਿਯਮਿਤ ਚੈੱਕਅੱਪ ਕਰਵਾਓ ਤੇ ਬਿਮਾਰੀ ਨੂੰ ਛੇਤੀ ਫੜ ਕੇ ਨਿਯਮਿਤ ਦਵਾਈ ਖਾਉ।

– ਹਥਿਆਰ ਵੀ ਆਤਮ ਰੱਖਿਆ ਦੀ ਦੁਹਾਈ ਦਿੰਦੇ ਹਨ, ਤੇ ਜਾਂ ਕਿਸੇ ਹੋਰ ਤੇ ਜਿਆਦਤੀ ਹੋ ਰਹੀ ਹੋਵੇ ਤਾਂ ਉਦੋਂ ਵਰਤਣ ਲਈ ਹੈ। ਹਥਿਆਰਾਂ ਵਾਂਗ ਹੁਣ ਦਵਾਈਆਂ ਵੀ ਆਤਮ ਰੱਖਿਆ ਲਈ ਹਨ, ਇਹ ਵਰਤਾਰਾ ਸ਼ੁਰੂ ਹੋ ਗਿਆ ਹੈ। ਬਿਮਾਰੀ ਤੋਂ ਪਹਿਲਾਂ ਦਵਾਈ, ਵੈਕਸੀਨ ਦਾ ਕੰਮ ਉਹੀ ਤਾਂ ਹੈ।

– ਦਵਾਈਆਂ ਦੇ ਖੋਜ ਇਤਿਹਾਸ 'ਚ ਜਾਈਏ ਤਾਂ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਇਹ ਜ਼ਿੰਦਗੀ 'ਚੋਂ ਤਕਲੀਫ਼ ਦੂਰ ਕਰਨ ਦਾ ਜ਼ਰੀਆ ਹਨ। ਦਰਦ ਮੈਡੀਕਲ ਵਿਗਿਆਨ ਵਿਚ ਫਾਇਦੇਮੰਦ ਲੱਛਣ ਮੰਨਿਆ ਜਾਂਦਾ ਹੈ, ਜਦੋਂ ਕੋਈ ਇਸ ਤੋਂ ਰਾਹਤ ਲਈ ਹੱਥ ਪੈਰ ਮਾਰਦਾ ਹੈ ਤੇ ਸਰਗਰਮ ਹੋ ਕੇ ਕੋਈ ਰਾਹ ਲੱਭਦਾ ਹੈ। ਮਨੁੱਖ ਦੇ ਮੁਢਲੇ ਵਿਕਾਸ ਦਾ ਕੇਂਦਰ 'ਤੀਰ ਤੁਕਾ' ਰਿਹਾ ਹੈ; ਫਿਰ ਉਸ ਨੂੰ ਦੁਹਰਾਇਆ ਗਿਆ ਤੇ ਅਪਣਾਇਆ ਗਿਆ। ਅਜਿਹੇ ਲਾਭਕਾਰੀ ਟੋਟਕੇ ਅੱਜ ਵੀ ਜ਼ੁਬਾਨੀ ਜਾਰੀ ਹਨ। ਇਕ ਹੋਰ ਪਹਿਲੂ ਵਿਚਾਰਨਯੋਗ ਹੈ ਕਿ ਮਨੁੱਖੀ ਸਰੀਰ ਵਿਚ ਸਵੈ-ਮੁਰੰਮਤ ਜਾਂ ਆਪਣੇ ਆਪ ਠੀਕ ਹੋਣ ਦਾ ਗੁਣ ਹੈ। ਇਹ ਸੁਰੱਖਿਆ ਪ੍ਰਣਾਲੀ ਹੈ ਜੋ ਬਿਮਾਰੀ ਹੋਣ ਤੋਂ ਰੋਕਦੀ ਵੀ ਹੈ ਤੇ ਬਿਮਾਰ ਹੋਣ ਤੇ ਖੁਦ ਠੀਕ ਵੀ ਕਰ ਦਿੰਦੀ ਹੈ।

– ਉਂਜ, ਜਿਉਂ ਜਿਉਂ ਬਿਮਾਰੀ ਤੇ ਸਿਹਤ ਵਿਗਿਆਨ, ਵਿਗਿਆਨੀਆਂ ਦੇ ਹੱਥੋਂ ਸਰਮਾਏਦਾਰਾਂ ਤੇ ਕਾਰੋਬਾਰੀਆਂ ਦੇ ਨਾਲ ਜੁੜਿਆ ਤਾਂ ਇਸ ਦਾ ਰੂਪ ਬਦਲਣਾ ਸ਼ੁਰੂ ਹੋ ਗਿਆ।

– ਭਾਰਤੀ ਪਰੰਪਰਾ ਦੀ ਪ੍ਰਣਾਲੀ ਆਯੁਰਵੇਦ ਜਿਸ ਦਾ ਅਰਥ ਜੀਵਨ ਦਾ ਵਿਗਿਆਨ ਹੈ, ਬਿਮਾਰੀ ਨੂੰ ਘੱਟ ਤਵੱਜੋ ਦਿੰਦੀ ਹੈ, ਬਚਾਅ ਨੂੰ ਵੱਧ; ਪਰ ਉਸ ਪਰੰਪਰਾ ਨੂੰ ਦੇਵੀ ਦੇਵਤਿਆਂ ਨਾਲ ਜੋੜ ਕੇ, ਜਜ਼ਬਾਤੀ ਬਣਾ ਕੇ ਰੱਖਿਆ। ਵਿਦੇਸ਼ੀ ਦਵਾ ਪ੍ਰਣਾਲੀ, ਅੰਗਰੇਜ਼ ਲਿਆਏ ਜੋ ਵਿਗਿਆਨਕ ਲੀਹਾਂ ਤੇ ਉਸਾਰੀ ਅਤੇ ਲਗਾਤਾਰ ਖੋਜ ਰਾਹੀਂ ਵਿਕਸਿਤ ਹੋਈ, ਭਾਰਤੀ ਪਰੰਪਰਾ ਨੂੰ ਇਕ ਪਾਸੇ ਧੱਕ ਦਿੱਤਾ ਅਤੇ ਅੱਜ ਪੂਰੀ ਦੁਨੀਆ ਇਸ ਦੀ ਜਕੜ ਵਿਚ ਹੈ ਕਿ ਖੋਜ ਅਤੇ ਬਾਜ਼ਾਰ ਦੇ ਨਾਂ ਤੇ ਇਸ ਦਾ ਦਬਦਬਾ ਹੈ। ਸਿਹਤ ਅਤੇ ਮੈਡੀਸਨ ਦੇ ਭਾਰਤੀ ਦੇਵਤਾ 'ਧਨਵੰਤਰੀ' ਨੂੰ ਧਨਤੇਰਸ ਵਿਚ ਬਦਲ ਕੇ ਸੋਨਾ ਜਾਂ ਅਜਿਹੇ ਹੋਰ ਧਾਤੂ ਦੀ ਖਰੀਦਦਾਰੀ ਨਾਲ ਜੋੜ ਲਿਆ ਅਤੇ ਸਿਹਤ ਬਾਰੇ ਵਿਚਾਰ ਚਰਚਾ ਨੂੰ ਵੀ ਅਸੀਂ ਖੁਦ ਕਿਨਾਰੇ ਕਰ ਲਿਆ।

– ਸਵਾਲ ਸੀ ਜ਼ਿੰਦਗੀ ਵਿਚੋਂ ਤਕਲੀਫ਼ ਖਤਮ ਕਰਨ ਦਾ, ਨਾ ਕਿ ਇਸ ਦਰਦ ਨੂੰ ਲਮਕਾ ਕੇ ਫਾਇਦਾ ਲੈਣ ਦਾ। ਫਾਇਦਾ ਸਰਮਾਏਦਾਰੀ ਦਾ ਮੂਲ ਮੰਤਰ ਹੈ। ਉਸ ਨੂੰ ਦਰਦ/ਤਕਲੀਫ ਪਰੇਸ਼ਾਨ ਨਹੀਂ ਕਰਦੇ ਕਿਉਂਕਿ ਇਸ ਦੇ ਜ਼ਰੀਏ ਹੀ ਉਸ ਨੇ ਧਨਾਢ ਹੋਣਾ ਹੈ। ਇਕ ਘਟਨਾ ਹੈ: ਦਵਾਈ ਕੰਪਨੀ ਦਾ ਏਜੰਟ ਡਾਕਟਰ ਨੂੰ ਆਪਣੀ ਦਵਾਈ ਲਿਖਣ ਦੀ ਗੁਜਾਰਿਸ਼ ਕਰ ਰਿਹਾ ਹੈ। ਡਾਕਟਰ ਕਹਿੰਦਾ ਹੈ- ਇਹ ਦਵਾ ਲਿਖੀ ਜਾ ਰਹੀ ਹੈ, ਕਾਫ਼ੀ ਮਕਬੂਲ ਹੈ। ਏਜੰਟ ਕਹਿੰਦਾ ਹੈ- ਥੋੜ੍ਹੀ ਹੋਰ ਵਧਾਉ, ਕੰਪਨੀ ਨੇ ਦਸ ਫੀਸਦੀ ਟੀਚਾ (ਟਾਰਗੈੱਟ) ਹੋਰ ਵਧਾ ਦਿੱਤਾ ਹੈ; ਟੀਚਾ, ਭਾਵ ਬਿਨਾ ਲੋੜ ਤੋਂ ਦਵਾ ਲਿਖਣੀ ਜਾਂ ਲੋੜ ਪੈਦਾ ਕਰਨੀ। ਦੁਨੀਆ ਵਿਚ ਸਭ ਤੋਂ ਵੱਧ ਵਿਕਣ ਵਾਲੀ ਦਵਾਈ 'ਐਂਟੀਏਸਿਡ' ਹੈ, ਤੇਜ਼ਾਬ ਪੈਦਾ ਨਾ ਹੋਣ ਦੇਣ ਵਾਲੀ। ਡਾਕਟਰ ਸਮਝਦਾ ਹੈ ਕਿ ਸਾਰੀਆਂ ਦਵਾਈਆਂ ਹੀ ਤੇਜ਼ਾਬ ਪੈਦਾ ਕਰਦੀਆਂ ਹਨ, ਇਸ ਲਈ ਇਹ ਲਿਖਣ ਵਿਚ ਕੋਈ ਹਰਜ ਨਹੀਂ। ਦੂਜੀ ਹੈ ਬੀ ਕੰਪਲੈਕਸ, ਭਾਵ ਤਾਕਤ ਦੀ ਦਵਾਈ।

– ਇਥੇ ਫਿਰ ਇਕ ਪ੍ਰਕਿਰਿਆ ਸ਼ੁਰੂ ਹੁੰਦੀ ਹੈ। ਜੋ ਸਰਮਾਏਦਾਰ ਡਾਕਟਰ ਨੂੰ ਦਵਾ ਲਿਖਣ ਦਾ ਹਿੱਸੇਦਾਰ ਬਣਾਉਂਦਾ ਹੈ, ਉਹ ਡਾਕਟਰਾਂ ਨੂੰ ਤੋਹਫੇ ਦਿੰਦਾ ਹੈ, ਵਿਦੇਸ਼ਾਂ ਦੀ ਸੈਰ ਕਰਵਾਉਂਦਾ ਹੈ, ਕਾਨਫਰੰਸਾਂ ਲਈ ਮਦਦ ਕਰਦਾ ਹੈ ਜਾਂ ਕਿਤੇ ਕਿਤੇ ਸਿੱਧਾ ਕਮਿਸ਼ਨ ਵੀ ਦਿੰਦਾ ਹੈ। ਸਾਡੇ ਇਕ ਪ੍ਰੋਫੈਸਰ ਪੰਜ ਦਹਾਕੇ ਪਹਿਲਾਂ ਗੱਲ ਸੁਣਾਉਂਦੇ ਸੀ: 'ਜੇ ਡਾਕਟਰ ਇਕ ਦਵਾ ਲਿਖਦਾ ਹੈ ਤਾਂ ਮਤਲਬ ਉਸ ਨੇ ਬਿਮਾਰੀ ਫੜ ਲਈ ਹੈ, ਜੇ ਦੋ ਦਵਾਈਆਂ ਲਿਖਦਾ ਹੈ ਤਾਂ ਅਜੇ ਉਸ ਨੂੰ ਪੂਰਾ ਯਕੀਨ ਨਹੀਂ ਹੈ, ਤੇ ਜੇ ਤਿੰਨ ਲਿਖੇ ਤਾਂ ਸਮਝੋ ਉਹ ਭੰਬਲਭੂਸੇ ਵਿਚ ਹੈ ਤੇ ਇਸ ਤੋਂ ਵੱਧ ਲਿਖੇ ਤਾਂ ਪੱਕਾ ਦਵਾ ਕੰਪਨੀ ਦਾ ਏਜੰਟ ਹੈ।'

– ਦਵਾਈ ਦਾ ਰਿਸ਼ਤਾ ਬਿਮਾਰੀ ਨਾਲ ਹੈ, ਸਿਹਤ ਨਾਲ ਹੈ ਤੇ ਨਾਲ ਹੀ ਬਾਜ਼ਾਰ ਨਾਲ ਵੀ, ਜਦੋਂ ਸਰਕਾਰਾਂ ਲੋਕਾਂ ਨੂੰ ਆਪਣੇ ਹਾਲ ਤੇ ਛੱਡ ਦੇਣ। ਦਵਾਈ ਆਪ ਪੈਸਾ ਖਰਚ ਕੇ ਬਾਜ਼ਾਰੋਂ ਮਿਲਦੀ ਹੈ। ਇਸ ਦਾ ਇਕ ਹੋਰ ਪਾਸਾ ਹੈ ਕਿ ਬਿਮਾਰੀਆਂ ਵੱਧ ਅਤੇ ਵਾਰ ਵਾਰ ਕਿਸ ਨੂੰ ਹੁੰਦੀਆਂ ਹਨ। ਨਿਸ਼ਚਿਤ ਹੀ ਜਿਸ ਦੀ ਸੁਰੱਖਿਆ ਪ੍ਰਣਾਲੀ ਕਮਜੋਰ ਹੈ, ਜਿਸ ਕੋਲ ਖਾਣ ਲਈ ਲੋੜੀਂਦੀ ਪੌਸ਼ਟਿਕ ਖੁਰਾਕ ਨਹੀਂ ਹੈ; ਕਹਿ ਲਓ ਗਰੀਬ ਲੋਕ।

– ਇਥੇ ਇਕ ਹੋਰ ਪਹਿਲੂ ਵਿਚਾਰਨ ਵਾਲਾ ਹੈ ਕਿ ਅਜੋਕੇ ਸਮੇਂ ਵਿਚ ਸਾਫ਼ ਸਪੱਸ਼ਟ ਅਮੀਰ ਗਰੀਬ ਦੀਆਂ ਬਿਮਾਰੀਆਂ ਦੀ ਸੂਚੀ ਹੈ, ਭਾਵੇਂ ਰਾਜਨੀਤੀਵਾਨ ਕਹਿੰਦੇ ਹਨ ਕਿ ਬਿਮਾਰੀ ਅਮੀਰ ਗਰੀਬ ਨਹੀਂ ਦੇਖਦੀ ਪਰ ਡਾਕਟਰੀ ਇਲਾਜ ਤਾਂ ਜੇਬ ਦੇਖਦਾ ਹੀ ਹੈ। ਫਿਰ ਵੀ ਟੀਬੀ ਅਤੇ ਮਲੇਰੀਆ ਵਰਗੀਆਂ ਬਿਮਾਰੀਆਂ ਬਹੁਤਾਤ ਵਿਚ ਗਰੀਬਾਂ ਨੂੰ ਹੁੰਦੀਆਂ ਹਨ ਤੇ ਮੋਟਾਪਾ, ਸ਼ੂਗਰ ਰੋਗ, ਦਿਲ ਦੀਆਂ ਬਿਮਾਰੀਆਂ ਦਾ ਜਿਆਦਾ ਹਮਲਾ ਰੱਜੇ ਪੁੱਜੇ ਲੋਕਾਂ ਤੇ ਹੁੰਦਾ ਹੈ। ਇਹ ਗੱਲ ਉਭਾਰਨ ਦਾ ਮਤਲਬ ਇਹ ਹੈ ਕਿ ਵਪਾਰੀ, ਕਾਰੋਬਾਰੀ, ਕਾਰਪੋਰੇਟ, ਦਵਾਈ ਕੰਪਨੀਆਂ ਬਾਜ਼ਾਰ ਮੁਤਾਬਿਕ ਚੀਜਾਂ ਬਣਾਉਂਦੇ ਅਤੇ ਖੋਜ ਕਰਵਾਉਂਦੇ ਹਨ। ਪਿਛਲੇ ਕਈ ਸਾਲਾਂ ਦੇ ਖੋਜ ਕਾਰਜਾਂ ਤੇ ਨਜ਼ਰ ਮਾਰ ਕੇ ਦੇਖੋ, ਸ਼ੂਗਰ ਅਤੇ ਬਲੈੱਡ ਪ੍ਰੈਸ਼ਰ ਦੇ ਮਰੀਜ਼ਾਂ ਨੂੰ ਲੈ ਕੇ ਖੋਜ ਹਮੇਸ਼ਾ ਚੱਲਦੀ ਰਹਿੰਦੀ ਹੈ। ਹਰ ਦੋ ਤਿੰਨ ਸਾਲਾਂ ਬਾਅਦ ਕੋਈ ਨਾ ਕੋਈ ਨਵੀਂ ਦਵਾ ਆ ਜਾਂਦੀ ਹੈ ਜਦੋਂ ਕਿ ਟੀਬੀ ਅਤੇ ਮਲੇਰੀਆ ਨੂੰ ਲੈ ਕੇ ਸਾਲਾਂਬੱਧੀ ਖੋਜ ਨਹੀਂ ਹੁੰਦੀ। ਇਹ ਤੱਥ ਹੈ ਕਿ ਖੋਜ ਲਈ ਨਿਸ਼ਚਿਤ 90 ਫੀਸਦੀ ਪੈਸਾ ਅਮੀਰਾਂ ਦੀਆਂ ਬਿਮਾਰੀਆਂ ਨੂੰ ਲੈ ਕੇ ਚਾਹੀਦੇ ਇਲਾਜ ਤੇ ਵਰਤਿਆ ਜਾਂਦਾ ਹੈ।

– ਬਾਜ਼ਾਰ ਦੇ ਮੱਦੇਨਜ਼ਰ ਇਕ ਹੋਰ ਪਹਿਲੂ ਕਿ ਕਿਸੇ ਵੀ ਬਿਮਾਰੀ ਲਈ ਦਵਾਈ ਦਿੱਤੀ ਜਾਵੇ ਤੇ ਫਿਰ ਉਸ ਦਵਾਈ ਦੇ ਫਾਇਦੇ ਦੇ ਨਾਲ ਕੋਈ ਬੁਰਾ ਅਸਰ ਵੀ ਨਜ਼ਰ ਆਵੇ ਤਾਂ ਡਾਕਟਰ ਉਸ ਪ੍ਰਭਾਵ ਨੂੰ ਘੱਟ ਕਰਨ ਲਈ ਇਕ ਹੋਰ ਦਵਾਈ ਜੋੜ ਦਿੰਦਾ ਹੈ, ਜਿਵੇਂ ਤੇਜ਼ਾਬ ਲਈ ਗੋਲੀ; ਤੇ ਇਹ ਸਿਲਸਿਲਾ ਚਲਦਾ ਰਹਿੰਦਾ ਹੈ ਜਦੋਂ ਕਿ ਖੋਜ ਮੁਢਲੀ ਦਵਾ 'ਤੇ ਹੋਣੀ ਚਾਹੀਦੀ ਹੈ।

– ਉਂਜ ਵੀ ਮਰੀਜ ਨੂੰ ਬਹੁਤੀ ਵਾਰ ਲੱਛਣਾਂ ਦੇ ਆਧਾਰ ਤੇ ਦਵਾਈ ਦਿੱਤੀ ਜਾਂਦੀ ਹੈ; ਲੋੜ ਹੁੰਦੀ ਹੈ ਕਿ ਤਕਲੀਫ਼ ਦੇ ਰਹੇ ਲੱਛਣ ਤੋਂ ਰਾਹਤ ਮਿਲੇ ਪਰ ਕਦੇ ਡਾਕਟਰ ਉਸ ਦੀ ਜੜ੍ਹ ਵੱਲ ਨਹੀਂ ਜਾਂਦੇ ਕਿ ਇਹ ਹਾਲਤ ਜੋ ਹੁਣ ਬਣੀ ਹੈ, ਫਿਰ ਨਾ ਬਣੇ।


– ਦਵਾ ਕੰਪਨੀਆਂ ਦਾ ਗਲਬਾ ਹੁਣ ਕਿਸੇ ਇਕ ਮੁਲਕ ਤੱਕ ਸੀਮਤ ਨਹੀਂ ਹੈ। ਇਹ ਹੁਣ ਸੰਸਾਰ ਸਿਹਤ ਸੰਸਥਾ ਦੇ ਜ਼ਰੀਏ ਸਾਰੇ ਸੰਸਾਰ ਤੇ ਹੈ। ਤੁਸੀਂ ਅੰਦਾਜਾ ਲਗਾਓ, ਬਲੱਡ ਸ਼ੂਗਰ ਦੀ ਬਿਮਾਰੀ ਦੀ ਸੀਮਾ ਜੋ ਕਦੇ 120 ਸੀ, ਹੁਣ 105 ਹੈ; ਇਸੇ ਤਰ੍ਹਾਂ ਕੋਲੈਸਟਰੋਲ ਨੂੰ ਲੈ ਕੇ 200-250 ਕਾਫੀ ਸਮਾਂ ਰਹੀ ਸੀਮਾ ਹੁਣ 150-200 ਹੈ। ਇਹ ਸੀਮਾ ਤੈਅ ਕੌਣ ਕਰਦਾ ਹੈ? ਇਸ ਲਈ ਭਾਵੇਂ ਮਾਹਿਰਾਂ ਦੀ ਕਮੇਟੀ ਹੁੰਦੀ ਹੈ ਪਰ ਅੰਦਾਜਾ ਲਗਾਓ ਕਿਸੇ ਵੀ ਸੀਮਾ ਨੂੰ ਘੱਟ ਕਰਨ ਨਾਲ ਰਾਤੀਂ ਚੈਨ ਨਾਲ ਸੁੱਤੇ ਲੋਕ ਸਵੇਰੇ ਸ਼ੂਗਰ ਦੇ ਮਰੀਜ਼ ਬਣ ਕੇ ਉਠਦੇ ਹਨ ਤੇ ਦਵਾ ਕੰਪਨੀਆਂ ਨੂੰ ਬਣਿਆ ਬਣਾਇਆ ਬਾਜ਼ਾਰ ਮਿਲ ਜਾਂਦਾ ਹੈ।

– ਇਹ ਮਾਡਲ ਹੈ ਜਿਥੇ ਬਾਜ਼ਾਰ ਕਿੰਨੀ ਹੀ ਫ਼ਿਰਕਮੰਦੀ ਜ਼ਾਹਿਰ ਕਰਦਾ ਹੈ। ਦਵਾ ਕੰਪਨੀ ਮੈਨਕਾਇੰਡ ਲਈ ਮੁਲਕ ਦਾ ਮਸ਼ਹੂਰ ਅਦਾਕਾਰ ਇਸ਼ਤਿਹਾਰ ਦਿੰਦਾ ਹੈ ਕਿ ਇਹ ਤੁਹਾਡੀ ਸੇਵਾ ਵਿਚ ਲੱਗੀ ਹੈ, ਡਾਕਟਰ ਮਿਹਨਤ ਕਰਕੇ ਤੁਹਾਡੀ ਬਿਮਾਰੀ ਲੱਭਦਾ ਹੈ- ਸ਼ੂਗਰ ਜਾਂ ਬੀਪੀ, ਫਿਰ ਪਰਚੀ ਤੇ ਦਵਾ ਲਿਖਦਾ ਹੈ, ਤੇ ਤੁਸੀਂ ਉਸ ਨੂੰ ਸੰਜੀਦਗੀ ਨਾਲ ਨਹੀਂ ਲੈਂਦੇ। ਡਾਕਟਰ ਜੋ ਲਿਖਦਾ ਹੈ, ਉਹ ਲਓ ਤੇ ਜਦੋਂ ਤਕ ਕਹਿੰਦਾ ਹੈ, ਦਵਾਈ ਲਓ। ਇਹ ਸਰਮਾਏਦਾਰੀ ਦਾ ਧੋਖਾ ਦੇਊ ਚਿਹਰਾ ਹੈ। ਉਨ੍ਹਾਂ ਨੂੰ ਫ਼ਿਕਰ ਹੀ ਮੁਨਾਫੇ ਦਾ ਹੈ। ਉਨ੍ਹਾਂ ਨੇ ਇਸ ਅਦਾਕਾਰ ਨੂੰ ਘੱਟੋ-ਘੱਟ ਇਕ ਕਰੋੜ ਦਿੱਤਾ ਹੋਵੇਗਾ।

– ਖੈਰ! ਅਸੀਂ ਵੀ ਸੁਚੇਤ ਨਹੀਂ ਹਾਂ ਜਾਂ ਸਾਨੂੰ ਕੀਤਾ ਨਹੀਂ ਹੈ, ਤੇ ਨਾਲ ਹੀ ਮਰੀਜ ਨੂੰ ਜੋ ਡਾਕਟਰ ਤੇ ਵਿਸ਼ਵਾਸ ਹੈ, ਉਹ ਵੀ ਇਹ ਹਾਲਤ ਬਣਾਈ ਰੱਖਣ ਵਿਚ ਮਦਦ ਕਰਦਾ ਹੈ। ਅਸੀਂ ਸਵਾਲ ਹੀ ਨਹੀਂ ਕਰਦੇ, ਨਾਲੇ ਡਾਕਟਰ ਵੀ ਉਸ ਮਾਨਸਿਕਤਾ ਵਾਲੇ ਨਹੀਂ ਕਿ ਹੱਸ ਕੇ ਸਮਝਾਉਣ ਤੇ ਜਵਾਬ ਦੇਣ। ਕਾਰੋਬਾਰੀ ਨੂੰ ਤਾਂ ਇਹ ਮੁਆਫ਼ਿਕ ਹੀ ਨਹੀਂ।

ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ।
ਸੰਪਰਕ: 98158-08506

# ਕੌਮ ਕਿੱਥੇ ਹੈ



ਸੁਰਿੰਦਰ ਗੀਤ
403-605-3734



(ਪਿਛਲੇ ਅੰਕ ਦੀ ਬਾਕੀ)

ਨਿੰਦਰ ਦੀ ਮਾਂ ਨੇ ਆਪਣੀ ਧੀ ਮੀਤਾਂ ਨਾਲ ਰਲ ਕੇ ਆਪਣੀ ਕੈਨੇਡਾ ਵਸਦੀ ਨਨਾਣ ਨੂੰ ਫੋਨ ਕੀਤਾ। ਨਿੰਦਰ ਦੀ ਭੂਆ ਹਰਜੀਤ ਕੌਰ ਨੇ ਬਿਨਾਂ ਆਪਣੇ ਭਰਾ ਦੀ ਪਰਵਾਹ ਕੀਤਿਆਂ ਭਾਰਤ ਦੀ ਟਿਕਟ ਖਰੀਦ ਲਈ ਤੇ ਸਿੱਧੀ ਗਾਂਧੀ ਨਗਰ ਪੁੱਜ ਗਈ । ਇਕ ਵਾਰ ਫਿਰ ਆਸੇ ਪਾਸੇ ਦੇ ਘਰਾਂ ਵਾਲੇ ਨਿੰਦਰ ਦੇ ਘਰ 'ਚ ਇਕੱਠੇ ਹੋ ਗਏ ਤੇ ਰੋਂਦੀ ਹਰਜੀਤ ਨੂੰ ਹੌਂਸਲਾ ਦੇਣ ਲੱਗੇ। ਕਿਸੇ ਨੇ ਉਸ ਲਈ ਚਾਹ ਬਣਾਈ, ਕਿਸੇ ਨੇ ਖਾਣਾ ਬਣਾਇਆ ਤੇ ਕਿਸੇ ਨੇ ਉਸਦੇ ਸੌਣ ਦਾ ਪ੍ਰਬੰਧ ਕੀਤਾ।

ਹਰਜੀਤ ਦਿੱਲੀ ਵਿੱਚ ਆਪਣੀ ਇਕ ਸਹੇਲੀ ਦੇ ਘਰ ਰਹੀ। ਉਸਨੇ ਕੈਨੇਡੀਅਨ ਐਮਬੈਸੀ ਨੂੰ ਹਾਲਾਤ ਤੋਂ ਜਾਣੂੰ ਕਰਵਾ ਕੇ ਰੂਪੀ ਨੂੰ ਆਪਣੇ ਨਾਲ ਕੈਨੇਡਾ ਲੈ ਜਾਣ ਦੀ ਇੱਛਾ ਪ੍ਰਗਟ ਕੀਤੀ। ਉਸਨੇ ਰੂਪੀ ਨਾਲ ਆਪਣੇ ਰਿਸ਼ਤੇ ਦੇ ਸਾਰੇ ਸਬੂਤ ਪੇਸ਼ ਕਰਕੇ ਅਤੇ ਇਕ ਚੰਗੇ ਵਕੀਲ ਦੀ ਮੱਦਦ ਨਾਲ ਉਸਨੂੰ ਅਡਾਪਟ ਕਰ ਲਿਆ। ਐਮਬੈਸੀ ਨੇ ਵੀ ਇਸ ਕੇਸ ਨੂੰ ਖਾਸ ਕਿਸਮ ਦੇ ਕੇਸਾਂ ਵਿੱਚ ਰੱਖ ਕੇ ਰੂਪੀ ਨੂੰ ਹਰਜੀਤ ਨੂੰ ਸੌਂਪ ਦਿੱਤਾ।

ਹਰਜੀਤ ਬੜੇ ਹੌਂਸਲੇ ਵਾਲੀ ਔਰਤ ਸੀ। ਉਸਦੇ ਮਨ ਵਿੱਚ ਆਪਣੇ ਭਰਾ ਚਮਕੌਰ ਸਿੰਘ ਬਾਰੇ ਬਹੁਤ ਰੋਸ ਸੀ। ਉਹ ਆਖਦੀ ਕਿ ਉਸਦਾ ਭਰਾ ਏਨਾ ਪੱਥਰ ਦਿਲ ਹੋਵੇਗਾ. ਸੋਚ ਵੀ ਨਹੀਂ ਸੀ ਸਕਦੀ। ਉਸਨੇ ਚਮਕੌਰ ਸਿੰਘ ਨੂੰ ਫੋਨ ਕਰਕੇ ਆਖ ਹੀ ਦਿੱਤਾ, "ਮੈਨੂੰ, ਤੈਨੂੰ ਆਪਣਾ ਭਰਾ ਕਹਿੰਦੇ ਹੋਏ ਵੀ ਸ਼ਰਮ ਆਉਂਦੀ ਹੈ।"

ਏਸੇ ਕਰਕੇ ਉਹ ਇਸ ਵਾਰ ਆਪਣੇ ਪੇਕੇ ਪਿੰਡ ਵੀ ਨਹੀਂ ਗਈ। ਦਿੱਲੀ ਤੋਂ ਸਿੱਧੀ ਹੀ ਰੂਪੀ ਨੂੰ ਨਾਲ ਲੈ ਕੇ ਕੈਨੇਡਾ ਦੇ ਸੋਹਣੇ ਜਿਹੇ ਸ਼ਹਿਰ ਵੈਨਕੂਵਰ ਵਿੱਚ ਸਥਿਤ ਆਪਣੇ ਘਰ ਆ ਗਈ।

ਰੂਪੀ ਰਾਤ ਨੂੰ ਅੱਭੜ ਵਾਹੇ ਉੱਠ ਖਲੋਂਦੀ। ਫਿਰ ਕਿੰਨਾ ਕਿੰਨਾ ਚਿਰ ਡਰਦੀ ਰਹਿੰਦੀ। ਹੌਕੇ ਭਰਦੀ ਭਰਦੀ ਸੌਂ ਜਾਂਦੀ। ਰੂਪੀ ਦਿਨ ਵੇਲੇ ਵੀ ਬਲਦੀ ਅੱਗ ਵੇਖ ਕੇ ਡਰ ਜਾਂਦੀ ਸੀ ਪਰ ਉਹ ਬੋਲ ਕੇ ਦੱਸ ਨਹੀਂ ਸੀ ਸਕਦੀ। ਅਜੇ ਬਹੁਤ ਛੋਟੀ ਸੀ।

ਜਿਵੇਂ ਜਿਵੇਂ ਰੂਪੀ ਵੱਡੀ ਹੁੰਦੀ ਗਈ ਤਿਵੇਂ ਤਿਵੇਂ ਉਸਦੀ ਨਾਨੀ ਭੂਆ ਹਰਜੀਤ ਨੂੰ ਉਸਦੀ ਮੁਸ਼ਕਿਲ ਸਮਝ ਵਿੱਚ ਆਉਣ ਲੱਗ ਪਈ। ਰੂਪੀ ਨੂੰ ਬਲਦੀ ਅੱਗ ਤੋਂ ਡਰ ਲੱਗਦਾ ਸੀ। ਉਸਦੇ ਅਚੇਤ ਦਿਮਾਗ ਵਿੱਚ ਬਲਦੀ ਮਾਂ ਦੀ ਤਸਵੀਰ ਆ ਜਾਂਦੀ, ਡਰ ਜਾਂਦੀ, ਸਹਿਮ ਜਾਂਦੀ ਤੇ ਆਪਣੀ ਨਾਨੀ ਭੂਆ ਦੀ ਬੁੱਕਲ ਵਿੱਚ ਜਾ ਛੁੱਪਦੀ। ਰੂਪੀ ਹਰਜੀਤ ਨੂੰ ਮੰਮੀ ਆਖਣ ਲੱਗ ਪਈ ਸੀ । ਹੁਣ ਉਹ ਹੀ ਉਸਦੀ ਦੀ ਮੰਮੀ ਸੀ ਜੋ ਉਸਦਾ ਪਾਲਣ ਪੋਸਣ ਕਰ ਰਹੀ ਸੀ ।

ਹਰਜੀਤ ਕੌਰ ਧਾਰਮਿਕ ਬਿਰਤੀ ਵਾਲੀ ਔਰਤ ਸੀ । ਉਹ ਆਪ ਵੀ ਸਿੱਖ ਇਤਿਹਸ ਪੜ੍ਹਦੀ ਰਹਿੰਦੀ ਸੀ ਅਤੇ ਰੂਪੀ ਨੂੰ ਵੀ ਸਿੱਖ ਇਤਿਹਾਸ ਬਾਰੇ ਦੱਸਦੀ ਰਹਿੰਦੀ ਸੀ । ਹਰਜੀਤ ਨੇ ਰੂਪੀ ਨੂੰ ਇਹ ਵੀ ਦੱਸਿਆ ਸੀ ਕਿ ਜਦੋਂ ਡਰ ਲੱਗੇ ਜਾਂ ਅੱਗ ਦਿਸੇ ਤਾਂ ਵਾਹਿਗੂਰੂ ਵਾਹਿਗੁਰੂ ਕਰੀਦਾ ਹੈ ।

ਰੂਪੀ ਨੂੰ ਬਹੁਤ ਸਾਰੇ ਡਾਕਟਰਾਂ ਨੂੰ ਦਿਖਾਇਆ ਗਿਆ । ਸ਼ਹਿਰ ਦੇ ਵੱਡੇ ਤੋਂ ਵੱਡੇ ਮਨੋਵਿਗਿਆਨੀਆਂ ਦੀ ਸਲਾਹ ਲਈ ਗਈ ਪਰ ਕਿਤੋਂ ਵੀ ਭੋਰਾ ਅੱਸਰ ਨਹੀਂ ਹੋਇਆ। ਜਿਵੇਂ ਜਿਵੇਂ ਰੂਪੀ ਵੱਡੀ ਹੁੰਦੀ ਜਾਂਦੀ ਰੂਪੀ ਦੀ ਬੀਮਾਰੀ ਵੱਧਦੀ ਜਾਂਦੀ। ਹੁਣ ਤਾਂ ਉਸਨੂੰ ਕਦੇ ਕਦੇ ਗੈਸ ਦੇ ਚੁਲ੍ਹੇ ਦੀ ਲਾਟ ਤੋਂ ਵੀ ਡਰ ਆਉਣ ਲੱਗਦਾ। ਅੱਗ ਦੇਖ ਉਹ ਸਹਿਮ ਜਾਦੀ ਤਾਂ ਦੌੜ ਕੇ ਮੰਮੀ ਨਾਲ ਜਾ ਬਹਿੰਦੀ ਤੇ ਇਉਂ ਝਾਕਦੀ ਜਿਵੇਂ ਕੋਈ ਉਸਦੇ ਸਾਹਮਣੇ ਅੱਗ ਵਿੱਚ ਸੜ ਰਿਹਾ ਹੋਵੇ।

ਰੂਪੀ ਨੇ ਕਿਵੇਂ ਨਾ ਕਿਵੇਂ ਬਾਰਾਂ ਜਮਾਤਾਂ ਪਾਸ ਕਰ ਲਈਆਂ। ਕੈਨੇਡਾ 'ਚ ਪੜ੍ਹਾਈ ਦਾ ਸਰਕਾਰੀ ਪ੍ਰਬੰਧ ਚੰਗਾ ਹੋਣ ਕਰਕੇ ਹੀ ਉਹ ਏਥੋਂ ਤੱਕ ਪੜ੍ਹ ਗਈ। ਉਸਦੇ ਅਧਿਆਪਕ ਉਸਦੇ ਮਨ ਦੀ ਹਾਲਤ ਨੂੰ ਬਹੁਤ ਚੰਗੀ ਤਰ੍ਹਾਂ ਸਮਝਦੇ ਸਨ ਅਤੇ ਉਹ ਉਸਦੀ ਪੂਰੀ ਪੂਰੀ ਮੱਦਦ ਕਰਦੇ ਸਨ।

ਉਸਦੀ ਮਾੜੀ ਕਿਸਮਤ ਨੇ ਫਿਰ ਫੇਰਾ ਪਾਇਆ। ਉਸਦੀ ਮੰਮੀ ਹਰਜੀਤ ਦਾ ਐਕਸੀਡੈਂਟ ਹੋ ਗਿਆ। ਇਹ ਹਾਦਸਾ ਏਨਾ ਭਿਆਨਕ ਸੀ ਕਿ ਹਰਜੀਤ ਥਾਂ ਤੇ ਹੀ ਸਵਾਸ ਤਿਆਗ ਗਈ। ਰੂਪੀ ਦੀ ਮਾਂ ਹੁਣ ਦੋਬਾਰਾ ਮਰੀ ਸੀ। ਰੂਪੀ ਬਹੁਤ ਰੋਈ ਪਰ ਕਿਸੇ ਵੀ ਰੱਬ ਨੇ ਉਸਦੀਆਂ ਚੀਕਾਂ ਤੇ ਸਿਸਕੀਆਂ ਨਾ ਸੁਣੀਆਂ।

ਹਰਜੀਤ ਨੂੰ ਪੂਰੇ ਹੋਇਆਂ ਸਾਲ ਬੀਤ ਗਿਆ।

ਹੁਣ ਤੱਕ ਤਾਂ ਹਰਜੀਤ ਹੀ ਰੂਪੀ ਦੀ ਦੇਖ ਭਾਲ ਕਰਦੀ ਰਹੀ ਸੀ। ਉਹ ਪੂਰੇ ਰੋਅਬ ਦਾਬ ਵਾਲੀ ਅਸੂਲੀ ਔਰਤ ਸੀ। ਘਰ ਦਾ ਕੋਈ ਵੀ ਜੀਅ ਉਸਦੀ ਗੱਲ ਟਾਲਣ ਦਾ ਹੌਸਲਾ ਨਹੀਂ ਸੀ ਕਰਦਾ। ਪਰ ਉਸਦੇ ਅੱਖਾਂ ਮੀਟਣ ਦੀ ਦੇਰ ਹੀ ਸੀ ਕਿ ਸਾਰਾ ਟੱਬਰ ਰੂਪੀ ਨੂੰ ਬੋਝ ਸਮਝਣ ਲੱਗ ਪਿਆ। ਹਰਜੀਤ ਕੌਰ ਦਾ ਪਤੀ ਨਿਰਭੈ ਸਿੰਘ ਵੀ ਰੂਪੀ ਨੂੰ ਓਪਰੀ ਜਿਹੀ ਨਿਗਾਹ ਨਾਲ ਦੇਖਣ ਲੱਗ ਪਿਆ। ਰੂਪੀ ਨਿਰਭੈ ਸਿੰਘ ਨੂੰ ਪਾਪਾ ਆਖਿਆ ਕਰਦੀ ਸੀ । ਹੁਣ ਪਾਪਾ ਵੀ ਬਦਲ ਗਿਆ। ਪਹਿਲਾਂ ਵਾਲਾ ਨਾ ਰਿਹਾ।

ਇਕ ਦਿਨ ਨਿਰਭੈ ਸਿੰਘ ਦਾ ਸਾਰਾ ਪਰਿਵਾਰ ਆਪਣੇ ਘਰ ਪਿੱਛਲੇ ਵਿਹੜੇ 'ਚ ਬੈਠਾ ਬਾਰਬੀਕਿਊ ਕਰ ਰਿਹਾ ਸੀ। ਉਸਦੇ ਮੁੰਡੇ ਦੇ ਦੋਸਤ ਅਤੇ ਨੂੰਹ ਦੀਆਂ ਸਹੇਲੀਆਂ ਭੁੰਨੇ ਮੁਰਗੇ ਅਤੇ ਵਿਸਕੀ ਦਾ ਆਨੰਦ ਮਾਣ ਰਹੇ ਸਨ। ਸਭ ਆਪੋ ਆਪਣੀਆਂ ਗੱਲਾਂ ਵਿੱਚ ਮਸਤ ਸਨ। ਰੂਪੀ ਨਿਰਭੈ ਸਿੰਘ ਕੋਲ ਬੈਠੀ ਸੀ। ਹਰ ਕੋਈ ਆਪਣੇ ਆਪ ਵਿੱਚ ਮਗਨ ਸੀ। ਕਿਸੇ ਦਾ ਵੀ ਰੂਪੀ ਵੱਲ ਧਿਆਨ ਨਹੀਂ ਸੀ। ਉਹ ਬਿਲਕੁਲ ਇਕੱਲੀ ਮਹਿਸੂਸ ਕਰ ਰਹੀ ਸੀ।

ਅਚਾਨਕ ਬਾਰਬੀਕਿਊ ਚੋਂ ਇਕ ਅੱਗ ਦੀ ਉੱਚੀ ਜੇਹੀ ਲਾਟ ਨਿਕਲੀ । ਸ਼ਾਇਦ ਮੀਟ ਦਾ ਥੰਧਾ ਅੱਗ ਉੱਪਰ ਡਿੱਗ ਪਿਆ ਸੀ । ਏਸੇ ਲਈ ਲਾਟ ਉੱਚੀ ਉੱਠੀ ਸੀ। ਰੂਪੀ ਦੀ ਚੀਕ ਨੁਕਲ ਗਈ। ਉਹ ਡਰ ਕੇ ਨਿਰਭੈ ਸਿੰਘ ਨੂੰ ਚੰਬੜ ਗਈ। ਸਾਰੇ ਰੂਪੀ ਵੱਲ ਦੇਖਣ ਲੱਗ ਪਏ। ਹੱਸਦੇ ਹੱਸਦੇ ਲੋਕੀਂ ਖਾਮੋਸ਼ ਹੋ ਗਏ। ਇਕ ਦਮ ਸਨਾਟਾ ਛਾ ਗਿਆ। ਰੂਪੀ ਡਰ ਨਾਲ ਕੰਬ ਰਹੀ ਸੀ। ਨਿਰਭੈ ਸਿੰਘ ਰੂਪੀ ਨੂੰ ਅੰਦਰ ਲੈ ਗਿਆ ਅਤੇ ਨੀਂਦ ਦੀ ਦਿਵਾਈ ਦੇ ਕੇ ਤੇ ਉਸਦੇ ਸਿਰਹਾਣੇ ਪਾਠ ਦੀ ਟੇਪ ਲਾ ਕੇ ਵਾਪਿਸ ਆ ਗਿਆ।

ਅੱਗਲੇ ਦਿਨ ਸਵੇਰੇ ਸਵੇਰੇ ਨਿਰਭੈ ਸਿੰਘ ਦੀ ਨੂੰਹ ਬੁੜ ਬੁੜ ਕਰਦੀ ਉੱਠੀ। ਉਸਦੀ ਸ਼ਕਾਇਤ ਸੀ ਕਿ ਉਹ ਇਸਦਾ ਕੋਈ ਪ੍ਰਬੰਧ ਕਰਨ। ਰੂਪੀ ਨੂੰ ਕਿਸੇ ਆਸ਼ਰਮ ਵਿੱਚ ਛੱਡ ਆਉਣ ਜਾਂ ਕਿਸੇ ਮੈਂਟਲ ਹਸਪਤਾਲ ਵਿੱਚ ਹਮੇਸ਼ਾ ਲਈ ਦਾਖਲ ਕਰਵਾ ਦੇਣ। ਉਸਨੇ ਨਿਰਭੈ ਸਿੰਘ ਨੂੰ ਸੰਬੋਧਨ ਕਰਦੇ ਹੋਏ ਕਿਹਾ, "ਡੈਡੀ, "ਇਸਦਾ ਕੋਈ ਪ੍ਰਬੰਧ ਕਰੋ । ਅਸੀਂ ਕਿੰਨੀ ਦੇਰ ਤੱਕ ਇਸਦਾ ਬੋਝ ਚੁੱਕੀ ਫਿਰਾਂਗੇ। ਪਹਿਲਾਂ ਮੰਮੀ ਸਾਰਾ ਕੁਝ ਕਰੀ ਜਾਂਦੇ ਸਨ, ਹੁਣ ਸਾਥੋਂ ਨਹੀਂ ਕੁਝ ਹੁੰਦਾ। ਸਾਡੀ ਆਪਣੀ ਲਾਈਫ ਹੈ। ਕਲ੍ਹ ਸਾਰੇ ਮਹਿਮਾਨਾਂ ਅੱਗੇ ਸਾਡਾ ਜਲੂਸ ਨਿਕਲ ਗਿਆ।"

ਨਿਰਭੈ ਸਿੰਘ ਸੋਚੀਂ ਪੈ ਗਿਆਂ। ਉਸਨੂੰ ਸਮਝ ਨਹੀਂ ਸੀ ਆ ਰਹੀ ਕਿ ਕੀ ਕਰੇ। ਹਰਜੀਤ ਦੇ ਹੁੰਦਿਆਂ ਉਸਨੇ ਕਦੇ ਵਿਚਾਰ ਹੀ ਨਹੀਂ ਸੀ ਕੀਤੀ ਰੂਪੀ ਬਾਰੇ। ਹਰਜੀਤ ਹੀ ਰੂਪੀ ਬਾਰੇ ਸਾਰੇ ਫੈਸਲੇ ਲੈਂਦੀ ਸੀ। ਹੁਣ ਕੀ ਕਰੇ ?

ਦੁਪਹਿਰੇ ਜਿਹੇ ਉਹ ਆਪਣੇ ਇਕ ਭਰੋਸੇ ਵਾਲੇ ਦੋਸਤ ਹਰੀ ਸਿੰਘ ਕੋਲ ਜਾ ਬੈਠਾ। ਦਰਅੱਸਲ ਨਿਰਭੈ ਸਿੰਘ ਰੂਪੀ ਬਾਰੇ ਦੋਸਤ ਦੀ ਸਲਾਹ ਲੈਣ ਆਇਆ ਸੀ।

ਹਰੀ ਸਿੰਘ ਕਹਿਣ ਲੱਗਾ, "ਨਿਰਭੈ ਸਿਆਂ ਗੱਲਾਂ ਦੋ ਹੀ ਹਨ। ਕੁੜੀ ਹੁਣ ਉਨੀ ਵੀਹ ਸਾਲ ਦੀ ਹੋ ਗਈ ਹੈ। ਕੋਈ ਬੰਦਾ ਮੰਗਵਾ ਲੈ ਪੰਜਾਬ ਤੋਂ। ਅੱਜਕਲ੍ਹ ਤੀਹ ਚਾਲੀ ਲੱਖ ਤਾਂ ਵੱਟ ਤੇ ਪਿਆ ਹੈ। ਵਿਆਹ ਕਰਦੇ ਫਿਰ ਉਹ ਆਪੇ ਸਮਝਣ। ਕੈਨੇਡਾ ਦੇ ਨਾਂ ਨੂੰ ਕੀਹਨੇ ਪੁੱਛ ਪੜਤਾਲ ਕਰਨੀ ਹੈ!"

ਨਿਰਭੈ ਸਿੰਘ ਚੁੱਪ ਜਿਹਾ ਕਰ ਗਿਆ। ਉਸਦੇ ਦਿਮਾਗ ਵਿੱਚ ਗਾਂਧੀ ਨਗਰ ਦਿੱਲੀ ਵਾਲਾ ਮਕਾਨ ਘੁੰਮ ਰਿਹਾ ਸੀ। ਉਸ ਚੋਂ ਚੰਗਾ ਕਿਰਾਇਆ ਆਉਂਦਾ ਸੀ ਅਤੇ ਉਹ ਸਾਰੇ ਪੈਸੇ ਹਰਜੀਤ ਕੌਰ ਰੂਪੀ ਦੇ ਖਾਤੇ ਵਿੱਚ ਜਮ੍ਹਾਂ ਕਰਵਾਈ ਜਾਂਦੀ ਸੀ। ਚੱਲ ਇਹ ਵੀ ਚੰਗਾ ਹੈ ਉਸ ਖਾਤੇ ਵਿੱਚ ਉਸਦਾ ਵੀ ਨਾਮ ਹੈ। ਹਰਜੀਤ ਕੌਰ ਨੇ ਭਲੇ ਵੇਲੇ ਉਸਦਾ ਨਾਮ ਪਵਾ ਦਿੱਤਾ ਸੀ।

ਫਿਰ ਉਸਨੇ ਮਕਾਨ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ। ਉਸਨੂੰ ਮਕਾਨ ਵੇਚ ਕੇ ਸਾਰੇ ਪੈਸੇ ਕੈਨੇਡਾ ਬੈਂਕ ਵਿੱਚ ਜਮ੍ਹਾਂ ਕਰਾਉਣ ਦੀ ਤਰਕੀਬ ਵੀ ਸੁਝੀ। ਨਿੰਦਰ ਦੀ ਮੌਤ ਤੋਂ ਬਾਦ ਰੂਪੀ ਹੀ ਉਸ ਮਕਾਨ ਦੀ ਅਸਲੀ ਵਾਰਿਸ ਹੈ।

ਏਹੋ ਜਿਹੇ ਖਿਆਲਾਂ ਚ ਉਲਝਿਆ ਉਹ ਘਰ ਆ ਗ਼ਿਆ। ਉਹ ਸੋਚ ਰਿਹਾ ਸੀ, "ਏਨੇ ਸਾਲ ਉਸਨੂੰ ਇਹ ਖਿਆਲ ਕਿਉਂ ਨਾ ਆਇਆ। ਕਿੰਨਾ ਮੂਰਖ ਹੈ ਉਹ! "

ਉਹ ਕੁਝ ਮੁਸਕਰਾਇਆ ਤੇ ਆਪਣੇ ਬਿਸਤਰੇ 'ਚ ਚਲਾ ਗਿਆ ਤੇ ਸੋਚਦਾ ਸੋਚਦਾ ਹੀ ਸੌਂ ਗਿਆ।

"ਹਾਂ ਸੱਚ , ਬਾਬਾ ਜੀ ਦਾ ਨਾਲ ਗੱਲ ਕਰਦਾਂ। ਉਹ ਚੰਗੀ ਸਲਾਹ ਹੀ ਦੇਣਗੇ।" ਨਿਰਭੈ ਸਿੰਘ ਨੇ ਆਪਣੇ ਆਪ ਨੂੰ ਕਿਹਾ।

ਅਗਲੇ ਦਿਨ ਨਿਰਭੈ ਸਿੰਘ ਨੇ ਬਾਬਾ ਜੀ ਨੂੰ ਫੋਨ ਕੀਤਾ ਤੇ ਸਾਰੀ ਕਹਾਣੀ ਸੁਣਾ ਦਿੱਤੀ।

ਬਾਬਾ ਜੀ ਦਾ ਡੇਰਾ ਉਹਨਾਂ ਦੇ ਖੇਤਾਂ ਕੋਲ ਹੀ ਸੀ। ਮੋਟੇ ਤਾਜੇ ਬਾਬੇ ਦਾ ਆਸੇ ਪਾਸੇ ਦੇ ਪਿੰਡਾਂ ਵਿੱਚ ਬਹੁਤ ਨਾਮ ਸੀ। ਉਹਨਾਂ ਦੇ ਡੇਰੇ ਵਿੱਚ ਸੈਂਕੜੇ ਹੀ ਸ਼ਰਧਾਲੂ ਦਿਨ ਰਾਤ ਰਹਿੰਦੇ ਹਨ। ਬੜੇ ਪਰਉਪਕਾਰੀ ਸਮਝੇ ਜਾਂਦੇ ਸਨ ਬਾਬਾ ਜੀ । ਰੂਪੀ ਦੀ ਬਿਮਾਰੀ ਵਰਗੀਆਂ ਬਿਮਾਰੀਆਂ ਦਾ ਇਲਾਜ ਕਰਨਾ ਬਾਬਾ ਜੀ ਦਾ ਖੱਬੇ ਹੱਥ ਦਾ ਕੰਮ ਸੀ । ਨਿਰਭੈ ਸਿੰਘ ਨੇ ਬਾਬੇ ਦੀ ਮਹਿਮਾ ਬਾਰੇ ਸੁਣ ਰੱਖਿਆ ਸੀ।

ਬਾਬਾ ਜੀ ਨਿਰਭੈ ਸਿੰਘ ਨੂੰ ਕਹਿਣ ਲੱਗੇ, "ਕੋਈ ਨਾ ਤੁਸੀਂ ਬੀਬੀ ਨੂੰ ਲੈ ਕੇ ਆ ਜਾਵੋ। ਮਾਮੂਲੀ ਗੱਲ ਹੈ ਬੀਬੀ ਛੇਤੀ ਹੀ ਤੰਦਰੁਸਤ ਹੋ ਜਾਵੇਗੀ।"

ਨਿਰਭੈ ਸਿੰਘ ਨੂੰ ਧਰਵਾਸ ਜਿਹਾ ਮਿਲ ਗਿਆ।

ਅੱਗਲੇ ਦਿਨ ਨਿਰਭੈ ਸਿਉਂ ਰੂਪੀ ਨੂੰ ਵਕੀਲ ਕੋਲ ਲੈ ਗਿਆ ਅਤੇ ਦਿੱਲੀ ਵਾਲੇ ਮਕਾਨ ਦਾ ਮੁਖਤਿਆਰਨਾਮਾ ਆਪਣੇ ਨਾਮ ਬਣਾ ਲਿਆ।

"ਤੂੰ ਤਾਂ ਐਵੇਂ ਹੀ ਸੁੱਤਾ ਰਿਹਾ ਨਿਰਭੈ ਸਿਆਂ ਹੁਣ ਤੱਕ।" ਮਾਲ ਤਾਂ ਤੇਰੇ ਘਰ ਹੀ ਪਿਆ ਸੀ।

ਟਿਕਟਾਂ ਬੁੱਕ ਹੋ ਗਈਆਂ। ਨਿਰਭੈ ਸਿੰਘ ਸਿੱਧਾ ਹੀ ਬਾਬੇ ਦੇ ਡੇਰੇ ਗਿਆ। ਰੂਪੀ, ਆਪਣੀ ਮਾਂ ਵਰਗੀ ਸੋਹਣੀ ਸੁਨੱਖੀ ਸੀ। ਕੈਨੇਡਾ ਦੇ ਵਾਤਾਵਰਣ 'ਚ ਪਲੀ ਭੋਲੀ ਭਾਲੀ ਕੁੜੀ। ਬਾਬੇ ਦੀਆਂ ਤੇਜ਼ ਨਜ਼ਰਾਂ ਨੇ ਰੂਪੀ ਦੀ ਮਾਸੂਮੀਅਤ ਦਾ ਅੰਦਾਜ਼ਾ ਲਗਾ ਲਿਆ।

ਬਾਬਾ ਖੁਸ਼ ਸੀ। ਚੰਗੀ ਮੁਰਗੀ ਕਾਬੂ ਆਈ ਹੈ।

ਉਸਨੇ ਨਿਰਭੈ ਸਿਉਂ ਤੋਂ ਪੁੱਛ ਹੀ ਲਿਆ, "ਭਗਤਾ, ਕੁੜੀ ਦੇ ਮਾਂ ਬਾਪ ਕੁੜੀ ਲਈ ਕੁਝ ਛੱਡ ਵੀ ਗਏ ਆ ਜਾਂ ਵਿਚਾਰੀ ਨੂੰ ਇਉਂ ਹੀ ਛੱਡ ਗਏ ਦੁੱਨੀਆਂ 'ਚ ਧੱਕੇ ਖਾਣ ਲਈ .?"

ਨਿਰਭੈ ਸਿਉਂ ਉਸਤੋਂ ਵੱਧ ਚਲਾਕ ਨਿਕਲਿਆ, "ਨਹੀਂ ਬਾਬਾ ਜੀ। ਉਹ ਤਾਂ ਸ਼ਹਿਰੀਏ ਸਨ। ਨੌਕਰੀ ਪੇਸ਼ੇ ਵਾਲਿਆ ਕੋਲ ਕੀ ਹੁੰਦਾ ਆ। ਇਹ ਤਾਂ ਆਪਣੇ ਪਿੰਡਾਂ ਆਲਿਆਂ ਕੋਲ ਹੀ ਚਾਰ ਸਿਆੜ ਹੁੰਦੇ ਆ, ਜੋ ਔਲਾਦ ਨੂੰ ਮਿਲ ਜਾਂਦੇ ਆ।"

ਬਾਬੇ ਨੇ ਦੋ ਤਿੰਨ ਵਾਰ ਵਾਹਿਗੁਰੂ ਵਾਹਿਗੁਰੂ ਕਿਹਾ। ਬਾਬਾ ਰੂਪੀ ਤੇ ਤਰਸ ਖਾਣ ਦਾ ਢੋਂਗ ਰਚਾ ਰਿਹਾ ਸੀ।

ਨਿਰਭੈ ਸਿੰਘ ਰੂਪੀ ਨੂੰ ਡੇਰੇ ਛੱਡ ਕੇ ਚਲਾ ਗਿਆ।

ਬਾਬੇ ਨੇ ਪਹਿਲੇ ਦੋ ਕੁ ਦਿਨ ਤਾਂ ਰੂਪੀ ਨਾਲ ਬਹੁਤ ਚੰਗਾ ਸਲੂਕ ਕੀਤਾ। ਰੂਪੀ ਨੇ ਮਹਿਸੂਸ ਕੀਤਾ ਕਿ ਬਾਬਾ ਜੀ ਉਸਨੂੰ ਆਪਣੀ ਧੀ ਵਾਂਗ ਹੀ ਪਿਆਰ ਕਰਦੇ ਹਨ। ਰੂਪੀ ਬਹੁਤ ਖੁਸ਼ ਸੀ।

ਪਰ ਇਹ ਖੁਸ਼ੀ ਜਿਆਦਾ ਦੇਰ ਨਾ ਰਹੀ। ਬਾਬੇ ਨੇ ਆਪਣੀ ਦਰਿੰਦਗੀ ਦਿਖਾਉਣੀ ਸ਼ੁਰੂ ਕਰ ਦਿੱਤੀ । ਉਸਨੇ ਰੂਪੀ ਨੂੰ ਆਪਣੀ ਹਵੱਸ ਦਾ ਸ਼ਿਕਾਰ ਬਣਾਇਆ ਤੇ ਧਮਕੀ ਦਿੱਤੀ ਕੇ ਜੇਕਰ ਉਸਨੇ ਇਸ ਗੱਲ ਦੀ ਭਾਫ ਵੀ ਬਾਹਰ ਕੱਢੀ ਤਾਂ ਉਹ ਉਸਨੂੰ ਮਰਵਾ ਦੇਵੇਗਾ। ਉਸਨੇ ਰੂਪੀ ਨੂੰ ਇਹ ਵੀ ਦੱਸ ਦਿੱਤਾ ਕਿ ਹੁਣ ਨਿਰਭੈ ਸਿੰਘ ਨੇ ਉਸਨੂੰ ਲੈਣ ਨਹੀਂ ਆਉਣਾ। ਇਸ ਲਈ ਉਹ ਹੁਣ ਪੂਰੀ ਤੌਰ ਤੇ ਉਸਦੇ ਕਬਜ਼ੇ ਵਿੱਚ ਰਹੇਗੀ ।

ਰੂਪੀ ਇਕ ਵਾਰ ਫਿਰ ਅਨਾਥ ਹੋ ਗਈ। ਉਸਨੇ ਤਾਂ ਬਾਬੇ ਨੂੰ ਆਪਣਾ ਪਿਤਾ ਮੰਨ ਲਿਆ ਸੀ ਅਤੇ ਉਹ ਪਿਤਾ..।

ਰੂਪੀ ਬੇਹੱਦ ਦੁੱਖੀ ਸੀ।

ਉਹ ਕਿਵੇਂ ਨਾ ਕਿਵੇਂ ਡੇਰੇ ਚੋਂ ਬਾਹਰ ਨਿਕਲ ਗਈ। ਉਸਨੂੰ ਆਸ ਸੀ ਕਿ ਕੋਈ ਨਾ ਕੋਈ ਜਰੂਰ ਉਸਦੀ ਮਦੱਦ ਲਈ ਆਵੇਗਾ। ਉਸਨੇ ਡੇਰੇ ਤੋਂ ਬਾਹਰ ਆ ਕੇ ਫੇਸ ਬੁੱਕ ਤੇ ਮੱਦਦ ਲਈ ਅਪੀਲ ਕੀਤੀ।

ਉਹ ਕਹਿ ਰਹੀ ਸੀ , "ਮੇਰੇ ਪਾਪਾ ਮੈਨੂੰ ਬਾਬੇ ਕੋਲ ਛੱਡ ਗਏ ਹਨ। ਬਾਬਾ ਮੇਰੇ ਨਾਲ ਗੰਦੇ ਕੰਮ ਕਰਦਾ ਹੈ। ਇਹ ਬਾਬਾ ਨਹੀਂ। ਇਹ ਦਰਿੰਦਾ ਹੈ। ਮੈਨੂੰ ਬਚਾਉ। ਮੇਰੀ ਮੱਦਦ ਕਰੋ। ਉਸਨੇ ਨਿਰਭੈ ਸਿੰਘ ਦੇ ਪਿੰਡ ਦਾ ਨਾਮ ਦੱਸਿਆ। ਰੂਪੀ ਲਈ ਤਾਂ ਨਿਰਭੈ ਸਿੰਘ ਦਾ ਪਿੰਡ ਹੀ ਉਸਦਾ ਪਿੰਡ ਸੀ।

ਨਿਰਭੈ ਸਿੰਘ ਦੇ ਪਿੰਡ ਦੇ ਇਕ ਦੋ ਬੰਦਿਆਂ ਨੇ ਕੁੜੀ ਦੀ ਮੱਦਦ ਕਰਨ ਦੀ ਸੋਚੀ ਪਰ ਉਹ ਨਿਰਭੈ ਸਿੰਘ ਤੇ ਬਾਬੇ ਦੀ ਤਾਕਤ ਤੋਂ ਡਰ ਗਏ ਤੇ ਚੁੱਪ ਵੱਟ ਲਈ।

ਆਸੇ ਪਾਸੇ ਦੇ ਪਿੰਡਾਂ ਦੀਆਂ ਔਰਤਾਂ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰਦੀਆਂ।

ਕੋਈ ਆਖਦੀ, "ਭੈਣੇ ਕੁੜੀ ਦੇ ਲੱਛਣ ਹੀ ਚੰਗੇ ਨਹੀਂ ਹੋਣੇ। ਨਹੀਂ ਤਾਂ ਭਲਾ ਕੋਈ ਇਉਂ ਛੱਡ ਕੇ ਜਾਂਦਾ।"

ਦੂਸਰੀ ਆਖਦੀ, "ਮੈਂ ਤਾਂ ਸੁਣਿਆ ਕੁੜੀ ਦੀ ਮਾਂ ਕਿਸੇ ਨਾਲ ਨਿਕਲ ਗਈ ਸੀ। ਉਹ ਮਰ ਗਈ ਤੇ ਕੁੜੀ ਕਿਸੇ ਨੇ ਪਾਲ ਤੀ। ਆਪਾਂ ਨੂੰ ਖਾਮ ਖਾਹ ਵਿੱਚ ਵੜਨ ਦੀ ਲੋੜ ਨੀ।"

ਕੋਈ ਕੁਝ ਕਹਿੰਦਾ ਤੇ ਕੋਈ ਕੁਝ ਕਹਿੰਦਾ। ਪਿੰਡਾਂ ਵਿੱਚ ਰੂਪੀ ਦੀ ਕਹਾਣੀ ਮਨਪਰਚਾਵੇ ਦਾ ਸਾਧਨ ਬਣ ਗਈ।

ਜਿੰਨੇ ਮੂੰਹ ਓਨੀਆਂ ਹੀ ਗੱਲਾਂ।

ਰੂਪੀ ਨੇ ਆਪਣਾ ਪਰਸ ਨਹਿਰ ਦੇ ਕਿਨਾਰੇ ਰੱਖ ਦਿੱਤਾ ਤੇ ਨਹਿਰ ਦੇ ਡੂੰਘੇ ਪਾਣੀ ਵਿੱਚ ਛਾਲ ਮਰ ਦਿੱਤੀ। ਕਿਸੇ ਨੇ ਛਾਲ ਮਾਰਦੀ ਨੂੰ ਦੇਖ ਲਿਆ। ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਕੁਝ ਨਾ ਬਣਿਆ। ਪੁਲੀਸ ਆਈ। ਉਸਨੇ ਲਾਸ਼ ਨੂੰ ਕਬਜ਼ੇ ਵਿਚ ਲਿਆ ਤੇ ਪਰਸ ਨੂੰ ਫਰੋਲਣ ਤੇ ਰੂਪੀ ਦੇ ਹੱਥ ਦਾ ਅੰਗਰੇਜ਼ੀ ਵਿੱਚ ਲਿਖਿਆ ਨੋਟ ਮਿਲਿਆ। ਉਸ ਉਪਰ ਲਿਖਿਆ ਸੀ।

ਮੰਮੀ ਦੱਸਦੀ ਸੀ ਕਿ ਪੰਜਾਬ ਦੇ ਲੋਕ ਧੀਆਂ ਭੈਣਾਂ ਦੀ ਇਜ਼ਤ ਦੇ ਸਾਂਝੇ ਹੁੰਦੇ ਹਨ। ਮੰਮੀ ਇਹ ਵੀ ਦੱਸਦੀ ਸੀ ਕਿ ਸਿੱਖ ਸੂਰਮੇ ਬੇਗਾਨੀਆਂ ਧੀਆਂ ਭੈਣਾਂ ਨੂੰ ਜਾਲਮਾਂ ਦੇ ਹੱਥੋਂ ਛੁਡਾ ਕੇ ਆਪੋ ਆਪਣੇ ਘਰੀਂ ਪੁੱਚਾ ਦਿੰਦੇ ਸਨ। ਸਿੱਖ ਕੌਮ ਦਾ ਇਤਿਹਾਸ ਮੈਂ ਮੰਮੀ ਤੋਂ ਸੁਣਿਆ ਸੀ। ਏਸੇ ਆਸ ਤੇ ਮੈਂ ਫੇਸ ਬੁੱਕ ਰਾਹੀਂ ਮੱਦਦ ਮੰਗੀ ਸੀ ਪਰ ਕਿਸੇ ਨੇ ਮੇਰੀ ਮੱਦਦ ਨਹੀਂ ਕੀਤੀ। ਪਤਾ ਨਹੀਂ ਉਹ ਕੌਮ ਕਿੱਥੇ ਹੈ ?

(ਸਮਾਪਤ)

ਗੁਰਮੇਲ ਸਿੰਘ
604 206 4705

# ਧਰਤੀ ਤੇ ਜੀਵਨ ਬਚਾਉਣ ਲਈ ਮੌਜੂਦਾ ਸਿਸਟਮ ਨੂੰ ਬਦਲਣਾ ਜ਼ਰੂਰੀ



ਵੈਸੇ ਤਾਂ ਬ੍ਰਹਿਮੰਡ ਵਿੱਚ ਹਰ ਚੀਜ ਨਾਸ਼ਵਾਨ ਹੈ ਤੇ ਧਰਤੀ ਨੇ ਵੀ ਇਕ ਦਿਨ ਖ਼ਤਮ ਹੋ ਜਾਣਾ ਪਰ ਇਸ ਦੀ ਚਿੰਤਾ ਕਰਨ ਦੀ ਲੋੜ ਨਹੀਂ ਕਿਉਂਕਿ ਇਸ ਦੀ ਉਮਰ ਅਰਬਾਂ ਸਾਲ ਹੋਰ ਹੈ। ਪਰ ਕੀ ਧਰਤੀ ਤੋਂ ਅਗਲੇ ਕੁਝ ਸੈਂਕੜੇ ਜਾਂ ਹਜਾਰਾਂ ਸਾਲਾਂ ਵਿੱਚ ਜੀਵਨ ਖਤਮ ਹੋ ਜਾਵੇਗਾ? ਬਹੁਤ ਲੋਕਾਂ ਨੂੰ ਮੇਰਾ ਇਹ ਸਵਾਲ ਸ਼ਾਇਦ ਬੇਤੁੱਕਾ ਲਗੇ ਪਰ ਅਸਲੀਅਤ ਇਹ ਹੈ ਕਿ ਜੇ ਮੌਜੂਦਾ ਹਾਲਤਾਂ ਇਸੇ ਤਰ੍ਹਾਂ ਰਹੀਆਂ ਤੇ ਸਰਕਾਰਾਂ ਤੇ ਕੰਟਰੋਲ ਕਰਨ ਵਾਲੀਆਂ ਕਾਰਪੋਰੇਸ਼ਨਾਂ ਦੀ ਲਾਲਸਾ, ਬੇਪਰਵਾਹੀ ਤੇ ਲਾਪਰਵਾਹੀ ਇਸੇ ਤਰ੍ਹਾਂ ਜਾਰੀ ਰਹੀ ਤਾਂ ਨਿਸਚੈ ਹੀ ਸਾਡੇ ਗ੍ਰਹਿ ਤੋਂ ਹਰ ਤਰ੍ਹਾਂ ਦਾ ਜੀਵਨ ਖਤਮ ਹੋਣ ਦੀਆਂ ਸੰਭਾਵਨਾਵਾਂ ਹਨ ਅਤੇ ਮਨੁੱਖੀ ਜੀਵਨ ਖਤਮ ਹੋਣ ਦੀਆਂ ਤਾਂ ਹੋਰ ਵੀ ਪ੍ਰਬਲ ਸੰਭਾਵਨਾਵਾਂ ਹਨ । ਧਰਤੀ ਤੇ ਜੀਵਨ ਹੋਣ ਦਾ ਕਾਰਨ ਸਾਡਾ ਵਾਤਾਵਰਣ ਹੈ ਜਿਸ ਕਰਕੇ ਇਥੇ ਬਨਸਪਤੀ, ਪਸ਼ੂ ਪੰਛੀ, ਸਮੁੰਦਰੀ ਜੀਵਨ, ਇਨਸਾਨ ਵਗੈਰਾ ਮੌਜੂਦ ਹਨ। ਇਹ ਇਕ ਮੌਕਾ ਸੁਮੇਲ ਹੀ ਸਮਝੋ ਕਿ ਬ੍ਰਹਿਮੰਡ ਬਣਨ ਤੋਂ ਬਾਅਦ ਜਦੋਂ ਸਾਡਾ ਸੂਰਜੀ ਮੰਡਲ ਹੋਂਦ ਵਿੱਚ ਆਇਆ ਤਾਂ ਸਾਡੀ ਧਰਤੀ ਦੀ ਪੁਜੀਸ਼ਨ ਸੂਰਜ ਤੋਂ ਇੰਨੀ ਕੁ ਦੂਰੀ ਤੇ ਆ ਗਈ ਜਿਥੇ ਜੀਵਨ ਲਈ ਹਾਲਤਾਂ ਅਨੁਕੂਲ ਹੋ ਸਕਣ। ਧਰਤੀ ਸੂਰਜ ਦੇ ਦੁਆਲੇ ਇਕ ਅੰਡਾਕਾਰ ਘੇਰੇ ਵਿੱਚ ਚੱਕਰ ਲਾਉਂਦੀ ਹੈ। ਇਸ ਦੀ ਸੂਰਜ ਤੋਂ ਘੱਟੋ-ਘੱਟ ਤੇ ਵੱਧੋ-ਵੱਧ ਦੂਰੀ ਇੰਨੀ ਰਹਿੰਦੀ ਹੈ ਕਿ ਇਸ ਦਾ ਘੱਟੋ-ਘੱਟ ਤੇ ਵੱਧੋ-ਵੱਧ ਤਾਪਮਾਨ ਜੀਵਨ ਲਈ ਬਹੁਤ ਅਨੁਕੂਲ ਹੈ। ਜੇ ਇਸ ਦੀ ਦੂਰੀ ਥੋੜ੍ਹੀ ਹੋਰ ਵੱਧ ਜਾਵੇ ਤਾਂ ਤਾਪਮਾਨ ਇੰਨਾ ਘੱਟ ਜਾਵੇਗਾ ਕਿ ਇਥੇ ਬਰਫ ਹੀ ਬਰਫ ਹੋ ਜਾਵੇਗੀ ਤੇ ਜੇ ਥੋੜ੍ਹੀ ਹੋਰ ਘੱਟ ਜਾਵੇ ਤਾਂ ਤਾਪਮਾਨ ਇੰਨਾ ਵੱਧ ਜਾਵੇਗਾ ਕਿ ਸੱਭ ਕੁੱਝ ਸੜ ਕੇ ਸੁਆਹ ਹੋ ਜਾਵੇਗਾ।

ਧਰਤੀ ਕੋਈ 4.6 ਅਰਬ ਸਾਲ ਪਹਿਲਾਂ ਸੂਰਜ ਤੋਂ ਵੱਖਰੀ ਹੋ ਕੇ ਹੋਂਦ ਵਿੱਚ ਆਈ। ਜਦੋਂ ਧਰਤੀ ਬਣੀ ਤਾਂ ਇਹ ਅੱਗ ਦਾ ਗੋਲਾ ਸੀ ਤੇ ਹੌਲੀ 2 ਇਹ ਠੰਢੀ ਹੋਣੀ ਸ਼ੁਰੂ ਹੋ ਗਈ ਤੇ ਅੱਜ ਤੋਂ ਕੋਈ 3.5 ਅਰਬ ਸਾਲ ਪਹਿਲਾਂ ਇਸ ਦੀ ਬਾਹਰੀ ਸਤ੍ਹਾ ਇੰਨੀ ਕੁ ਠੰਢੀ ਤੇ ਸਖਤ ਹੋ ਗਈ ਕਿ ਮਿਟੀ ਤੇ ਚਟਾਨਾਂ ਬਣ ਗਈਆਂ। ਇਸ ਦੇ ਆਲੇ ਦੁਆਲੇ ਦਾ ਵਾਤਾਵਾਰਣ ਬਣਨ ਲੱਗਾ। ਹਾਈਡ੍ਰੋਜਨ ਤੇ ਆਕਸੀਜਨ ਦੀ ਆਪਸੀ ਰਸਾਇਣਕ ਕਿਰਿਆ ਨਾਲ ਪਾਣੀ ਦੇ ਵਾਸ਼ਪ ਬਨਣੇ ਲੱਗੇ ਅਤੇ ਸਮੁੰਦਰ ਹੋਂਦ ਵਿਚ ਆਉਣੇ ਸ਼ੁਰੂ ਹੋ ਗਏ। ਧਰਤੀ ਦੇ ਆਲੇ ਦੁਆਲੇ ਦੇ ਵਾਤਾਵਰਣ ਵਿਚ ਨਾਈਟ੍ਰੋਜਨ, ਕਾਰਬਨ ਡਾਈਓਕਸਾਇਡ, ਹਾਈਡ੍ਰੋਜਨ ਤੇ ਆਕਸੀਜਨ ਵਗੈਰਾ ਵੀ ਹੋਂਦ ਵਿਚ ਆਉਣ ਲਗੀਆਂ ਕਿਉਂਕਿ ਵਾਤਾਵਰਣ ਦੀਆਂ ਹਾਲਤਾਂ ਉਨ੍ਹਾਂ ਦੇ ਬਣਨ ਲਈ ਅਨੁਕੂਲ ਸਨ। ਇਹ ਸਾਰੀਆਂ ਗੈਸਾਂ ਧਰਤੀ ਤੋਂ 10 ਕਿ.ਮੀ. ਦੂਰ ਤੱਕ ਹਨ ਤੇ ਇਸ ਤੋਂ ਉਤੇ 30 ਕਿ.ਮੀ. ਤੱਕ ਓਜ਼ੋਨ ਗੈਸ ਦੀ ਤੈਅ ਹੈ ਜਿਹੜੀ ਹਰ ਤਰਾਂ ਦੀਆਂ ਖਤਰਨਾਕ ਪਰਾ ਵੈਂਗਣੀ ਕਿਰਨਾਂ ਨੂੰ ਸਾਡੇ ਕੋਲ ਆਉਣ ਤੋਂ ਰੋਕਦੀ ਹੈ। ਇਸੇ ਤੈਅ ਕਰਕੇ ਹੀ ਧਰਤੀ ਤੇ ਜਿੰਦਗੀ ਪੈਦਾ ਹੋਣ ਦੇ ਅਨੁਕੂਲ ਹਾਲਤਾਂ ਬਣੀਆਂ ਤੇ ਸਾਡੇ ਗ੍ਰਹਿ ਤੇ ਜਿੰਦਗੀ ਧੜਕ ਰਹੀ ਹੈ। ਇਸ ਤੈਅ ਰਾਹੀਂ ਜੋ ਰੋਸ਼ਨੀ ਫਿਲਟਰ ਹੋ ਕੇ ਸਾਡੇ ਕੋਲ ਆਉਂਦੀ ਹੈ ਉਸੇ ਕਾਰਨ ਆਕਾਸ਼ ਸਾਨੂੰ ਨੀਲਾ ਨਜ਼ਰ ਆਉਂਦਾ ਹੈ। ਜੇ ਅਸੀਂ ਧਰਤੀ ਤੋਂ 40 ਕਿ.ਮੀ. ਉਪਰ ਚਲੇ ਜਾਈਏ ਤਾਂ ਉਥੇ ਕੋਈ ਹਵਾ ਨਹੀਂ, ਪੂਰਾ ਖਲਾਅ ਹੈ। ਉਥੇ ਸਾਰਾ ਆਕਾਸ਼ ਸਾਨੂੰ ਕਾਲਾ ਨਜ਼ਰ ਆਉਂਦਾ ਹੈ ਤੇ ਦਿਨੇ ਵੀ ਤਾਰੇ ਚਮਕਦੇ ਨਜਰ ਆਉਂਦੇ ਹਨ।

ਜਦੋਂ ਤੋਂ ਉਦਯੋਗੀਕਰਨ ਸ਼ੁਰੂ ਹੋਇਆ ਹੈ ਤਾਂ ਕੁਦਰਤ ਨਾਲ ਇਸ ਕਦਰ ਮੁਜਰਮਾਨਾ ਛੇੜ-ਛਾੜ ਸ਼ੁਰੂ ਹੋ ਗਈ ਹੈ ਕਿ ਵਾਤਾਵਰਣ ਨੂੰ ਬਹੁਤ ਨੁਕਸਾਨ ਪਹੁੰਚ ਰਿਹਾ ਹੈ। ਸੱਭ ਤੋਂ ਜ਼ਿਆਦਾ ਨੁਕਸਾਨ ਆਲਮੀ ਤਪਸ਼ ਜਾਣੀ ਕਿ ਧਰਤੀ ਦੀ ਸਤ੍ਹਾ ਦੇ ਵੱਧ ਰਹੇ ਔਸਤ ਤਾਪਮਾਨ ਕਰਕੇ ਹੋ ਰਿਹਾ ਹੈ। ਆਲਮੀ ਤਪਸ਼ ਉਦਯੋਗਾਂ ਵਿਚੋਂ ਨਿਕਲ ਰਹੀਆਂ ਗ੍ਰੀਨ ਹਾਊਸ ਗੈਸਾਂ ਜਿਵੇਂ ਕਾਰਬਨ ਡਾਈਔਕਸਾਈਡ, ਮੀਥੇਨ ਅਤੇ ਨਾਈਟਰਸ ਔਕਸਾਈਡ ਕਰਕੇ ਹੋ ਰਿਹਾ ਹੈ। ਇਹ ਗੈਸਾਂ ਦੇ ਨਿਕਾਸ ਵਿੱਚ ਵਾਧਾ ਉਦਯੋਗਿਕ ਕ੍ਰਾਂਤੀ ਨਾਲ ਹੀ ਸ਼ੁਰੂ ਹੋ ਗਿਆ ਸੀ ਤੇ ਦਿਨੋ-ਦਿਨ ਇਸ ਦੀ ਦਰ ਵਿੱਚ ਵਾਧਾ ਹੋ ਰਿਹਾ ਹੈ। ਪੈਟਰੋਲੀਅਮ ਵਸਤਾਂ ਅਤੇ ਕੋਲੇ ਦੀ ਬਲਣ ਕਿਰਿਆ ਤੇ ਜੰਗਲਾਂ ਦੀ ਅੰਨ੍ਹੇ ਵਾਹ ਕੀਤੀ ਜਾ ਰਹੀ ਕਟਾਈ ਵੀ ਇਸ ਵਾਧੇ ਲਈ ਜ਼ਿਮੇਵਾਰ ਹੈ। ਇਕੱਲੀ ਕਾਰਬਨ ਡਾਈਆਕਸਾਈਡ ਦਾ ਨਿਕਾਸ ਉਦਯੋਗਿਕ ਕ੍ਰਾਂਤੀ ਦੇ ਸ਼ੁਰੂ ਹੋਣ ਤੋਂ ਲੈ ਕੇ ਸੰਨ 2050 ਤੱਕ ਦੁੱਗਣਾ ਹੋਣ ਦੇ ਅਨੁਮਾਨ ਹਨ। ਸੰਸਾਰ ਮੈਟਰੋਲੋਜਿਕਲ ਸੰਸਥਾ ਤੇ ਸੰਯੁਕਤ ਰਾਸ਼ਟਰ ਵਾਤਾਵਰਣ ਪ੍ਰੋਗਰਾਮ ਵਲੋਂ ਬਣਾਏ ਇੰਟਰ ਗਵਰਨਮੈਂਟਲ ਪੈਨਲ ਆਨ ਕਲਾਈਮੇਟ ਚੇਂਜ (IPCC) ਵਲੋਂ ਦਿੱਤੇ ਗਏ ਡਾਟੇ ਮੁਤਾਬਕ 1880 ਤੋਂ 2012 ਤੱਕ ਧਰਤੀ ਦਾ ਔਸਤ ਸਤੱਈ ਤਾਪਮਾਨ 0.9 ਡਿਗਰੀ ਸੈਂਟੀਗ੍ਰੇਡ ਵੱਧ ਗਿਆ ਹੈ ਤੇ ਜੇ ਇਸ ਦੀ ਤੁਲਨਾ ਉਦਯੋਗਿਕ ਕ੍ਰਾਂਤੀ ਤੋਂ ਪਹਿਲਾਂ ਦੇ ਸਮੇਂ ਨਾਲ ਕੀਤੀ ਜਾਵੇ ਤਾਂ ਇਹ ਅੰਕੜਾ 1.2 ਡਿਗਰੀ ਸੈਂਟੀਗ੍ਰੇਡ ਹੈ। ਪੈਨਲ ਦੀ 2018 ਦੀ ਰਿਪੋਰਟ ਮੁਤਾਬਕ ਇਨਸਾਨ ਤੇ ਇਨਸਾਨੀ ਸਰਗਰਮੀਆਂ ਆਲਮੀ ਤਪਸ਼ ਲਈ ਜ਼ਿਮੇਵਾਰ ਹਨ। ਇਸ ਪੈਨਲ ਨੇ ਭਵਿੱਖਵਾਣੀ ਕੀਤੀ ਹੈ ਕਿ ਜੇ ਕਾਰਬਨ ਡਾਇਔਕਸਾਈਡ ਦੀ ਨਿਕਾਸ ਦਰ ਇਸੇ ਪੱਧਰ ਤੇ ਜਾਰੀ ਰਹੀ ਤਾਂ 21ਵੀਂ ਸਦੀ ਦੇ ਅੰਤ ਤੱਕ ਧਰਤੀ ਦਾ ਔਸਤ ਤਾਪਮਾਨ 3 ਤੋਂ 4 ਡਿਗਰੀ ਸੈਂਟੀਗ੍ਰੇਡ ਤੱਕ ਵੱਧ ਸਕਦਾ ਹੈ ਪਰ ਉਦਯੋਗਾਂ ਵਿਚੋਂ ਨਿਕਲ ਰਹੇ ਕੁੱਝ ਤਰਲ ਜਾਂ ਠੋਸ ਪ੍ਰਦੂਸ਼ਿਤ ਕਣ ਇਸ ਨੂੰ ਕੁੱਝ ਹੱਦ ਤੱਕ ਠੱਲ ਪਾ ਦੇਣਗੇ ਕਿਉਂਕਿ ਉਹ ਸੂਰਜ ਦੀ ਗਰਮੀ ਨੂੰ ਧਰਤੀ ਤੱਕ ਪਹੁੰਚਣ ਵਿੱਚ ਰੁਕਾਵਟ ਪੈਦਾ ਕਰਦੇ ਹਨ।

ਸੱਭ ਤੋਂ ਜ਼ਿਆਦਾ ਕਾਰਬਨ ਡਾਈਔਕਸਾਈਡ ਹਵਾ ਵਿੱਚ ਛੱਡਣ ਵਾਲਾ ਦੇਸ਼ ਚੀਨ ਹੈ ਜੋ ਇਸ ਗੈਸ ਦੇ ਨਿਕਾਸ ਦੀ 29.4% ਮਾਤਰਾ ਇਕੱਲਾ ਹੀ ਛੱਡਦਾ ਹੈ ਤੇ ਇਹ ਮਾਤਰਾ ਯੂਰਪੀਨ ਯੂਨੀਅਨ, ਭਾਰਤ, ਰੂਸ ਤੇ ਜਪਾਨ ਵਲੋਂ ਛੱਡੀ ਜਾਂਦੀ ਕੁੱਲ ਮਾਤਰਾ ਨਾਲੋਂ ਵੀ ਜ਼ਿਆਦਾ ਹੈ। ਦੂਸਰਾ ਨੰਬਰ 14.6% ਮਾਤਰਾ ਨਾਲ ਅਮਰੀਕਾ ਦਾ ਹੈ। ਦਸੰਬਰ 2015 ਵਿੱਚ ਦੁਨੀਆ ਭਰ ਦੇ ਮੁਲਕਾਂ ਦਾ ਗ੍ਰੀਨ ਹਾਊਸ ਗੈਸਾਂ ਦੇ ਨਿਕਾਸ ਦੀ ਮਾਤਰਾ ਘਟਾਉਣ ਲਈ ਇਕ ਸਮਝੌਤਾ ਹੋਇਆ ਜਿਸ ਨੂੰ ਪੈਰਿਸ ਸਮਝੌਤੇ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਮੁਤਾਬਕ ਸਾਲ 2100 ਤੱਕ ਧਰਤੀ ਦੀ ਸਤਾ ਦੇ ਨੇੜੇ ਦਾ ਤਾਪਮਾਨ 2 ਡਿਗਰੀ ਸੈਂਟੀਗ੍ਰੇਡ ਤੋਂ ਜ਼ਿਆਦਾ ਨਾ ਵਧਣ ਦੇਣ ਦਾ ਅਹਿਦ ਲਿਆ ਗਿਆ ਤੇ ਇਹ ਵੀ ਸਹਿਮਤੀ ਪ੍ਰਗਟ ਕੀਤੀ ਗਈ ਕਿ ਇਸ ਅੰਕ ਨੂੰ 1.5 ਡਿਗਰੀ ਤੱਕ ਹੀ ਸੀਮਤ ਕੀਤਾ ਜਾਵੇ। ਇਸ ਲਈ ਕਾਰਬਨ ਡਾਈਔਕਸਾਈਡ ਦੀ ਨਿਕਾਸੀ ਦਰ ਸਾਲ 2030 ਤੱਕ 45% ਘੱਟ ਕਰਨੀ ਪਵੇਗੀ ਪਰ ਇਹ ਟਾਰਗਟ ਹਾਸਲ ਕਰਨ ਲਈ 2020 ਤੱਕ ਹੀ ਪ੍ਰਭਾਵਸ਼ਾਲੀ ਕਦਮ ਚੁੱਕਣੇ ਪੈਣਗੇ। ਪੋਟਸਡੈਮ ਵਾਤਾਵਰਣ ਇੰਸਟੀਚਿਊਟ ਦੇ ਵਿਗਿਆਨੀ ਹਾਂਸ ਜੋਕੀਮ ਸਕੀਲੀਨਹਬਰਗ ਮੁਤਾਬਕ ਜੇ ਅਸੀਂ ਇਹ ਕਦਮ ਨਾ ਚੁੱਕੇ ਤਾਂ ਵਾਤਾਵਰਣ ਦਾ ਇੰਨਾ ਕੁ ਨੁਕਸਾਨ ਹੋ ਚੁਕੇਗਾ ਜਿਸ ਦੀ ਮੁਰੰਮਤ ਸੰਭਵ ਨਹੀਂ ਹੋਵੇਗੀ। ਇਸ ਦਿਸ਼ਾ ਵਿੱਚ ਕਿੰਨੀ ਕੁ ਸਫਲਤਾ ਮਿਲਦੀ ਹੈ ਇਹ ਤਾਂ ਆਉਣ ਵਾਲਾ ਵਕਤ ਹੀ ਦਸੇਗਾ ਪਰ ਵਿਗਿਆਨੀਆਂ ਮੁਤਾਬਕ 1.5 ਡਿਗਰੀ ਦਾ ਵਾਧਾ ਸੰਨ 2032 ਤੋਂ 2050 ਦੇ ਵਿੱਚ ਹੀ ਕਿਸੇ ਸਮੇਂ ਹੋ ਜਾਣ ਦੇ ਆਸਾਰ ਹਨ। ਇਸ ਸਬੰਧ ਵਿੱਚ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਸ਼੍ਰੀ ਅੰਟੋਨਿਓ ਗੁਤਰਸ ਦੇ ਪਿੱਛੇ ਜਿਹੇ ਨਿਊਜ਼ੀਲੈਂਡ ਵਿੱਚ ਜ਼ਾਹਰ ਕੀਤੇ ਖਦਸ਼ੇ ਸਾਡੇ ਫਿਕਰ ਵਿੱਚ ਵਾਧਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਵਾਤਾਵਰਣ ਦੇ ਤਾਪਮਾਨ ਵਿੱਚ ਵਾਧਾ ਕਿਤੇ ਜ਼ਿਆਦਾ ਤੇਜੀ ਨਾਲ ਹੋ ਰਿਹਾ ਹੈ ਅਤੇ ਪੈਰਿਸ ਸਮਝੌਤੇ ਵਾਲੇ ਦੇਸ਼ ਕੀਤੇ ਹੋਏ ਵਾਅਦਿਆਂ ਤੇ ਖਰੇ ਨਹੀਂ ਉਤਰ ਰਹੇ। ਰਾਜਸੀ ਇੱਛਾ ਸ਼ਕਤੀ ਦੀ ਘਾਟ ਨਜ਼ਰ ਆ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ 10 ਲੱਖ ਜੀਵ ਜੰਤੂ ਜਾਂ ਬਨਸਪਤੀ ਦੀਆਂ ਨਸਲਾਂ ਅਲੋਪ ਹੋਣ ਦੇ ਕਗਾਰ ਪਰ ਹਨ। ਅਸੀਂ ਇਸ ਨੂੰ ਵਾਪਰਨ ਨਹੀਂ ਦੇ ਸਕਦੇ ਅਤੇ ਸਾਨੂੰ ਆਪਣੇ ਲੋਕਾਂ ਦੇ ਜੀਵਨ ਤੇ ਆਪਣੇ ਗ੍ਰਹਿ ਨੂੰ ਬਚਾਉਣਾ ਹੈ।

ਆਲਮੀ ਤਪਸ਼ ਇਸ ਕਦਰ ਵੱਧ ਰਿਹਾ ਹੈ ਕਿ ਐਂਟਾਰਕਟਿਕਾ ਜੋ ਦੁਨੀਆਂ ਦਾ ਸੱਭ ਤੋਂ ਵੱਡਾ ਗਲੇਸ਼ੀਅਰ ਹੈ, ਉਸ ਦੀ ਬਰਫ਼ ਪਿਗਲਣ ਦੀ ਦਰ ਪਿੱਛਲੀ ਸਦੀ ਦੇ ਨੱਬਵਿਆਂ ਦੇ ਦਹਾਕੇ ਨਾਲੋਂ ਅੱਜ ਪੰਜ ਗੁਣਾ ਵੱਧ ਗਈ ਹੈ। ਫਰਾਂਸ ਦੇ ਖੇਤਰਫਲ ਦੇ ਚਾਰ ਗੁਣਾ ਦੇ ਬਰਾਬਰ ਇਸ ਦੀ ਬਰਫ਼ ਪਿਘਲ ਚੁਕੀ ਹੈ। ਹੁਣੇ ਹੀ ਪ੍ਰਕਾਸ਼ਤ ਹੋਈ ਇਕ ਸਟੱਡੀ ਮੁਤਾਬਕ ਅਸੀਂ ਉਸ ਪੁਆਇੰਟ ਤੇ ਪਹੁੰਚ ਚੁੱਕੇ ਹਾਂ ਜਿਥੋਂ ਵਾਪਸੀ ਸੰਭਵ ਨਹੀਂ। ਜੇ ਹਾਲਤ ਇਹੀ ਰਹੇ ਤਾਂ ਇਸ ਸਦੀ ਦੇ ਅੰਤ ਤੱਕ ਗਲੇਸ਼ੀਅਰ ਪਿਘਲਣ ਕਰਕੇ ਸਮੁੰਦਰੀ ਪਾਣੀ ਦਾ ਲੈਵਲ ਇੰਨਾ ਵੱਧ ਜਾਵੇਗਾ ਕਿ ਨਿਊਯਾਰਕ ਵਰਗੇ ਸ਼ਹਿਰ ਦੀਆਂ ਸੱਤ ਮੰਜ਼ਿਲਾਂ ਪਾਣੀ ਵਿੱਚ ਡੁੱਬ ਜਾਣਗੀਆਂ ਤੇ ਸਮੁੰਦਰ ਕੰਢੇ ਵਸੇ ਬਹੁਤੇ ਸ਼ਹਿਰਾਂ ਦੀ ਹੋਂਦ ਖਤਰੇ ਵਿੱਚ ਪੈ ਜਾਵੇਗੀ। ਬੰਗਲਾ ਦੇਸ਼ ਵਰਗੇ ਤੇ ਕਈ ਹੋਰ ਮੁਲਕ ਜੋ ਸਮੁੰਦਰੀ ਤਹਿ ਤੋਂ ਜ਼ਿਆਦਾ ਉੱਚੇ ਨਹੀਂ ਸ਼ਾਇਦ ਦੁਨੀਆ ਦੇ ਨਕਸ਼ੇ ਤੋਂ ਹੀ ਖ਼ਤਮ ਹੋ ਜਾਣਗੇ। ਇਸ ਨਾਲ ਕਰੋੜਾਂ ਦੀ ਮਨੁੱਖੀ ਅਬਾਦੀ ਦੇ ਰਹਿਣ ਵਾਲੀ ਜਾਂ ਅਨਾਜ ਪੈਦਾ ਕਰਨ ਵਾਲੀ ਧਰਤੀ ਖਤਮ ਹੋ ਜਾਵੇਗੀ। ਇੰਨਾ ਹੀ ਨਹੀਂ ਆਲਮੀ ਤਪਸ਼ ਕਾਰਨ ਮੌਸਮ ਵਿੱਚ ਇੰਨਾ ਜ਼ਿਆਦਾ ਵਿਗਾੜ ਪੈਦਾ ਹੋ ਰਿਹਾ ਹੈ ਕਿ ਸੋਕਾ, ਹੜ੍ਹ ਤੇ ਭਿਆਨਕ ਸਮੁੰਦਰੀ ਤੂਫ਼ਾਨਾਂ ਦਾ ਖਤਰਾ ਦਿਨੋ-ਦਿਨ ਵੱਧ ਰਿਹਾ ਹੈ। ਇਸ ਦੇ ਭਿਆਨਕ ਸਿੱਟੇ ਨਿਕਲਣਗੇ। ਭੋਜਨ ਦੀ ਬਹੁਤ ਵੱਡੀ ਘਾਟ ਪੈਦਾ ਹੋ ਸਕਦੀ ਹੈ ਜੋ ਦਿਨੋ-ਦਿਨ ਗਿਣਤੀ ਪੱਖੋਂ ਵੱਧ ਰਹੀ ਮਨੁੱਖ ਜਾਤੀ ਲਈ ਖਤਰੇ ਦੀ ਘੰਟੀ ਹੈ।

ਇੰਟਰ ਗਵਰਨਮੈਂਟਲ ਪੈਨਲ ਆਨ ਕਲਾਈਮੇਟ ਚੇਂਜ (IPCC) ਦੀ ਅਗਸਤ 2019 ਦੇ ਪਹਿਲੇ ਹਫਤੇ ਜਨੇਵਾ ਵਿੱਚ ਹੋਈ ਲੰਬੀ ਮੀਟਿੰਗ ਵਿੱਚ ਵੀ ਇਹ ਚਿੰਤਾ ਜ਼ਾਹਿਰ ਕੀਤੀ ਗਈ ਹੈ ਕਿ 2050 ਸਾਲ ਤੱਕ ਸੰਸਾਰ ਦੀ ਅਬਾਦੀ ਵਿੱਚ ਦੋ ਅਰਬ ਦਾ ਵਾਧਾ ਹੋਣ ਦੇ ਆਸਾਰ ਹਨ। ਉਨ੍ਹਾਂ ਨੇ ਵੀ ਇਨ੍ਹਾਂ ਖਤਰਿਆਂ ਦੀ ਪੁਸ਼ਟੀ ਕੀਤੀ ਹੈ। ਵੱਧਦਾ ਹੋਇਆ ਤਾਪਮਾਨ ਟ੍ਰਾਪੀਕਲ ਖੇਤਰਾਂ ਵਿੱਚ ਫਸਲਾਂ ਦਾ ਝਾੜ ਘਟਾਉਣ, ਮੁੱਖ ਫਸਲਾਂ ਦੀ ਖੇਤੀ ਘਟਾਉਣ ਤੇ ਉਨ੍ਹਾਂ ਵਿੱਚ ਜਰੂਰੀ ਤੱਤ ਘਟਾਉਣ ਦਾ ਕਾਰਨ ਬਣ ਰਿਹਾ ਹੈ। ਦੂਸਰੇ ਪਾਸੇ ਵਧਦੀ ਅਬਾਦੀ ਨਾਲ ਵਧਦੀ ਭੋਜਨ ਦੀ ਖਪਤ ਵੀ ਆਪਣੇ ਆਪ ਵਿੱਚ ਵੀ ਆਲਮੀ ਤਪਸ਼ ਦਾ ਕਾਰਨ ਬਣ ਰਹੀ ਹੈ ਕਿਉਂਕਿ ਫਾਰਮ ਤੋਂ ਲੈ ਕੇ ਫ਼ੂਡ ਕੋਰਟ ਤੱਕ ਗ੍ਰੀਨ ਹਾਊਸ ਗੈਸਾਂ ਦਾ 25% ਨਿਕਾਸ ਇਸ ਕਰਕੇ ਹੋ ਰਿਹਾ ਹੈ।

ਮਨੁੱਖੀ ਤੇ ਹੋਰ ਜੀਵਨ ਨੂੰ ਦੂਸਰਾ ਵੱਡਾ ਖਤਰਾ ਦਿਨੋ-ਦਿਨ ਹਵਾ, ਪਾਣੀ ਤੇ ਧਰਤੀ ਦੇ ਵੱਧ ਰਹੇ ਪ੍ਰਦੂਸ਼ਣ ਕਾਰਨ ਪੈਦਾ ਹੋ ਰਿਹਾ ਹੈ। ਇਹ ਪ੍ਰਦੂਸ਼ਣ ਉਦਯੋਗਾਂ ਵਿਚੋਂ ਨਿਕਲ ਰਹੀਆਂ ਗ੍ਰੀਨ ਹਾਊਸ ਗੈਸਾਂ ਤੋਂ ਇਲਾਵਾ ਦੂਸਰੇ ਕੈਮੀਕਲ, ਖੇਤੀਬਾੜੀ ਵਿੱਚ ਛਿੜਕਾਅ ਲਈ ਵਰਤੇ ਜਾਂਦੇ ਕੀਟਨਾਸ਼ਕ, ਰਸਾਇਣਕ ਖਾਦਾਂ ਆਦਿ ਹਨ ਜੋ ਸਾਡੀ ਹਵਾ, ਧਰਤੀ ਤੇ ਜਲ ਸਰੋਤਾਂ ਨੂੰ ਜ਼ਹਿਰੀਲਾ ਬਣਾ ਰਹੇ ਹਨ। ਧਰਤੀ ਤੇ ਜਲ ਸਰੋਤਾਂ ਨੂੰ ਪ੍ਰਦੂਸ਼ਿਤ ਕਰਨ ਵਿੱਚ ਸੱਭ ਤੋਂ ਵੱਡਾ ਰੋਲ ਪਲਾਸਟਿਕ ਦਾ ਹੈ ਜਿਸ ਦਾ ਮੋਲੀਕਿਊਲ ਹਜਾਰਾਂ ਸਾਲਾਂ ਤੱਕ ਉਸੇ ਤਰ੍ਹਾਂ ਪਿਆ ਰਹਿੰਦਾ ਹੈ, ਟੁੱਟਦਾ (biodegrade) ਨਹੀਂ। ਇਸ ਨੇ ਸਮੁੰਦਰਾਂ ਨੂੰ ਹੁਣ ਤੱਕ ਹੀ ਇਸ ਕਦਰ ਪ੍ਰਦੂਸ਼ਿਤ ਕਰ ਦਿੱਤਾ ਹੈ ਕਿ ਬਹੁਤ ਵਾਰੀ ਸਮੁੰਦਰੀ ਜੀਵਾਂ ਦੀ ਮੌਤ ਬਾਅਦ ਕੀਤੇ ਗਏ ਪੋਸਟ ਮਾਰਟਮਾਂ ਤੋਂ ਪਤਾ ਲੱਗਾ ਹੈ ਕਿ ਉਨ੍ਹਾਂ ਦੀ ਮੌਤ ਦਾ ਕਾਰਨ ਪਲਾਸਟਿਕ ਹੀ ਸੀ। ਮੁਨਾਫ਼ਾ-ਰਹਿਤ ਮੀਡੀਆ ਸੰਸਥਾ 'ਦੀ ਕਨਵਰਸੇਸ਼ਨ' ਵਲੋਂ ਯੂਨੀਵਰਸਿਟੀ ਆਫ ਟੈਕਨੋਲੋਜੀ ਸਿਡਨੀ ਵਲੋਂ ਕੀਤੀ ਗਈ ਸਟੱਡੀ ਸਬੰਧੀ ਇਕ ਆਰਟੀਕਲ ਪਬਲਿਸ਼ ਕੀਤਾ ਗਿਆ ਹੈ ਜਿਸ ਮੁਤਾਬਕ ਵਾਤਾਵਰਨ ਵਿੱਚ ਵੱਧ ਰਹੀ ਕਾਰਬਨ ਡਾਇਓਕਸਾਈਡ ਕਾਰਨ ਸਮੁੰਦਰਾਂ ਦਾ ਇਸ ਕਦਰ ਤੇਜ਼ਾਬੀਕਰਨ ਹੋ ਰਿਹਾ ਹੈ ਕਿ ਹਰੀ ਕਾਈ (green algae), ਜੋ ਅਨੇਕਾਂ ਜੀਵ ਜੰਤੂਆਂ ਦਾ ਭੋਜਨ ਹੈ, ਦੇ ਬਣਨ ਦੀ ਮਾਤਰਾ ਘੱਟ ਰਹੀ ਹੈ। ਇਨ੍ਹਾਂ ਕਾਰਨਾਂ ਕਰਕੇ ਸਮੁੰਦਰੀ ਜੀਵਨ ਤੇ ਸਮੁੰਦਰੀ-ਜੀਵਨ ਭੋਜਨ ਚੇਨ ਨੂੰ ਗੰਭੀਰ ਖਤਰਾ ਖੜ੍ਹਾ ਹੋ ਗਿਆ ਹੈ।ਸਮੁੰਦਰੀ ਭੋਜਨ ਜੋ ਕਿਸੇ ਸਮੇ ਪੋਸ਼ਟਿਕ ਮਨੁੱਖੀ ਆਹਾਰ ਮੰਨਿਆ ਜਾਂਦਾ ਸੀ ਅੱਜ ਮਨੁੱਖ ਲਈ ਨੁਕਸਾਨਦੇਹ ਬਣਦਾ ਜਾ ਰਿਹਾ ਹੈ।

ਧਰਤੀ ਦੀ ਉਮਰ ਅਰਬਾਂ ਸਾਲ ਹੈ ਤੇ ਇਸ ਤੇ ਜ਼ਿੰਦਗੀ ਵੀ ਅਰਬਾਂ ਸਾਲ ਹੀ ਧੜਕਣੀ ਚਾਹੀਦੀ ਹੈ। ਕੀ ਇਸ ਤਰ੍ਹਾਂ ਹੋ ਸਕੇਗਾ? ਵਾਤਾਵਰਨ ਨਾਲ ਜਿੰਨਾ ਖਿਲਵਾੜ ਪਿੱਛਲੇ 100-150 ਸਾਲ ਵਿੱਚ ਹੀ ਹੋ ਗਿਆ ਹੈ ਉਸ ਨੇ ਕੁਦਰਤ ਦੇ ਅਰਬਾਂ ਸਾਲਾਂ ਦੇ ਵਿਕਾਸ ਦਾ ਨਾਸ਼ ਮਾਰ ਕੇ ਰੱਖ ਦਿੱਤਾ ਹੈ। ਅੱਗੇ ਵੀ ਜੋ ਅਸੀਂ ਸਕੀਮਾਂ ਬਣਾ ਰਹੇ ਹਾਂ ਉਹ ਵੀ ਆਉਣ ਵਾਲੇ 80 ਸਾਲਾਂ ਦੀ ਹੀ ਗੱਲ ਕਰ ਰਹੇ ਹਾਂ। ਜਦੋਂ 2100 ਸਾਲ ਤੱਕ ਦੀ ਹੀ ਗੱਲ ਕਰਦੇ ਹਾਂ ਤਾਂ ਵੀ ਸਥਿਤੀ ਬਹੁਤ ਵਿਸਫੋਟਕ ਨਜ਼ਰ ਆਉਂਦੀ ਹੈ, ਆਉਣ ਵਾਲੇ ਕੁੱਝ ਸੈਂਕੜੇ ਜਾਂ ਹਜਾਰਾਂ ਸਾਲਾਂ ਬਾਅਦ ਹਾਲਤਾਂ ਕੀ ਹੋਣਗੀਆਂ ਸੋਚ ਕੇ ਕੰਬਣੀ ਛਿੜਦੀ ਹੈ। ਸਾਨੂੰ ਆਪਣੇ ਗ੍ਰਹਿ ਦਾ ਭਵਿੱਖ ਧੁੰਦਲਾ ਨਹੀਂ ਕਾਲਾ ਨਜ਼ਰ ਆ ਰਿਹਾ ਹੈ। ਇਨਸਾਨੀ ਸੁਆਰਥ ਕਰਕੇ ਕੁੱਝ ਸੈਂਕੜੇ ਸਾਲਾਂ ਬਾਅਦ ਹੀ ਧਰਤੀ ਤੋਂ ਹਰ ਤਰ੍ਹਾਂ ਦਾ ਜੀਵਨ ਖਤਮ ਹੋਣ ਦੇ ਆਸਾਰ ਹਨ। ਮਨੁੱਖੀ ਜੀਵਨ ਖਤਮ ਹੋਣ ਦਾ ਖਤਰਾ ਤਾਂ ਹੋਰ ਵੀ ਜਿਆਦਾ ਹੈ ਕਿਉਂਕਿ ਮਨੁੱਖ ਆਲਮੀ ਤਪਸ਼ ਕਾਰਨ ਤੇਜੀ ਨਾਲ ਬਦਲ ਰਹੀਆਂ ਕੁਦਰਤੀ ਹਾਲਤਾਂ ਮੁਤਾਬਕ ਆਪਣੇ ਆਪ ਨੂੰ ਢਾਲਣ ਦੇ ਸਮਰੱਥ ਨਹੀਂ।

ਕੀ ਮੌਜੂਦਾ ਰਾਜਨੀਤਕ ਆਰਥਿਕ ਪ੍ਰਬੰਧ ਤੋਂ ਇਸ ਖਤਰੇ ਨੂੰ ਟਾਲਣ ਦੀ ਆਸ ਕੀਤੀ ਜਾ ਸਕਦੀ ਹੈ ? ਅੱਜ ਸਾਰੇ ਸੰਸਾਰ ਅੰਦਰ, ਖਾਸ ਕਰਕੇ ਵਿਕਸਤ ਮੁਲਕਾਂ ਵਿੱਚ ਸਰਮਾਏਦਾਰੀ ਰਾਜਨੀਤਕ-ਆਰਥਿਕ ਢਾਂਚਾ ਕਾਇਮ ਹੋ ਚੁੱਕਾ ਹੈ ਤੇ ਸਾਰੀਆਂ ਸਰਕਾਰਾਂ ਸਰਮਾਏਦਾਰ ਕਾਰਪੋਰੇਸ਼ਨਾਂ ਦੇ ਕੰਟਰੋਲ ਵਿੱਚ ਹਨ। ਉਹ ਉਹੀ ਕਦਮ ਚੁੱਕਣ ਲਈ ਮਜਬੂਰ ਹਨ ਜੋ ਕਾਰਪੋਰਸ਼ਨਾਂ ਕਹਿੰਦਿਆਂ ਹਨ। ਸਰਮਾਏਦਾਰੀ ਢਾਂਚੇ ਦੇ ਖਾਸੇ ਦੀ ਗੱਲ ਕਰਦਿਆਂ ਸ਼੍ਰੀ ਅੰਟੋਨਿਓ ਗੁਤਰਸ ਦੇ ਖਦਸ਼ੇ ਬਿਲਕੁਲ ਜਾਇਜ਼ ਲਗਦੇ ਹਨ। ਇਸ ਢਾਂਚੇ ਦੇ ਖਾਸੇ ਦੇ ਦੋ ਮੁੱਖ ਲੱਛਣ ਹਨ 1) ਮੁਨਾਫ਼ੇ ਦੀ ਅੰਨ੍ਹੀ ਲਾਲਸਾ 2) ਹਰ ਵਕਤ ਅਸੁਰੱਖਿਅਤਾ ਕਾਰਨ ਮੁਕਾਬਲੇਬਾਜ਼ੀ। ਇਨ੍ਹਾਂ ਦੋਨੋ ਲੱਛਣਾਂ ਕਰਕੇ ਕਾਰਪੋਰੇਸ਼ਨਾਂ ਇਕ ਦੂਜੇ ਤੋਂ ਅੱਗੇ ਹੋ ਕੇ ਮੁਨਾਫ਼ਾ ਕਮਾਉਣ ਤੇ ਇਕ ਦੂਜੇ ਤੋਂ ਅੱਗੇ ਲੰਘਣ ਲਈ ਯਤਨਸ਼ੀਲ ਰਹਿੰਦੀਆਂ ਹਨ ਕਿਉਂਕਿ ਉਨ੍ਹਾਂ ਨੂੰ ਚਿੰਤਾ ਲੱਗੀ ਰਹਿੰਦੀ ਹੈ ਕਿ ਕੋਈ ਦੂਸਰਾ ਉਸ ਨੂੰ ਹੜੱਪ ਨਾ ਕਰ ਜਾਵੇ। ਇਸ ਲਈ ਮੁਨਾਫ਼ਾ ਕਮਾਉਣ ਦੀ ਅੰਨ੍ਹੀ ਦੌੜ ਲੱਗੀ ਹੋਈ ਹੈ। ਇਸ ਦੌੜ ਵਿੱਚ ਮਨੁੱਖਤਾ ਤੇ ਵਾਤਾਵਰਣ ਵਰਗੇ ਮੁੱਦੇ ਇਨ੍ਹਾਂ ਕਾਰਪੋਰੇਸ਼ਨਾਂ ਦੇ ਏਜੰਡੇ ਤੋਂ ਗਾਇਬ ਹਨ।

ਅਮਰੀਕਾ ਦੇ ਸਾਬਕਾ ਪ੍ਰਧਾਨ, ਡੋਨਾਲਡ ਟਰੰਪ ਨੇ ਪਹਿਲਾਂ ਹੀ ਪੈਰਿਸ ਸਮਝੌਤੇ ਤੋਂ ਬਾਹਰ ਆਉਣ ਦਾ ਐਲਾਨ ਕਰ ਦਿੱਤਾ ਸੀ। ਉਹ ਇਹ ਮੰਨਣ ਨੂੰ ਹੀ ਤਿਆਰ ਨਹੀਂ ਸੀ ਕਿ ਆਲਮੀ ਤਪਸ਼ ਨਾਂ ਦੀ ਕੋਈ ਸਮੱਸਿਆ ਹੈ। ਬ੍ਰਾਜ਼ੀਲ ਦਾ ਪ੍ਰਧਾਨ ਜਾਇਰ ਬੋਲਸੋਨਰੋ ਵੀ ਇਸ ਸਮੱਸਿਆ ਤੋਂ ਮੁਨਕਰ ਹੈ । ਉਹ ਕਹਿੰਦਾ ਹੈ ਕਿ ਆਲਮੀ ਤਪਸ਼ ਤਾਂ 'ਮਾਰਕਸਵਾਦੀਆਂ' ਵਲੋਂ ਖੜ੍ਹਾ ਕੀਤਾ ਹੋਇਆ ਹਊਆ ਹੈ। ਇਨ੍ਹਾਂ ਬਿਆਨਾਂ ਨਾਲ ਚੀਨ ਵਰਗੇ ਦੇਸ਼ ਨੂੰ ਹੋਰ ਮਨ ਮਰਜੀ ਕਰਨ ਦੀ ਖੁੱਲ੍ਹ ਹੋ ਜਾਵੇਗੀ। ਪਿਛਲੇ ਕੁੱਝ ਸਾਲ ਪਹਿਲਾਂ ਟੋਕੀਓ ਵਿੱਚ ਜੀ-20 ਮੁਲਕਾਂ ਦੀ ਕਾਨਫਰੰਸ ਵਿੱਚ ਭਾਵੇਂ ਟਰੰਪ ਨੂੰ ਛੱਡ ਕੇ ਬਾਕੀ ਦੇਸ਼ਾਂ ਨੇ ਪੈਰਿਸ ਸਮਝੌਤੇ ਤੇ ਪਾਬੰਦ ਰਹਿਣ ਦਾ ਅਹਿਦ ਦੁਹਰਾਇਆ ਸੀ ਪਰ ਸ਼੍ਰੀ ਅੰਟੋਨਿਓ ਗੁਤਰਸ ਆਪਣੀ ਜਗ੍ਹਾ ਬਿਲਕੁਲ ਠੀਕ ਹਨ ਕਿਉਂਕਿ ਸਾਰੇ ਦੇਸ਼ਾਂ ਦੀਆਂ ਸਰਕਰਾਂ ਵਿੱਚ ਕਾਰਪੋਰੇਸ਼ਨਾਂ ਦੇ ਦਬਾਅ ਕਰਕੇ ਰਾਜਸੀ ਇੱਛਾ ਸ਼ਕਤੀ ਦੀ ਘਾਟ ਹੈ। ਇਹੀ ਕਾਰਨ ਹੈ ਕਿ ਅਮਲ ਵਿੱਚ ਉਹ ਬਹੁਤ ਕੁੱਝ ਕਰਨ ਲਈ ਤਿਆਰ ਨਹੀਂ ਹਨ। ਸਾਰੇ ਦੇਸ਼ ਇਕ ਦੂਜੇ ਨਾਲ ਮੁਕਾਬਲੇਬਾਜ਼ੀ ਵਿੱਚ ਹਨ। 'ਪਹਿਲਾਂ ਤੂੰ - ਪਹਿਲਾਂ ਤੂੰ' ਵਾਲੀ ਸਥਿਤੀ ਬਣੀ ਹੋਈ ਹੈ।

ਸਿੱਟਾ ਇਹ ਨਿਕਲਦਾ ਹੈ ਕਿ ਵਾਤਾਵਰਨ ਨੂੰ ਬਚਾਉਣ ਲਈ ਦਲੇਰ, ਨਿਰਸੁਆਰਥ ਤੇ ਇਨਕਲਾਬੀ ਕਦਮ ਉਠਾਉਣੇ ਪੈਣਗੇ ਜੋ ਇਸ ਅੰਤਾਂ ਦੇ ਸੁਆਰਥੀ ਤੇ ਆਪਾ-ਧਾਪੀ ਵਾਲੇ ਰਾਜਨੀਤਕ-ਆਰਥਿਕ ਪ੍ਰਬੰਧ ਤੋਂ ਉਮੀਦ ਕਰਨੀ, ਜੋ ਸਾਹਮਣੇ ਨਜ਼ਰ ਆਉਂਦੇ ਖਤਰੇ ਨੂੰ ਮੰਨਣ ਨੂੰ ਹੀ ਤਿਆਰ ਨਹੀਂ, ਆਪਣੇ ਆਪ ਨੂੰ ਧੋਖਾ ਦੇਣ ਦੇ ਬਰਾਬਰ ਹੈ। ਪਿਛਲੇ ਕੁੱਝ ਸਾਲਾਂ ਤੋਂ ਅਮਰੀਕਾ ਤੇ ਬਾਕੀ ਕਈ ਦੇਸ਼ਾਂ ਵਿੱਚ ਸ਼ੁਰੂ ਹੋਏ ਵਪਾਰਕ ਯੁੱਧ ਤੋਂ ਸਾਡੇ ਖਦਸ਼ਿਆਂ ਦੀ ਹੋਰ ਵੀ ਪੁਸ਼ਟੀ ਹੋ ਜਾਂਦੀ ਹੈ। ਇਸ ਲਈ ਜੇ ਇਸ ਧਰਤੀ ਤੇ ਜੀਵਨ ਬਚਾਉਣਾ ਹੈ ਤਾਂ ਇਸ ਮੁਨਾਫ਼ਾ-ਮੁੱਖੀ ਰਾਜਨੀਤਕ-ਆਰਥਿਕ ਪ੍ਰਬੰਧ ਨੂੰ ਢਹਿ-ਢੇਰੀ ਕਰਕੇ ਇਸ ਦੀ ਜਗ੍ਹਾ ਮਨੁੱਖਤਾ ਪੱਖੀ ਪ੍ਰਬੰਧ ਉਸਾਰਨਾ ਪਵੇਗਾ। ਤਾਂ ਹੀ ਤੇ ਸਿਰਫ ਤਾਂ ਹੀ ਸਾਡੇ ਗ੍ਰਹਿ ਤੇ ਸਦੀਵੀ ਜੀਵਨ ਬਚਿਆ ਰਹਿਣ ਦੀ ਗਰੰਟੀ ਦਿੱਤੀ ਜਾ ਸਕਦੀ ਹੈ। ਸਾਡੀ ਗੱਲ ਦੀ ਪੁਸ਼ਟੀ, ਸਵੀਡਨ ਕੁੜੀ ਗਰੇਟਾ ਥਨਬਰਗ ਦੀ ਅਗਵਾਈ ਵਿੱਚ 30 ਅਗਸਤ 2019 ਨੂੰ ਸੈਂਕੜੇ ਸਕੂਲੀ ਬੱਚਿਆਂ ਵਲੋਂ, ਵਾਤਾਵਰਨ ਬਚਾਉਣ ਲਈ ਸੰਯੁਕਤ ਰਾਸ਼ਟਰ ਦੇ ਨਿਊਯਾਰਕ ਸਥਿਤ ਦਫਤਰ ਸਾਹਮਣੇ ਮੁਜਾਹਰਾ ਕਰਦੇ ਹੋਏ, "ਸਿਸਟਮ ਬਦਲੋ ਵਾਤਾਵਰਨ ਨਹੀਂ" ਦਾ ਨਾਹਰਾ ਲਾ ਕੇ ਕਰ ਦਿੱਤੀ ਗਈ ਹੈ।

email - gillgsB@@G'gmail.com

# ਕਿਸਾਨ ਅੰਦੋਲਨ ਦਾ ਮਾਣ - ਅਮਰੀਕਾ ਦਾ ਡਾ. ਸਵੈਮਾਣ ਸਿੰਘ ਪੱਖੋਕੇ



ਡਾ. ਸੁਖਦੇਵ ਸਿੰਘ ਝੰਡ
ਬਰੈਂਪਟਨ
647-567-9128

ਦਿੱਲੀ ਦੀਆਂ ਬਰੂਹਾਂ ’ਤੇ ਇਕ ਸਾਲ ਚੱਲਿਆ ਕਿਸਾਨ ਅੰਦੋਲਨ ਹੁਣ ਫ਼ਤਿਹ ਦੇ ਕੰਢੇ ’ਤੇ ਹੈ। 19 ਨਵੰਬਰ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼-ਦਿਹਾੜੇ ’ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਤਿੰਨੇ ਖੇਤੀ ਕਾਲ਼ੇ ਕਾਨੂੰਨ ਰੱਦ ਕਰਨ ਦੇ ਐਲਾਨ ਤੋਂ ਬਾਅਦ 29 ਨਵੰਬਰ ਨੂੰ ਆਰੰਭ ਹੋਏ ਪਾਰਲੀਮੈਂਟ ਦੇ ਸਰਦ-ਰੁੱਤ ਦੇ ਸੈਸ਼ਨ ਦੇ ਪਹਿਲੇ ਦਿਨ ਹੀ ਇਹ ਕਾਨੂੰਨ ਲੋਕ ਸਭਾ ਤੇ ਰਾਜ ਸਭਾ ਵਿਚ ਸਰਬ-ਸੰਮਤੀ ਨਾਲ ਰੱਦ ਕਰ ਦਿੱਤੇ ਗਏ ਹਨ ਅਤੇ ਹੁਣ ਇਸ ਉੱਪਰ ਭਾਰਤ ਦੇ ਰਾਸ਼ਟਰਪਤੀ ਦੇ ਦਸਤਖ਼ਤ ਹੋਣੇ ਹੀ ਬਾਕੀ ਹਨ ਇਸ ਦੇ ਨਾਲ ਹੀ ਫ਼ਸਲਾਂ ਦਾ ਘੱਟੋ-ਘੱਟ ਸਮੱਰਥਨ ਮੁੱਲ ਦੇਣ ਅਤੇ ਇਨ੍ਹਾਂ ਦੀ ਸਰਕਾਰੀ ਖ਼੍ਰੀਦ ਯਕੀਨੀ ਬਨਾਉਣ ਦੀ ਦੂਸਰੀ ਵੱਡੀ ਮੰਗ ਬਾਰੇ ਕੇਂਦਰ ਤੇ ਰਾਜ ਸਰਕਾਰਾਂ ਦੇ ਨੁਮਾਇੰਦਿਆਂ, ਖੇਤੀ ਮਾਹਿਰਾਂ ਅਤੇ ਕਿਸਾਨ ਆਗੂਆਂ ਦੀ ਇਕ ਕਮੇਟੀ ਬਨਾਉਣ ਲਈ ਵੀ ਪ੍ਰਧਾਨ ਮੰਤਰੀ ਨੇ ਆਪਣੀ ਸਹਿਮਤੀ ਪ੍ਰਗਟਾਈ ਹੈ। ਬੇਸ਼ਕ, ਉਨ੍ਹਾਂ ਵੱਲੋਂ ਕਿਸਾਨਾਂ ਨੂੰ ਆਪਣੇ ਘਰੀਂ ਪਰਤਣ ਲਈ ਵੀ ਕਿਹਾ ਗਿਆ ਹੈ ਪਰ ਕਿਸਾਨ ਆਗੂਆਂ ਵੱਲੋਂ ਤਿੰਨਾਂ ਖੇਤੀ ਕਾਨੂੰਨਾਂ ਨੂੰ ਪੂਰੀ ਤਰ੍ਹਾਂ ਰੱਦ ਕਰਵਾਉਣ ਅਤੇ ਸਰਕਾਰ ਵੱਲੋਂ ਐੱਮ.ਐੱਸ.ਪੀ. ਦੀ ਅਹਿਮ ਮੰਗ ਮੰਨੇ ਜਾਣ ਤੱਕ ਇਹ ਅੰਦੋਲਨ ਜਾਰੀ ਰੱਖਣ ਦੀ ਗੱਲ ਕਹੀ ਗਈ ਹੈ ਜੋ ਬਿਲਕੁਲ ਸਹੀ ਲੱਗਦੀ ਹੈ, ਕਿਉਂਕਿ ਰਾਜਸੀ ਐਲਾਨਾਂ ਉੱਪਰ ਕਈ ਵਾਰ ਅਮਲ ਨਹੀਂ ਹੁੰਦਾ ਅਤੇ ਉਹ ਕੇਵਲ ਐਲਾਨ ਬਣ ਕੇ ਹੀ ਰਹਿ ਜਾਂਦੇ ਹਨ।

ਇਸ ਅੰਦੋਲਨ ਵਿਚ ਸਮੁੱਚੀ ਕਿਸਾਨ ਲੀਡਰਸ਼ਿਪ ਨੇ ਬੜੀ ਸੂਝ-ਬੂਝ, ਠਰ੍ਹੰਮੇ, ਸਹਿਜ, ਸਬਰ ਅਤੇ ਸੰਤੋਖ ਤੋਂ ਕੰਮ ਲਿਆ ਹੈ। ਅੰਦੋਲਨ ਦੇ ਦੌਰਾਨ ਹੋਈਆਂ ਕਈ ਹਿੰਸਕ ਅਤੇ ਉਤੇਜਕ ਕਾਰਵਾਈਆਂ, ਜੋ ਕਈ ਸ਼ਰਾਰਤੀ ਅਨਸਰਾਂ ਜਾਂ ਏਜੰਸੀਆਂ ਵੱਲੋਂ ਕਰਵਾਈਆਂ ਗਈਆਂ, ਨੂੰ ਬੜੀ ਸਿਆਣਪ ਤੇ ਦੂਰ-ਦਰਸ਼ਤਾ ਨਾਲ ਵਿਚਾਰ ਕੇ ਨਜ਼ਰ-ਅੰਦਾਜ਼ ਕੀਤਾ ਗਿਆ ਅਤੇ ਅੰਦੋਲਨ ਦੇ ਭਵਿੱਖਮਈ ਪ੍ਰੋਗਰਾਮ ਉਲੀਕੇ ਗਏ ਜਿਨ੍ਹਾਂ ਵਿਚ ਸਮੇਂ-ਸਮੇਂ ਭਾਰਤ-ਬੰਦ ਅਤੇ ਰੇਲਾਂ ਰੋਕਣ ਦੇ ਸੱਦੇ, ਬੀਜੇਪੀ ਲੀਡਰਾਂ ਦੇ ਘਿਰਾਓ, ਅੰਬਾਨੀ-ਅਡਾਨੀ ਦੇ ਕਾਰਪੋਰੇਟ ਅਦਾਰਿਆਂ ‘ਰਿਲਾਇੰਸ’ ਦੇ ਪੈਟਰੋਲ-ਪੰਪਾਂ ਅਤੇ ਉਸ ਦੇ ਵੱਡੇ-ਵੱਡੇ ਮਾਲਾਂ ਤੇ ਸਟੋਰਾਂ ਉੱਪਰ ਧਰਨੇ, ਆਦਿ ਸ਼ਾਮਲ ਸਨ। ਅੰਦੋਲਨ ਵਿਚ ਜਿੱਥੇ ਬਲਬੀਰ ਸਿੰਘ ਰਾਜੇਵਾਲ, ਡਾ. ਦਰਸ਼ਨ ਪਾਲ, ਜੋਗਿੰਦਰ ਸਿੰਘ ਉਗਰਾਹਾਂ, ਰਾਕੇਸ਼ ਟਿਕੈਤ, ਸੁਰਜੀਤ ਸਿੰਘ ਡੱਲੇਵਾਲ, ਬਲਦੇਵ ਸਿੰਘ ਸਰਸਾ, ਖੂੰਡੇ ਵਾਲਾ ਬਾਪੂ ਰੁਲਦੂ ਸਿੰਘ ਮਾਣਸਾ, ਮਨਜੀਤ ਸਿੰਘ ਰਾਏ, ਹਰਮੀਤ ਸਿੰਘ ਕਾਦੀਆਂ, ਕੁਲਵੰਤ ਸਿੰਘ ਸੰਧੂ, ਰਜਿੰਦਰ ਸਿੰਘ ਦੀਪਸਿੰਘ ਵਾਲਾ ਅਤੇ ਹੋਰ ਕਿਸਾਨੀ ਲੀਡਰਾਂ ਵੱਲੋਂ ਮਹੱਤਵਪੂਰਨ ਭੂਮਿਕਾਵਾਂ ਬਾਖ਼ੂਬੀ ਨਿਭਾਈਆਂ ਗਈਆਂ, ਉੱਥੇ ਅਮਰੀਕਾ ਤੋਂ ਉਚੇਚੇ ਤੌਰ ’ਤੇ ਦਿੱਲੀ ਦੇ ਟਿੱਕਰੀ ਬਾਰਡਰ ’ਤੇ ਪਹੁੰਚੇ ਦਿਲ ਦੀਆਂ ਬੀਮਾਰੀਆਂ ਦੇ ਡਾਕਟਰ ਸਵੈਮਾਣ ਸਿੰਘ ਪੱਖੋਕੇ ਦਾ ਯੋਗਦਾਨ ਵੀ ਕਿਸੇ ਗੱਲੋਂ ਘੱਟ ਨਹੀਂ ਹੈ ਜਿਸ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਉੱਥੇ‘ਪਿੰਡ ਕੈਲੇਫ਼ੋਰਨੀਆ’ ਵਸਾ ਲਿਆ ਅਤੇ ਉੱਥੇ ਕਿਸਾਨਾਂ ਨੂੰ ਨਾ ਕੇਵਲ ਡਾਕਟਰੀ ਸਹੂਲਤਾਂ ਹੀ ਮੁਹੱਈਆ ਕੀਤੀਆਂ ਸਗੋਂ ਇੱਥੋਂ ਹਰ ਪ੍ਰਕਾਰ ਦੀ ਸਹਾਇਤਾ ਅੰਦੋਲਨਕਾਰੀਆਂ ਨੂੰ ਦਿੱਤੀ ਗਈ। ਆਪਣੇ ਨਾਲ ਉਸ ਨੇ ਲੱਗਭੱਗ 200 ਡਾਕਟਰਾਂ ਦੀ ਸਰਗ਼ਰਮ ਟੀਮ ਤਿਆਰ ਕੀਤੀ ਅਤੇ ਸਿਰ-ਪੀੜ/ ਪੇਟ-ਦਰਦ ਤੋਂ ਲੈ ਕੇ ਹਾਰਟ-ਅਟੈਕ, ਦਿਮਾਗ਼ੀ ਪ੍ਰੇਸ਼ਾਨੀਆਂ ਅਤੇ ਅਚਨਚੇਤ ਆਉਣ ਵਾਲੀਆਂ ਕਈ ਬੀਮਾਰੀਆਂ ਦੇ ਨਾਲ਼ ਨਾਲ਼ ਸੱਟਾਂ-ਫੇਟਾਂ ਦਾ ਵੀ ਇਲਾਜ ਕੀਤਾ।

26 ਜਨਵਰੀ ਵਾਲੇ ਦਿਨ ਜਦੋਂ ਸਰਕਾਰੀ ਏਜੰਸੀਆਂ ਦੇ ਕਈ ਕਾਰਕੁੰਨ ਅਤੇ ਦਿੱਲੀ ਦੀ ਪੋਲੀਸ ਵੱਲੋਂ ਜਾਣ ਬੁੱਝ ਕੇ ਗੁੰਮਰਾਹ ਕੀਤੇ ਗਏ ਕਈ ਨੌਜੁਆਨ ਕਿਸਾਨ ਜੋਸ਼ ਵਿਚ ਆ ਕੇ ਦਿੱਲੀ ਦੇ ਲਾਲ-ਕਿਲ੍ਹੇ ਦੇ ਮੈਦਾਨ ਵਿਚ ਜਾ ਪਹੁੰਚੇ ਸਨ ਤਾਂ ਉੱਥੇ ਉਨ੍ਹਾਂ ਦੀਆਂ ਕਈ ਥਾਵਾਂ ’ਤੇ ਪੋਲੀਸ ਨਾਲ ਝੜਪਾਂ ਵੀ ਹੋਈਆਂ ਜਿਨ੍ਹਾਂ ਵਿਚ ਉੱਤਰ ਪ੍ਰਦੇਸ਼ ਦਾ ਇਕ ਨੌਜੁਆਨ ਰਵਨੀਤ ਸਿੰਘ ਮੌਕੇ ’ਤੇ ਮਾਰਿਆ ਗਿਆ ਅਤੇ ਕਈ ਹੋਰ ਗੰਭੀਰ ਜ਼ਖ਼ਮੀ ਹੋਏ ਸਨ ਤਾਂ ਉੱਥੇ ਮੌਕੇ ’ਤੇ ਡਾ. ਸਵੈਮਾਣ ਸਿੰਘ ਤੇ ਉਸ ਦੇ ਸਹਿਯੋਗੀ ਡਾਕਟਰਾਂ ਤੇ ਵਾਲੰਟੀਅਰਾਂ ਵੱਲੋਂ ਲੋੜੀਂਦੀ ਮਲ੍ਹਮ-ਪੱਟੀ ਕੀਤੀ ਗਈ। ਇਸ ਦੌਰਾਨ ਉਨ੍ਹਾਂ ਨੂੰ ਦਿੱਲੀ ਪੋਲੀਸ ਵੱਲੋਂ ਕੀਤੀ ਗਈ ਕੁੱਟ-ਮਾਰ ਦੌਰਾਨ ਸੱਟਾਂ ਵੀ ਲੱਗੀਆਂ। ਫਿਰ ਵੀ ਉਨ੍ਹਾਂ ਨੇ ਨਾ ਕੇਵਲ ਅੰਦੋਲਨਕਾਰੀ ਜ਼ਖ਼ਮੀਆਂ ਦਾ ਹੀ ਫ਼ੌਰੀ ਇਲਾਜ ਕੀਤਾ, ਸਗੋਂ ਕਈ ਜ਼ਖ਼ਮੀ ਪੋਲੀਸ ਕਰਮਚਾਰੀਆਂ ਨੂੰ ਵੀ ਡਾਕਟਰੀ ਸਹਾਇਤਾ ਦੇ ਕੇ ਭਾਈ ਘਨੱਈਆ ਜੀ ਵਾਲੀ ਇਤਿਹਾਸਕ ਭੂਮਿਕਾ ਨਿਭਾਈ। ਡਾ. ਸਵੈਮਾਣ ਸਿੰਘ ਦੀ ਡਾਕਟਰੀ ਟੀਮ ਵੱਲੋਂ ਨਿਭਾਇਆ ਗਿਆ ਇਹ ਰੋਲ ਕਿਸਾਨੀ ਅੰਦੋਲਨ ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਦਰਜ ਕੀਤਾ ਜਾਏਗਾ। ਉਹ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਸਿੱਖਿਆ ਦੇ ਮਿਆਰ ਨੂੰ ਉੱਪਰ ਚੁੱਕਣਾ ਲੋਚਦਾ ਹੈ ਤਾਂ ਜੋ ਉਨ੍ਹਾਂ ਵਿੱਚੋਂ ਪੜ੍ਹ ਕੇ ਵੀ ਪਿੰਡਾਂ ਦੇ ਬੱਚੇ ਵੀ ਉੱਚੇ ਸਰਕਾਰੀ ਅਹੁਦਿਆਂ ਉੱਪਰ ਜਾ ਸਕਣ। ਸਰਕਾਰੀ ਹਸਪਤਾਲਾਂ ਦੀਆਂ ਸੇਵਾਵਾਂ ਹਰੇਕ ਵਿਅੱਕਤੀ ਤੱਕ ਪਹੁੰਚਾਉਣ ਦੀ ਉਹ ਕਾਮਨਾ ਕਰਦਾ ਹੈ। ਉਹ ਚਾਹੁੰਦਾ ਹੈ ਕਿ ਪੰਜਾਬ ਦਾ ਤੇਜ਼ੀ ਨਾਲ ਵਿਕਾਸ ਹੋਵੇ ਅਤੇ ਲੋਕਾਂ ਵਿਚ ਖ਼ੁਸ਼ਹਾਲੀ ਆਵੇ।

ਡਾ. ਸਵੈਮਾਣ ਨੇ ਆਪਣੇ ਸਾਥੀਆਂ ਅਤੇ ਸੰਘਰਸ਼ਮਈ ਕਿਸਾਨਾਂ ਨਾਲ ਮਿਲ ਕੇ ਉੱਥੇ ਹਰ ਤਰ੍ਹਾਂ ਦੀ ਡਿਊਟੀ ਨਿਭਾਈ ਹੈ। ਉਸ ਨੇ ਟਿੱਕਰੀ ਬਾਰਡਰ ’ਤੇ ਲੱਕੜਾ, ਬਾਂਸਾਂ ਤੇ ਕਾਨਿਆਂ ਦੀਆਂ ਸਿਰਕੀਆਂ ਨਾਲ ਕਿਸਾਨਾਂ ਦੇ ਆਰਜ਼ੀ ਘਰ ਬਨਾਉਣ ਵਿਚ ਕਿਸਾਨਾਂ ਤੇ ਮਜ਼ਦੂਰਾਂ ਦੇ ਨਾਲ ਮਿਲ ਕੇ ਹੱਥੀ ਕੰਮ ਕਰਕੇ ਮਹੱਤਵਪੂਰਨ ਕਾਰਜ ਕੀਤਾ ਹੈ, ਉਨ੍ਹਾਂ ਨਾਲ ਮਿਲ ਕੇ ਭਾਰੀ ਬਾਰਸ਼ਾਂ ਦਾ ਪਾਣੀ ਤੰਬੂਆਂ ਤੇ ਆਰਜ਼ੀ ਘਰਾਂ ਵਿੱਚੋਂ ਬਾਲਟੀਆਂ ਨਾਲ ਬਾਹਰ ਝੱਟਿਆ ਹੈ ਅਤੇ ਸੀਵਰੇਜ ਦੀ ਸਫ਼ਾਈ ਵੀ ਕੀਤੀ ਹੈ ਤਾਂ ਜੋ ਆਲਾ-ਦੁਆਲਾ ਸਾਫ਼ ਰਹੇ ਅਤੇ ਉੱਥੇ ਰਹਿਣ ਵਾਲਿਆਂ ਦਾ ਮੱਖੀਆਂ, ਮੱਛਰਾਂ ਅਤੇ ਬੀਮਾਰੀਆਂ ਦੇ ਕੀਟਾਣੂਆਂ ਤੋਂ ਬਚਾਅ ਰਹਿ ਸਕੇ। ਉਸ ਨੇ ਇਹ ਸਾਰਾ ਕੰਮ ਆਪਣਾ ਫਰ▲ਜ਼ ਸਮਝ ਕੇ ਇਕ ਮਿਸ਼ਨ ▲ਵਾਂਗ ਕੀਤਾ। ਇਹ ਉਸ ਦੀ ਡਾਕਟਰੀ ਨੁਕਤਾ-ਨਿਗਾਹ ਤੋਂ ਸੂਝ-ਬੂਝ ਦਾ ਸਿੱਟਾ ਸੀ ਕਿ ਸਾਲ-ਭਰ ਚੱਲੇ ਕਿਸਾਨੀ-ਅੰਦੋਲਨ ਵਿਚ ਕੋਈ ਬੀਮਾਰੀ ਨਹੀਂ ਫ਼ੈਲੀ। ਇੱਥੋਂ ਤੀਕ ਕਿ ਪ੍ਰਮਾਤਮਾ ਦੀ ਮਿਹਰ ਸਦਕਾ ਕਰੋਨਾ ਮਹਾਂਮਾਰੀ ਦਾ ਵੀ ਇੱਥੇ ਬਚਾਅ ਹੀ ਰਿਹਾ।

ਡਾ. ਸਵੈਮਾਣ ਸਿੰਘ ਬਾਰੇ ਇਹ ਆਰਟੀਕਲ ਲਿਖਣ ਦਾ ਮੇਰਾ ਇਕ ਹੋਰ ਮਕਸਦ ਕਿਸਾਨੀ ਅੰਦੋਲਨ ਵਿਚ ਉਸ ਦੇ ਵੱਲੋਂ ਨਿਭਾਈ ਗਈ ਅਹਿਮ ਭੂਮਿਕਾ ਦੇ ਨਾਲ਼ ਨਾਲ਼ ਉਸ ਦੇ ਪਿਛੋਕੜ ਬਾਰੇ ਜਾਣਕਾਰੀ ਪਾਠਕਾਂ ਨਾਲ ਸਾਂਝੀ ਕਰਨ ਦਾ ਵੀ ਹੈ। ਉਹ ਆਪਣੇ ਨਾਂ ਨਾਲ ਆਪਣਾ ਗੋਤਰ ‘ਸਮਰਾ’ ਲਗਾਉਣ ਦੀ ਬਜਾਏ ‘ਪੱਖੋਕੇ’ ਲਗਾਉਂਦਾ ਹੈ ਜੋ ਉਸ ਦਾ ਪਿਤਰੀ-ਪਿੰਡ ਹੈ ਅਤੇ ਇਹ ਮੇਰੇ ਪਿੰਡ ਚੌਹਾਨ (ਜ਼ਿਲਾ ਅੰਮ੍ਰਿਤਸਰ) ਦੇ ਨਜ਼ਦੀਕ ਹੀ ਪੈਂਦਾ ਹੈ। ਇਹ ਪਿੰਡ ਮੱਲ੍ਹੀਆਂ ਅਤੇ ਕਸਬਾ ਜੰਡਿਆਲਾ ਗੁਰੂ ਦੇ ਦਰਮਿਆਨ ਵਗਦੀ ਨਹਿਰ ‘ਲੋਅਰ ਬਾਰੀ ਦੁਆਬ’ ਦੇ ਕੰਢੇ ਲਹਿੰਦੇ ਪਾਣੀ ਵਾਲੇ ਪਾਸੇ ਹੈ। ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੋਏ ਬਾਬੇ ਸ਼ੇਖਫੱਤਾ ਦਾ ਡੇਰਾ ਇਸ ਨਹਿਰ ਦੇ ਖੱਬੇ ਕੰਢੇ ਹੈ ਅਤੇ ਪੱਖੋਕੇ ਇਸ ਡੇਰੇ ਦੇ ਨੇੜੇ ਹੀ ਹੈ। ਇਸ ਡੇਰੇ ਵਿਚ ਬਾਬੇ ਸ਼ੇਖ਼ਫੱਤੇ ਦੀ ਕਬਰ ਬਣੀ ਹੋਈ ਹੈ ਜਿਸ ਦੀ ਆਲੇ-ਦੁਆਲੇ ਦੇ ਪਿੰਡਾਂ ਤੋਂ ਇਲਾਵਾ ਪੰਜਾਬ ਦੇ ਦੂਰ-ਦੁਰਾਢੇ ਦੇ ਇਲਾਕੇ ਵਿਚ ਵੀ ਮਾਨਤਾ ਹੈ। ਇੱਥੇ ਲੋਕ ਆਪਣੀਆਂ ਗਾਵਾਂ-ਮੱਝਾਂ ਦੇ ਸੂਣ ’ਤੇ ਬੌਲ੍ਹੀ ਵਾਲੇ ਦੁੱਧ ਤੋਂ ਬਾਅਦ ਵਾਲੇ ਪਹਿਲੇ ਦੁੱਧ ਦੀ ਖੀਰ ਬਣਾ ਕੇ ਚੜ੍ਹਾਉਂਦੇ ਹਨ ਅਤੇ ਆਪਣੇ ਦੁਧਾਰੂ ਪਸ਼ੂਆਂ ਦੀ ਸੁੱਖ ਮੰਗਦੇ ਹਨ। ਇਸ ਲਈ ਨੂੰ ‘ਖੀਰ ਵਾਲੇ ਪੀਰ’ ਦਾ ਡੇਰਾ ਵੀ ਕਿਹਾ ਜਾਂਦਾ ਹੈ। ਸਕੂਲ ਦੀ ਪੜ੍ਹਾਈ ਦੌਰਾਨ ਮੈਂ ਵੀ ਇਸ ਡੇਰੇ ’ਤੇ ਕਈ ਵਾਰ ਖੀਰ ਚੜ੍ਹਾਉਣ ਜਾਂਦਾ ਰਿਹਾ ਹਾਂ। ਉੱਥੇ ਜਾ ਕੇ ਜਿੱਥੇ ਵੱਖ-ਵੱਖ ਧਰਮਾਂ ਦੇ ਲੋਕਾਂ ਦੀ ਇਸ ਮੁਸਲਿਮ ਪੀਰ ਪ੍ਰਤੀ ਸ਼ਰਧਾ ਵੇਖ ਕੇ ਖ਼ੁਸ਼ੀ ਹੁੰਦੀ ਸੀ, ਉੱਥੇ ਉਨ੍ਹਾਂ ਵੱਲੋਂ ਸ਼ਰਧਾ-ਵੱਸ ਹਰ ਰੋਜ਼ ਮਣਾਂ-ਮੂੰਹੀਂ ਚੜ੍ਹਾਈ ਗਈ ਖੀਰ ਦੀ ਹੁੰਦੀ ਬੇਅਦਬੀ ਵੇਖ ਕੇ ਮਨ ਦੁਖੀ ਵੀ ਹੁੰਦਾ ਸੀ। ਖੀਰ ਇਕ ਵੱਡੀ ਸਾਰੀ ਖੁਰਲੀ ਵਿਚ ਪਈ ਹੁੰਦੀ ਸੀ ਜਿੱਥੋਂ ਅਵਾਰਾ ਕੁੱਤੇ ਉਸ ਨੂੰ ਖਾ ਰਹੇ ਹੁੰਦੇ ਸਨ। ਉਨ੍ਹਾਂ ਵਿੱਚੋਂ ਬਹੁਤਿਆਂ ਖ਼ੁਰਕ ਪਈ ਹੁੰਦੀ ਸੀ, ਕਿਉਂਕਿ ਆਮ ਕਹਾਵਤ ਹੈ ਕਿ ਕੁੱਤੇ ਨੂੰ ਖੀਰ ਨਹੀਂ ਪਚਦੀ।




ਪਿੰਡ ਪੱਖੋਕੇ ਦਾ ਮਿਡਲ ਸਕੂਲ ਸੱਤਰਿਆਂ ਦੇ ਆਰੰਭ ਵਿਚ ਅੱਪ-ਗਰੇਡ ਹੋ ਕੇ ਹਾਈ ਸਕੂਲ ਬਣਿਆ ਸੀ ਅਤੇ ਮੇਰੇ ਮੇਰੇ ਪਿਤਾ ਜੀ ਸ. ਵਰਿਆਮ ਸਿੰਘ ਦੀ ਨਿਯੁੱਕਤੀ ਉੱਥੇ ਹੈੱਡਮਾਸਟਰ ਵਜੋਂ ਹੋਈ। ਪੰਜਾਬ ਸਰਕਾਰ ਵੱਲੋਂ ਪ੍ਰਾਪਤ ਹੋਈ ਗਰਾਂਟ ਨਾਲ ਬੇਸ਼ਕ ਸਕੂਲ ਦੇ ਇਕ-ਦੋ ਨਵੇਂ ਕਮਰੇ ਹੋਰ ਬਣ ਗਏ ਸਨ ਪਰ ਇਹ ਨਵੀਆਂ ਸ਼ੁਰੂ ਹੋਈਆਂ ਕਲਾਸਾਂ ਲਈ ਕਾਫ਼ੀ ਨਹੀਂ ਸਨ। ਸਕੂਲ ਦੀ ਚਾਰ-ਦੀਵਾਰੀ ਵੀ ਕਈ ਥਾਵਾਂ ਤੋਂ ਟੁੱਟੀ ਹੋਈ ਸੀ ਅਤੇ ਅਵਾਰਾ ਪਸ਼ੂ ਸਕੂਲ ਵਿਚ ਜਾ ਕੇ ਬੜੀ ਮਿਨਤ ਨਾਲ ਲਗਾਏ ਗਏ ਫੁੱਲ-ਬੂਟੇ ਉਜਾੜ ਜਾਂਦੇ ਸਨ। ਪਿੰਡ ਦੇ ਮੋਹਤਬਰ ਵਿਅੱਕਤੀਆਂ ਜਿਨ੍ਹਾਂ ਵਿਚ ਡਾ. ਸਵੈਮਾਣ ਸਿੰਘ ਦੇ ਦਾਦਾ ਜੀ ਸ. ਜਗਜੀਤ ਸਿੰਘ ਸਮਰਾ ਵੀ ਸ਼ਾਮਲ ਸਨ, ਦੇ ਨਾਲ ਗੱਲਬਾਤ ਕਰਨ ਤੋਂ ਬਾਅਦ ਇਸ ਮਸਲੇ ਦੇ ਹੱਲ ਲਈ ਪਿੰਡ ਵਿੱਚੋਂ ਉਗਰਾਹੀ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ। ਇਸ ਦੇ ਲਈ ਉਨ੍ਹੀਂ ਦਿਨੀ ਕਣਕ ਦੀਆਂ ਵਾਢੀਆਂ ਦੇ ਦੌਰਾਨ ਪਿੜਾਂ ਵਿੱਚੋਂ ਕਣਕ ਦੀਆਂ ਬੋਰੀਆਂ ਇਕੱਠੀਆਂ ਕਰਨ ਦਾ ਵਿਚਾਰ ਬਣਿਆ, ਕਿਉਂਕਿ ਜੱਟਾਂ-ਜ਼ਿੰਮੀਦਾਰਾਂ ਲਈ ਆਮ ਤੌਰ ’ਤੇ ਨਕਦ ਉਗਰਾਹੀ ਦੇਣੀ ਮੁਸ਼ਕਲ ਹੁੰਦੀ ਹੈ। ਇਸ ਉਗਰਾਹੀ ਵਿਚ ਕਿਸੇ ਨੇ ਇਕ ਬੋਰੀ, ਕਿਸੇ ਦੋ ਅਤੇ ਕਈਆਂ ਨੇ ਪੰਜ-ਪੰਜ, ਸੱਤ-ਸੱਤ ਬੋਰੀਆਂ ਦਾ ਯੋਗਦਾਨ ਪਾਇਆ ਜਿਸ ਨੂੰ ਮੰਡੀ ਵਿਚ ਵੇਚ ਕੇ ਦੋ ਕਮਰੇ ਹੋਰ ਤਿਆਰ ਕੀਤੇ ਗਏ ਅਤੇ ਚਾਰ-ਦੀਵਾਰੀ ਦੀ ਮੁਰੰਮਤ ਵੀ ਹੋ ਗਈ। ਇਸ ਉਗਰਾਹੀ-ਟੀਮ ਵਿਚ ਡਾ. ਸਵੈਮਾਣ ਦੇ ਦਾਦਾ ਜੀ ਜਗਜੀਤ ਸਿੰਘ ਅਤੇ ਮੇਰੇ ਪਿਤਾ ਜੀ ਵਰਿਆਮ ਸਿੰਘ ਮੋਹਰੀ ਵਿਅੱਕਤੀਆਂ ਵਿੱਚੋਂ ਸਨ। ਇਸ ਸਾਰੇ ਘਟਨਾਕ੍ਰਮ ਦੀ ਚਸ਼ਮਦੀਦ ਗਵਾਹ ਕੈਲਗਰੀ ਰਹਿੰਦੀ ਮੇਰੀ ਛੋਟੀ ਭੈਣ ਗੁਰਚਰਨ ਕੌਰ ਥਿੰਦ ਹੈ ਜੋ ਉਸ ਸਮੇਂ ਪੱਖੋਕੇ ਦੇ ਹਾਈ ਸਕੂਲ ਵਿਚ ਸਾਇੰਸ ਅਧਿਆਪਕ ਵਜੋਂ ਸੇਵਾ ਕਰ ਰਹੀ ਸੀ। ਮਹੀਨਾ ਕੁ ਪਹਿਲਾਂ ਉਸ ਨੇ ਕੈਲਗਰੀ ਦੇ ਰੇਡੀਓ ‘ਸੁਰ-ਸੰਗਮ’ ਦੇ ਲਈ ਡਾ. ਸਵੈਮਾਣ ਸਿੰਘ ਨਾਲ ਇਕ ਲੰਮੀ ਇੰਟਰਵਿਊ ਕੀਤੀ ਸੀ ਜੋ ਰੇਡੀਓ ’ਤੇ ਆਨ-ਲਾਈਨ ਬਰਾਡਕਾਸਟ ਹੋਣ ਤੋਂ ਇਲਾਵਾ ਬਾਅਦ ਵਿਚ ਕੈਨੇਡਾ ਅਤੇ ਪੰਜਾਬ ਦੀਆਂ ਕਈ ਅਖ਼ਬਾਰਾਂ ਵਿਚ ਵੀ ਛਪੀ, ਅਤੇ ਇਸ ਦੇ ਵਿਚ ਵੀ ਉਗਰਾਹੀ ਦੇ ਇਸ ਵੱਖਰੀ ਕਿਸਮ ਦੇ ਢੰਗ ਦਾ ਜ਼ਿਕਰ ਕੀਤਾ ਗਿਆ ਹੈ।

ਇਕ ਹੋਰ ਕੜੀ ਇਸ ਪਰਿਵਾਰ ਨਾਲ ਜੁੜਦੀ ਹੈ। ਉਹ ਇਹ ਕਿ ਡਾ. ਸਵੈਮਾਣ ਸਿੰਘ ਦੇ ਮਾਤਾ ਜੀ ਸੁਰਿੰਦਰ ਕੌਰ ਖਹਿਰਾ ਜੋ ਆਪਣੇ ਨਾਂ ਦੇ ਨਾਲ ਸਹੁਰੇ ਪਰਿਵਾਰ ਦੀ ਗੋਤ ਸਮਰਾ ਵੀ ਲਗਾਉਂਦੇ ਹਨ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਭਾਈ ਗੁਰਦਾਸ ਲਾਇਬ੍ਰੇਰੀ ਵਿਚ ਮੇਰੇ ਸਹਿਕਰਮੀ ਰਹੇ ਹਨ। ਪਿਛਲੀ ਸਦੀ ਦੇ ਨੱਬਵਿਆਂ ਦੇ ਪਹਿਲੇ ਅੱਧ ਵਿਚ ਉਹ ਅਤੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਸੁਪਤਨੀ ਪਰਮਜੀਤ ਕੌਰ ਖਾਲੜਾ ਲਾਇਬ੍ਰੇਰੀ ਨਾਲ ਸਬੰਧਿਤ ਐੱਮ.ਐੱਲ.ਆਈ.ਐੱਸ. ਦੀ ਉਚੇਰੀ ਡਿਗਰੀ ਯੂਨੀਵਰਸਿਟੀ ਤੋਂ ਪ੍ਰਾਪਤ ਕਰਨ ਤੋਂ ਬਾਅਦ ਇਕੱਠੀਆਂ ਲਾਇਬ੍ਰੇਰੀ ਵਿਚ ਪ੍ਰੋਫ਼ੈਸ਼ਨਲ ਅਸਿਸਟੈਂਟ ਵਜੋਂ ਭਰਤੀ ਹੋਈਆਂ ਅਤੇ ਸਬੱਬੀ ਉਨ੍ਹਾਂ ਦੋਹਾਂ ਦੀ ਨਿਯੁੱਕਤੀ ਵੀ ਗੁਰੂ ਨਾਨਕ ਭਵਨ ਵਿਚ ਸਥਾਪਿਤ ਕੀਤੀ ਗਈ ਪ▲ਜਾਬੀ, ਹਿੰਦੀ, ਉਰਦੂ ਤੇ ਵਿਦੇਸ਼ੀ ਭਾਸ਼ਾਵਾਂ ਅਤੇ ਗੁਰੂ ਨਾਨਕ ਸਟੱਡੀਜ਼ ਵਿਭਾਗਾਂ ਦੀ ਸਾਂਝੀ ਵਿਭਾਗੀ ਲਾਇਬ੍ਰੇਰੀ ਵਿਚ ਇਕੱਠੀਆਂ ਦੀ ਹੋਈ। ਅਗਾਂਹ-ਵਧੂ ਵਿਚਾਰਾਂ ਦੀਆਂ ਧਾਰਕ ਹੋਣ ਦੇ ਨਾਤੇ ਦੋਹਾਂ ਦੇ ਵਿਚਾਰ ਬਹੁਤ ਮਿਲਦੇ-ਜੁਲਦੇ ਸਨ ਅਤੇ ਏਸੇ ਲਈ ਉਨ੍ਹਾਂ ਵਿਚ ਸਹੇਲਪੁਣਾ ਵੀ ਬੜਾ ਗੂੜ੍ਹਾ ਸੀ। ਮੈਂ ਉਸ ਸਮੇਂ ਮੇਨ-ਲਾਇਬ੍ਰੇਰੀ ਵਿਚ ਸਹਾਇਕ ਲਾਇਬ੍ਰੇਰੀਅਨ ਵਜੋਂ ਪ੍ਰੀਆਡੀਕਲ ਸੈੱਕਸ਼ਨ ਦੇ ਇੰਚਾਰਜ ਵਜੋਂ ਸੇਵਾ ਨਿਭਾਅ ਰਿਹਾ ਸੀ। ਉਹ ਜਦੋਂ ਵੀ ਮੇਨ-ਲਾਇਬ੍ਰੇਰੀ ਵਿਚੋਂ ਆਪਣੀ ਵਿਭਾਗੀ ਲਾਇਬ੍ਰੇਰੀ ਲਈ ਨਵੀਆਂ ਪੁਸਤਕਾਂ ਟ੍ਰਾਂਸਫਰ ਕਰਵਾਉਣ ਲਈ ਆਉਂਦੀਆਂ, ਕਿਉਂਕਿ ਪ੍ਰੀਆਡੀਕਲ ਸੈੱਕਸਨ ਵਿੱਚੋਂ ਉਨ੍ਹਾਂ ਨੇ ਖੋਜ-ਰਿਸਾਲੇ ਅਤੇ ਕਈ ਮੈਗੰਜੀਨ ਲਿਜਾਣੇ ਹੁੰਦੇ ਸਨ। ਉੱਥੇ ਮੇਰੇ ਦਫ਼ਤਰ ਵਿਚ ਬੈਠੇ ਅਸੀਂ ਕਈ ਵਿਸ਼ਿਆਂ ’ਤੇ ਵਿਚਾਰ-ਵਟਾਂਦਰਾ ਵੀ ਕਰਦੇ। ਲਾਇਬ੍ਰੇਰੀ ਵਿਚ ਹੀ ਉਨ੍ਹਾਂ ਦੇ ਪਤੀਆਂ ਕਾਲਜ ਦੇ ਦਿਨੀਂ ਵਿਦਿਆਰਥੀ-ਨੇਤਾ ਵਜੋਂ ਸਰਗ਼ਰਮ ਰਹੇ ਸੂਝਵਾਨ ਐਡਵੋਕੇਟ ਸੁਰਿੰਦਰਪਾਲ ਸਮਰਾ ਅਤੇ ਪੰਜਾਬ ਵਿਚ ਮਨੁੱਖੀ-ਅਧਿਕਾਰਾਂ ਦੇ ਅਲੰਬਰਦਾਰ ਐਡਵੋਕੇਟ ਜਸਵੰਤ ਸਿੰਘ ਖਾਲੜਾ ਨਾਲ ਮੁਲਾਕਾਤ ਹੋਈ। ਜਸਵੰਤ ਸਿੰਘ ਖਾਲੜਾ ਅਤੇ ਪਰਮਜੀਤ ਖਾਲੜਾ ਤਾਂ ਬਾਅਦ ਵਿਚ ਕਬੀਰ ਪਾਰਕ ਕਲੋਨੀ ਵਿਚ ਮੇਰੇ ਕਲੋਨੀ-ਮੇਟ ਵੀ ਬਣ ਗਏ। ਉਨ੍ਹਾਂ ਦਾ ਘਰ ਮੇਰੇ ਘਰ ਦੇ ਪਿਛਲੇ ਪਾਸੇ ਵਾਲੀ ਲੇਨ ਵਿਚ ਸੀ ਜਿੱਥੋਂ ਅੱਤਵਾਦ ਦੇ ਦਿਨਾਂ ਵਿਚ ਪੰਜਾਬ ਪੋਲੀਸ ਦੇ ਕੈਟਾਂ ਵੱਲੋਂ ਜਸਵੰਤ ਸਿੰਘ ਖਾਲੜਾ ਨੂੰ ਘਰ ਦੇ ਬਾਹਰ ਕਾਰ ਧੋਂਦਿਆਂ ਨੂੰ ਜਬਰੀ ਚੁੱਕ ਲਿਆ ਗਿਆ ਸੀ। ਕਈ ਪ੍ਰਕਾਰ ਦੇ ਤਸੀਹੇ ਦੇਣ ਮਗਰੋਂ ਬਿਆਸ ਦਰਿਆ ਦੇ ਕੰਢੇ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ ਸੀ ਅਤੇ ਉਨ੍ਹਾਂ ਦਾ ਮਿਰਤਕ ਸਰੀਰ ਮੱਛੀਆਂ ਦੇ ਹਵਾਲੇ ਕਰ ਦਿੱਤਾ ਗਿਆ ਸੀ।

ਸੁਰਿੰਦਰ ਖਹਿਰਾ ਸਮਰਾ ਫਿਰ ਆਪਣੇ ਪਰਿਵਾਰ ਨਾਲ ਅਮਰੀਕਾ ਦੇ ਸ਼ਹਿਰ ਨਿਊ ਜਰਸੀ ਆ ਗਏ ਅਤੇ ਲਾਇਬ੍ਰੇਰੀ ਐਂਡ ਇਨਫ਼ਰਮੇਸ਼ਨ ਸਾਇੰਸ ਦੇ ਖ਼ੇਤਰ ਵਿਚ ਆਪਣੀ ਪੜ੍ਹਾਈ ਨੂੰ ਅਮਰੀਕੀ ਮਿਆਰਾਂ ਅਨੁਸਾਰ ਅੱਪ-ਡੇਟ ਕਰਨ ਤੋਂ ਬਾਅਦ ਨਿਊ ਜਰਸੀ ਦੇ ਪਬਲਿਕ ਲਾਇਬ੍ਰੇਰੀ ਸਿਸਟਮ ਵਿਚ ਬਤੌਰ ਰੈਫ਼ਰੈਂਸ ਐਂਡ ਕਮਿਊਨਿਟੀ ਲਾਇਬ੍ਰੇਰੀਅਨ ਸੇਵਾਵਾਂ ਦੇਣ ਲੱਗ ਪਏ। ਮੈਂ ਵੀ ਸਤੰਬਰ 2010 ਵਿਚ ਯੂਨੀਵਰਸਿਟੀ ਲਾਇਬ੍ਰੇਰੀ ਵਿਚ ਬਤੌਰ ਡਿਪਟੀ ਲਾਇਬ੍ਰੇਰੀਅਨ ਨੌਕਰੀ ਤੋਂ ਸੇਵਾ-ਮੁਕਤ ਹੋਣ ਤੋਂ ਬਾਅਦ ਕੈਨੇਡਾ ਦੇ ਸ਼ਹਿਰ ਬਰੈਂਪਟਨ ਆ ਗਿਆ। ਫੇਸਬੁੱਕ ਤੇ ਈ-ਮੇਲ ਮਾਧਿਅਮਾਂ ਰਾਹੀਂ ਸੁਰਿੰਦਰ ਨਾਲ ਮੁੜ ਰਾਬਤਾ ਕਾਇਮ ਹੋਇਆ ਅਤੇ ਵਿਚਾਰ ਸਾਂਝੇ ਹੁੰਦੇ ਰਹੇ। ਦਿੱਲੀ ਵਿਚ ਚੱਲੇ ਕਿਸਾਨੀ ਸੰਘਰਸ਼ ਵਿਚ ਡਾ. ਸਵੈਮਾਣ ਦੀ ਸ਼ਮੂਲੀਅਤ ਬਾਰੇ ਪਤਾ ਵੀ ਪਹਿਲਾਂ ਸੁਰਿੰਦਰ ਦੀਆਂ ਫੇਸਬੁੱਕ ਪੋਸਟਾਂ ਤੋਂ ਹੀ ਲੱਗਾ ਅਤੇ ਫਿਰ ਇਸ ਦੇ ਬਾਰੇ ਤਾਜ਼ਾਂ ਜਾਣਕਾਰੀ ਸਾਂਝੀ ਹੁੰਦੀ ਰਹੀ। ਇਸ ਕਿਸਾਨੀ ਸੰਘਰਸ਼ ਬਾਰੇ ਸੁਰਿੰਦਰ ਨੇ ਇਕ ਕਾਵਿ-ਪੁਸਤਕ ‘ਸਮੁੰਦਰੋ ਪਾਰ ਤੇਰੇ ਨਾਲ’ ਦੀ ਸੰਪਾਦਨਾ ਕੀਤੀ ਜਿਸ ਵਿਚ ਉਸ ਨੇ ਮੇਰੇ ਵੱਲੋਂ ਭੇਜੀਆਂ ਦੋ ਕਵਿਤਾਵਾਂ ਵੀ ਸਾਂਮਲ ਕੀਤੀਆਂ। ਇਸ ਪੁਸਤਕ ਨੂੰ ਸਮੁੰਦਰੋਂ ਪਾਰ ਬੈਠੇ ਲੇਖਕਾਂ ਦਾ ਭਾਰੀ ਸਹਿਯੋਗ ਅਤੇ ਪਾਠਕਾਂ ਵੱਲੋਂ ਏਨਾ ਵੱਡਾ ਹੁੰਗਾਰਾ ਮਿਲਿਆ ਕਿ ਸੁਰਿੰਦਰ ਨੂੰ ਇਸ ਪੁਸਤਕ ਦਾ ਭਾਗ ਦੂਜਾ ਵੀ ਛਪਵਾਉਣਾ ਪਿਆ।।

ਲੇਖ ਦੇ ਆਰੰਭ ਵਿਚ ਜਿਵੇਂ ਮੈਂ ਦੱਸਿਆ ਹੈ ਕਿ ਕਿਸਾਨੀ ਅੰਦੋਲਨ ਵਿਚ ਅਮਰੀਕਾ ਤੋਂ ਗਿਆ ਦਿਲ ਦੀਆਂ ਬੀਮਾਰੀਆਂ ਦਾ ਡਾਕਟਰ ਸਵੈਮਾਣ ਸਿੰਘ ਜੋ ਦਿੱਲੀ ਦੀਆਂ ਬਰੂਹਾਂ ’ਤੇ ਜਾ ਕੇ ਇਸ ਅੰਦੋਲਨ ਦਾ ਮਾਣ ਬਣਿਆਂ, ਵੱਲੋਂ ਨਿਭਾਏ ਗਏ ਰੋਲ ਬਾਰੇ ਚਰਚਾ ਕਰਨ ਦੇ ਨਾਲ਼ ਨਾਲ਼ ਮੇਰਾ ਮਕਸਦ ਉਸ ਦੇ ਪਿਛੋਕੜ ਵੱਲ ਝਾਤ ਪਵਾਉਣ ਦਾ ਵੀ ਹੈ। ਉਸ ਨੇ ਆਪਣੇ ਕਿਸਾਨ ਭਰਾਵਾਂ, ਸਾਥੀਆਂ, ਚਾਚਿਆਂ-ਤਾਇਆਂ, ਬਜ਼ੁਰਗਾਂ, ਮਾਤਾਵਾਂ, ਭੈਣਾਂ, ਸੱਭਨਾਂ ਦੇ ਦਿਲ ’ਤੇ ਰਾਜ ਕੀਤਾ ਹੈ। ਇਸ ਲੇਖ ਵਿਚ ਮੇਰੀ ਅਤੇ ਮੇਰੇ ਪਰਿਵਾਰ ਦੇ ਮੈਂਬਰਾਂ ਦੀ ਉਸ ਦੇ ਪਰਿਵਾਰ ਨਾਲ ਨੇੜਤਾ ਦੀ ਝਲਕ ਵੀ ਵਿਖਾਈ ਦਿੰਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਡਾ. ਸਵੈਮਾਣ ਸਿੰਘ ਬਹੁਤ ਕੁਝ ਲਿਖਿਆ ਅਤੇ ਵੀਡੀਓਜ਼ ਦੇ ਰੂਪ ਵਿਚ ਵੇਖਿਆ ਤੇ ਸੁਣਿਆ ਗਿਆ ਹੈ, ਪਰ ਉਸ ਦੇ ਪਿਛੋਕੜ ਬਾਰੇ ਘੱਟ ਹੀ ਗੱਲ ਹੋਈ ਹੈ। ਇਸ ਸੰਖੇਪ ਜਿਹੇ ਆਰਟੀਕਲ ਵਿਚ ਮੇਰਾ ਇਹ ਉਪਰਾਲਾ ਪਾਠਕਾਂ ਨੂੰ ਕਿਹੋ ਜਿਹਾ ਲੱਗਾ ਹੈ, ਇਹ ਤਾਂ ਓਹੀ ਦੱਸ ਸਕਦੇ ਹਨ। ਅਲਬੱਤਾ! ਮੈਨੂੰ ਤਾਂ ਇਹ ਗੱਲਾਂ ਇੱਥੇ ਸਾਂਝੀਆਂ ਕਰਦਿਆਂ ਬਹੁਤ ਵਧੀਆ ਲੱਗਾ ਹੈ।

# ਦੱਖਣੀ ਕੋਰੀਆ ਦੇ ਕਾਮਿਆਂ ਦਾ ਵਿਸ਼ਾਲ, ਸਾਂਝਾ ਤੇ ਲੰਮਾ ਸੰਘਰਸ਼








ਮਨਦੀਪ
438-924-2052
mandeepsaddowal@gmail.com

ਇਹਨੀਂ ਦਿਨੀਂ ਦੁਨੀਆਂ ਭਰ ’ਚ ‘ਸਕੁਇੱਡ ਗੇਮਜ’ ਨਾਮ ਦੀ ਨੈੱਟਫਲੈਕਸ ਸੀਰੀਜ਼ ਕਾਫੀ ਚਰਚਾ ਵਿੱਚ ਹੈ। ਇਸ ਸੀਰੀਜ਼ ਵਿੱਚ ਦਿਖਾਇਆ ਗਿਆ ਹੈ ਕਿ ਕਿਵੇਂ ਕੁੱਝ ਕੁ ਅਮੀਰਾਂ ਵੱਲੋਂ ਦੱਖਣੀ ਕੋਰੀਆ ਅੰਦਰ ਆਰਥਿਕ ਤੰਗੀਆਂ ਦੇ ਸ਼ਿਕਾਰ ਲੋਕਾਂ ਵਿਚਕਾਰ ਇੱਕ ਖ਼ੂਨੀ ਖੇਡ-ਖੇਡੀ ਜਾਂਦੀ ਹੈ ਜੋ ਕਿ ਉਹਨਾਂ ਕੁੱਝ ਕੁ ਅਮੀਰ ਲੋਕਾਂ ਦੇ ਮੰਨੋਰੰਜਨ ਦਾ ਸਾਧਨ ਬਣਦੀ ਹੈ। ਇਸ ਸੀਰੀਜ਼ ਨੇ ਨੇਕੀ ਤੇ ਬਦੀ, ਅਮੀਰੀ ਤੇ ਗਰੀਬੀ ਅਤੇ ਅਯਾਸ਼ੀ ਤੇ ਮਜ਼ਬੂਰੀ ਦੇ ਵਿਰੋਧ ਨੂੰ ਬੜੇ ਕਲਾਤਮਕ ਢੰਗ ਨਾਲ਼ ਉਭਾਰਿਆ ਹੈ। ਇਸਦਾ ਪ੍ਰਭਾਵ ਦੱਖਣੀ ਕੋਰੀਆ ਦੇ ਲੋਕਾਂ ਉੱਤੇ ਐਨਾ ਪਿਆ ਕਿ ਉਹਨਾਂ ਨੇ ‘ਸਕੁਇੱਡ ਗੇਮਜ’ ਵਿੱਚ ਵਰਤੇ ਗਏ ਮਾਸਕ ਪਹਿਨਕੇ ਸਰਕਾਰ ਖਿਲਾਫ ਰੋਸ ਮੁਜ਼ਹਾਰੇ ਕਰਨੇ ਸ਼ੁਰੂ ਕਰ ਦਿੱਤੇ।

ਬੀਤੇ 20 ਅਕਤੂਬਰ ਨੂੰ ਦੱਖਣੀ ਕੋਰੀਆ ਦੇ ਉਸਾਰੀ, ਆਵਾਜਾਈ, ਸੇਵਾ ਅਤੇ ਹੋਰ ਖੇਤਰਾਂ ਨਾਲ਼ ਸਬੰਧਿਤ ਪੰਜ ਲੱਖ ਕਾਮਿਆਂ ਨੇ ਇੱਕ ਦਿਨ ਦੀ ਆਮ ਹੜਤਾਲ ਕੀਤੀ। ਇਹ ਹੜਤਾਲ ਕੋਰਿਆਈ ਟਰੇਡ ਯੂਨੀਅਨ ਸੰਘ ਦੇ ਝੰਡੇ ਹੇਠ ਹੋਈ। ਇਹ ਹੜਤਾਲ ਦੱਖਣੀ ਕੋਰੀਆ ਦੇ ਸ਼ਹਿਰੀ ਗਰੀਬਾਂ ਅਤੇ ਕਿਸਾਨਾਂ ਨੂੰ ਲਾਮਬੰਦ ਕਰਨ ਲਈ ਕੀਤੀ ਗਈ ਜਿਸਦਾ ਮਕਸਦ ਮਜ਼ਦੂਰਾਂ ਦੀਆਂ ਮੰਗਾਂ ਲਈ ਸਾਂਝੇ ਮੋਰਚੇ ਦੀ ਅਗਵਾਈ ਹੇਠ ਦੇਸ਼ ਦੇ ਸ਼ਹਿਰੀ ਕੇਂਦਰਾਂ ਅਤੇ ਪੇਂਡੂ ਖੇਤਰਾਂ ਵਿੱਚ ਵੱਡੇ ਪੱਧਰ ’ਤੇ ਮੁਜ਼ਾਹਰਾ ਕਰਨਾ ਹੈ। ਇਹ ਮੁਜ਼ਾਹਰਾ ਅਤੇ ਲਾਮਬੰਦੀ ਮੁਹਿੰਮ ਜਨਵਰੀ 2022 ਵਿੱਚ ਦੇਸ਼ ਪੱਧਰੇ ਰੋਸ ਮੁਜ਼ਾਹਰਿਆਂ ਦੇ ਰੂਪ ਵਿੱਚ ਸਮਾਪਤ ਹੋਵੇਗੀ। ਲੰਮੇ, ਵਿਸ਼ਾਲ ਅਤੇ ਸਾਂਝੇ ਸੰਘਰਸ਼ ਦੀ ਦਿਸ਼ਾ ਰੱਖਣ ਵਾਲ਼ਾ ਦੱਖਣੀ ਕੋਰੀਆ ਦੇ ਕਾਮਿਆ ਦਾ ਇਹ ਸੰਘਰਸ਼ ਭਾਰਤ ਅੰਦਰ ਚੱਲ ਰਹੇ ਕਿਸਾਨ ਸੰਘਰਸ਼ ਦੀ ਪਿਰਤ ਨਾਲ਼ ਮੇਲ ਖਾਂਦਾ ਹੈ।

20 ਅਕਤੂਬਰ ਦੀ ਹੜਤਾਲ ਤਿੰਨ ਬੁਨਿਆਦੀ ਖੇਤਰਾਂ ਦੀਆਂ 15 ਵਿਸਥਾਰੀ ਮੰਗਾਂ ਨੂੰ ਲੈ ਕੇ ਹੋਈ। ਇਸ ਮਜ਼ਦੂਰ ਸੰਘਰਸ਼ ਦੀਆਂ ਪ੍ਰਮੁੱਖ ਮੰਗਾਂ ਹਨ: ‘ਅਨਿਯਮਿਤ ਕੰਮ’ (ਪਾਰਟ-ਟਾਈਮ, ਅਸਥਾਈ ਜਾਂ ਠੇਕਾ ਮਜ਼ਦੂਰੀ) ਨੂੰ ਖਤਮ ਕਰਨਾ ਅਤੇ ਸਾਰੇ ਕਾਮਿਆਂ ਲਈ ਕਿਰਤ ਸੁਰੱਖਿਆ ਵਧਾਉਣਾ, ਸੰਕਟ ਸਮੇਂ ਆਰਥਿਕ ਪੁਨਰਗਠਨ ਦੇ ਫੈਸਲਿਆਂ ਵਿੱਚ ਮਜ਼ਦੂਰਾਂ ਨੂੰ ਹਿੱਸੇਦਾਰ ਬਣਾਉਣਾ ਅਤੇ ਮੁੱਖ ਉਦਯੋਗਾਂ ਦਾ ਕੌਮੀਕਰਨ ਕਰਨਾ, ਅਤੇ ਸਿੱਖਿਆ ਤੇ ਰਿਹਾਇਸ਼ ਵਰਗੀਆਂ ਬੁਨਿਆਦੀ ਸੇਵਾਵਾਂ ਦਾ ਸਮਾਜੀਕਰਨ ਕਰਨਾ। ‘ਅਨਿਯਮਿਤ ਕੰਮ’ ਨੂੰ ਖਤਮ ਕਰਨ, ਕਿਰਤ ਕਨੂੰਨਾਂ ਵਿੱਚ ਖਾਮੀਆਂ ਨੂੰ ਖਤਮ ਕਰਨ, ਕਾਮਿਆਂ ਨੂੰ ਬੁਨਿਆਦੀ ਅਧਿਕਾਰ ਦੇਣ, ਅਤੇ ਕੋਵਿਡ-19 ਮਹਾਂਮਾਰੀ ਸੰਕਟ, ਜਲਵਾਯੂ ਸੰਕਟ ਅਤੇ “ਡਿਜੀਟਲ” ਅਰਥਵਿਵਸਥਾ ਬਣਾਉਣ ਲਈ ਨਵੀਂ ਸਰਕਾਰ ਦੇ ਯਤਨਾਂ ਦੇ ਮੱਦੇਨਜ਼ਰ, ਭਵਿੱਖ ਦੇ ਆਰਥਿਕ ਪੁਨਰਗਠਨ ਦੇ ਫੈਸਲੇ ਕਿਰਤੀ ਅਤੇ ਪ੍ਰਬੰਧਕਾਂ ਦੁਆਰਾ ਸਾਂਝੇ ਤੌਰ ’ਤੇ ਨਿਰਧਾਰਤ ਕਰਨ ਦੀ ਮੰਗ ਦੇ ਨਾਲ਼-ਨਾਲ਼ ਮਜ਼ਦੂਰ ਸਰਕਾਰ ਤੋਂ ਤਬਦੀਲੀਆਂ ਨੂੰ ਖੁਦ ਨਿਰਧਾਰਤ ਕਰਨ ਲਈ ਵਧੇਰੇ ਤਾਕਤ ਲਈ ਸੰਘਰਸ਼ ਦੇ ਰਾਹ ’ਤੇ ਹਨ।

ਪਹਿਲਾਂ ਹੀ ਕੰਮ ਦੇ ਬੋਝ ਅਤੇ ਨੌਕਰੀ ਦੀ ਅਸੁਰੱਖਿਆ ਦੇ ਖਤਰੇ ਹੇਠ ਜਿਉਂ ਰਹੇ ਦੱਖਣੀ ਕੋਰੀਆਈ ਕਾਮਿਆਂ ਨੂੰ ਕਰੋਨਾਂ ਸੰਕਟ ਦੌਰਾਨ ਹੋਰ ਵੱਧ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਰੋਨਾ ਦੌਰਾਨ ਘੱਟ ਆਮਦਨ ਕਾਰਨ ਜਿੱਥੇ ਕਾਮਿਆਂ ਨੂੰ ਸਿਹਤ ਸਮੱਸਿਆਵਾਂ ਦਰਪੇਸ਼ ਹਨ ਉੱਥੇ ਸਿੱਖਿਆ ਦੇ ਨਿੱਜੀਕਰਨ ਕਰਕੇ ਉਹਨਾਂ ਦੇ ਬੱਚਿਆਂ ਲਈ ਸਿੱਖਿਆ ਪਹੁੰਚ ਤੋਂ ਹੋਰ ਦੂਰ ਹੋ ਗਈ ਹੈ। ਕਰੋਨਾ ਕਾਰਨ ਰੀਅਲ ਅਸਟੇਟ ਦੀਆਂ ਕਿਆਸਅਰਾਈਆਂ ਨੇ ਕਾਮਿਆਂ ਲਈ ਰਿਹਾਇਸ਼ੀ ਸੰਕਟ ਖੜ੍ਹਾ ਕਰ ਦਿੱਤਾ ਹੈ। ਸਭ ਤੋਂ ਵੱਧ ਸਲਾਨਾ ਕੰਮਕਾਜੀ ਘੰਟਿਆਂ ਵਿੱਚ ਅਤੇ ਆਰਥਿਕ ਸਹਿਯੋਗ ਅਤੇ ਵਿਕਾਸ ਸੰਗਠਨ ਦੇ ਮੈਂਬਰ ਦੇਸ਼ਾਂ ਵਿੱਚ ਕੰਮ ਵਾਲ਼ੀ ਥਾਂ ’ਤੇ ਹੋਣ ਵਾਲ਼ੀਆਂ ਮੌਤਾਂ ਵਿੱਚ ਦੱਖਣੀ ਕੋਰੀਆ ਤੀਜੇ ਸਥਾਨ ’ਤੇ ਆਉਂਦਾ ਹੈ ਅਤੇ ਇੱਥੇ ਕੁੱਲ ਕਾਮਿਆਂ ਵਿੱਚੋਂ 40 ਫੀਸਦੀ ਤੋਂ ਵੱਧ ਨੂੰ ‘ਅਨਿਯਮਿਤ ਕਾਮੇ’ ਮੰਨਿਆ ਜਾਂਦਾ ਹੈ। ਦੁਨੀਆਂ ਦੇ ਗਰੀਬ ਮੁਲਕਾਂ ਵਾਂਗ ਦੱਖਣੀ ਕੋਰੀਆ ਅੰਦਰ ਅਮੀਰੀ-ਗਰੀਬੀ ਦਾ ਪਾੜਾ ਹੋਰ ਵੱਧ ਡੂੰਘਾ ਹੋਇਆ ਹੈ। ਇੱਕ ਰਿਪੋਰਟ ਮੁਤਾਬਕ 2016 ਵਿੱਚ ਦੱਖਣੀ ਕੋਰੀਆਂ ਦੇ 10% ਕਮਾਉਣ ਵਾਲਿਆ ਦਾ ਦੇਸ਼ ਦੀ ਕੁੱਲ ਆਮਦਨ ਦੇ 45% ਹਿੱਸੇ ਉੱਤੇ ਕਬਜਾ ਹੈ।

ਸਮਾਜਿਕ ਕਾਰਕੁੰਨ ਜੀਆ ਹੌਂਗ ਮੁਤਾਬਕ ਸੈਮਸੰਗ, ਹੁੰਡਈ ਅਤੇ ਐਲਜੀ ਵਰਗੀਆਂ ਕੰਪਨੀਆਂ ਦੇ ਚਮਕਦਾਰ ਇਲੈਕਟ੍ਰੋਨਿਕਸ ਅਤੇ ਕਾਰਾਂ ਦੇ ਪਿੱਛੇ ਮਜ਼ਦੂਰਾਂ ਦੀ ਲੁੱਟ ਦੀਆਂ ਅਣਗਿਣਤ ਕਹਾਣੀਆਂ ਛੁਪੀਆਂ ਹੋਈਆਂ ਹਨ। ਇਸ ਸਾਲ ਦੇ ਸ਼ੁਰੂ ਵਿੱਚ, ਐਲਜੀ ਟਵਿਨ ਟਾਵਰਜ਼ (ਕੰਪਨੀ ਦਾ ਸਕਾਈਸਕ੍ਰੈਪਰ ਹੈੱਡਕੁਆਰਟਰ) ਲਈ ਸਫਾਈ ਕਾਮਿਆਂ ਨੇ ਸਰਦੀਆਂ ਦੇ ਸਭ ਤੋਂ ਠੰਡੇ ਮਹੀਨਿਆਂ ਵਿੱਚ 136 ਦਿਨਾਂ ਤੱਕ ਕੰਪਨੀ ਦੀ ਇਮਾਰਤ ਦੇ ਬਾਹਰ ਡੇਰੇ ਲਾਏ ਅਤੇ ਕੰਮ ਵਾਲ਼ੀ ਥਾਂ ’ਤੇ ਲੁੱਟ ਕਰਨ ਵਾਲ਼ੀਆਂ ਹਾਲਤਾਂ ਦਾ ਵਿਰੋਧ ਕੀਤਾ।

ਦੱਖਣੀ ਕੋਰੀਆ ਦੇ ਕੋਲਾ ਖਾਣ ਮਜ਼ਦੂਰਾਂ ਦੀ ਹਾਲਤ ਕਰੋਨਾ ਸਮੇਂ ਬੇਹੱਦ ਦਰਦਨਾਕ ਹੋ ਗਈ। ਮਾਈਨਿੰਗ ਕਾਰਪੋਰੇਸ਼ਨਾਂ ਨੇ ਆਪਣੇ ਮੁਨਾਫੇ ਵਧਾਉਣ ਲਈ ਮਜ਼ਦੂਰਾਂ ਦੀ ਛਾਂਟੀ ਕਰ ਦਿੱਤੀ ਅਤੇ ਪਹਿਲਾਂ ਨਾਲ਼ੋਂ ਅੱਧੀ ਮਜ਼ਦੂਰੀ ਤੋਂ ਘੱਟ ਤਨਖਾਹ ਉੱਤੇ ਦੁੱਗਣਾ ਕੰਮ ਲੈਣਾ ਸ਼ੁਰੂ ਕਰ ਦਿੱਤਾ। ਕੋਲਾ ਖਾਣਾਂ ਦੀ ਧੂੜ ਅਤੇ ਵੱਧ ਕੰਮ ਬੋਝ ਕਰਕੇ ਮਜ਼ਦੂਰਾਂ ਨੂੰ ਭਿਆਨਕ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਨੇ ਭਾਂਪ ਲਿਆ ਕਿ ਵੱਧ ਘੰਟੇ ਮਜ਼ਦੂਰੀ, ਮਾੜੀਆਂ ਕੰਮ ਹਾਲਤਾਂ, ਬਿਮਾਰੀਆਂ, ਘੱਟ ਤਨਖਾਹ, ਛਾਂਟੀਆਂ ਦਾ ਡਰ, ਅਸੁਰੱਖਿਅਤ ਨੌਕਰੀ ਆਦਿ ਦੇ ਸਹਿਮ ਹੇਠ ਉਹ ਅਮੀਰਾਂ ਲਈ ਸਵਰਗ ਬਣਾ ਰਹੇ ਹਨ ਅਤੇ ਉਹ ਆਪ ਇੱਕ ਅੰਤਹੀਣ ਜਾਪਦੀ ਖ਼ੂਨੀ ਖੇਡ ਦਾ ਹਿੱਸਾ ਬਣੇ ਹੋਏ ਹਨ। ਅਤੇ ਇਸ ਖ਼ੂਨੀ ਖੇਡ ਦਾ ਖਾਤਮਾ ਉਹਨਾਂ ਦੀ ਇਕਜੁੱਟਤਾ ਅਤੇ ਸੰਘਰਸ਼ ਵਿੱਚ ਹੈ।

ਦੱਖਣੀ ਕੋਰੀਆ ਦੀ ਆਰਥਿਕਤਾ ਦਾ ਲੱਕ ਤੋੜਨ ਵਿੱਚ ਦੱਖਣੀ ਕੋਰੀਆ ਦੇ ਅਮਰੀਕੀ ਅਤੇ ਜਪਾਨੀ ਸਾਮਰਾਜੀ ਤਾਕਤਾਂ ਪੱਖੀ ਹਾਕਮਾਂ ਦਾ ਵੱਡਾ ਯੋਗਦਾਨ ਰਿਹਾ ਹੈ। ਉੱਤਰੀ ਅਤੇ ਦੱਖਣੀ ਕੋਰੀਆ ਦੇ ਆਪਸੀ ਸਬੰਧ ਹਮੇਸ਼ਾਂ ਨਾਜ਼ੁਕ ਰਹੇ ਹਨ ਅਤੇ ਅਮਰੀਕੀ ਸਾਮਰਾਜ ਨੇ ਸਦਾ ਇਸਦਾ ਆਰਥਿਕ-ਸਿਆਸੀ ਲਾਹਾ ਲਿਆ ਹੈ। ਦੂਜੇ ਪਾਸੇ ਚੀਨ ਅਤੇ ਰੂਸ ਖਿਲਾਫ ਆਪਣੇ ਵਪਾਰਕ ਅਤੇ ਜੰਗੀ ਹਿੱਤਾਂ ਲਈ ਅਮਰੀਕਾ ਨੇ ਦੱਖਣੀ ਕੋਰੀਆ ਨੂੰ ਹਮੇਸ਼ਾਂ ਇਕ ਹਥਿਆਰ ਦੀ ਤਰ੍ਹਾਂ ਵਰਤਿਆ ਹੈ। ਅਜਿਹੇ ਵਿੱਚ ਦੱਖਣੀ ਕੋਰੀਆ ਦੇ ਹਾਕਮਾਂ ਦੀ ਅਮਰੀਕੀ ਸਾਮਰਾਜ ਨਾਲ਼ ਸਾਂਝ ਵਿੱਚੋਂ ਨੁਕਸਾਨ ਦੱਖਣੀ ਕੋਰੀਆ ਦੀ ਕਿਰਤੀ-ਕਾਮਾ ਜਮਾਤ ਦਾ ਹੋਇਆ ਜਿਸਨੇ ਪਿਛਲੇ ਲੱਗਭਗ ਸੱਤਰ ਸਾਲ ਤੋਂ ਯੁੱਧ ਅਤੇ ਆਰਥਿਕ ਤਬਾਹੀ ਦੇ ਸਿੱਟਿਆਂ ਨੂੰ ਆਪਣੇ ਪਿੰਡੇ ਉੱਤੇ ਹੰਢਾਇਆ।

ਇਸ ਸੰਘਰਸ਼ ਵਿੱਚ ਸਭ ਤੋਂ ਵੱਡੀ, ਮਹੱਤਵਪੂਰਨ ਅਤੇ ਪ੍ਰਮੁੱਖ ਮੰਗ ਸੰਕਟਗ੍ਰਸਤ ਉਦਯੋਗਾਂ (ਏਅਰਲਾਈਨ, ਆਟੋਮੋਬਾਈਲ ਮੈਨੂਫੈਕਚਰਿੰਗ ਅਤੇ ਸ਼ਿੱਪ ਬਿਲਡਿੰਗ ਉਦਯੋਗ) ਦਾ ਕੌਮੀਕਰਨ ਕਰਨ ਦੀ ਹੈ। ਇਸਤੋਂ ਇਲਾਵਾ ਸਾਰਿਆਂ ਲਈ ਰਿਹਾਇਸ਼, ਸਿਹਤ ਦੇਖਭਾਲ, ਬਜ਼ੁਰਗਾਂ ਦੀ ਦੇਖਭਾਲ, ਬੱਚਿਆਂ ਦੀ ਦੇਖਭਾਲ ਅਤੇ ਸਿੱਖਿਆ ਦੀ ਗਰੰਟੀ ਦੇਣ ਦੀ ਮੰਗ ਕੀਤੀ ਜਾ ਰਹੀ ਹੈ। ਸਮਾਜਿਕ ਸੁਧਾਰਾਂ ਲਈ ਜਨਤਕ ਰਿਹਾਇਸ਼ੀ ਇਕਾਈਆਂ ਨੂੰ ਸਾਰੀਆਂ ਉਪਲਬਧ ਰਿਹਾਇਸ਼ਾਂ ਦੇ 5 ਫੀਸਦੀ ਤੋਂ ਵਧਾ ਕੇ 50ਫੀਸਦੀ ਕਰਨ, ਸ਼ੁਰੂਆਤੀ ਕਾਲਜ ਕਲਾਸਾਂ ਨੂੰ ਸਾਰਿਆਂ ਲਈ ਮੁਫਤ, ਅਤੇ ਬਜ਼ੁਰਗ ਤੇ ਬੱਚਿਆਂ ਦੀ ਦੇਖਭਾਲ ਨੂੰ ਮੁਫਤ ਤੇ ਯਕੀਨੀ ਬਣਾਉਣ ਲਈ ਘੱਟੋ-ਘੱਟ 10 ਲੱਖ ਕੇਅਰ ਵਰਕਰਾਂ ਨੂੰ ਨਿਯੁਕਤ ਕਰਨ ਦੀਆਂ ਮੰਗਾਂ ਵੀ ਸ਼ਾਮਲ ਹਨ। ਦੱਖਣੀ ਕੋਰੀਆਈ ਮਜ਼ਦੂਰ ਸਰਕਾਰ ਦੁਆਰਾ, ਨਵੀਂ ਆਰਥਿਕਤਾ, ਉਦਯੋਗਿਕ ਖੇਤਰ ਵਿੱਚ ਡਿਜੀਟਲ ਤਬਦੀਲੀ, ਗਲੋਬਲ ਸਪਲਾਈ ਚੇਨ ਵਿੱਚ ਰੁਕਾਵਟਾਂ ਨੂੰ ਦੂਰ ਕਰਨ ਆਦਿ ਦੇ ਦਿਖਾਏ ਜਾ ਰਹੇ ਸਬਜਬਾਗਾਂ ਤੋਂ ਅੱਕ ਚੁੱਕੇ ਹਨ ਅਤੇ ਉਹ ਨਵਉਦਾਰਵਾਦ ਦੇ ਬੋਝ ਹੇਠ ਲਿਤਾੜੇ ਜਾ ਰਹੇ ਹਨ।

ਕੋਰਿਆਈ ਟਰੇਡ ਯੂਨੀਅਨ ਸੰਘ ਦੇ ਸੰਘਰਸ਼ ਅਤੇ ਮੰਗਾਂ ਤੋਂ ਸਪੱਸ਼ਟ ਦਿਖਦਾ ਹੈ ਕਿ ਇਹ ਸੰਘਰਸ਼ ਸਿਰਫ ਮਜਦੂਰਾਂ ਦੀਆਂ ਮੰਗਾਂ ਤੱਕ ਹੀ ਸੀਮਤ ਨਹੀਂ ਹੈ ਸਗੋਂ ਇਹ ਇੱਕ ਜਮਾਤ ਦੇ ਰੂਪ ਵਿੱਚ ਮਜ਼ਦੂਰਾਂ ਦੀ ਤਾਕਤ ਲਈ ਲੜਿਆ ਜਾ ਰਿਹਾ ਸੰਘਰਸ਼ ਹੈ। ਇਹਨਾਂ ਮੰਗਾਂ ਤੋਂ ਸਪੱਸ਼ਟ ਹੈ ਕਿ ਮਜ਼ਦੂਰ ਆਪਣੀ ਕਿਰਤ ਦਾ ਹਿੱਸਾ ਮੰਗ ਰਹੇ ਹਨ। ਇਸਦੇ ਉਲਟ ਦੱਖਣੀ ਕੋਰੀਆਈ ਹਾਕਮ ਜ਼ਬਰ ਦੀ ਨੀਤੀ ਉੱਤੇ ਉੱਤਰੇ ਹੋਏ ਹਨ। ਸਰਕਾਰ ਨੇ ਕੋਰਿਆਈ ਟਰੇਡ ਯੂਨੀਅਨ ਸੰਘ ਦੇ ਪ੍ਰਧਾਨ ਯਾਂਗ ਕਯੂੰਗ-ਸੂ ਸਮੇਤ 30 ਹੋਰ ਆਗੂਆਂ-ਕਾਰਕੁੰਨਾਂ ਨੂੰ ਜੇਲ੍ਹ ਵਿੱਚ ਬੰਦ ਕਰ ਦਿੱਤਾ ਅਤੇ ਯੂਨੀਅਨ ਦੇ ਕਾਰਕੁੰਨਾਂ ਉੱਤੇ ਉਹਨਾਂ ਦੀਆਂ ਗਤੀਵਿਧੀਆਂ ਲਈ ਜੁਰਮਾਨੇ ਅਤੇ ਮੁਕੱਦਮੇ ਕੀਤੇ ਗਏ।

ਅੱਜ ਦੱਖਣੀ ਕੋਰੀਆ ਵਿੱਚ ਮਜ਼ਦੂਰਾਂ ਦੀ ਕਿਰਤ ਸ਼ਕਤੀ ਲੁੱਟ ਕੇ ਸਰਮਾਏ ਦਾ ਜੋ ਮਿਨਾਰ ਉਸਰਿਆ ਹੈ ਇਸਦੇ ਪਿੱਛੇ ਦੱਖਣੀ ਕੋਰੀਆ ਵਿੱਚ 1980 ਦੇ ਦਹਾਕੇ ਬਾਅਦ ਹੋਏ ਨਵਉਦਾਰਵਾਦੀ ਸੁਧਾਰਾਂ ਦਾ ਹੱਥ ਹੈ। ਇਹਨਾਂ ਸੁਧਾਰਾਂ ਤਹਿਤ ਦੱਖਣੀ ਕੋਰੀਆ ਦੇ ਬਾਜ਼ਾਰ ਅਤੇ ਸਰੋਤਾਂ ਨੂੰ ਕਾਮਿਆਂ ਦੀ ਜਾਨ-ਮਾਲ ਦੀ ਕੀਮਤ ’ਤੇ ਵਿਦੇਸ਼ੀ ਨਿਵੇਸ਼ਕਾਂ ਲਈ ਖੋਲ੍ਹ ਦਿੱਤਾ ਗਿਆ। ਇੱਕ ਅੰਕੜੇ ਮੁਤਾਬਕ 1990 ਤੱਕ ਦੱਖਣੀ ਕੋਰੀਆ /100 ਬਿਲੀਅਨ ਦੇ ਵਿਦੇਸ਼ੀ ਕਰਜ਼ਿਆਂ ਵਿੱਚ ਫਸ ਗਿਆ ਸੀ। ਬਾਅਦ ਦੇ ਏਸ਼ੀਅਨ ਵਿੱਤੀ ਸੰਕਟ ਅਤੇ ਕੌਮਾਂਤਰੀ ਮੁਦਰਾ ਫੰਡ ਦੀਆਂ ਦੇਣਦਾਰੀਆਂ ਨਾਲ਼ ਦੱਖਣੀ ਕੋਰੀਆ ਦੀ ਆਰਥਿਕਤਾ ਦਾ ਹੋਰ ਵੱਧ ਦੀਵਾਲਾ ਨਿੱਕਲ ਗਿਆ। ਸਿੱਟੇ ਵਜੋਂ ਇਸ ਸੰਕਟ ਦਾ ਬੋਝ ਮਜਦੂਰਾਂ ਉੱਤੇ ਪਾ ਦਿੱਤਾ ਗਿਆ। ਜਨਤਕ ਕਾਰਪੋਰੇਸ਼ਨਾਂ ਦਾ ਨਿੱਜੀਕਰਨ ਕੀਤਾ ਗਿਆ ਅਤੇ ਘਰੇਲੂ ਮੰਡੀ ਨੂੰ ਵਿਦੇਸ਼ੀ ਸਰਮਾਏ (ਖਾਸਕਰ ਅਮਰੀਕਾ ਤੇ ਜਪਾਨ) ਲਈ ਖੋਲ੍ਹ ਦਿੱਤਾ ਗਿਆ। 2007 ਦੇ ਅਮਰੀਕਾ-ਕੋਰੀਆ ਮੁਕਤ ਵਪਾਰ ਸਮਝੌਤੇ ਨੇ ਸੰਕਟ ਵਿੱਚ ਫਸੇ ਦੇਸ਼ ਦੀ ਹਾਲਤ ਨੂੰ ਹੋਰ ਵੱਧ ਬਰਬਾਦੀ ਵੱਲ ਧੱਕ ਦਿੱਤਾ।

ਦੱਖਣੀ ਕੋਰੀਆ ਦੀ ਮੌਜੂਦਾ ਆਰਥਿਕਤਾ ਅਤੇ ਮਜ਼ਦੂਰਾਂ ਦੀ ਮਾੜੀ ਹਾਲਤ ਪਿੱਛੇ ਮਜ਼ਦੂਰ ਵਿਰੋਧੀ ਨਵਉਦਾਰਵਾਦੀ ਆਰਥਿਕ ਨੀਤੀਆਂ ਦਾ ਵਿਸ਼ੇਸ਼ ਯੋਗਦਾਨ ਹੈ। ਦੱਖਣੀ ਕੋਰੀਆ ਆਮ ਤੌਰ ’ਤੇ ਜਪਾਨੀ ਸਾਮਰਾਜ ਅਤੇ ਖਾਸ ਤੌਰ ’ਤੇ ਅਮਰੀਕੀ ਸਾਮਰਾਜ ਲਈ ਸਰਮਾਏਦਾਰਾ ਵਿਕਾਸ ਦਾ ਮਾਡਲ ਬਣਿਆ ਚੱਲਿਆ ਆ ਰਿਹਾ ਹੈ। ਰੂਸੀ ਅਤੇ ਚੀਨੀ ਇਨਕਲਾਬ ਸਮੇਂ ਅਮਰੀਕੀ ਸਾਮਰਾਜ ਨੇ ਇਹਨਾਂ ਦੋਵਾਂ ਮੁਲਕਾਂ ਦੇ ਸਮਾਜਵਾਦੀ ਮਾਡਲ ਦੇ ਮੁਕਾਬਲੇ ਏਸ਼ੀਆ ਵਿੱਚ ਦੱਖਣੀ ਕੋਰੀਆ ਨੂੰ ਸਮਾਜਵਾਦੀ ਮਾਡਲ ਵਜ਼ੋਂ ਪੇਸ਼ ਕਰਨ ਲਈ ਦੱਖਣੀ ਕੋਰੀਆ ਦੇ ਵਿਕਾਸ ਲਈ ਵੱਡੇ ਪੱਧਰ ’ਤੇ ਸਰਮਾਇਆ, ਤਕਨੀਕ ਅਤੇ ਮੰਡੀ ਮੁਹੱਇਆ ਕਰਵਾਈ। ਇਸ ਪਿੱਛੇ ਮਕਸਦ ਦੁਨੀਆਂ ਭਰ ਦੇ ਲੋਕਾਂ ਨੂੰ ਸਮਾਜਵਾਦੀ ਮਾਡਲ ਦੇ ਮੁਕਾਬਲੇ ਸਰਮਾਏਦਾਰਾ ਮਾਡਲ ਵੱਲ ਭਰਮਾਉਣਾ ਸੀ। ਪਰ ਰੂਸ ਅਤੇ ਚੀਨ ਵਿੱਚ ਸਰਮਾਏਦਾਰੀ ਮੁੜਬਹਾਲੀ ਦੇ ਦੌਰ ਤੋਂ ਬਾਅਦ ਅਮਰੀਕੀ ਸਾਮਰਾਜ ਲਈ ਦੱਖਣੀ ਕੋਰੀਆ ਨੂੰ ਸਰਮਾਏਦਾਰਾ ਵਿਕਾਸ ਮਾਡਲ ਵਜੋਂ ਉਭਾਰਨ ਦੀ ਲੋੜ ਨਹੀਂ ਰਹੀ। ਇਸਤੋਂ ਬਾਅਦ ਦੱਖਣੀ ਕੋਰੀਆ ਵਿੱਚ ਵੱਡੀ ਪੱਧਰ ਉੱਤੇ ਤੇਜੀ ਨਾਲ਼ ਸਾਮਰਾਜੀ ਦਿਸ਼ਾ ਨਿਰਦੇਸ਼ਕ ਆਰਥਿਕ ਸੁਧਾਰ ਲਾਗੂ ਕੀਤੇ ਗਏ ਜਿਸਦੇ ਸਿੱਟੇ ਵਜ਼ੋਂ ਇਸ ਸਰਮਾਏਦਾਰਾ ਵਿਕਾਸ ਮਾਡਲ ਦਾ ਗੁਬਾਰਾ ਫਟ ਗਿਆ ਅਤੇ ਇਹ ਸੰਕਟ ਵਿੱਚ ਘਿਰ ਗਿਆ ਜਿਸਦਾ ਬੋਝ ਇੱਥੋਂ ਦੀ ਕਿਰਤੀ ਜਮਾਤ ਦੇ ਮੋਢਿਆਂ ਉੱਤੇ ਲੱਦ ਦਿੱਤਾ ਗਿਆ। ਨਤੀਜੇ ਵਜੋਂ ਦੱਖਣੀ ਕੋਰੀਆ ਵਿੱਚੋਂ ਸਰਮਾਏਦਾਰਾ ਪ੍ਰਬੰਧ ਖਿਲਾਫ ਵਿਰੋਧ ਲਗਾਤਾਰ ਵਧਦਾ ਜਾ ਰਿਹਾ ਹੈ। ਦੱਖਣੀ ਕੋਰੀਆ ਦੇ ਹਾਕਮ ਅਮਰੀਕੀ ਸਾਮਰਾਜ ਦੇ ਸੰਗੀ ਰਹੇ ਹਨ ਅਤੇ ਇਸਦਾ ਚੀਨ ਅਤੇ ਚੀਨ ਪੱਖੀ ਉੱਤਰੀ ਕੋਰੀਆ ਨਾਲ਼ ਅੱਪਵਾਦਾਂ ਦੇ ਬਾਵਜੂਦ ਸਦਾ ਵਿਰੋਧ ਰਿਹਾ ਹੈ। ਮੌਜੂਦਾ ਦੌਰ ਅੰਦਰ ਅਮਰੀਕੀ ਸਾਮਰਾਜ ਦੀ ਪਹਿਲਾਂ ਵਾਲ਼ੀ ਚੜ੍ਹਤ ਨਹੀਂ ਰਹੀ ਅਤੇ ਇਹ ਵੱਡੇ ਆਰਥਿਕ ਸੰਕਟ ਨਾਲ਼ ਜੂਝ ਰਿਹਾ ਹੈ। ਇਸਦੇ ਮੁਕਾਬਲੇ ਚੀਨ ਸੰਸਾਰ ਵਿੱਚ ਇੱਕ ਵੱਡੀ ਆਰਥਿਕ ਸ਼ਤਕੀ ਵਜੋਂ ਆਪਣਾ ਪਸਾਰ ਕਰ ਰਿਹਾ ਹੈ। ਸੰਸਾਰ ਸਾਮਰਾਜੀ ਤਾਕਤਾਂ ਦੇ ਇਸ ਆਪਸੀ ਖਹਿਭੇੜ ਦਾ ਅਸਰ ਦੱਖਣੀ ਕੋਰੀਆ ਉੱਤੇ ਪੈਣਾ ਲਾਜ਼ਮੀਂ ਹੈ।

ਦੱਖਣੀ ਕੋਰੀਆ ਦੀ ਮਜ਼ਦੂਰ ਜਮਾਤ ਸਾਹਮਣੇ ਇਸ ਸਮੇਂ ਦੱਖਣੀ ਕੋਰੀਆ ਦੀਆਂ ਹਾਕਮ ਜਮਾਤਾਂ ਅਤੇ ਅਮਰੀਕੀ ਸਾਮਰਾਜ ਦੋ ਵੱਡੀਆਂ ਤਾਕਤਾਂ ਦੀ ਚੁਣੌਤੀ ਦਰਪੇਸ਼ ਹੈ। ਇਸ ਵੱਡੀ ਚੁਣੌਤੀ ਨੂੰ ਠੱਲ੍ਹਣ ਲਈ ਦੱਖਣੀ ਕੋਰੀਆ ਦੇ ਕਿਰਤੀ ਲੋਕਾਂ ਨੂੰ ਕੋਰਿਆਈ ਟਰੇਡ ਯੂਨੀਅਨ ਸੰਘ ਨੇ ਲੰਮੇ, ਵਿਸ਼ਾਲ ਅਤੇ ਸਾਂਝੇ ਸੰਘਰਸ਼ਾਂ ਦਾ ਸਹੀ ਰਾਹ ਦਿਖਾਇਆ ਹੈ।

# Letter to PM Mr Narendra Modi, from Samyukt Kisan Morcha

21 November 2021
Mr. Narendra Modi,
Prime minister,
Government of India,
New Delhi.

*Subject: Your message to the nation and farmers' message to you*

Dear Prime Minister,

Crores of farmers of the country heard your address to the nation on the morning of 19th November 2021. We noted that after 11 rounds of talks, you chose the path of unilateral declaration rather than a bilateral solution; nonetheless, we are glad that you have announced the decision to withdraw all three farm laws. We welcome this announcement and hope that your government will fulfill this promise at the earliest and in full.

Prime Minister, you are well aware that repeal of the three black laws is not the only demand of this movement. From the very beginning of the talks with the government, the Samyukt Kisan Morcha had raised three additional demands:

1. Minimum Support Price based on the comprehensive cost of production (C2+50%) should be made a legal entitlement of all farmers for all agricultural produce, so that every farmer of the country can be guaranteed at least the MSP announced by the government for their entire crop. (The Committee formed under your Chairpersonship had made this recommendation to the then Prime Minister in 2011 and your government had also announced about this in the Parliament).

2. Withdraw the draft "Electricity Amendments Bill, 2020/2021" proposed by the government (During the talks, the government had promised that it would be withdrawn, but then, in a breach of promise, it was included in the Parliament's agenda).

3. Remove the penal provisions on farmers in the "Commission for Air Quality Management in the National Capital Region and Adjoining Areas Act 2021" (This year, the government removed some anti-farmer provisions but again through section 15, possibility for penal action against farmers has been brought back).

The farmers have been disappointed due to lack of concrete announcement on these important demands in your address. The farmers had hoped that through this historic movement, not only would the three laws be averted, but they would also get a legal guarantee of remunerative MSP for their hard work.

Prime Minister, during this historic movement in the last one year, some other issues have also arisen which need to be resolved immediately:

4. Thousands of farmers have been implicated in hundreds of cases during this movement (June 2020 till date) in Delhi, Haryana, Chandigarh, Uttar Pradesh and several other states. These cases should be withdrawn immediately.

5. Ajay Mishra Teni, the mastermind of Lakhimpur Kheri murder case and accused of section 120B, is still roaming freely and remains a Minister in your cabinet. He is also sharing the stage with you and other senior ministers. He should be sacked and arrested.

6. During this movement, so far about 700 farmers have given their lives to the cause, as their supreme sacrifice. There should be compensation and rehabilitation support for their families. To build a martyrs' memorial in the memory of the martyr farmers, land should be given at Singhu Border.

Prime Minister, you have appealed to the farmers that now we should go back home. We want to assure you that we are not fond of sitting on the streets. We too desire that after resolving these other issues as soon as possible, we return to our homes, families and farming. If you want the same, then the government should immediately resume talks with the Samyukt Kisan Morcha on the above six issues. Till then, the Samyukt Kisan Morcha will continue this movement.

Sincerely,
Samyukt Kisan Morcha

# This is the time to raise the voice: Come out of W.T.O.

**-Pavel Kussa**




The ministrial level meeting of W.T.O. is going to take place from Nov 30 to Dec 3.Generally,during such meetings, imperialist countries pressurise the developing countries to abolish the agricultural subsidies according to the policies of free trade.The new agricultural laws were a result of dictates of such meetings.Following these dictates,govt had been preparing to shun the purchase of the farm produce. Even now,the demands pertaining to the legal guarantee of M.S.P.,state purchase of crops and the legal guarantee of P.D.S. stand in direct contradiction with the dictates of W.T.O.Indian rulers have committed there in writing about not giving guarantee on fixing M.S.P. The coming meeting is also destined to bring such outcomes.Indian rulers will be issued further guidelines to which they will comply meekly.Here in our country,those guidelines will be implemented under the guise of multiplying farmers' income.When in july this year,draft text for this coming meeting was submitted,it included two proposals which may play havoc on indian people.According to first proposal the public stockholding for traditional food crops will be limited to 15% of total domestic product of these crops.Currently such stockholding for rice is app. 50% while for wheat it is app. 40% and still it is insufficient to ensure food for every indian household.According to the second proposal, the country which chooses to make public stocks for domestic food security ,will not be allowed to export from such stock.

After the repeal of farm laws,issues of M.S.P.,P.D.S., state purchase of crops still stand unresolved.As Indian rulers have signed their consent to W. T.O. policies, except for undoing it,there is no other permanent solution to these issues. During this ongoing debate over the fair pricing of agri produce,state purchase and P.D.S.,this meeting is going to become an important juncture when toiling masses from all over the country should demand from Indian rulers to come out of W.T.O.,free the national economic decision making from its grip and run the nation in the service of its own people and not of multinational imperialist companies.


It is necessary to raise a strong voice to come out of it during this meeting,which is taking place at the time when ongoing farm struggle is reaching its peak.All demands of farm struggle are ultimately associated with W.T.O.The struggle on the demamd of coming out of W.T.O. is also an answer to the question whether farmers should keep agitating on economic demands or they should also influence policies of ruling class.

This is such a demand, struggling on which means struggling to change the policies of the ruling class.

Struggling farmers should not miss this chance.This demand should be kept at the top in the agenda of next struggle issues.

# Paying a living wage key to Canada's post-COVID economic recovery

**By Anastasia French, Ryan Lacanilao, Craig Pickthorne and Christine Saulnier**



The cost of living in Canada is on the rise and for workers earning low wages, making ends meet continues to be a struggle. The living wage rates for cities and communities across the country have just been released and not surprisingly they are also on the rise.

The 2021 rates include Vancouver ($20.52), Victoria ($20.46), Calgary ($18.60), Edmonton ($18.10), Toronto ($22.08), Ottawa ($18.60) and Halifax ($22.05).

A living wage is different from the minimum wage, which is the lowest that an employer can legally pay their staff. The living wage is calculated as the income that a family actually needs to be able to live and work in their community. In most communities across Canada the living wage is significantly higher than the minimum wage. And in Canada's biggest cities, there is a gap of at least $5 an hour between the minimum and the living wage.

The increasing cost of housing is putting the most pressure on expenses. Provincial government investments in areas like child care help account for the difference in the living wage when comparing cities like Vancouver and Victoria to Halifax. Even though housing costs are higher in these BC cities than in Halifax, the living wage is lower due to government investments in child care and other supports.

The COVID-19 pandemic has deeply affected the Canadian economy. It exposed the essential role that many low wage workers play in our lives and the dangers many face going to work to make ends meet. These workers deserve a living wage.

Given that women, racialized workers and new immigrants are disproportionately represented among the lowest paid workers, lifting these workers up is also a commitment to advance equity and justice.

The challenge that many employers are facing to find workers as the economy reopens highlights the need for living wages. Workers have pointed out they do not want to return to jobs that do not pay enough to meet their needs while carrying increased health risks. Many employers are finding they need to increase wages to attract and retain workers.

Over 600 certified living wage employers across Canada have now committed to pay their staff and contracted workers a living wage. They vary from small family-owned businesses to large multinational companies. Many non-profits and municipalities have also joined the campaign to help to help more people in their communities earn a wage that can adequately support families.

Paying a living wage is good for communities across Canada because low-income earners tend to spend more money locally. This helps strengthen small businesses across the country. As Canada begins to rebuild following the impacts of the pandemic, all employers should look to pay their staff and contracted workers a living wage.

Calling for employers to pay a living wage voluntarily is not a substitute for a needed, substantive increase to the minimum wage, strengthening labour standards including paid sick days and for public investment in quality universal public services in child care, pharmacare, dental care and more affordable housing. Together with fair wages these are all critical elements of a just recovery.

# ਅਨਿਸ਼ਚਤ ਭਵਿੱਖ ਦੇ ਸਤਾਏ ਹੋਏ ਨੌਜੁਆਨਾਂ ਦੀ ਦਾਸਤਾਨ ਜੰਗਲ਼ੀ ਗੁਲਾਬ -- ਲੇਖਕ ਦਵਿੰਦਰ ਮਲਹਾਂਸ




ਹਰੀਪਾਲ
403-714-4816

ਦਵਿੰਦਰ ਮਲਹਾਂਸ ਪੰਜਾਬੀ ਸਾਹਿਤ ਨਾਲ਼ ਪੰਦਰਾਂ ਵੀਹ ਸਾਲ ਤੋਂ ਜੁੜਿਆ ਹੋਇਆ ਹੈ। ਦਵਿੰਦਰ ਉਹ ਲੇਖਕ ਜੋ ਬਹੁਤ ਪੜਦਾ ਹੈ ਅਤੇ ਬਹੁਤ ਘੱਟ ਲਿਖਦਾ ਹੈ। ਦਵਿੰਦਰ ਕੋਈ ਵੀ ਕਾਲਪਨਿੱਕ ਰਚਨਾਂ ਨਹੀਂ ਲਿਖਦਾ ਸਗੋਂ ਉਹ ਸਮਾਜਿਕ ਸਰੋਕਾਰਾਂ ਦਾ ਲੇਖਕ ਹੈ। ਜੰਗਲ਼ੀ ਗੁਲਾਬ ਉਸ ਦੇ ਹੰਢਾਏ ਹੋਏ ਸੱਚ ਦੀ ਦਾਸਤਾਨ ਹੈ। ਗੈਰ ਕਨੂੰਨੀ ਆ ਰਹੇ ਮੁੰਡੇ ਕੁੜੀਆਂ ਲਈ ਇਹ ਇੱਕ ਬੜੀ ਸਿਖਿਆਦਾਇਕ ਕਿਤਾਬ ਹੈ। ਹੁਣ ਜੇਕਰ ਆਪਾਂ ਸਾਹਿਤ ਦੀ ਗੱਲ ਕਰੀਏ ਤਾਂ ਸਾਹਿਤ ਸਮਾਜ ਵਿੱਚੋਂ ਹੀ ਉਪਜਦਾ ਹੈ। ਸਾਹਿਤਕਾਰ ਸਾਹਿਤ ਵਿੱਚ ਸਮਾਜ ਦੀ ਜੋ ਤਸਵੀਰ ਪੇਸ਼ ਕਰਦਾ ਹੈ, ਉਹ ਨਿਰਾਪੁਰਾ ਯਥਾਰਥ ਹੀ ਨਹੀਂ ਲਿਖਦਾ ਸਗੋਂ ਸਭ ਤੋਂ ਪਹਿਲਾਂ ਸਾਹਿਤਕਾਰ ਚਾਂਹੁੰਦਾ ਹੈ ਕਿ ਇਹੋ ਜਿਹਾ ਸਮਾਜ ਹੋਵੇ ਜਿਸ ਵਿੱਚ ਮਨੁੱਖਤਾ ਦੁੱਖ ਨਾਂ ਭੋਗੇ ਸਗੋਂ ਸਰਬ ਪਿਆਰ ਵਿੱਚ ਆਪਣੀਆਂ ਲੋੜਾਂ ਦੀ ਪੂਰਤੀ ਨਾਲ਼ ਗੜੁੱਚ ਹੋਕੇ ਲੋਕ ਇੱਕ ਵਧੀਆ ਜ਼ਿੰਦਗੀ ਜਿਉਣ। ਦੁਨੀਆਂ ਵਿੱਚ ਜਿੰਨਾ ਵੀ ਸਾਹਿਤ ਲਿਖਿਆ ਜਾ ਰਿਹਾ ਉਹ ਇਤਿਹਾਸ ਨਹੀਂ ਬਣੇਗਾ ਸਿਰਫ ਅਤੇ ਸਿਰਫ ਲੋਕਾਂ ਦੇ ਸਰੋਕਾਰਾਂ ਨਾਲ਼ ਸਬੰਧਤ ਰਚਨਾ ਹੀ ਚਿਰਸੰਜੀਵੀ ਹੁੰਦੀ ਹੈ। ਦਵਿੰਦਰ ਨੇ ਇਹ ਨਾਵਲ ਲਿਖ ਕੇ ਪੰਜਾਬ ਦੀ ਜੁਆਨੀ ਨੂੰ ਇੱਕ ਵਾਰਨਿੰਗ ਦਿੱਤੀ ਹੈ ਕਿ ਐਨੀਆਂ ਮੁਸੀਬਤਾਂ ਝੱਲਣ ਨਾਲ਼ੋਂ ਤਾਂ ਆਪਦੇ ਸਮਾਜ ਨੂੰ ਵਧੀਆ ਬਨਾਉਣ ਲਈ ਦਿੱਤੀਆਂ ਕੁਰਬਾਨੀਆਂ ਕਿਤੇ ਸਾਰਥਿਕ ਹੋ ਸਕਦੀਆਂ ਹਨ ਜਿਹੜੀਆਂ ਕਿ ਆਉਣ ਵਾਲ਼ੀਆਂ ਨਸਲਾਂ ਲਈ ਵੀ ਇੱਕ ਸੁਖਾਂਵਾਂ ਮਹੌਲ ਪੈਦਾ ਕਰ ਸਕਦੀਆਂ ਹਨ ਤਾਂ ਕਿ ਮਾਂਵਾਂ ਦੇ ਪੁੱਤ ਸੀਰੀਆ, ਲੈਬਨਾਨ ਜਾਂ ਬੈਲੋਰੂਸ ਦੇ ਜੰਗਲ਼ਾਂ ਵਿੱਚ ਨਾਂ ਰੁਲ਼ਦੇ ਫਿਰਨ। ਜੇਕਰ ਨੌਜੁਆਨਾਂ ਨੂੰ ਇਹ ਕਿਹਾ ਜਾਵੇ ਕਿ ਬਾਹਰ ਜਾਣ ਵਿੱਚ ਮੁਸ਼ਕਲਾਂ ਬਹੁਤ ਹਨ ਤਾਂ ਕੋਈ ਨਹੀਂ ਮੰਨੇਗਾ। ਪਰ ਜਦ ਜੰਗਲ਼ੀ ਗੁਲਾਬ ਦੀ ਤਰਾਂ ਨੌਜੁਆਨਾਂ ਨੂੰ ਇੱਕ ਪੂਰੀ ਫਿਲਮ ਦਿਖਾ ਦਿੱਤੀ ਜਾਵੇ ਤਾਂ ਉਹ ਬਾਰਲੇ ਮੁਲਕਾਂ ਨੂੰ ਜਾਣ ਵਾਰੇ ਦੁਬਾਰਾ ਜਰੂਰ ਵਿਚਾਰ ਕਰਨਗੇ ਬੱਸ ਇਹੀ ਇਸ ਕਿਤਾਬ ਦਾ ਮਕਸਦ ਹੈ। ਦਵਿੰਦਰ ਦੀ ਕਿਤਾਬ ਵਾਰੇ ਲਿਖਣ ਤੋਂ ਪਹਿਲਾਂ ਮੈਂ ਇੱਕ ਗੱਲ ਸਾਫ ਕਰ ਦਿਆਂ ਕਿ ਮੈਂ ਕੋਈ ਅਲੋਚਕ ਨਹੀਂ ਹਾਂ ਪਰ ਇੱਕ ਸੁਹਿਰਦ ਪਾਠਕ ਜਰੂਰ ਹਾਂ, ਜੇਕਰ ਕੋਈ ਰਚਨਾ ਮੈਨੂੰ ਵਧੀਆ ਲੱਗਦੀ ਹੈ ਤਾਂ ਉਸ ਵਾਰੇ ਮੈਂ ਲਿਖਣਾ ਆਪਦਾ ਫ਼ਰਜ ਸਮਝਦਾ ਹਾਂ। ਕਿਉਂਕਿ ਅਲੋਚਕਾਂ ਦਾ ਕੰਮ ਹੁੰਦਾ ਹੈ ਕਿਸੇ ਕਿਤਾਬ ਵਿੱਚੋਂ ਨੁਕਸ ਲੱਭਣੇ ਪਰ ਮੈਂ ਇਸ ਨਜ਼ਰੀਏ ਤੋਂ ਰਚਨਾ ਵਾਰੇ ਗੱਲ ਕਰਦਾ ਹਾਂ ਕਿ ਇਹ ਰਚਨਾਂ ਕਹਿੰਦੀ ਕੀ ਹੈ ਅਤੇ ਇਸ ਦਾ ਸਮਾਜਿਕ ਸਰੋਕਾਰਾਂ ਨਾਲ਼ ਵੀ ਕੋਈ ਲੈਣਾ ਦੇਣਾ ਹੈ ਕਿ ਨਹੀਂ।

ਸੁਆਲ ਵੱਡਾ ਇਹ ਹੈ ਕਿ ਪੰਜਾਬ ਦੀ ਜੁਆਨੀ ਬਾਹਰਲੇ ਮੁਲਕਾਂ ਨੂੰ ਭੱਜਦੀ ਕਿਉਂ ਹੈ ? ਇੱਕ ਸ਼ਾਇਰ ਦਾ ਖੂਬਸੂਰਤ ਸ਼ੇਅਰ ਇਸ ਦੀ ਬੜੀ ਵਧੀਆ ਵਿਆਖਿਆ ਕਰਦਾ ਹੈ,

**"ਮਹਿਸੂਸ ਜੋ ਹੋਤਾ ਹੈ, ਦੌਰ ਏ ਤਬਾਹੀ ਹੈ**
**ਸ਼ੀਸ਼ੇ ਕੀ ਅਦਾਲਤ ਮੇਂ, ਪੱਥਰ ਕੀ ਗਵਾਹੀ ਹੈ"**

ਨੌਜੁਅਨਾਂ ਨੂੰ ਪੰਜਾਬ ਵਿੱਚ ਆਪਦਾ ਕੋਈ ਭਵਿੱਖ ਨਹੀਂ ਦਿਸਦਾ। ਗਲਤ ਸਿਸਟਮ ਅਤੇ ਰਾਜਨੀਤਿਕ ਲੋਕਾਂ ਦੀਆਂ ਭਰਿਸ਼ਟਾਚਾਰੀ ਨੀਤੀਆ ਨੇ, ਮੁਲਕ ਦੀ ਹਰ ਕਿਸਮ ਦੀ ਤਰੱਕੀ ਤੇ ਇੱਕ ਸੁਆਲ ਖੜਾ ਕਰ ਦਿੱਤਾ ਹੈ। ਘਰ ਛੱਡਣ ਦਾ ਕੋਈ ਚਾਅ ਨਹੀਂ ਹੁੰਦਾ, ਜਦੋਂ ਪੁੱਤ ਪਰਦੇਸਾਂ ਨੂੰ ਤੁਰਦੇ ਹਨ ਤਾਂ ਮਾਂਵਾਂ ਦੇ ਚਿਹਰਿਆਂ ਦੇ ਹਾਵ ਭਾਵ ਕਾਲ਼ਜੇ ਵਿੱਚ ਇੱਕ ਲਾਇਲਾਜ ਚੀਸ ਪੈਦਾ ਕਰਦੇ ਹਨ। ਬਾਹਰ ਨੂੰ ਜਾਣ ਦਾ ਰੁਝਾਨ ਪਹਿਲਾਂ ਪਹਿਲਾਂ 1971 ਅਤੇ 72 ਵਿੱਚ ਸ਼ੁਰੂ ਹੋਇਆ ਜਦ ਨਕਸਲਬਾੜੀ ਲਹਿਰ ਦੇ ਵੇਲ਼ੇ, ਜ਼ੁਲਮ ਤੋਂ ਸਤਾਏ ਨੌਜੁਆਨ ਬਾਹਰਲੇ ਮੁਲਕਾਂ ਨੂੰ ਭੱਜੇ, ਉਸ ਸਮੇਂ ਕਿਉਂਕਿ ਸਥਾਪਤੀ ਨੂੰ ਖਤਰਾ ਹੋ ਗਿਆ ਸੀ, ਇਸ ਕਰਕੇ ਪੁਲ਼ਸ ਨੂੰ ਜ਼ੁਲਮ ਕਰਨ ਦੀ ਪੂਰੀ ਖੁੱਲ ਦਿੱਤੀ ਗਈ ਸੀ, ਉਸ ਸਮੇ ਵੀ ਅਖਬਾਰਾਂ ਦੀ ਮੇਨਸੁਰਖੀ ਪੁਲ਼ਸ ਮੁਕਾਬਲੇ ਹੁੰਦੇ ਸਨ। ਬਾਅਦ ਵਿੱਚ ਪੰਜਾਬ ਦਾ ਉਹ ਦੌਰ ਆਇਆ ਜਿਸਨੂੰ ਕਾਲ਼ਾ ਦੌਰ ਕਿਹਾ ਜਾਂਦਾ ਹੈ ਜਦ ਪੰਜਾਬ ਦੀਆਂ ਹੱਕੀ ਮੰਗਾਂ ਦੇ ਸੰਘਰਸ਼ ਨੂੰ, ਚਲਾਕ ਰਾਜਨੀਤਿਕਾਂ ਨੇ ਵੱਖਵਾਦੀ ਮੂਵਮੈਂਟ ਵਿੱਚ ਬਦਲ ਦਿੱਤਾ। ਫਿਰ ਦੌਰ ਸ਼ੁਰੂ ਹੋਇਆ ਅਖੌਤੀ ਖਾਲਸਤਾਨੀ ਅਤੇ ਪੁਲੀਸ ਦੀਆਂ ਮੁੱਠ-ਭੇੜਾਂ ਦਾ ਜਿਸ ਵਿੱਚ ਆਮ ਲੋਕ ਪਿਸੇ। ਇਹਨਾਂ ਮੁੱਠਭੇੜਾਂ ਨੇ ਆਮ ਲੋਕਾਂ ਦਾ ਜੀਣਾਂ ਦੁੱਭਰ ਕਰ ਦਿੱਤਾ। ਪੁਲ਼ਸ ਮੁੰਡੇ ਫੜ ਕੇ ਲੈ ਜਾਂਦੀ, ਲੋਕ ਦੁਹਾਈ ਪਾਂਉਦੇ ਕਿ ਮੁੰਡੇ ਬੇਕਸੂਰ ਹਨ, ਪਰ ਠਾਣੇਦਾਰ ਦੀ ਸਿਹਤ ਤੇ ਕੋਈ ਅਸਰ ਨਾਂ ਹੁੰਦਾ, ਸਗੋਂ ਮੁੱਛਾਂ ਨੂੰ ਤਾਅ ਦੇ ਕੇ ਕਹਿੰਦਾ "ਠਾਣੇ ਆ ਜਇਓ, ਕਾਗਜਾਂ ਦਾ ਢਿੱਡ ਤਾਂ ਭਰਨਾ ਪੈਣਾ ਹੈ" ਹੁਣ ਸਮਝੋ ਹੱਡ ਮਾਸ ਦਾ ਢਿੱਡ ਤਾਂ ਭਰ ਸਕਦਾ ਹੈ ਪਰ ਕਾਗਜਾਂ ਦਾ ਢਿੱਡ ਕੌਣ ਭਰ ਸਕਦਾ ਹੈ, ਇਸੇ ਹੀ ਕਾਗਜ਼ਾਂ ਦੇ ਢਿੱਡ ਨੇ ਇਸ ਧਰਤੀ ਤੇ ਜ਼ਿੰਦਗੀ ਦੀ ਹੋਂਦ ਤੇ ਸਵਾਲੀਆ ਨਿਸ਼ਾਨ ਲਾ ਦਿੱਤਾ ਹੈ। ਇਹੀ ਕਾਗਜਾਂ ਦਾ ਢਿੱਡ ਪੰਡੋਰਾ ਪੇਪਰ ਦਾ ਰੂਪ ਧਾਰਦਾ ਹੈ, ਜਦ ਸੈਂਕੜੇ ਜਰਨਲਿਸਟਾਂ ਦੀ ਕੀਤੀ ਇਨਕੁਆਰੀ ਤੋਂ ਬਾਦ ਪਤਾ ਲੱਗਦਾ ਹੈ ਕਿ ਇਸ ਦੁਨੀਆਂ ਦੀ ਲੱਗ ਭੱਗ ਅੱਧੀ ਦੌਲਤ ਤੇ, ਰਾਜਨੀਤਿਕ ਅਤੇ ਡਰੱਗ ਮਾਫੀਏ ਦੇ ਗੁੰਡੇ ਨਾਗਵਲ਼ ਮਾਰੀ ਬੈਠੇ ਹਨ। ਇਸ ਦੁਨੀਆਂ ਦੀ ਪਬਲਿਕ ਜਿਹੜਾ ਦੁੱਖ ਭੋਗ ਰਹੀ ਹੈ ਇਹਨਾਂ ਸ਼ਰੀਫਜਾਦਿਆਂ ਕਰਕੇ ਹੈ। ਜਿਹੜਾ ਟੈਕਸ ਇਹ ਮਾਰਦੇ ਹਨ, ਸਰਕਾਰਾਂ ਉਹੀ ਟੈਕਸ ਆਮ ਲੋਕਾਂ ਤੋਂ ਉਗਰਾਹ ਕੇ ਆਪਦੇ ਬੱਜਟ ਪੂਰੇ ਕਰਦੀਆਂ ਹਨ ਤੇ ਆਮ ਲੋਕਾਂ ਦਾ ਦਿਵਾਲ਼ਾਂ ਕੱਢ ਰਹੀਆਂ ਹਨ। ਲੋਕਾਂ ਦਾ ਰੋਟੀ ਦੀ ਖਾਤਰ ਭੱਜਣਾ ਵੀ ਇਹ ਦਲਾਲ ਸਰਕਾਰਾਂ ਦੀਆਂ ਨੀਤੀਆਂ ਪੈਦਾ ਕਰਦੀਆ ਹਨ। ਇਸ ਨਾਵਲ ਦਾ ਮੁੱਖ ਪਾਤਰ ਵੀ ਗਰੀਬੀ, ਪੁਲ਼ਸ ਜੁਲਮ ਅਤੇ ਅਨਿਸ਼ਚਿਤ ਭਵਿੱਖ ਤੋਂ ਤੰਗ ਆਇਆ ਬਾਹਰ ਨੂੰ ਭੱਜਦਾ ਹੈ। ਟਰੈਵਲ ਏਜੰਟਾਂ ਦੀਆਂ ਕੂੜ ਨੀਤੀਆਂ ਨੂੰ ਦਵਿੰਦਰ ਨੇ ਚੰਗੀ ਤਰਾਂ ਨੰਗਾ ਕੀਤਾ ਹੈ। ਕਿਵੇਂ ਮੁੰਡਿਆਂ ਨੂੰ ਕਿੰਨੇ ਕਿੰਨੇ ਦਿਨ ਭੁੱਖਿਆਂ ਰੱਖਿਆ ਜਾਂਦਾ, ਕਿਵੇਂ ਪਹਾੜਾਂ ਨਦੀਆਂ ਵਿੱਚ ਦੀ ਬਾਰਡਰ ਪਾਰ ਕਰਾਏ ਜਾਂਦੇ ਜੇਕਰ ਕੋਈ ਪਹਾੜ ਦੀ ਖੱਡ ਵਿੱਚ ਡਿੱਗ ਗਿਆ ਜਾਂ ਨਦੀ ਵਿੱਚ ਰੁੜ ਗਿਆ ਤਾਂ ਕੋਈ ਮੱਦਦ ਨਹੀਂ ਕੋਈ ਓਡੀਕ ਨਹੀਂ। ਬਾਹਰ ਜਾਣ ਦੇ ਚੱਕਰ ਵਿੱਚ ਹੈਪੀ ਵਰਗੇ ਆਪਦੀ ਜਾਨ ਗੰਵਾ ਬੈਠਦੇ ਹਨ, ਢਿੱਡ ਦੀ ਅੱਗ ਬੁਝਾਉਣ ਲਈ ਬਰਫ ਖਾਂਦੇ ਹਨ। ਜੰਗਲ਼ਾਂ ਬੇਲਿਆਂ ਬੀਆਬਾਨਾਂ ਵਿੱਚ ਇਹ ਟੋਲਾ ਵਿਚਰਦਾ ਹੈ। ਨੌਜੁਆਨ ਮੁੰਡੇ ਸਮਝਦੇ ਸਨ ਅਸੀਂ ਗਏ ਤੇ ਆਏ, ਤੇ ਡਾਲਰਾਂ ਦੀਆਂ ਪੰਡਾਂ ਬੰਨ ਕੇ ਲਿਆਵਾਂਗੇ ਅਤੇ ਘਰ ਦੇ ਸਭ ਦੇਣੇ ਲੈਣੇ ਲਾਹ ਦਿਆਂਗੇ। ਪਰ ਬਾਹਰ ਆਕੇ ਪਤਾ ਲੱਗਦਾ ਹੈ ਇੱਥੇ ਕੋਈ ਕਿਸੇ ਦਾ ਸਕਾ ਨਹੀਂ। ਜਿਹਦਾ ਦਾਅ ਲੱਗਦਾ ਹੈ, ਉਹੀ ਮੁੰਡਿਆਂ ਦੀ ਮਜ਼ਬੂਰੀ ਦਾ ਫਾਇਦਾ ਉਠਾਉਣ ਲਈ ਤਿਆਰ ਬੈਠਾ ਹੈ। ਆਪਣੇ ਬਿਜਨਿਸਾਂ ਵਾਲ਼ੇ ਵੀ ਪੈਸੇ ਘੱਟ ਦਿੰਦੇ ਹਨ ਅਤੇ ਫਿਰ ਪੈਸੇ ਮਾਰ ਵੀ ਜਾਂਦੇ ਹਨ। ਧਰਮੀ ਕਹਾਂਉਦੇ ਲੋਕ ਵੀ 'ਮੂੰਹ ਮੇ ਰਾਮ ਰਾਮ, ਬਗਲ ਮੇਂ ਛੁਰੀ' ਦੀ ਕਹਾਵਤ ਸੱਚ ਕਰ ਦਿਖਾਉਂਦੇ ਹਨ। ਸਾਰੇ ਹੀ ਸਰਮਾਏਦਾਰੀ ਸਿਸਟਮ ਵਾਲ਼ੇ ਮੁਲਕਾਂ ਵਿੱਚ ਰਿਸ਼ਵਤ ਦਾ ਬੋਲਬਾਲਾ ਹੈ ਜਿਵੇਂ ਰੂਸ ਦੀ ਮੌਜੂਦਾ ਹਾਲਤ ਵਾਰੇ ਇਕ ਛੋਟੀ ਜਿਹੀ ਉਦਾਹਰਣ ਹਾਜਰ ਹੈ, ਜਦੋਂ ਰੂਸ ਦੀ ਪੁਲ਼ਸ ਪੈਸੇ ਮੰਗਦੀ ਹੈ ਤਾਂ ਜੀਤੀ ਨਾਵਲ ਦਾ ਇੱਕ ਪਾਤਰ ਕਹਿੰਦਾ ਹੈ, "ਕਮਾਲ ਹੈ ਯਾਰ, ਇਹ ਗੋਰੇ ਹੋ ਕੇ ਵੀ ਰਿਸ਼ਵਤ ਮੰਗ ਰਹੇ ਹਨ ਤਾਂ ਅਰਜਣ ਦਾ ਜੁਆਬ ਬਹੁਤ ਹੀ ਅਰਥ ਭਰਪੂਰ ਹੈ, ਅਰਜਨ ਕਹਿੰਦਾ ਹੈ," ਹੁਣ ਇਹ ਲੈਨਿਨ ਦਾ ਦੇਸ਼ ਨਹੀ ਰਿਹਾ, ਸੋਵੀਅਤ ਸੰਘ ਦੇ ਟੁੱਟਣ ਨਾਲ਼ ਲੈਨਿਨ




ਦੇ ਸੁਪਨੇ ਵੀ ਬਿੱਖਰ ਗਏ ਜਾਂ ਜਦੋਂ ਅਰਜਣ ਕਹਿੰਦਾ ਹੈ 'ਦੋ ਹਿੱਸਿਆਂ ਵਿੱਚ ਧਰਤੀ ਵੰਡੀ, ਇਕ ਲੋਕਾਂ ਦਾ ਇੱਕ ਜੋਕਾਂ ਦਾ'।

ਮਜਦੂਰੀ ਜਾਂ ਮਜਬੂਰੀ ਵੀ ਇੱਕ ਹੌਂਕਾ ਹੈ। ਕਾਰਪੋਰੇਟ ਸਿਸਟਮ ਨੇ ਬੰਦੇ ਨੂੰ ਮਜਦੂਰ ਤੋਂ ਮਜਬੂਰ ਬਣਾ ਦਿੱਤਾ ਹੈ, ਜਦ ਨਾਵਲ ਦਾ ਇੱਕ ਪਾਤਰ ਇਹ ਕਹਿੰਦਾ ਹੈ 'ਚਲ ਮਨਾ, ਬਿਗਾਨਿਆ ਧਨਾ'। ਜਾਣੀ ਕਿ ਮਜਦੂਰ ਦਾ ਨਾ ਮਨ ਅਪਣਾ ਹੈ ਅਤੇ ਨਾ ਹੀ ਤਨ ਆਪਨਾ ਹੈ। ਇਹ ਹੈ ਸਰਮਾਏਦਾਰੀ ਸਿਸਟਮ ਜਿਹੜਾ ਕਹਿੰਦਾ ਹੈ ਕਿ ਮਜਦੂਰ ਨੂੰ ਉਨਾ ਕੁ ਦਿਓ ਜਿੰਨਾ ਕੁ ਖਾ ਕੇ ਉਹ ਕੰਮ ਤੇ ਆ ਸਕੇ, ਜੇਕਰ ਉਸਦਾ ਢਿੱਡ ਭਰ ਗਿਆ ਤਾਂ ਸੋਚਣਾ ਸ਼ੁਰੂ ਕਰੇਗਾ ਅਤੇ ਸਵਾਲ ਪੁੱਛਣ ਦੀ ਜੁਰਅਤ ਕਰੇਗਾ, ਜਿਸ ਨੂੰ ਕਿ ਇਹ ਭਰਿਸ਼ਟ ਸਿਸਟਮ ਸੁਣਨ ਲਈ ਤਿਆਰ ਨਹੀਂ। ਪਹਿਲੀ ਨਜ਼ਰ ਦਾ ਪਿਆਰ ਸੱਚੇ ਇਸ਼ਕ ਦੀ ਪਹਿਲੀ ਪੌੜੀ ਸੀ, ਜਿਸਨੇ ਕਿੰਨੇ ਹੀ ਕਾਵਿ ਕਿੱਸਿਆਂ ਨੂੰ ਜਨਮ ਦਿੱਤਾ ਪਰ ਉਹ ਵੀ ਆਰਥਿਕਤਾ ਦੀ ਤੱਕੜੀ ਦੇ ਤਰਾਜੂ ਵਿੱਚ ਤੁਲ ਗਿਆ ਹੈ। ਮੁੰਡਾ ਅਤੇ ਕੁੜੀ ਚਾਂਹੁੰਦੇ ਹੋਏ ਪਿਆਰ ਦਾ ਇਜ਼ਹਾਰ ਨਹੀਂ ਕਰ ਸਕਦੇ ਕਿਉਂਕਿ ਉਹਨਾਂ ਨੂੰ ਪਿਆਰ ਤੋਂ ਪਹਿਲਾਂ ਆਪਦੇ ਇੰਮੀਗਰੇਸ਼ਨ ਸਟੇਟਸ ਦਾ ਫਿਕਰ ਹੈ। ਸਭ ਧੱਕੇ ਖਾਕੇ ਅਰਜਣ ਵਾਪਸ ਮੁੜਦਾ ਹੈ। ਉਸਦੀ ਗੈਰਹਾਜ਼ਰੀ ਵਿੱਚ ਪੁਲ਼ਸ ਦਾ ਸਤਾਇਆ ਬਾਪ ਇਸ ਦੁਨੀਆਂ ਨੂੰ ਅਲਵਿਦਾ ਆਖ ਜਾਂਦਾ ਹੈ, ਰਿਸ਼ਤਿਆਂ ਦੀ ਸਤਾਈ ਭੈਣ ਦਾ ਸਭ ਤੋਂ ਵੱਡਾ ਕਸੂਰ ਇਹ ਕਿ ਉਹ ਠਾਣਿਆਂ ਵਿੱਚ ਰਾਤਾਂ ਕੱਟ ਕੇ ਆਈ ਹੈ, ਉਹ ਸਲਫਾਸ ਖਾ ਲੈਂਦੀ ਹੈ। ਉਸਦੀ ਜਾਣੂ ਕੁੜੀ ਜੋ ਕਿ ਏਅਰਹੋਸਟੈਸ ਹੈ ,ਉਸ ਨੂੰ ਮਿਲ਼ਦੀ ਜਰੂਰ ਹੈ ਪਰ ਉਸ ਨੂੰ ਲਿਜਾਣ ਦਾ ਕੋਈ ਵਾਅਦਾ ਨਹੀਂ ਕਰਦੀ। ਇਹ ਵਧੀਆ ਗੱਲ ਹੈ ਕਿ ਦਵਿੰਦਰ ਨੇ ਇਸ ਨਾਵਲ ਦਾ ਅੰਤ ਰੁਮਾਂਟਿਕ ਨਹੀਂ ਕੀਤਾ, ਇਹ ਪਾਠਕਾਂ ਲਈ ਸੋਚਣ ਤੇ ਛੱਡ ਦਿੱਤਾ ਹੈ। ਨਾਵਲਕਾਰ ਨੇ ਉਸ ਕਾਲ਼ੇ ਦੌਰ ਵਿੱਚ ਜੋ ਧੀਆਂ ਭੇਣਾਂ ਨਾਲ਼ ਵਾਪਰਿਆ, ਉਸ ਨੂੰ ਲੋਕਾਂ ਦੀ ਕਚਹਿਰੀ ਵਿੱਚ ਰੱਖ ਦਿੱਤਾ ਹੈ। ਅਰਜਣ ਦਾ ਸਭ ਕੁੱਝ ਤਬਾਹ ਹੋ ਜਾਂਦਾ ਹੈ। ਇਹ ਹੈ ਟਰੈਜਿਡੀ ਜੋ ਅੱਜ ਦੇ ਬਹੁਤ ਪੰਜਾਬੀ ਹੀ ਨਹੀ ਹਿੰਦੁਸਤਾਨੀ ਵੀ ਭੁਗਤ ਰਹੇ ਹਨ।

ਜਦੋਂ ਆਪਾਂ ਕਿਸੇ ਕਿਤਾਬ ਵਾਰੇ ਲਿਖਦੇ ਹਾਂ ਤਾਂ ਆਪਾਂ ਕਿਤਾਬ ਦੀ ਕਹਾਣੀ ਜਾਂ ਨਾਵਲ ਦਾ ਸਾਰਅੰਸ਼ ਬਿਲਕੁਲ ਨਹੀਂ ਲਿਖਣਾ ਬਲਕਿ ਪਾਠਕਾਂ ਨੂੰ ਇਹ ਦੱਸਣਾ ਹੈ ਕਿ ਕਿਤਾਬ ਕਹਿੰਦੀ ਕੀ ਹੈ, ਕਿਤਾਬ ਲਿਖਣ ਦਾ ਮਕਸਦ ਕੀ ਹੈ, ਕਿਤਾਬ ਦਾ ਸੁਨੇਹਾ ਕੀ ਹੈ ? ਇਹ ਨਾਵਲ ਬਾਹਰ ਜਾਣ ਵਾਲ਼ੇ ਨੌਜੁਆਨਾਂ ਨੂੰ ਸਿਰਫ ਇੱਕ ਚੇਤਾਵਨੀ ਹੀ ਨਹੀਂ ਦਿੰਦਾ ਬਲਕਿ ਗੰਦੇ ਸਰਕਾਰੀ ਸਿਸਟਮ ਨੂੰ ਵੀ ਨੰਗਾ ਕਰਦਾ ਹੈ। ਹੁਣ ਇਹ ਕਹਿਣਾ ਕਿ ਜਾਨਵਰ ਵੀ ਹਰੇ ਘਾਹ ਮਗਰ ਜਾਂਦੇ ਹਨ, ਜਾਂ ਇਹ ਕਹਿਣਾ ਕਿ ਪੰਜਾਬੀਆਂ ਦੇ ਤਾਂ ਪੈਰਾਂ ਵਿੱਚ ਚੱਕਰ ਹੈ, ਇਸ ਨਾਵਲ ਦੇ ਮਕਸਦ ਨਾਲ਼ ਘੋਰ ਬੇਇਨਸਾਫੀ ਹੈ ਅਤੇ ਇਹ ਦਲਾਲ ਭਰਿਸ਼ਟਾਚਾਰੀ ਸਿਸਟਮ ਨੂੰ ਬਰੀ ਕਰਨ ਦੇ ਬਰਾਬਰ ਹੈ। ਜਾਨਵਰਾਂ ਦੀ ਹਰੇ ਘਾਹ ਵਾਰੇ ਉਦਾਹਰਣ ਜਚਦੀ ਨਹੀ ਕਿਉਂਕਿ ਕਰੋੜਪਤੀਆਂ ਦੇ ਬੱਚੇ ਵੀ ਬਾਹਰ ਨੂੰ ਜਾਂਦੇ ਹਨ, ਕਾਰਨ ਸਾਫ ਹੈ ਲਾਲਚੀ ਕਾਰਪੋਰੇਟਾਂ ਨੇ ਇੱਕ ਇਹੋ ਸਿਸਟਮ ਮੁਲਕ ਵਿੱਚ ਸੈਟਅੱਪ ਕਰ ਦਿੱਤਾ ਹੈ ਕਿ ਜਿੱਥੇ ਡਾਕਟਰ ਕੁੜੀਆਂ ਦੇ ਰੇਪ ਹੋ ਰਹੇ ਹਨ ਅਤੇ ਜੱਜ ਵੀ ਜਦੋਂ ਸਹੀ ਫੈਸਲਾ ਕਰਦੇ ਹਨ ਤਾਂ ਬਦਲੀ ਤਾਂ ਕੀ ਆਪਦੀ ਜਾਨ ਵੀ ਗੁਆ ਬੈਠਦੇ ਹਨ, ਫਿਰ ਇਹੋ ਜਿਹੇ ਮੁਲਕ ਵਿੱਚ ਕੌਣ ਰਹਿਣਾ ਚਾਹੂਗਾ। ਜਿਹਨਾਂ ਜਿਹਨਾਂ ਮੁਲਕਾਂ ਵਿੱਚ ਲੋਕ ਪੱਖੀ ਸਰਕਾਰਾਂ ਹਨ, ਉਥੋਂ ਦੇ ਨੌਜੁਆਨ ਬਾਹਰ ਨੂੰ ਕਿਉਂ ਨਹੀ ਭੱਜਦੇ ? ਜੇਕਰ ਨਾਵਲ ਨੂੰ ਥੋੜਾ ਜਿਹਾ ਵੀ ਸੰਜੀਦਗੀ ਨਾਲ਼ ਦੇਖੀਏ ਤਾਂ ਨਾਵਲ ਦਾ ਸੁਨੇਹਾ ਬੜਾ ਸਾਫ ਹੈ ਕਿ ਪਹਾੜੀ ਦੇ ਦੂਜੇ ਪਾਸੇ ਘਾਹ ਹਰਾ ਹੀ ਨਹੀਂ ਸਗੋਂ ਪਰਵਾਸੀ ਜਾਨਵਰਾਂ ਦਾ ਸ਼ਿਕਾਰ ਕਰਨ ਲਈ ਸ਼ੇਰ ਬਘੇਰੇ ਵੀ ਬੈਠੇ ਹਨ। ਮਰਹੂਮ ਕਵੀ ਦਰਸ਼ਨ ਗਿੱਲ ਦਾ ਇੱਕ ਸ਼ੇਅਰ ਹੈ,

**"ਜਿਹੜੀ ਧਰਤੀ ਦੇ ਨਾ ਸਕੇ ਰਿਜ਼ਕ ਆਪਦੇ ਬਸ਼ਰ ਨੂੰ**
**ਉਹ ਖੂਨ ਦੇ ਹੰਝੂ ਪੀਣਗੇ, ਹਿੱਕਾਂ ਤੇ ਛਾਲੇ ਜਰਨਗੇ"**

ਇਹ ਪਰਵਾਸ ਉਦੋਂ ਤੱਕ ਜਾਰੀ ਰਹੂਗਾ ਜਦ ਤੱਕ ਉਤਪਾਦਨ ਦੇ ਸਾਧਨਾ ਤੇ ਸਹੀ ਮਾਅਨਿਆਂ ਵਿੱਚ ਲੋਕਾਂ ਦਾ ਕਬਜਾ ਨਹੀ ਹੋ ਜਾਂਦਾ। ਅੱਜ ਦੀ ਤਰੀਕ ਵਿੱਚ ਤਾਂ ਇਹ ਕਾਰਪੋਰੇਟ ਸਿਸਟਮ ਸਭ ਕੁਝ ਤੇ ਕਬਜਾ ਕਰਨ ਤੇ ਤੁਲਿਆ ਹੋਇਆ ਹੈ। ਸੱਤਾ ਉਤੇ ਲੋਕਾਂ ਦਾ ਕਬਜਾ ਹੀ ਰੁਜ਼ਗਾਰ ਅਤੇ ਸਰੱਖਿਆ ਦੀ ਗਰੰਟੀ ਦੇਵੇਗਾ। ਅਖੀਰ ਵਿੱਚ ਮੈਂ ਇਹ ਕਹਾਂਗਾ ਕਿ ਦਵਿੰਦਰ ਉਹ ਲੇਖਕ ਹੈ ਜਿਹੜਾ ਪੜਦਾ ਹੀ ਨਹੀਂ ਜਮਾਤੀ ਸੂਝ ਵੀ ਰੱਖਦਾ ਹੈ। ਦਵਿੰਦਰ ਜਦ ਵੀ ਲਿਖਦਾ ਹੈ ਕਿਸੇ ਮੁੱਦੇ ਨੂੰ, ਕਿਸੇ ਸਮਾਜਿਕ ਸਮੱਸਿਆ ਨੂੰ ਸਾਹਮਣੇ ਰੱਖ ਕੇ ਲਿਖਦਾ ਹੈ। ਇਸ ਨਾਵਲ ਤੋਂ ਪਹਿਲਾਂ ਉਹ ਦੋ ਕਹਾਣੀਆਂ ਦੀ ਕਿਤਾਬਾਂ ਪਾਠਕਾਂ ਦੀ ਝੋਲ਼ੀ ਪਾ ਚੁੱਕਿਆ ਹੈ। ਇਸ ਨਾਵਲ ਦਾ ਨਾਂ 'ਜੰਗਲ਼ੀ ਗੁਲਾਬ' ਦਵਿੰਦਰ ਨੇ ਬੜਾ ਸੋਚ ਸਮਝ ਕੇ ਰੱਖਿਆ ਹੈ ਕਿਉਂਕਿ 'ਜੰਗਲ਼ੀ ਗੁਲਾਬ' ਕੈਨੇਡਾ ਦਾ ਸਿੰਬਲ ਹੈ। ਬਾਹਰ ਜਾਣ ਵਾਲ਼ੇ ਮੁੰਡਿਆਂ ਦੀ ਅਸਲੀ ਮੰਜ਼ਲ ਤਾਂ ਕੈਨੇਡਾ ਹੈ ਚਾਹੇ ਉਹ ਯੂਰਪ ਦਾ ਰਾਹ ਫੜਦੇ ਹਨ, ਚਾਹੇ ਮੈਕਸੀਕੋ ਵਗੈਰਾ ਦਾ। ਇਹ ਤਾਂ ਬਾਹਰ ਆਕੇ ਹੀ ਪਤਾ ਲੱਗਦਾ ਹੈ ਕਿ ਜੰਗਲ਼ੀ ਗੁਲਾਬ ਵਿੱਚ ਖੁਸ਼ਬੂ ਨਹੀਂ ਦੇ ਬਰਾਬਰ ਹੈ, ਇਸਦਾ ਪੀਲ਼ਾ ਰੰਗ ਰਿਸ਼ਤਿਆਂ ਦੇ ਪੇਤਲ਼ੇਪਣ ਦਾ ਪਰਤੀਕ ਹੈ ਅਤੇ ਕੰਡਿਆਂ ਦੀ ਭਰਮਾਰ ਕਿਸ਼ਤਾਂ ਦੀ ਪਰਤੀਕ ਹੈ ਜੋ ਸਾਰੀ ਉਮਰ ਕੰਡਿਆਂ ਵਾਂਗੂ ਚੁਭਣੀਆਂ ਹਨ ਕਿਉਂਕਿ ਏਥੇ ਲੋਕ ਕਿਸ਼ਤਾਂ ਵਿੱਚ ਜਿਉਂਦੇ ਹਨ ਅਤੇ ਕਿਸ਼ਤਾਂ ਵਿੱਚ ਹੀ ਮਰਦੇ ਹਨ। ਆਖ਼ਰ ਵਿੱਚ ਮੈਂ ਉਮੀਦ ਕਰਦਾ ਹਾਂ ਕਿ ਇਸ ਨਾਵਲ ਨੂੰ ਪਾਠਕਾਂ ਵੱਲੋਂ ਮਿਲ਼ਿਆ ਹੁੰਗਾਰਾ ਦਵਿੰਦਰ ਦੀ ਕਲਮ ਨੂੰ ਹੋਰ ਸ਼ਕਤੀ ਦੇਵੇਗਾ। ਮੇਰੇ ਖਿਆਲ ਵਿੱਚ ਗੈਰਕਨੂੰਨੀ ਤਰੀਕੇ ਨਾਲ਼ ਆਉਣ ਵਾਲ਼ੇ ਲੋਕਾਂ ਨੂੰ ਇਹ ਨਾਵਲ ਜਰੂਰ ਪੜਨਾ ਚਾਹੀਦਾ ਹੈ।

## ਝੂਠ ਨੀ ਮਾਏ ਝੂਠ

ਹਰਜੀਤ ਬੇਦੀ

ਸੱਚ ਕਹਿਣਾ ਵੀ ਔਖਾ। ਸੱਚ ਸੁਣਨਾ ਵੀ ਔਖਾ। ਅਜੋਕੇ ਦੌਰ ਵਿੱਚ ਤਾਂ ਹੈ ਹੀ ਝੂਠ ਦਾ ਪਸਾਰਾ। ਸੱਚ ਕਹਿਣਾ ਤੇ ਸੁਣਨਾ ਹੋਰ ਵੀ ਮੁਹਾਲ। ਖਾਸ ਕਰਕੇ ਸਿਆਸੀ ਲੀਡਰਾਂ ਦੁਆਰਾ ਹਰ ਗੱਲੇ ਵਾਰ ਵਾਰ ਝੂਠ ਬੋਲ ਕੇ ਪਾਇਆ ਜਾ ਰਿਹੈ ਲੋਕਾਂ ਦੀ ਮਾਨਸਿਕਤਾ ਤੇ ਭੈੜਾ ਅਸਰ। ਉਹਨਾਂ ਨੂੰ ਸੁੱਟਿਆ ਜਾ ਰਿਹੈ ਸ਼ਸ਼ੋਪੰਜ ਦੀ ਦਲਦਲ ਵਿੱਚ। ਸਿਆਸੀ ਲੀਡਰਾਂ ਦੁਆਰਾਂ ਵਾਰ ਵਾਰ ਝੂਠ ਬੋਲਣ ਨਾਲ ਲੋਕਾਂ ਦੀ ਮਾਨਸਿਕਤਾ ਤੇ ਐਨਾਂ ਭੈੜਾ ਅਸਰ ਪੈਂਦਾ ਹੈ ਕਿ ਉਹਨਾਂ ਨੂੰ ਝੂਠ ਵੀ ਸੱਚ ਜਾਪਣ ਲੱਗ ਪੈਂਦਾ ਹੈ। ਰਾਜਨੀਤਕ ਨੇਤਾਵਾਂ ਨੇ ਤਾਂ ਜਿਵੇਂ ਸਹੁੰ ਹੀ ਖਾਧੀ ਹੋਵੇ ਕਿ "ਜੋ ਕੁੱਝ ਕਹਾਂਗਾ, ਝੂਠ ਹੀ ਕਹਾਂਗਾ, ਝੂਠ ਤੋਂ ਸਿਵਾਏ ਕੁੱਝ ਨਹੀਂ ਕਹਾਂਗਾ"। ਲੋਕਾਂ ਨੂੰ ਲਾਰੇ ਅਤੇ ਵਾਅਦਿਆਂ ਦੀਆਂ ਪੰਡਾਂ ਭਰ ਭਰ ਦੇਣੀਆਂ। ਉਹਨਾਂ ਦੀ ਪੂਰਤੀ ਨਾ ਕਰਨਾ ਉਨ੍ਹਾਂ ਦਾ ਸ਼ੁਗਲ ਹੈ।

ਜਰਾ ਪਿੱਛੇ ਝਾਤ ਮਾਰੋ। ਗਰੀਬੀ ਹਟਾਓ ਤੇ ਸਭ ਲਈ ਰੁਜਗਾਰ ਦੇ ਗੱਪ ਮਾਰੇ ਗਏ। ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਹੀ ਕੀਤਾ ਜਾਂਦਾ ਰਿਹਾ। ਹੁਣ ਤਾਂ ਸਿਰਾ ਹੀ ਹੋ ਗਿਆ। ਹਰੇਕ ਦੇ ਖਾਤੇ ਵਿੱਚ ਪੰਦਰਾਂ ਲੱਖ ਦਾ ਮਹਾਨ ਗੱਪ ਮਾਰ ਕੇ, ਛੜੱਪਾ ਮਾਰ ਕੇ ਕੁਰਸੀ ਤੇ ਜਾ ਬਿਰਾਜਮਾਨ ਹੋਏ। ਨੋਟਬੰਦੀ ਨਾਲ ਕਾਲਾ ਧਨ ਕਢਵਾਉਣਾ ਕਹਿ ਕੇ ਲੋਕਾਂ ਦਾ ਨੁਕਸਾਨ ਤੇ ਚਹੇਤਿਆਂ ਦੇ ਵਾਰੇ ਨਿਆਰੇ ਕਰਵਾਏ ਗਏ। ਅੱਛੇ ਦਿਨ ਆਉਣ ਦੇ ਧੜੀ ਧੜੀ ਦੇ ਗੱਪ ਠੋਕੇ ਗਏ। ਲੋਕਾਂ ਨੂੰ ਕੀ ਮਿਲਿਆ ?, ਝੂਠ ਰੂਪੀ ਛੁਣਛੁਣਾ ਉਸ ਨਾਲ ਖੇਡੋ ਤੇ ਦਿਲ ਪਰਚਾਓ।

ਨਾਹਰਾ ਸਭ ਦਾ ਸਾਥ ਸਭ ਦਾ ਵਿਕਾਸ ਦਾ। ਘੱਟਗਿਣਤੀਆਂ, ਔਰਤਾਂ, ਦਲਿਤਾਂ ਨਾਲ ਦੁਰਵਿਹਾਰ। ਗਰੀਬ ਕਿਰਤੀਆਂ ਤੇ ਕਿਸਾਨ ਵਿਰੋਧੀ ਕਾਨੂੰਨ ਬਣਾ ਕੇ ਉਹਨਾਂ ਦਾ ਉਡਾਇਆ ਗਿਆ ਮਜਾਕ। ਲੀਡਰਾਂ ਦਾ ਗੁਣ ਹੈ ਕਿ ਪਹਿਲਾਂ ਨਾਲੋਂ ਵੱਡਾ ਝੂਠ ਮਾਰੋ। ਪਹਿਲਾਂ ਮਾਰੇ ਝੂਠ ਲੋਕ ਭੁੱਲ ਜਾਣਗੇ। ਲੋਕਾਂ ਦੇ ਅਸਲ ਮੁੱਦਿਆਂ ਬਾਰੇ ਨੀ ਗੱਲ ਕਰਨੀ। ਚਿੱਕੜ-ਸੁੱਟ ਰਾਜਨੀਤੀ ਕਰ ਕੇ ਬੁਸ਼ਕਾਹਟਾਂ ਕਰਨਾ ਉਹਨਾਂ ਦਾ ਕੰਮ। ਅੰਦਰੋਗਤੀ ਇੱਕਮਿੱਕ ਤੇ ਉੱਤੋਂ ਉੱਤੋਂ ਕੁੱਕੜ ਖੋਹ। ਸਾਧਾਰਣ ਲੋਕ ਵਿਚਾਰੇ ਕੀ ਜਾਣਨ। ਇਸੇ ਨੂੰ ਕਹਿੰਦੇ ਆ, ਘੁੱਗੀ ਕਿਆ ਜਾਣੇ ਸਤਗੁਰ ਕੀਆਂ ਬਾਤਾਂ। ਕਹਾਵਤ ਹੈ ਕਿ ਝੂਠਾ ਹੀ ਸਹੁੰ ਖਾਂਦਾ। ਸਾਡੇ ਲੀਡਰਾਂ ਨੇ ਇਹ ਸੱਚ ਕਰ ਦਿਖਾਇਆ। ਅਸ਼ਕੇ ਜਾਈਏ ਉਹਨਾਂ ਦੇ। ਉਹ ਕਿਹੜਾ ਸਾਡੇ ਵਰਗੇ ਸਾਧਾਰਣ ਲੋਕ ਨੇ ਜੋ ਸਹੁੰ ਖਾ ਕੇ ਨਾ ਮੁੱਕਰਣ।

ਕਰੋਨਾਂ ਦੇ ਇਸ ਦੌਰ ਵਿੱਚ ਆਕਸੀਜਨ ਨਾ ਮਿਲਣ ਕਰਕੇ ਮੌਤਾਂ ਹੋਣਾ ਜੱਗ ਜਾਹਰ ਆ। ਸੰਘਰਸ਼ ਕਰ ਰਹੇ ਕਿਸਾਨਾਂ ਚੋਂ ਛੇ ਸੌ ਤੋਂ ਵੱਧ ਕਿਸਾਨਾਂ ਦਾ ਸ਼ਹੀਦ ਹੋਣਾ ਵੀ ਕਿਸੇ ਤੋਂ ਭੁੱਲਿਆ ਨੀ। ਪਰ ਦੁਨੀਆਂ ਦੇ ਸਭ ਤੋਂ ਵੱਡੇ ਕਹੇ ਜਾਂਦੇ ਲੋਕਤੰਤਰ ਦੇ ਮੰਦਰ ਵਿੱਚ ਰਿਕਾਰਡ ਵਿੱਚ ਨਾ ਹੋਣ ਦਾ ਬਹਾਨਾ ਬਣਾ ਕੇ ਸੱਚ ਤੋਂ ਟਾਲਾ ਵੱਟਣਾ ਆਮ ਲੋਕਾਂ ਦੇ ਹਜ਼ਮ ਨਹੀਂ ਹੋ ਰਿਹਾ। ਮੀਡੀਆ ਕਹਾਉਂਦਾ ਲੋਕਤੰਤਰ ਦਾ ਚੌਥਾ ਥੰਮ। ਮੀਡੀਏ ਦੇ ਵੱਡੇ ਹਿੱਸੇ ਨੇ ਝੂਠ ਨੂੰ ਸੱਚ ਬਣਾਉਣ ਦੀ ਸਹੁੰ ਖਾਧੀ ਲਗਦੀ ਆ। ਭਾਅ ਜੀ ਗੁਰਸ਼ਰਨ ਸਿੰਘ ਦਾ ਕਿਹਾ ਸੋਲਾਂ ਆਨੇ ਸੱਚ ਕਿ ਖਬਰ ਦੇ ਪਿੱਛੇ ਛੁਪੀ ਹੁੰਦੀ ਆ ਹੋਰ ਖਬਰ। ਸੱਚ ਜਾਣਨ ਲਈ ਲਾਈਲੱਗਪੁਣੇ ਨੂੰ ਦੇਣੀ ਪਵੇਗੀ ਤਿਲਾਂਜਲੀ। ਸੱਚ ਜਾਣਨ ਦੀ ਸਿੱਖਣੀ ਪਵੇਗੀ ਜਾਚ। ਤਰਕਸ਼ੀਲ ਬਣਕੇ ਸੋਚ ਵਿਚਾਰ ਕਰਨੀ ਪਵੇਗੀ। ਝੂਠ ਦੀ ਹਨੇਰੀ ਵਗਾਅ ਕੇ ਲੋਕਾਂ ਨੂੰ ਪੈਰੋਂ ਉਖਾੜਨ ਵਾਲੇ ਲੋਕ-ਧ੍ਰੋਹੀਆਂ ਦੀ ਪਛਾਣ ਕਰਨਾ ਜਰੂਰੀ ਹੈ।

ਜੋ ਲੋਕ ਕਹਿੰਦੇ ਹਨ ਕਿ ਰੱਬ ਦੇ ਸਾਹਮਣੇ ਵਿਗਿਆਨ ਦੀ ਕੀ ਔਕਾਤ। ਉਹੀ ਬੀਮਾਰੀ ਆਉਣ ਤੇ ਦੁੜੱਕੀ ਲਾਕੇ ਵਿਗਿਆਨ ਦੀ ਸ਼ਰਨ ਵਿੱਚ ਭੱਜੇ ਆਉਂਦੇ ਨੇ। ਇਸ ਦਾ ਮਤਲਬ ਉਹ ਸਾਇੰਸ ਨੂੰ ਝੂਠਮੂਠ ਹੀ ਨਿੰਦ ਰਹੇ ਹੁੰਦੇ ਆਂ। ਜਿਹੜੇ ਕਹਿੰਦੇ ਹਨ ਕਿ ਉੱਪਰ ਵਾਲਾ ਸਭ ਕੁੱਝ ਦੇਖਦਾ। ਉਹ ਆਪਣੀ ਤੇ ਆਪਣੇ ਧਾਰਮਿਕ ਸਥਾਨਾਂ ਦੀ ਰਾਖੀ ਲਈ ਸਾਇੰਸ ਦੁਆਰਾ ਈਜਾਦ ਕੈਮਰਿਆਂ ਦੀ ਵਰਤੋਂ ਕਰਦੇ ਆ। ਲੋਕਾਂ ਦੇ ਦਾਨ ਤੇ ਪਲਣ ਵਾਲੇ ਲੋਕਾਂ ਨੂੰ ਸਮਝਾਉਂਦੇ ਨੇ ਕਿ ਰੱਬ ਹੀ ਸਭ ਨੂੰ ਦਿੰਦਾ। ਫਿਰ ਉਹ ਆਪ ਰੱਬ ਤੋਂ ਸਿੱਧਾ ਹੀ ਕਿਉਂ ਨਹੀ ਲੈ ਲੈਂਦੇ। ਉਹਨਾਂ ਦਾ ਮਕਸਦ ਝੂਠ ਮਾਰ ਕੇ ਸਾਧਾਰਣ ਲੋਕਾਂ ਦੀ ਕਿਰਤ ਹੜੱਪਣਾ ਹੁੰਦਾ। ਸੱਚ ਤੇ ਖੜ੍ਹੇ ਲੋਕ ਕਦੇ ਵੀ ਘਬਰਾਉਂਦੇ ਨਹੀਂ ਕਿਉਂਕਿ ਉਹ ਜਾਣਦੇ ਹਨ ਕਿ ਸੱਚ ਨੂੰ ਬਹੁਤ ਵਾਰੀ ਇਕੱਲੇ ਚੱਲਣਾ ਪੈਂਦਾ ਹੈ ਜਦ ਕਿ ਝੂਠ ਨਾਲ ਕਾਫਲੇ ਹੁੰਦੇ ਹਨ। ਫੈਡਰਿਕ ਨੀਤਸ਼ੇ ਦੇ ਕਥਨ ਅਨੁਸਾਰ, "ਕਈ ਵਾਰ ਲੋਕ ਸੱਚ ਸੁਣਨਾ ਪਸੰਦ ਨਹੀਂ ਕਰਦੇ ਕਿਉਂਕਿ ਉਹ ਨਹੀਂ ਚਾਹੁੰਦੇ ਕਿ ਉਹਨਾਂ ਦੇ ਭਰਮ ਟੁੱਟਣ ਤੇ ਫੋਕੀਆਂ ਮਾਨਤਾਵਾਂ ਰੱਦ ਹੋਣ"। ਸੱਚ ਤੇ ਪਹਿਰਾ ਦੇਣਾ ਜਿਉਂਦੇ ਹੋਣ ਦੀ ਨਿਸ਼ਾਨੀ ਹੈ। ਵਧੀਆ ਸਮਾਜ ਸਿਰਜਣ ਲਈ ਸੱਚ ਤੇ ਪਹਿਰਾ ਦਿੰਦੇ ਹੋਏ ਝੂਠ ਨਾਲ ਲੜਨਾ ਜਰੂਰੀ ਹੈ। ਸੱਚ ਆਖਰ ਸੱਚ ਹੈ ਜਿੱਤ ਸੱਚ ਦੀ ਹੋਣੀ ਹੁੰਦੀ ਹੈ।

## ਮਰਿਆਦਾ

ਪਤਾ ਨਹੀਂ ਗੁਰੂ ਜੀ
ਤੁਹਾਡੀ ਮੌਜ ਸੀ ਕਿ ਮਜਬੂਰੀ
ਚਾਰ ਸਿੰਘ ਬੁਲਾ ਲੈਂਦੇ
ਗੈਰ ਮਜ਼ਹਬ ਗਨੀ-ਨਬੀ ਖਾਨਾਂ ਨੂੰ
ਕਾਹਨੂੰ ਚੁਕਾ ਤੁਰੇ ਮੰਜੀ
ਜਿਸ ਤੇ ਆਪ ਦੀ ਪਾਵਨ ਹਜ਼ੂਰੀ
ਪਰ ਤੁਸੀਂ ਤਾਂ ਦਰਬਾਰ ਵਿੱਚ ਵੀ
ਵੰਨ ਸੁਵੰਨੇ ਕਵੀ ਕਵੀਸ਼ਰਾਂ ਨੂੰ
ਚਮਲਾਈ ਰਖਦੇ ਸੀ
ਏਧਰ ਉਧਰ ਦੇ ਗੈਰ ਮਜਹਬਾਂ ਨੂੰ ਵੀ
ਗਾਉਣ ਲਾਈ ਰੱਖਦੇ ਸੀ
ਪਰ ਸਾਡੀ ਮਰਿਆਦਾ ਪੱਕੀ
ਬੈਠ ਕੇ ਗੁਰੂ ਦੇ ਕੋਲ
ਗਾਉਣ ਲਈ ਬਾਣੀ ਦੇ ਬੋਲ
ਮਰਦਾਨੇ-ਪੁੱਤਰ ਹੱਥ ਰਬਾਬ ਨਹੀਂ
ਗਾਤਰੇ-ਕਿਰਪਾਨ ਜ਼ਰੂਰੀ
ਅਸੀਂ ਰਹਿਤ ਪੱਕੀ ਰੱਖਦੇ
ਰਹਿਤੀ ਹੱਥੋਂ ਹੀ ਛੱਕਦੇ
ਪੂਰਾ ਪਰਹੇਜ਼ ਕਰਦੇ ਹਾਂ
ਪਰ ਤੁਹਾਡੇ ਸਾਹਿਬਜਾਦਿਆਂ ਦਾ ਲਿਹਾਜ਼
ਤੇ ਹੇਜ਼ ਕਰਦੇ ਹਾਂ
ਆਖਦੇ ਹਾਂ ਕਿ ਉਹਨਾਂ ਦੀ ਸਿੱਖੀ
ਵਜੀਦੇ ਦੇ ਦਰਬਾਰ ਵਿੱਚ
ਸਰਹੰਦ ਦੀ ਦੀਵਾਰ ਵਿੱਚ
ਵੀ ਨਹੀਂ ਸੀ ਟੁੱਟੀ
ਪਰ ਸੱਚ ਪੁਛੋ ਉਹ ਸਿੱਖੀ ਤਾਂ
ਠੰਡੇ ਬੁਰਜ ਵਿੱਚ ਹੀ ਮੋਤੀ ਮਹਿਰੇ
ਬੇਅਮ੍ਰਿਤੀਏ ਹੱਥੋਂ
ਦੁੱਧ ਪੀਣ ਨਾਲ ਗਈ ਸੀ ਭਿੱਟੀ
ਤੁਹਾਡੇ ਮੂੰਹ ਨੂੰ ਅਜਿਹਾ ਕਹਿਣ ਤੋਂ ਗੁਰੇਜ
ਕਰਦੇ ਹਾਂ
ਤੁਸੀਂ ਬੜੀ ਘੌਲ ਕੀਤੀ
ਅਸੀਂ ਮਰਿਆਦਾ ਅਨੁਸਾਰ
ਉਚੇਚੀ ਗੌਰ ਕੀਤੀ
ਮਾਤਾ ਗੁਜਰੀ ਦਾ ਨਾਂ ਗੁੱਜਰ ਕੌਰ ਕੀਤਾ
ਮਾਤਾ ਸੁੰਦਰੀ ਸੁੰਦਰ ਕੌਰ ਕੀਤੀ
ਗੁੱਸਾ ਨਾ ਕਰਨਾ
ਅਸੀਂ ਵਕਤ ਨੂੰ
ਪੁੱਠਾ ਗੇੜ ਚੜਾਉਣਾ ਹੈ
1699 ਨੂੰ ਧੱਕ ਕੇ
1469 ਤੇ ਪਹੁੰਚਾਉਣਾ ਹੈ
ਮਰਦਾਨੇ, ਰਾਏ ਬੁਲਾਰ, ਬਾਬੇ ਬੁੱਢੇ
ਮੀਆਂ ਮੀਰ, ਭਾਈ ਗੁਰਦਾਸ ਨੂੰ
ਗੁਰੂ ਵਾਲੇ ਬਣਾਉਣਾ ਹੈ
ਪਹਿਲਾਂ 24 ਸਾਲਾ ਵਕਫਾ ਮਿਟਾਵਾਂਗੇ
ਮਤੀ- ਸਤੀ ਦਾਸ, ਦਿਆਲੇ ਨੂੰ ਸਿੰਘ
ਸਜਾਵਾਂਗੇ
ਬੁੱਧੂ ਸ਼ਾਹ, ਘਨੱਈਏ, ਟੋਡਰ ਮੱਲ, ਨੂਰੇ
ਮਾਹੀ ਦੀ ਵੀ
ਗੱਲ ਸਿਰੇ ਲਾ ਕੇ ਛੱਡਾਂਗੇ
ਭਾਈ ਨੰਦ ਲਾਲ ਸਣੇ 52 ਕਵੀਆਂ ਨੂੰ
ਅੰਮ੍ਰਿਤ ਛਕਾ ਕੇ ਛੱਡਾਂਗੇ
ਦੇਖੀਂ, ਪੰਥ ਤੇਰੇ ਦੀਆਂ ਗੂੰਜਾਂ।

-ਜਸਵੰਤ ਜ਼ਫਰ
(ਪੁਸਤਕ 'ਇਹ ਬੰਦਾ ਕੀ ਹੁੰਦਾ' ਵਿਚੋਂ)

## ਮੂਰਖਾਂ ਦੀ ਸੋਨ ਚਿੜੀ

ਜਿਥੇ ਖੋਜ ਦੀ ਨਹੀਂ
ਮੁਕਤੀ ਦੀ ਭਾਲ ਹੈ
ਧਰਮਾਂ ਦਾ ਮੱਕੜ ਜਾਲ ਹੈ
ਜਿਥੇ ਮੌਤ ਦੀ ਗੱਲ ਹੈ
ਪਿੱਠ ਜ਼ਿੰਦਗੀ ਵੱਲ ਹੈ
ਜਿਥੇ ਸ਼ਬਦ ਆਪਣੇ ਆਪਣੇ
ਆਪਣੇ ਆਪਣੇ ਝੱਲ ਹੈ
ਇਥੇ ਬਣਨੀ ਨਹੀਂ ਬਾਤ ਹੈ
ਸਾਮਰਾਜ ਦੀ ਕੀ ਔਕਾਤ ਹੈ
ਕੋਈ ਧੂਫਾਂ ਜਲਾ ਰਿਹਾ
ਕੋਈ ਕਰ ਰਿਹਾ ਪਾਠ ਹੈ
ਜਿਥੇ ਸਿਰ ਨੰਗਾ ਪਾਪ ਹੈ
ਬਲਾਤਕਾਰ ਦੀ ਖੁੱਲ੍ਹ ਹੈ
ਇਨਸਾਨੀਅਤ ਦਾ ਨਾ ਮੁੱਲ ਹੈ
ਬੱਸ ਉਹੀ ਨੀਵੀ ਜਾਤ ਹੈ
ਜਿਥੇ ਮੋਰ ਦਿੰਦਾ ਵਾਂਗ ਹੈ
ਤੇ ਚੋਰ ਕਰਦਾ ਨਾਚ ਹੈ
ਜਿਥੇ ਕੁੱਕੜ ਦਾ ਕੰਮ ਪਾਦਰੀ
ਕਰਦਾ ਸਵੇਰੇ 'ਤੇ ਰਾਤ ਹੈ
ਫਰਸ਼ ਦੁੱਧਾਂ ਨਾਲ ਧੋ ਰਿਹਾ
ਭੁੱਖਾ ਮਰ ਰਿਹਾ ਜੁਆਕ ਹੈ
ਹੱਡ ਮਾਸ ਦਾ ਆਦਮੀ
ਪੱਥਰਾਂ ਵੱਲ ਰਿਹਾ ਝਾਕ ਹੈ
ਸੋਨ ਚਿੜੀ ਕੰਗਾਲੀ ਦਾ
ਤਾਂ ਹੀ ਭੋਗ ਰਹੀ ਸੰਤਾਪ ਹੈ।

- ਪਰਮਿੰਦਰ

ਬਾਬੇ ਨਾਨਕ ਦੇ ਜਨਮ ਦਿਹਾੜੇ 'ਤੇ ਵਿਸ਼ੇਸ਼:

## ਨਾਨਕ/- ਸੰਤੋਖ ਸਿੰਘ ਧੀਰ

ਮਿਹਰਬਾਨੀ ਕਰੋ
ਮੇਰੀ ਸ਼ਕਲ ਨਾ ਵਿਗਾੜੋ
ਜਿਹੋ-ਜਿਹਾ ਹਾਂ
ਮੈਨੂੰ ਉਹੋ ਜਿਹਾ ਰਹਿਣ ਦਿਉ।
ਸਰਪ ਨੇ ਕੋਈ ਛਾਂ ਨਹੀਂ ਸੀ ਕੀਤੀ
ਸਰਪ ਨੂੰ ਕੀ ਪਤਾ ਸੀ
ਮੈਂ ਕੌਣ ਹਾਂ?
ਤੁਸੀਂ ਤਾਂ ਮੈਨੂੰ ਸਮਝ ਨਾ ਸਕੇ
ਸਰਪ ਕਿਵੇਂ ਸਮਝ ਗਿਆ?
ਐਵੇਂ ਗਲਤ ਗੱਲਾਂ ਨਾ ਕਰੋ
ਜਿਹੋ-ਜਿਹਾ ਹਾਂ
ਮੈਨੂੰ ਉਹੋ ਜਿਹਾ ਰਹਿਣ ਦਿਉ
ਪਹਾੜ ਵੀ ਨਹੀਂ ਸੀ ਰੋਕਿਆ
ਨਾ ਪਹਾੜ ਕਿਸੇ ਸੁੱਟਿਆ ਸੀ
ਵਲੀ ਸਾਹਿਬ ਨਾਲ
ਥੋੜ੍ਹੀ ਗੱਲਬਾਤ ਹੋਈ ਸੀ
ਵਿਚਾਰਾਂ ਦਾ ਵਟਾਂਦਰਾ
ਥੋੜ੍ਹਾ ਜਿਹਾ ਵਾਦ-ਵਿਵਾਦ
ਉਹਨਾਂ ਸਵਾਲ ਕੀਤੇ
ਮੈਂ ਜਵਾਬ ਦਿੱਤੇ
ਸਵਾਲਾਂ ਦਾ ਪਹਾੜ ਸੀ
ਦਲੀਲ ਦਾ ਪੰਜਾ
ਇਉਂ ਦਲੀਲ ਦੇ ਪੰਜੇ ਨਾਲ
ਮੈਂ ਪਹਾੜ ਰੋਕਿਆ।
ਪਾਣੀ ਪੀਣ ਵੀ ਨਹੀਂ ਸੀ ਗਿਆ, ਮਰਦਾਨਾ,
ਵਲੀ ਸਾਹਿਬ ਕੋਲ,
ਪਾਣੀ ਪੀਣ
ਤਿੰਨ ਮੀਲ
ਪਹਾੜ ਉੱਤੇ ਹੀ ਜਾਣਾ ਸੀ?
ਹੇਠਾਂ ਪਾਣੀ ਥੋੜ੍ਹਾ ਸੀ।
ਪਿੰਡ ਵਿਚ
ਹਸਨ ਅਬਦਾਲ?
ਪਿੰਡ ਵਾਲੇ
ਪਾਣੀ ਪੀਣ
ਪਹਾੜ ਉੱਤੇ ਹੀ ਜਾਂਦੇ ਸਨ?
ਉਹ ਵਲੀ ਸੀ
ਫ਼ਕੀਰ ਸੀ
ਫ਼ਕੀਰ ਕਿਸੇ ਨੂੰ ਪਾਣੀ ਪੀਣ ਤੋਂ
ਇਉਂ ਨਹੀਂ ਮੋੜਦੇ।
ਮੱਕਾ ਵੀ ਨਹੀਂ ਸੀ ਫੇਰਿਆ
ਮੱਕੇ ਦੇ ਮੌਲਾਣਿਆਂ ਦੀ
ਸੋਚ ਬਦਲ ਗਈ ਸੀ
ਮੇਰੀਆਂ ਦਲੀਲਾਂ ਨਾਲ,
ਉਨ੍ਹਾਂ ਨੂੰ ਖ਼ੁਦਾ
ਹਰ ਪਾਸੇ ਨਜ਼ਰ ਆ ਗਿਆ
ਇਉਂ ਮੱਕਾ ਫੇਰਿਆ।
ਨਾ ਦੁੱਧ ਸੀ
ਨਾ ਲਹੂ
ਇਹ ਤਾਂ ਮੇਰੀ ਅੱਖ ਸੀ
ਜਿਹੜੀ ਦੇਖ ਰਹੀ ਸੀ
ਦੁੱਧ ਅਤੇ ਲਹੂ।
ਮੇਰੇ ਲਈ ਮਹਾਨ ਸਨ
ਕਿਰਤੀ ਦੇ ਹੱਥ
ਕਿਰਤੀ ਦੇ ਹੱਥਾਂ ਵਿਚ
ਚੰਨ-ਸੂਰਜ ਚਮਕਦੇ
ਇਨ੍ਹਾਂ ਹੱਥਾਂ ਦੀ ਚਮਕ ਅੱਗੇ
ਤਾਜਾਂ ਅਤੇ ਕਲਗੀਆਂ ਦੇ ਹੀਰੇ
ਮਾਂਦ ਪੈ ਗਏ
ਪਾਤਸ਼ਾਹੀਆਂ ਛੋਟੀਆਂ
ਇਹ ਹੱਥ ਵੱਡੇ ,
ਇਸੇ ਲਈ ਮੈਂ ਕੋਧਰੇ ਦਾ
ਮਹਾਂਗੀਤ ਗਾਇਆ
ਸੁੱਚਾ ਦੁੱਧ ਪੀਤਾ।
ਹਿੰਦੂ-ਮੁਸਲਮਾਨ ਹੋਣਾ
ਨਿਰਾ ਝੂਠ ਬੋਲਣਾ
ਸ਼ੂਦਰਾਂ-ਬ੍ਰਾਹਮਣਾਂ ਦਾ
ਅਣਮਨੁੱਖੀ ਵੇਰਵਾ
ਕਿੱਥੇ ਮੱਧ ਕਾਲ ਸੀ
ਕਿੱਥੇ ਅੱਜ ਇੱਕੀਵੀਂ ਸਦੀ
ਗਈ ਨਾ ਤੁਹਾਡੀ ਪਰ ਇਹ
ਵਾਦੜੀ-ਸਜਾਦੜੀ।
ਯੂੜਾਂ ਪੁੱਟ ਕਾਬਲੋਂ ਸੀ
ਹਿੰਦ ਆਇਆ ਧਾੜਵੀ
ਹਿੰਦ ਦੀਆਂ ਗਲੀਆਂ 'ਚ
ਬਾਬਰ ਬਾਣੀ ਫਿਰ ਗਈ
ਕਤਲਾਮ, ਲੁੱਟਮਾਰ
ਮੱਚਿਆ ਕੁਹਰਾਮ ਸੀ
ਪਤ ਹਿੰਦੁਸਤਾਨ ਦੀ
ਗਲੀ-ਗਲੀ ਰੁਲ਼ ਗਈ।
ਬੱਦਲਾਂ ਦੀ ਘਟਾ ਵਾਂਗ
ਫੇਰ ਬਾਬਰ ਆ ਰਹੇ
ਪੂੰਜੀ ਦੀਆਂ ਫੌਜਾਂ ਨਾਲ
ਫੇਰ ਘੇਰਾ ਪਾ ਰਹੇ
ਘਿਰ ਗਏ ਪਹਾੜ ਸਾਡੇ
ਘਿਰ ਗਏ ਮੈਦਾਨ ਸਾਡੇ
ਘਿਰ ਗਏ ਭਵਿੱਖ ਸਾਡੇ
ਘਿਰੇ ਵਰਤਮਾਨ ਸਾਡੇ
ਦੈਂਤ ਸੋਨੇ-ਚਾਂਦੀ ਵਾਲਾ
ਚੀਖਦਾ, ਚਿੰਘਾੜਦਾ
ਧਰਤ ਮਹੱਤ ਸਾਡੀ
ਮਿੱਧਦਾ, ਲਤਾੜਦਾ।
ਸੁਣ ਲਉ ਆਵਾਜ਼ ਮੇਰੀ
ਮੇਰੇ ਸ਼ਿਸ਼ ਪਿਆਰਿਓ !
ਲਾਲੋਆਂ ਦੇ ਸਾਥੀਉ
ਕਾਮਿਓ ਤੇ ਯੋਧਿਓ
ਖਤਰੇ ਦੀ 'ਵਾਜ਼ ਸੁਣੋ
ਵੱਜ ਰਹੀਆਂ ਘੰਟੀਆਂ
ਅੱਜ ਦੀਆਂ ਸੁਸਤੀਆਂ ਨੂੰ
ਭੁਗਤਦੀਆਂ ਸਦੀਆਂ।
ਮਾਲ੍ਹਪੂੜਾ ਕੋਧਰੇ ਨੂੰ
ਮਾਤ ਦਿੰਦਾ ਜਾ ਰਿਹਾ
ਧਾੜਵੀ-ਲੁਟੇਰਾ ਚੜ੍ਹ
ਜਮ ਵਾਂਗ ਆ ਰਿਹਾ
ਕੋਧਰੇ ਦੀ ਪਤ ਉੱਚੀ
ਮਾਲ੍ਹਪੂੜੇ ਬੇਈਮਾਨ
ਮਾਲ੍ਹਪੂੜੇ ਮਹਾਂ ਨੀਚ
ਇਹ ਸ਼ੈਤਾਨਾਂ ਦੇ ਸ਼ੈਤਾਨ
ਇਨ੍ਹਾਂ ਦੇ ਪਲੀਤ ਮੂੰਹ
ਲਹੂ ਨਾਲ ਲਿੱਬੜੇ
ਐਵੇਂ ਨਹੀਂ ਕਿਹਾ ਸੀ ਮੈ
ਰਾਜਿਆਂ ਨੂੰ ਸ਼ੀਹ
ਮੁਕੱਦਮਾਂ ਨੂੰ ਕੁੱਤੇ।
ਮੈਨੂੰ ਮੇਰੇ ਸਮਿਆਂ ਨੇ
ਭੂਤਨਾਂ, ਬੇਤਾਲਾ ਕਿਹਾ
ਭੁੱਲੜ, ਕੁਰਾਹੀਆ ਕਿਹਾ
ਮੇਰੇ ਲਈ ਇਹ ਲਕਬ ਸੀ
ਮੇਰੇ ਲਈ ਇਹ ਸ਼ਾਨ ਸੀ
ਮੇਰੇ ਲਈ ਇਹ ਬਹੁਤ ਵੱਡਾ
ਮਾਨ-ਸਨਮਾਨ ਸੀ।
ਰਾਹੇ-ਰਾਹ ਤੁਰੇ ਜਾਣਾ
ਕੰਮ ਨਹੀਂ ਆਸ਼ਿਕਾਂ ਦਾ
ਕੰਮ ਨਹੀਂ ਸੂਰਿਆਂ ਦਾ
ਕੰਮ ਨਹੀਂ ਨਾਨਕਾਂ ਦਾ
ਰਾਹੇ ਰਾਹ ਤੁਰਨ ਨਾਲ
ਸਮੇਂ ਨਹੀਂ ਜਾਗਦੇ
ਰੋਗ ਨਹੀਂ ਟੁੱਟਦੇ
ਜੁੱਗ ਨਹੀਂ ਬਦਲਦੇ।
ਕੋਧਰੇ ਦੇ ਪੁੱਤਰੋ!
ਯੁੱਗ ਦੇ ਸ਼ਹਿਜ਼ਾਦਿਓ!
ਸੀਸ ਧਰੋ ਤਲੀ ਉੱਤੇ
ਪਿਆਰ ਵਾਲੀ ਗਲੀ ਆਓ
ਆਪ ਲੜੋ, ਆਪ ਜੂਝੋ
ਆਪ ਫੜੋ ਵਾਗ ਹੱਥ
ਖੋਹ ਲਉ ਇਨ੍ਹਾਂ ਭਾਗੋਆਂ ਤੋਂ
ਆਪਣਾ ਪਿਆਰਾ ਹਿੰਦੋਸਤਾਨ
ਖੋਹ ਲਉ ਇਨ੍ਹਾਂ ਜਮਾਂ ਕੋਲੋਂ
ਕਬਜ਼ੇ 'ਚ ਕੀਤਾ ਹੋਇਆ
ਆਪਣਾ ਜਹਾਨ –
ਆਪਣਾ ਅਤੀਤ
ਆਪਣਾ ਭਵਿੱਖ
ਆਪਣਾ ਵਰਤਮਾਨ।
(21 ਮਈ 2007)
('ਕੋਧਰੇ ਦਾ ਮਹਾਂ ਗੀਤ', ਪੁਸਤਕ ਵਿਚੋਂ)

ਪੇਸ਼ਕਸ਼: ਯਸ਼ ਪਾਲ
ਸੰਪਾਦਕ ਵਰਗ ਚੇਤਨਾ

## ਸੁਪਨੇ ਵਿੱਚ ਬਾਬੇ ਦੀ ਝਿੜਕ

ਕੱਲ ਰਾਤੀਂ ਬਾਬਾ ਨਾਨਕ
ਮੇਰੇ ਸੁਪਨੇ ਦੇ ਵਿੱਚ ਆਇਆ..
ਕਹਿੰਦੇ ਕਾਕਾ ਮੇਰੀ ਸੋਚ ਦਾ ਆਹ ਕੀ
ਹਾਲ ਬਣਾਇਆ?

ਮੈਂ ਕਿਹਾ ਬਾਬਾ ਜੀ
ਅਸੀਂ ਆਪਣਾ ਫ਼ਰਜ਼ ਨਿਭਾਈ ਜਾਨੇਆਂ..
ਤੁਹਾਡੀ ਖ਼ੁਸ਼ੀ ਲਈ ਰੋਜ਼ ਹੀ..
ਫੋਟੋ ਅੱਗੇ ਮੱਥੇ ਘਸਾਈ ਜਾਨੇਆਂ..!

ਦਾਤਾਂ ਲੈਣ ਲਈ ਤੁਹਾਡੇ ਤੋਂ..
ਤੁਹਾਡੇ ਅੱਗੇ ਧੂਫਾਂ ਧੁਖਾਈ ਜਾਨੇ ਆਂ..
ਥੋੜੇ ਥੋੜੇ ਸਮੇਂ ਬਾਅਦ..
ਅਖੰਡਪਾਠ ਵੀ ਤਾਂ ਕਰਾਈ ਜਾਨੇ ਆਂ..!!

ਤੁਹਾਡੇ ਦੁਆਰੇ 'ਤੇ ਵੀ ਅਸੀ
ਕਰੋੜਾਂ ਰੁਪਏ ਲਗਾਈ ਜਾਨੇ ਆਂ..
ਸੁੱਖਣਾ ਸੁੱਖ ਤੇਰੀ ਬਾਣੀ ਅੱਗੇ..
ਰੇਸ਼ਮੀ ਰੁਮਾਲੇ ਰੋਜ਼ ਚੜ੍ਹਾਈ ਜਾਨੇ ਆਂ..!!

ਸੁਬਹਾ ਸ਼ਾਮ ਅੱਧਾ ਅੱਧਾ ਘੰਟਾ
ਪਾਠ ਦਾ ਵੀ ਫਰਜ ਨਿਭਾਈ ਜਾਨੇ ਆਂ..
ਤੁਹਾਡੇ ਜ਼ਨਮ ਦਿਨ 'ਤੇ...
ਦੀਵੇ ਬਾਲ.. ਪਟਾਕੇ ਵੀ ਚਲਾਈ ਜਾਨੇ ਆਂ..!!

ਪਹਿਰਾਵੇ ਭੇਸ 'ਚ ਕੱਚ ਨਾ ਰਹੇ..
ਪੂਰਾ ਦਿੱਖ'ਤੇ ਜੋਰ ਲਗਾਈ ਜਾਨੇ ਆਂ..
ਤੁਸੀ ਪਤਾ ਨੀ ਕਿਉਂ ਖੁਸ ਨੀ..
ਸੀ ਤਾਂ ਹਰ ਰਸਮ ਨਿਭਾਈ ਜਾਨੇ ਆਂ..!!

ਅੱਕ ਕੇ ਬਾਬਾ ਬੋਲਿਆ..
ਮੈਂ ਕਦ ਆਖਿਆ ਸੀ
ਮੇਰੇ ਵਿਚਾਰਾਂ ਨੂੰ ਰੱਟੇ ਲਾਓ
ਮੈਂ ਦੱਸੋ ਕਿੱਥੇ ਲਿਖਿਆ ਏ..
ਭਾੜੇ 'ਤੇ ਮੇਰੇ ਵਿਚਾਰ ਪੜਾਓ..!!

ਮੈਂ ਕਦ ਆਖਿਆ ਸੀ..
ਮੇਰੀ ਫੋਟੋ ਨੂੰ ਧੂਫਾਂ ਲਾਓ..!

ਮੈਂ ਕਿੱਥੇ ਲਿਖਿਆ ਏ..
ਮੇਰੇ ਦਿਨ 'ਤੇ ਪਟਾਕੇ ਚਲਾਓ..!

ਮੇਰੀ ਸਮਝ 'ਚ ਕਿੱਥੇ ਹੈ
ਕਿ ਗੁਰਦੁਆਰਿਆਂ 'ਤੇ ਧੰਨ ਵਹਾਓ ..!!

ਮੈਂ ਤਾਂ ਸਿਰਫ ਇਹ ਚਾਹਿਆ ਸੀ..
ਮੇਰੇ ਵਿਚਾਰਾਂ ਨੂੰ ਅਪਨਾਓ..

ਬਾਬੇ ਨਾਨਕ ਦੀਆਂ ਇਹ ਗਲਾਂ ਸੁਣ ਕੇ
ਮੇਰਾ ਚਿਹਰਾ ਹੋ ਗਿਆ ਬੱਗਾ ਸੀ..
ਮੇਰਾ ਰੋਮ ਰੋਮ ਕੰਬਣ ਲੱਗਾ ਸੀ..

ਬਾਬੇ ਨਾਨਕ ਨੇ
ਤੇਰੀਆਂ ਅੱਖਾਂ ਵੱਲ ਤੱਕਿਆ 'ਤੇ ਕਹਿੰਦੇ

ਤੁਸੀਂ ਮੈਨੂੰ ਮੰਨੀ ਜਾਨੇ ਹੋ
ਪਰ ਮੇਰੀ ਇਕ ਨਾ ਮੰਨੀ
ਮੇਰੀ ਸੋਚ--ਵਿਚਾਰਧਾਰਾ ਤੋਂ
ਤੁਸੀ ਸਭ ਖਿਸਕਾਉਂਦੇ ਕੰਨੀ..!

ਇਕ ਤੁਹਾਥੋਂ ਪਹਿਲਾਂ ਵੇਲਾ ਸੀ..
ਗੁਰਦੁਆਰੇ ਭਾਵੇਂ ਕੱਚੇ ਸੀ..
ਸਿਖਿਆ ਮੇਰੀ ਤਾਂ ਅਮਲ 'ਚ ਸੀ..
ਤੇ ਸਿੱਖ ਮੇਰੇ ਸਭ ਪੱਕੇ ਸੀ..!!

ਸੰਗਮਰਮਰ- ਸੋਨੇ ਲਾ ਲਾ ਕੇ..
ਭਾਵੇਂ ਮੰਦਰ ਪਾ ਲਏ ਪੱਕੇ ਨੇ..
ਦਿਖਾਵੇਂ ਅਡੰਬਰ ਅਮਲੋਂ ਖਾਲੀ..
ਮੇਰੇ ਸਿੱਖ ਸਿਖਿਆ ਤੋਂ ਕੱਚੇ ਨੇ..!!

ਮੈਂ ਬੁਤ ਪੂਜਾ ਤੋਂ ਰੋਕਿਆ ਸੀ..
ਤੁਸੀਂ ਮੇਰੀ ਫੋਟੋ ਪੂਜੀ ਜਾਂਦੇ ਹੋ.!

ਮੈਂ ਰੋਕਿਆ ਅੰਧਵਿਸ਼ਵਾਸ਼ਾਂ ਤੋਂ..
ਤੁਸੀਂ ਧਾਗੇ-ਤਵੀਤਾਂ ਤੋਂ ਭੈਅ ਖਾਂਦੇ ਹੋ ..!!

ਮੈਂ ਜਾਤ- ਗੋਤ ਛੁਡਾਈ ਸੀ..
ਤੁਸੀ ਨਾਵਾਂ ਨਾਲ ਸਜਾਈ ਜਾਂਦੇਂ ਹੋ..!!

ਲਾਲੋ ਲਈ ਮੈਂ ਲੜਿਆ ਸੀ..
ਤੁਸੀ ਭਾਗੋ ਨੂੰ ਜੱਫੀਆਂ ਪਾਈ ਜਾਂਦੇ ਹੋ..!!

ਰਾਜੇ ਸ਼ੀਹ ਮੁਕੱਦਮ ਕੁੱਤੇ..
ਤੁਸੀ ਤਖਤਾਂ ਉੱਪਰ ਬਿਠਾਈ ਜਾਂਦੇ ਹੋ..!!

ਮੈਂ ਸੱਜਣ ਠੱਗ ਭਜਾਏ ਸੀ..
ਤੁਸੀ ਹਾਰ ਤੇ ਵੋਟਾਂ ਪਾਈ ਜਾਂਦੇ ਹੋ..!!

ਛੋਡਹਿ ਅੰਨ ਕਰਹਿ ਪਾਖੰਡ ਸਮਝਾਇਆ ਸੀ
ਤੁਸੀ ਖੁਦ ਹੀ ਵਰਤ ਰਖਾਈ ਜਾਂਦੇ ਹੋ...!!

ਪਹਿਰਾਵਾ ਭੇਸ ਹੀ ਸਿੱਖੀ ਨਹੀਂ..
ਤੁਸੀ ਕਿਹਨੂੰ ਬੁੱਧੂ ਬਣਾਈ ਜਾਂਦੇ ਹੋ..?

ਸਿਖਿਆ ਮੇਰੀ ਕੋਈ ਮੰਨੀ ਨਾ..
ਪਰ ਮੇਰੇ ਸਿੱਖ ਕਹਾਈ ਜਾਂਦੇ ਹੋ.??
---
ਮੇਰੇ ਲਈ ਤਾਂ ਦੋਸਤੋ..
ਇਹ ਝੰਜੋੜਨ ਵਾਲਾ ਖ਼ੁਆਬ ਸੀ..
ਸੁਪਨਾ ਸੀ ਜਾਂ ਸ਼ਾਇਦ ..
ਮੇਰੀ ਜ਼ਮੀਰ ਦੀ ਹੀ ਅਵਾਜ਼ ਸੀ..!!

-ਡਾ. ਬਖਸ਼ੀਸ਼ ਸਿੰਘ ਅਜ਼ਾਦ
ਮੁੱਖ ਸੰਪਾਦਕ-ਲਾਈਵ ਸੱਚ ਟੀ.ਵੀ.
9915190695

## ਜ਼ਬਰ-ਜਿਨਾਹ ਕਾਂਡ ਤੇ ਮੈਂ

ਰਾਜਧਾਨੀ ਵਿਚ ਹੋਏ
ਜ਼ਬਰ-ਜਿਨਾਹ ਕਾਂਡ ਵਿਚ
ਦੋਸ਼ੀ ਪੰਜ ਹੀ ਨਹੀਂ
ਮੇਰਾ ਅਸਤਿਤਵ ਵੀ ਸ਼ਾਮਲ ਸੀ।
ਤੁਸੀਂ ਚੌਂਕੋ ਨਾ, ਮੈਂ ਸਿੱਧ ਕਰਦਾਂ...

ਕਿਸ਼ੋਰ ਅਵਸਥਾ 'ਚ ਹੀ ਬੱਸਾਂ ਵਿਚ
ਸਹਿਪਾਠਣਾ ਨਾਲ ਮੈਂ ਖਹਿਕੇ ਲੰਘਦਾ,
ਝੋਨਾ ਲਾਉਂਦੀਆਂ ਕਾਮੀਆਂ
ਦੇ ਗਮਲਿਆਂ ਵੱਲ
ਕਾਮੀ ਨਜ਼ਰਾਂ ਦਾ ਪੰਜਾ ਵਧਾਉਂਦਾ,
ਪਤਨੀ ਨਾਲ ਤੁਰਦਿਆਂ ਕੋਲੋਂ ਲੰਘਦੀ
ਕੁੜੀ ਨੂੰ
ਬੰਬ ਦਾ ਬਿੰਬ ਦਿੰਦਾ,
ਪੋਚੇ ਲਾਉਂਦੀ 'ਕੰਮ ਵਾਲੀ'
ਨੂੰ ਮੇਰਾ ਟੀਰ ਤਾੜਦਾ,
ਗੁਆਂਢੀਆਂ ਦੀ ਪਿੰਕੀ ਨੂੰ ਗੁੱਡਾ
ਆਖਦਾ
ਇਕੱਲੀ ਮਿਲੇ ਤਾਂ ਉਸ ਵਿਚੋਂ ਹਾਣ ਭਾਲਦਾ,
ਦਫ਼ਤਰ 'ਚ ਸਹਿਕਰਮਣ
ਅੱਗੇ ਕਬੂਤਰ ਵਾਂਗ ਗੁਟਕਦਾ,
ਦੋਸ਼ੀਆਂ ਅਤੇ ਮੇਰੀ ਸੋਚ 'ਚ ਫੈਲੀ
ਕਾਮੁਕ ਅਰਾਜਕਤਾ ਦਾ
ਸਫ਼ਰ ਸਮਾਨੰਤਰ ਚੱਲਦਾ,
ਅਗਲਾ ਕਰਮ ਨਤੀਜਨ,
ਵਹਿਸ਼ੀਆਨਾ ਕਾਰਾ ਹੈ

ਫਿਰ ਮੈਂ ਵੀ ਤਾਂ ਗੁਨਾਹ ਦਾ
ਭਾਗੀਦਾਰ ਹੋਇਆ
ਸੋ ਸਜ਼ਾ ਦਾ ਕੁਝ ਹਿੱਸਾ
ਮੇਰੇ ਲਈ ਵੀ ਰਾਖਵਾਂ ਹੋਵੇ।

-ਅੰਮ੍ਰਿਤ ਦੀਵਾਨਾ

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ ਕੈਲਗਰੀ :
ਮਾਸਟਰ ਭਜਨ 403-455-4220, ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈਗ 204-488-6960

# ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਨਵੰਬਰ ਮਹੀਨੇ ਦੀ ਮੀਟਿੰਗ ਵਿੱਚ ਗੁਰਚਰਨ ਕੌਰ ਥਿੰਦ ਦਾ ਨਵਾਂ ਨਾਵਲ 'ਮਿਸ਼ਨ ਰੈੱਡ ਸਟਾਰ' ਲੋਕ ਅਰਪਣ ਕੀਤਾ

## ਲੇਖਿਕਾ ਦੀ ਪਿਛਲੇ ਸਾਲ ਛਪੀ ਹਿੰਦੀ ਅਨੁਵਾਦਿਤ ਪੁਸਤਕ 'ਔਰ ਚੂਲ੍ਹਾ ਜਲਤਾ ਰਹਾ' ਉੱਤੇ ਵੀ ਹੋਈ ਚਰਚਾ

**ਜ਼ੋਰਾਵਰ ਬਾਂਸਲ**

ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਨਵੰਬਰ ਮਹੀਨੇ ਦੀ ਮੀਟਿੰਗ ਪ੍ਰਧਾਨ ਦਵਿੰਦਰ ਮਲਹਾਂਸ ਦੇ ਸਵਾਗਤੀ ਸ਼ਬਦਾਂ ਨਾਲ ਹੋਈ। ਜਨਰਲ ਸਕੱਤਰ ਜ਼ੋਰਾਵਰ ਬਾਂਸਲ ਨੇ ਮੀਟਿੰਗ ਦਾ ਵੇਰਵਾ ਸਾਂਝਾ ਕੀਤਾ। ਕਿਸਾਨੀ ਸੰਘਰਸ਼ ਦੇ ਹੱਕ ਵਿੱਚ ਆਏ ਸੁਖ਼ਦ ਸੁਨੇਹੇ ਦੇ ਉੱਤੇ ਸਾਰਿਆਂ ਦੇ ਨਾਲ ਖੁਸ਼ੀ ਸਾਂਝੀ ਕਰਦਿਆ ਸਭ ਨੂੰ ਮੁਬਾਰਕਬਾਦ ਕਿਹਾ ਅਤੇ ਗੁਰੂ ਨਾਨਕ ਦੇਵ ਜੀ ਦੇ ਜਨਮ ਪੁਰਬ ਉੱਤੇ ਵੀ ਸਭ ਨੂੰ ਵਧਾਈ ਦਿੱਤੀ। ਸ਼ੋਕਮਤੇ ਸਾਝੇ ਕਰਦਿਆਂ ਸਾਹਿਤਕਾਰ ਡਾ.ਸੁਰਜੀਤ ਸਿੰਘ ਭੱਟੀ, ਜੋ ਇੱਕ ਯੋਧੇ ਪੱਤਰਕਾਰ, ਲੇਖਕ, ਕਈ ਅਖ਼ਬਾਰ ਤੇ ਮੈਗਜ਼ੀਨ ਦੇ ਨਿਧੜਕ ਕਾਲਮਨਵੀਸ ਤੋਂ ਇਲਾਵਾ ਰੇਡੀਓ, ਟੀਵੀ ਤੇ ਬੇਬਾਕ ਟਿੱਪਣੀਕਾਰ ਵਜੋਂ ਵੀ ਜਾਣੇ ਜਾਂਦੇ ਹਨ। ਜੋ ਪਿਛਲੀ ਦਿਨੀਂ ਦਿਲ ਦੀ ਧੜਕਣ ਰੁਕ ਜਾਣ ਕਾਰਨ ਸਦੀਵੀ ਵਿਛੋੜਾ ਦੇ ਗਏ। ਪੰਜਾਬ ਲੋਕ ਸੱਭਿਆਚਾਰਕ ਮੰਚ ਦੇ ਮੈਂਬਰ, ਚਿੰਤਕ, ਲੇਖਕ 'ਸਰਦਲ' ਰਸਾਲੇ ਦੇ ਸੰਪਾਦਕੀ ਸਾਬਕਾ ਮੈਂਬਰ ਗੁਰਬਖ਼ਸ਼ ਜੱਜ ਵੀ ਨਹੀਂ ਰਹੇ। ਸੂਖਮ ਤੇ ਸਮਾਜਿਕ ਸਰੋਕਾਰਾਂ ਦੇ ਗੀਤ ਗਾਉਣ ਵਾਲੇ ਸੁਖਮਿੰਦਰ ਰਾਮਪੁਰੀ ਅਤੇ ਸੱਭਿਆਚਾਰਕ ਗਾਇਕੀ ਦਾ ਥੰਮ੍ਹ ਗੁਰਮੀਤ ਬਾਵਾ। ਸਭ ਸਾਹਿਤਕ, ਸਮਾਜਿਕ ਤੇ ਸੱਭਿਆਚਾਰਕ ਰੂਹਾਂ ਦੇ ਸਦੀਵੀ ਵਿਛੋੜੇ ਉੱਤੇ ਪੰਜਾਬੀ ਲਿਖਾਰੀ ਸਭਾ ਕੈਲਗਰੀ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਨਵੰਬਰ ਮਹੀਨੇ ਨਾਲ ਸੰਬੰਧਤ ਨਵੰਬਰ ਉਨੀ ਸੌ ਚੌਰਾਸੀ 'ਚ ਦਿੱਲੀ 'ਚ ਸਿੱਖ ਕਤਲੇਆਮ, ਸੰਤ ਰਾਮ ਉਦਾਸੀ, ਸਰਦਾਰ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਅਤੇ ਹੋਰ ਕਈ ਸਮਾਜਿਕ ਗਤੀਵਿਧੀਆਂ ਸਾਂਝੀਆਂ ਕੀਤੀਆਂ ਗਈਆਂ।





ਲੇਖਿਕਾ ਗੁਰਚਰਨ ਕੌਰ ਥਿੰਦ ਦੇ ਕੋਰੋਨਾ ਮਹਾਂਮਾਰੀ ਦਰਮਿਆਨ ਆਏ ਹਿੰਦੀ ਅਨੁਵਾਦਿਤ ਕਹਾਣੀ ਸੰਗ੍ਰਹਿ 'ਔਰ ਚੂਲਾ ਜਲਤਾ ਰਹਾ' ਦੇ ਸੰਦਰਭ ਵਿੱਚ ਬਲਜਿੰਦਰ ਸੰਘਾ ਨੇ ਕਿਤਾਬ ਦਾ ਸਮੀਖਿਅਕ ਤੇ ਸੁਚੱਜੇ ਢੰਗ ਨਾਲ ਵਿਸਥਾਰ ਸਾਂਝਾ ਕੀਤਾ। ਇਸ ਮੀਟਿੰਗ ਦੀ ਵਿਸ਼ੇਸ਼ਤਾ ਲੇਖਿਕਾ ਦੇ ਨਵੇਂ ਨਾਵਲ 'ਮਿਸ਼ਨ ਰੈੱਡ ਸਟਾਰ' ਬਾਰੇ ਲਖਬੀਰ ਸਿੰਘ ਰਿਆੜ ਨੇ ਬਹੁਤ ਖ਼ੂਬਸੂਰਤ ਤੇ ਵਿਸਥਾਰਪੂਰਵਕ ਸ਼ਬਦਾਂ ਵਿਚ ਬਹੁਤ ਸਾਰੇ ਲੇਖਕ ਤੇ ਕਿਤਾਬਾਂ ਦਾ ਵੇਰਵਾ ਦੇ ਕੇ ਇਸ ਕਿਤਾਬ ਦੀ ਖਾਸੀਅਤ ਦਾ ਵਰਨਣ ਕੀਤਾ। ਜਿਸ ਵਿੱਚ ਬ੍ਰਹਿਮੰਡ ਦੀ ਵਿਸ਼ਾਲ ਜਾਣਕਾਰੀ ਦਰਜ ਹੈ। ਬੇਸ਼ੱਕ ਉਨ੍ਹਾਂ ਨਾਵਲ ਦੇ ਕਾਲਪਨਿਕ ਆਧਾਰ ਉੱਤੇ ਕੁਝ ਨੁਕਤੇ ਵੀ ਚੱਕੇ ਪਰ ਉਨ੍ਹਾਂ ਤੋਂ ਅੱਗੋਂ ਲੇਖਕ, ਆਲੋਚਕ ਤੇ ਕਈ ਪ੍ਰਾਪਤੀਆਂ ਦੇ ਮਾਲਕ ਕਿਸ਼ਨ ਸਿੰਘ ਜੀ ਨੇ ਉਨ੍ਹਾਂ ਨੁਕਤਿਆਂ ਨੂੰ ਆਪਣੇ ਪਰਚੇ ਵਿਚ ਸੰਤੁਸ਼ਟ ਕੀਤਾ ਅਤੇ ਲੇਖਿਕਾ ਦੀ ਬਹੁਤ ਸ਼ਲਾਘਾ ਕੀਤੀ ਕਿ ਇਸ ਤਰ੍ਹਾਂ ਦਾ ਵਿਸ਼ਾ ਪਹਿਲਾਂ ਕਦੇ ਵੀ ਪੰਜਾਬੀ ਨਾਵਲ ਵਿਚ ਨਹੀਂ ਚੁੱਕਿਆ ਗਿਆ। ਉਨ੍ਹਾਂ ਮੈਡਮ ਗੁਰਚਰਨ ਕੌਰ ਥਿੰਦ ਦੇ ਨਾਵਲ ਚੰਦਰਯਾਨ ਤਿਸ਼ਕਿਨ (2013) ਦਾ ਵੇਰਵਾ ਦੇ ਕੇ ਇਸ ਨਾਵਲ ਨੂੰ ਉਸ ਦਾ ਅਗਲਾ ਪੜਾਓ ਕਿਹਾ। ਜਿਸ ਵਿੱਚ ਬ੍ਰਹਿਮੰਡ ਦੀ ਉਸ ਤੋਂ ਵੀ ਵਧੇਰੇ ਅਰਥ ਭਰਪੂਰ ਜਾਣਕਾਰੀ ਹੈ। ਬਹੁਪੱਖੀ ਸ਼ਖ਼ਸੀਅਤ, ਹਰ ਵਿਸ਼ੇ ਉੱਤੇ ਡੂੰਘੀ ਜਾਣਕਾਰੀ ਰੱਖਣ ਵਾਲੇ ਜਗਦੇਵ ਸਿੱਧੂ ਜੀ ਨੇ ਪੰਜਾਬੀ ਲੇਖਕਾਂ ਦੇ ਹੱਕ ਦੀ ਗੱਲ ਕਰਦਿਆਂ ਉਨ੍ਹਾਂ ਨੂੰ ਪਰਵਾਸੀ ਕਹਿਣ ਉੱਤੇ ਇਤਰਾਜ਼ ਜ਼ਾਹਿਰ ਕਰਦਿਆਂ ਕਿਹਾ ਕਿ ਸਿਰਫ਼ ਇੱਕ ਪੰਜਾਬੀ ਭਾਸ਼ਾ ਹੀ ਹੈ ਜਿਸ ਦੇ ਬਾਹਰ ਰਹਿੰਦੇ ਲੇਖਕਾਂ ਨੂੰ 'ਪਰਵਾਸੀ' ਲੇਖਕ ਦਾ ਨਾਮ ਦਿੱਤਾ ਜਾਂਦਾ ਹੈ। ਜੋ ਬਿਲਕੁੱਲ ਉਚਿਤ ਨਹੀਂ ਹੈ। 'ਮਿਸ਼ਨ ਰੈੱਡ ਸਟਾਰ' ਦੀ ਗੱਲ ਕਰਦਿਆਂ ਉਨ੍ਹਾਂ ਕਾਲਪਨਿਕ ਕਿਰਦਾਰਾਂ ਦੇ ਰਾਹੀਂ ਲੇਖਿਕਾ ਵੱਲੋਂ ਜੋ ਤੱਥ ਸਾਂਝੇ ਕੀਤੇ ਗਏ ਹਨ ਤੇ ਕਿਰਦਾਰਾਂ ਦੇ ਪਿਛੋਕੜ ਨੂੰ ਸਾਇੰਸ ਦੀ ਪੜ੍ਹਾਈ, ਯੂਨੀਵਰਸਿਟੀ-ਕਾਲਜ ਦੇ ਹਵਾਲੇ ਦੇ ਕੇ ਲਿਖਤ ਨੂੰ ਹੋਰ ਪਰਪੱਕ ਬਣਾਇਆ ਗਿਆ, ਜੋ ਪੜ੍ਹਨ ਵਾਲੇ ਨੂੰ ਅਸਲ ਮਹਿਸੂਸ ਹੁੰਦਾ ਹੈ। ਜਿਸ ਵਿੱਚ ਲੇਖਿਕਾ ਦੀ ਮਿਹਨਤ ਕਾਬਿਲੇ ਤਾਰੀਫ਼ ਹੈ। ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਵੱਲੋਂ ਹਾਜ਼ਰ ਮਾਸਟਰ ਭਜਨ ਗਿੱਲ ਅਤੇ ਕਮਲ ਪੰਧੇਰ ਨੇ ਮੈਡਮ ਥਿੰਦ ਦੀ ਅਦਾਕਾਰੀ ਤੇ ਜੋਸ਼ੀਲੇ ਵਿਅਕਤੀਤਵ ਦੀ ਸ਼ਲਾਘਾ ਕੀਤੀ। ਹਰੀਪਾਲ ਨੇ ਇਸ ਨਿਵੇਕਲੇ ਨਾਵਲ ਨੂੰ ਆਧਾਰ ਬਣਾ ਕੇ ਪੂੰਜੀਵਾਦ ਅਤੇ ਕੁਦਰਤ ਦੇ ਨਾਲ ਸਬੰਧਤ ਗੁਰਬਾਣੀ ਦੇ ਫ਼ੁਰਮਾਨ ਅਨੁਸਾਰ 'ਪਵਨ ਗੁਰੂ ਪਾਣੀ ਪਿਤਾ' ਦੇ ਅਰਥਾਂ ਨੂੰ ਸਰਲ ਕਰਦਿਆਂ ਸਮਝਾਇਆ ਕਿ ਸਰਮਾਏਦਾਰੀ ਵੱਲੋਂ ਆਪਣੇ ਮੁਨਾਫ਼ੇ ਲਈ ਹਵਾ ਵਿੱਚ ਛਿਆਲੀ ਪ੍ਰਤੀਸ਼ਤ ਕਾਰਬਨ ਛੱਡ ਕੇ ਉਸ ਨੂੰ ਦੂਸ਼ਿਤ ਕੀਤਾ ਜਾਂਦਾ ਹੈ,ਪਾਣੀ ਵਿੱਚ ਸੀਵਰੇਜ਼ ਰਾਹੀ ਇੱਕ ਟਨ ਪਲਾਸਟਿਕ ਇੱਕ ਘੰਟੇ ਵਿੱਚ ਜਾ ਰਹੀ ਹੈ,ਧਰਤੀ ਵਿੱਚੋਂ ਸੋਨੇ ਕਾਪਰ ਤੇ ਹੋਰ ਖਣਿਜ ਕੱਢਣ ਲਈ ਪਹਾੜ (ਜੋ ਮੀਂਹ ਪੈਣ ਦਾ ਸਾਧਨ ਹਨ) ਉਨ੍ਹਾਂ ਨੂੰ ਨਸ਼ਟ ਕਰਕੇ ਆਪਣੇ ਮਤਲਬ ਕੱਢੇ ਜਾਂਦੇ, ਦੀ ਇਹ ਧਾਰਨਾ ਗ਼ਲਤ ਹੈ ਜੋ ਅਮੀਰੀ ਦੇ ਪੈਮਾਨੇ ਨਾਲ ਧਰਤੀ ਦੀ ਤਰੱਕੀ ਮਾਪੀ ਜਾ ਰਹੀ ਹੈ, ਜਦਕਿ ਭੁੱਖ ਨਾਲ ਮਰਨ ਵਾਲੇ ਲੋਕਾਂ ਦੇ ਆਧਾਰ ਤੇ ਇੱਕ ਮੁਲਕ ਦਾ ਪੈਮਾਨਾ ਨਾਪਿਆ ਜਾਣਾ ਚਾਹੀਦਾ ਹੈ। ਐਡਮਿੰਟਨ ਤੋਂ ਖਾਸ ਸੱਦੇ ਤੇ ਪਹੁੰਚੇ 'ਏਸ਼ੀਅਨ ਟਾਈਮਜ਼' ਦੇ ਐਡੀਟਰ ਯਸ਼ਪਾਲ ਸ਼ਰਮਾ ਨੇ ਮੈਡਮ ਥਿੰਦ ਦੀਆਂ ਲਿਖਤਾਂ ਦੀ ਸਿਫ਼ਤ ਕੀਤੀ ਅਤੇ ਸਮੂਹ ਸਾਹਿਤਕਾਰਾਂ ਨੂੰ ਨਰੋਆ ਸਮਾਜ ਸਿਰਜਣ ਲਈ ਆਪਣੀਆਂ ਲਿਖਤਾਂ ਰਾਹੀਂ ਸੁਨੇਹਾ ਦੇਣ ਦੀ ਅਪੀਲ ਕੀਤੀ। ਲਲਿਤਾ ਸਿੰਘ (ਨਾਰਥ ਮੈਕਨਾਈਟ ਕਮਿਊਨਿਟੀਜ਼ ਸੁਸਾਇਟੀ) ਨੇ ਮੈਡਮ ਥਿੰਦ ਦੀਆਂ ਪਿਛਲੀਆਂ ਘਰੇਲੂ ਝਗੜਿਆਂ ਉੱਤੇ ਲਿਖੀਆਂ ਲਿਖਤਾਂ ਦੀ ਗੱਲ ਕੀਤੀ ਅਤੇ 'ਮਿਸ਼ਨ ਰੈੱਡ ਸਟਾਰ' ਲਈ ਵਧਾਈ ਦਿੱਤੀ। ਪੰਜਾਬੀ ਲਿਖਾਰੀ ਸਭਾ ਦੀ ਸਮੁੱਚੀ ਕਾਰਜਕਾਰੀ ਕਮੇਟੀ ਅਤੇ ਆਏ ਹੋਏ ਮਹਿਮਾਨਾਂ ਤੇ ਨਾਲ ਹਾਜ਼ਰੀਨ ਦੀਆਂ ਤਾੜੀਆਂ ਵਿੱਚ ਨਾਵਲ 'ਮਿਸ਼ਨ ਰੈੱਡ ਸਟਾਰ' ਲੋਕ ਅਰਪਣ ਦੀ ਰਸਮ ਅਦਾ ਕੀਤੀ ਗਈ। ਹਰਿਮੰਦਰ ਚੁੱਘ, ਸੁਖਜੀਤ ਸੈਣੀ, ਬਲਵੀਰ ਗੋਰਾ, ਜਸਵੰਤ ਸਿੰਘ ਸੇਖੋਂ, ਤਰਲੋਚਨ ਸੈਂਭੀ, ਸੱਤਪਾਲ ਕੌਸ਼ਿਲ, ਸੁਖਵਿੰਦਰ ਤੂਰ, ਜਸਵੀਰ ਸਹੋਤਾ, ਬਚਨ ਸਿੰਘ ਗੁਰਮ ਨੇ ਕਿਸਾਨੀ ਸੰਘਰਸ਼ ਨੂੰ ਸਮਰਪਿਤ ਖ਼ੂਬਸੂਰਤ ਲਿਖਤ 'ਕਾਲੇ ਕਾਨੂੰਨ' ਸੁਣਾਈ। ਇਸ ਮੀਟਿੰਗ ਨੂੰ ਯਾਦਗਾਰੀ ਬਣਾਉਣ ਲਈ ਰਣਜੀਤ ਸਿੰਘ ਤੇ ਗੁਰਲਾਲ ਰੁਪਾਲੋਂ ਨੇ ਆਪਣੇ ਕੈਮਰਿਆਂ ਰਾਹੀਂ ਤਸਵੀਰਾਂ ਵਿੱਚ ਸਾਂਭਿਆ। ਚਾਹ ਪਾਣੀ ਦਾ ਖਾਸ ਪ੍ਰਬੰਧ ਲੇਖਿਕਾ ਵੱਲੋਂ 'ਕੜੀ ਲੌਂਜ਼ ਰੈਸਟੋਰੈਂਟ' ਦੇ ਹਾਲ ਵਿਚ ਕੀਤਾ ਗਿਆ।ਇਸ ਮੌਕੇ ਕਈ ਬੁੱਧੀਜੀਵੀ ਤੇ ਸਾਹਿਤ ਪ੍ਰੇਮੀ ਹਾਜ਼ਰ ਸਨ ਜਿਨ੍ਹਾਂ ਵਿੱਚ ਹਰਭਜਨ ਸਿੰਘ ਬੱਲ, ਸੁਖਵੀਰ ਗਰੇਵਾਲ (ਪੰਜਾਬੀ ਨੈਸ਼ਨਲ ਟੀ ਵੀ) ਮੰਗਲ ਚੱਠਾ, ਵਰਦੀਪ ਕੌਰ ਥਿੰਦ ਬਲਜਿੰਦਰ ਕੌਰ ਬਲਜੀਤ ਕੌਰ ਗੁਰਤੇਜ ਕੌਰ, ਸਰਬਜੀਤ ਉੱਪਲ, ਰਾਕੇਸ਼ ਜੋਸ਼ੀ (ਹਿੰਦੂ ਸਭਾ ਕੈਲਗਰੀ ਪ੍ਰਧਾਨ), ਵਰਿੰਦਰ ਸਿੱਧੂ (ਰੈਡ ਡੀਅਰ),ਵਕੀਲ ਤਰਨਜੀਤ ਔਜਲਾ, ਮਨਜੋਤ ਗਿੱਲ, ਜਗਤਾਰ ਜਗਰਾਵਾਂ, ਜਸਵੰਤ ਸਿੰਘ ਸਿੱਧੂ, ਅਵਤਾਰ ਸਿੰਘ, ਕੁਲਮਿੰਦਰ ਜੀਤ ਸਿੰਘ, ਗੁਰਸ਼ਰਨ ਸਿੰਘ, ਖ਼ੁਸ਼ਮੀਤ ਸਿੰਘ ਥਿੰਦ, ਅਭਿਨੀਤ ਕੌਰ ਆਦਿ ਸ਼ਾਮਿਲ ਸਨ। ਅਖੀਰ ਵਿਚ ਪ੍ਰਧਾਨ ਦਵਿੰਦਰ ਮਲਹਾਂਸ ਨੇ ਆਏ ਹੋਏ ਹਾਜ਼ਰੀਨ ਦਾ ਧੰਨਵਾਦ ਕੀਤਾ। ਸਭਾ ਬਾਰੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਪ੍ਰਧਾਨ ਦਵਿੰਦਰ ਮਲਹਾਂਸ ਨੂੰ 403 993 2201 ਅਤੇ ਜਨਰਲ ਸਕੱਤਰ ਜ਼ੋਰਾਵਰ ਬਾਂਸਲ ਨੂੰ 587 437 7805 ਫੋਨ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।



















# ਹਿੰਦ ਵਾਸੀਓ ਰੱਖਣਾ ਯਾਦ ਸਾਨੂੰ ਕਿਤੇ ਦਿਲਾਂ 'ਚੋਂ ਨਹੀਂ ਭੁਲਾ ਜਾਣਾ



ਅੱਜ 24 ਮਈ 1896 ਨੂੰ ਜੰਮੇ ਗਦਰੀ ਜਰਨੈਲ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸ਼ਹਾਦਤ ਨੂੰ ਅੱਜ 106 ਸਾਲ ਪੂਰੇ ਹੋ ਰਹੇ ਹਨ। 16 ਨਵੰਬਰ 1915 ਨੂੰ ਅੰਗਰੇਜੀ ਹਕੂਮਤ ਵੱਲੋਂ ਫਾਸੀਂ ਦਿੱਤੀ ਗਈ ਤਾਂ ਉਸ ਵੇਲੇ ਉਹਨਾਂ ਦੀ ਉਮਰ ਸਿਰਫ ਸਾਢੇ ਉੱਨੀ ਸਾਲ ਸੀ। ਉਹਨਾਂ ਕਿਸੇ ਨੂੰ ਕਤਲ ਨਹੀਂ ਕੀਤਾ ਸੀ ਫੇਰ ਉਹਨਾਂ ਨੂੰ ਫਾਂਸੀ ਕਿਉਂ ਹੋਈ ? ਇਸਦਾ ਜੁਆਬ ਸਜਾ ਸੁਣਾਉਣ ਵਾਲੇ ਜੱਜ ਦੇ ਫੈਸਲੇ ਵਿੱਚੋਂ ਵੀ ਮਿਲਦਾ ਹੈ ਜਿਸਨੇ ਲਿਖਿਆ ਕਿ "ਉਹ ਸਭ ਤੋਂ ਖ਼ਤਰਨਾਕ ਅਪਰਾਧੀਆਂ ਵਿੱਚੋਂ ਇੱਕ ਹੈ। ਅਮਰੀਕਾ ਜਾਂ ਭਾਰਤ ਵਿੱਚ ਸਾਜਿਸ਼ ਦਾ ਇੱਕ ਵੀ ਹਿੱਸਾ ਨਹੀਂ ਹੈ ਜਿਸ ਵਿੱਚ ਉਸਨੇ ਉੱਘਾ ਹਿੱਸਾ ਨਾ ਪਾਇਆ ਹੋਵੇ।"

ਹਾਂ, 17-18 ਸਾਲ ਦੀ ਉਮਰ ਵਿੱਚ ਅਮਰੀਕਾ ਵਿੱਚ ਗਦਰ ਅਖ਼ਬਾਰ ਕੱਢਣ, ਉਸ ਲਈ ਲਿਖਣ, ਉਸਨੂੰ ਲੋਕਾਂ ਤੱਕ ਲਿਜਾਣ, ਨਵੇਂ ਲੋਕਾਂ ਤੱਕ ਗਦਰ ਦਾ ਸੁਨੇਹਾ ਲਿਜਾਣ ਤੇ ਇਸ ਲਹਿਰ ਲਈ ਫੰਡ ਇਕੱਠਾ ਕਰਨ ਦੀਆਂ ਜਿੰਮੇਵਾਰੀਆਂ ਵਿੱਚ ਕਰਤਾਰ ਸਿੰਘ ਸਰਾਭਾ ਹਮੇਸ਼ਾ ਮੋਹਰੀ ਹੁੰਦੇ ਸਨ। 1914 ਵਿੱਚ ਭਾਰਤ ਆਉਣ ਮਗਰੋਂ ਵੀ ਖਿੰਡੀ ਹੋਈ ਗਦਰ ਲਹਿਰ ਨੂੰ ਮੁੜ ਜਥੇਬੰਦ ਕਰਨ, ਹੋਰਨਾਂ ਸੂਬਿਆਂ ਦੇ ਗਦਰੀਆਂ ਨਾਲ਼ ਸਬੰਧ ਬਣਾਉਣ, ਗਦਰ ਲਈ ਫ਼ੰਡ ਇਕੱਠਾ ਕਰਨ, ਹਥਿਆਰਾਂ, ਠਿਕਾਣਿਆਂ ਦਾ ਪ੍ਰਬੰਧ ਕਰਨ ਦੇ ਕੰਮਾਂ ਵਿੱਚ ਵੀ ਕਰਤਾਰ ਸਿੰਘ ਸਰਾਭਾ ਹੀ ਅੱਗੇ ਸਨ। ਉਹਨਾਂ ਨੂੰ ਆਪਣੇ ਕੰਮਾਂ ਲਈ ਭੇਸ ਵਟਾਉਣ ਦੀ ਮੁਹਾਰਤ ਹਾਸਲ ਸੀ ਤੇ ਇੰਨੀ ਛੋਟੀ ਉਮਰ ਵਿੱਚ ਹੀ ਉਹਨਾਂ ਨੇ ਗਦਰ ਲਈ ਹਥਿਆਰ ਚਲਾਉਣੇ ਤੇ ਹਵਾਈ ਜਹਾਜ ਉਡਾਉਣਾ ਵੀ ਸਿੱਖ ਲਿਆ ਸੀ। ਜੇਲ ਦੇ ਤਸੀਹਿਆਂ ਤੇ ਮੌਤ ਨੇੜੇ ਆਉਣ 'ਤੇ ਵੀ ਉਹਨਾਂ ਦਾ ਜੋਸ਼ ਤੇ ਬਹਾਦਰੀ ਮੱਠੀ ਨਾ ਪਈ। ਅਦਾਲਤ ਵਿੱਚ ਉਹਨਾਂ ਨੂੰ ਆਪਣੀ ਸਫ਼ਾਈ ਪੇਸ਼ ਕਰਨ ਲਈ ਆਖਿਆ ਗਿਆ ਤਾਂ ਉਹਨਾਂ ਨੇ ਫ਼ਖਰ ਨਾਲ਼ ਕਿਹਾ ਜੋ ਕੁੱਝ ਮੈਂ ਕੀਤਾ ਹੈ ਉਹ ਜਿੰਮੇਵਾਰੀ ਦੇ ਅਹਿਸਾਸ ਨਾਲ਼ ਕੀਤਾ ਹੈ ਤੇ ਮੈਨੂੰ ਇਸ ਉੱਪਰ ਉੱਕਾ ਹੀ ਅਫ਼ਸੋਸ ਨਹੀਂ। ਉਹਨਾਂ ਫਾਂਸੀ ਦੀ ਸਜਾ ਲਈ ਰਹਿਮ ਦੀ ਅਪੀਲ ਕਰਨੋਂ ਵੀ ਕੋਰੀ ਨਾਂਹ ਕਰ ਦਿੱਤੀ।

ਸ਼ਹੀਦ-ਭਗਤ-ਸਿੰਘ ਨੇ ਕਰਤਾਰ ਸਿੰਘ ਸਰਾਭਾ ਬਾਰੇ ਠੀਕ ਹੀ ਲਿਖਿਆ ਸੀ ਕਿ, "ਉੱਨੀ ਸਾਲ ਦੀ ਉਮਰ ਵਿੱਚ ਹੀ ਉਨ੍ਹਾਂ ਨੇ ਇੰਨ੍ਹੇ ਕੰਮ ਕਰ ਵਿਖਾਏ ਕਿ ਸੋਚ ਕੇ ਹੈਰਾਨੀ ਹੁੰਦੀ ਹੈ। ਐਨੀ ਜੁਰਅਤ, ਐਨੀ ਲਗਨ ਬਹੁਤ ਘੱਟ ਦੇਖਣ ਨੂੰ ਮਿਲੇਗੀ। ਭਾਰਤ ਵਿੱਚ ਐਸੇ ਇਨਸਾਨ ਘੱਟ ਹੀ ਪੈਦਾ ਹੋਏ ਹੋਣਗੇ ਜਿੰਨ੍ਹਾਂ ਨੂੰ ਕਿ ਸਹੀ ਅਰਥਾਂ ਵਿੱਚ ਬਾਗੀ ਆਖਿਆ ਜਾ ਸਕਦਾ ਹੈ। ਪ੍ਰੰਤੂ ਇਹਨਾਂ ਗਿਣਿਆਂ-ਮਿਥਿਆਂ ਆਗੂਆਂ ਵਿੱਚ ਕਰਤਾਰ ਸਿੰਘ ਦਾ ਨਾਂ ਸੂਚੀ ਦੇ ਉੱਪਰ ਹੈ। ਉਹਨਾਂ ਦੀ ਰਗ-ਰਗ ਵਿੱਚ ਇਨਕਲਾਬ ਦਾ ਜ਼ਜ਼ਬਾ ਸਮਾਇਆ ਹੋਇਆ ਸੀ। ਉਹਨਾਂ ਦੀ ਜਿੰਦਗੀ ਦਾ ਇੱਕੋ ਮਕਸਦ, ਇੱਕੋ ਖਾਹਿਸ਼ ਤੇ ਇੱਕੋ ਉਮੀਦ ਜੋ ਕੁੱਝ ਵੀ ਸੀ ਇਨਕਲਾਬ ਸੀ। ਇਸ ਦੇ ਲਈ ਉਹਨਾਂ ਜ਼ਿੰਦਗੀ ਵਿੱਚ ਪੈਰ ਪਾਇਆ ਤੇ ਅਖੀਰ ਇਸੇ ਲਈ ਹੀ ਦੁਨੀਆਂ ਤੋਂ ਚਲਾਣਾ ਕਰ ਗਏ।"

ਅੱਜ ਵੀ ਸ਼ਹੀਦ ਕਰਤਾਰ ਸਿੰਘ ਸਰਾਭਾ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦੇ ਖਾਤਮੇ ਦੀ ਇਨਕਲਾਬੀ ਲੜਾਈ ਲਈ ਨੌਜਵਾਨਾਂ ਦੇ ਪ੍ਰੇਰਨਾਸ੍ਰੋਤ ਹਨ। ਜਿਸ ਭਾਰਤੀ ਸਮਾਜ ਵਿੱਚ ਉਮਰ ਦੀ ਤਾਨਾਸ਼ਾਹੀ ਚਲਦੀ ਹੈ ਤੇ ਛੋਟੀ ਉਮਰ ਦੇ ਨੌਜਵਾਨਾਂ ਨੂੰ ਜਿਸ ਤਰ੍ਹਾਂ ਕੋਈ ਬਹੁਤਾ ਮਹੱਤਵ ਨਹੀਂ ਦਿੱਤਾ ਜਾਂਦਾ, ਅਜਿਹੇ ਸਮਾਜ ਲਈ ਇੰਨੀ ਛੋਟੀ ਉਮਰੇ ਕੀਤੇ ਉਹਨਾਂ ਦੇ ਹੈਰਾਨਕੁੰਨ ਕਾਰਨਾਮੇ ਉਮਰ ਦੀ ਇਸ ਮਿੱਥ ਨੂੰ ਤੋੜਨ ਲਈ ਵੀ ਮਿਸਾਲ ਹਨ। ਉਹਨਾਂ ਦੇ ਸ਼ਹਾਦਤ ਦਿਵਸ ਮੌਕੇ ਉਹਨਾਂ ਨੂੰ ਸਾਡਾ ਸਲਾਮ!

- ਬਲਜਿੰਦਰ ਸਿੰਘ

11 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

## ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| | | | | | |
|---|---|---|---|---|---|
| ਹਰਬੰਸ ਸਿੰਘ (ਟੋਰਾਂਟੋ) | ਦੇਵਿੰਦਰ ਤੂਰ (ਟੋਰਾਂਟੋ) | ਮਾਸਟਰ ਭਜਨ (ਕੈਲਗਰੀ) | ਪਰਮਿੰਦਰ ਕੌਰ ਸਵੈਚ (ਵੈਨਕੂਵਰ) | ਜਸਵੀਰ ਕੌਰ ਮੰਗੂਵਾਲ ਵਿਨੀਪੈੱਗ | ਬਲਜਿੰਦਰ ਸਿੰਘ ਵੜੈਚ (ਪੰਜਾਬ) |
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |













# ਭਾਰਤੀ ਕਿਸਾਨ ਸੰਘਰਸ਼ ਦੀ ਵਰ੍ਹੇਗੰਢ 'ਤੇ ਕੀਤੀ ਗਈ ਰੋਸ ਰੈਲੀ







**ਅਦਾਰਾ ਸਰੋਕਾਰਾਂ ਦੀ ਆਵਾਜ਼**

ਇੰਡੀਅਨ ਫਾਰਮਰਜ ਐਡ ਵਰਕਰਜ ਸਪੋਰਟ ਗਰੁੱਪ ਵਿੰਨੀਪੈਗ ਵੱਲੋਂ ਮੈਨੀਟੋਬਾ ਲੈਜਿਸਲੇਟਿਵ ਬਿਲਡਿੰਗ ਸਾਹਮਣੇ ਭਾਰਤੀ ਕਿਸਾਨ ਸੰਘਰਸ਼ ਦੀ ਵਰ੍ਹੇਗੰਢ ਤੇ ਇੱਕ ਰੋਸ ਰੈਲੀ ਕੀਤੀ ਗਈ। ਜਿਸ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਭਾਰਤ ਦੀ ਕੇਂਦਰੀ ਬੀਜੇਪੀ ਅਤੇ ਆਰ ਐਸ ਐਸ ਦੀ ਹਿੰਦੂਤਵੀ ਫਿਰਕੂ ਫਾਸੀਵਾਦੀ ਮੋਦੀ ਹਕੂਮਤ ਵੱਲੋਂ ਪਾਸ ਕੀਤੇ ਤਿੰਨ ਖੇਤੀਬਾੜੀ ਵਿਰੋਧੀ ਕਾਨੂੰਨਾਂ ਨੂੰ ਵਾਪਸ ਲੈਣ ਦੇ ਕੀਤੇ ਗਏ ਐਲਾਨ ਨੂੰ ਕਿਸਾਨ ਸੰਘਰਸ ਦੀ ਜਿੱਤ ਕਰਾਰ ਦਿੱਤਾ। ਮੋਦੀ ਹਕੂਮਤ ਦਾ ਉਹ ਬਿਆਨ ਕਿ "ਮੈਂ ਭਾਰਤੀ ਲੋਕਾਂ ਤੋਂ ਮਾਫੀ ਮੰਗਦਾ ਹਾਂ ਕਿ ਤਿੰਨੇ ਕਾਨੂੰਨ ਦੀਵੇਂ ਦੀ ਰੋਸਨੀ ਵਾਂਗ ਕਿਸਾਨਾਂ ਦੇ ਹਿੱਤ 'ਚ ਸਨ ,ਪਰ ਕੁੱਝ ਕਿਸਾਨਾਂ ਨੂੰ ਸਮਝਾਉਣ 'ਚ ਅਸੀਂ ਸਫਲ ਨਹੀਂ ਹੋ ਸਕੇ। ਸ਼ਾਇਦ ਸਾਡੀ ਤਪੱਸਿਆ 'ਚ ਕੋਈ ਕਮੀ ਰਹੀ ਹੋਗੀ"। ਪੰਜਾਬੀ ਦੀ ਉਸ ਕਹਾਵਤ ਨੂੰ ਸਿੱਧ ਕਰਦਾ ਹੈ ਕਿ 'ਰੱਸੀ ਜਲ ਗਈ ਪਰ ਵੱਟ ਨਹੀਂ ਗਿਆ'। ਪਰ ਸੱਚ ਇਹ ਹੈ ਕਿ ਇਹ ਕਾਨੂੰਨ ਕਾਰਪੋਰੇਟ ਪੱਖੀ ਤੇ ਕਿਸਾਨ -ਮਜਦੂਰ ਤੇ ਲੋਕ ਵਿਰੋਧੀ ਹਨ। ਜਿਸ ਦੇ ਵਿਰੋਧ 'ਚ ਕਿਸਾਨਾਂ ਨੂੰ ਸਿਆਲ ਦੀਆਂ ਠੰਡੀਆਂ ਰਾਤਾਂ, ਹਨ੍ਹੇਰੀਆ, ਝੱਖੜ, ਮੀਂਹ ਅਤੇ ਗਰਮੀਆਂ ਦੀ ਸਾੜ ਪਾਉਂਦੀ ਗਰਮੀ ਪੂਰਾ ਇੱਕ ਸਾਲ ਤੋਂ ਆਪਣੇ ਪਿੰਡਿਆਂ ਤੇ ਝੱਲਦੇ ਆ ਰਹੇ ਹਨ ਤੇ ਹਕੂਮਤ ਵੱਲੋਂ ਕੀਤੇ ਵੱਖ ਵੱਖ ਕਿਸਮ ਦੇ ਹੱਲਿਆਂ ਨੂੰ ਪਛਾੜਦੇ ਰਹੇ ਹਨ। ਇਸ ਸਭ ਦਾ ਜਵਾਬ ਕਿਸਾਨ ਆਗੂਆਂ ਨੇ ਆਪਣੀ ਸੂਝ ਅਤੇ ਸਿਆਣਪ ਤੋਂ ਕੰਮ ਲੈਂਦਿਆ ਸਬਰ, ਸੰਜਮ, ਸਹਿਨਸੀਲਤਾ, ਸਾਂਤਚਿੱਤ ਰਹਿਕੇ ਦਿੱਤਾ ਅਤੇ ਆਪਣੀ ਜੱਥੇਬੰਦਕ ਤਾਕਤ ਨੂੰ ਮਜਬੂਤ ਕਰਦਿਆਂ ਘੋਲ ਨੂੰ ਵਿਸਾਲ ਅਤੇ ਧਰਮ ਨਿਰਪੱਖ ਰੱਖਕੇ ਦਿੱਤਾ ਗਿਆ ਹੈ। ਭਾਵੇਂ ਘੋਲ ਦੀਆਂ ਕਾਫੀ ਮੰਗਾਂ ਦਾ ਕਾਨੂੰਨ ਬਨਾਉਣਾ, ਬਿਜਲੀ ਐਕਟ 2020, ਪ੍ਰਦੂਸ਼ਣ ਵਿਰੋਧੀ ਐਕਟ, ਲਖੀਮਪੁਰ ਖੇੜੀ 'ਚ ਭਾਜਪਾ ਦੇ ਕੇਂਦਰੀ ਗ੍ਰਹਿ ਰਾਜ ਮੰਤਰੀ ਦੀ ਸਹਿ ਤੇ ਮੰਤਰੀ ਦੇ ਮੁੰਡੇ ਅਸੀਸ ਮਿਸਰਾ ਤੇ ਭਾਜਪਾਈ ਗੁੰਡਿਆਂ ਵੱਲੋਂ ਜੀਪ ਹੇਠ ਦਰੜ ਕੇ ਚਾਰ ਕਿਸਾਨ ਤੇ ਇੱਕ ਪੱਤਰਕਾਰ ਨੂੰ ਕਤਲ ਕਰਨ 'ਚ ਦਰਜ ਐਫ ਆਈ ਆਰ ਵਿੱਚ ਸਾਮਲ ਅਜੇ ਮਿਸਰਾ ਟੈਂਨੀ 120 ਦਾ ਮੁਜਰਮ ਹੈ ਉਸਦੀ ਅਹੁਦੇ ਤੋਂ ਬਰਖਾਸਦਗੀ ਤੇ ਗ੍ਰਿਫਤਾਰੀ ਕਰਨਾ,700 ਤੋਂ ਉੱਪਰ ਕਿਸਾਨ ਸੰਘਰਸ਼ ਦੌਰਾਨ ਸਹਾਦਤ ਦੇਣ ਵਾਲੇ ਕਿਸਾਨਾਂ ਦੇ ਵਾਰਸਾਂ ਨੂੰ ਮੁਆਵਜਾ, ਦੇਸ ਭਰ 'ਚ ਕਿਸਾਨ ਆਗੂਆਂ ਤੇ ਦਰਜ ਪੁਲੀਸ ਕੇਸ ਵਾਪਸ ਕਰਨਾ ਆਦਿ ਬਾਕੀ ਹਨ। ਜਿਨ੍ਹਾਂ ਦੇ ਹੱਲ ਲਈ ਸਰਕਾਰ ਵੱਲੋਂ ਕੋਈ ਐਲਾਨ ਨਹੀਂ ਕੀਤਾ ਗਿਆ। ਬੁਲਾਰਿਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਕਿਸਾਨ ਆਗੂਆਂ ਨਾਲ ਗੱਲ-ਬਾਤ ਕਰਕੇ ਤਰੁੰਤ ਉਪਰੋਕਤ ਮਸਲੇ ਹੱਲ ਕਰੇ। ਅੱਜ ਦੀ ਰੈਲੀ ਨੂੰ ਡੈਮੋਕਰੇਸੀ, ਇਕੁਅਲਟੀ ਅਤੇ ਸੈਕੂਲਰਿਜਮ ਇੰਨ ਸਾਊਥ ਏਸੀਆ ਦੀ ਪ੍ਰਧਾਨ ਰਾਧਿਕਾ ਡਿਸਾਈ, ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਵਿੰਨੀਪੈਗ ਦੇ ਮੰਗਤ, ਪੀਸ ਐਲਾਇੰਸ ਵਿੰਨੀਪੈਗ ਦੇ ਗਲਿਨ ਮਾਈਕਲਚਕ ਅਤੇ ਅਬਰਿਜਨਲ ਲੋਕਾਂ ਦੇ ਇਕ ਆਗੂ ਨੇ ਵੀ ਸੰਬੋਧਨ ਕੀਤਾ। ਇਕਬਾਲ ਨੇ ਸਟੇਜ ਸੰਚਾਲਨ ਕੀਤਾ ਤੇ ਪ੍ਰਬੰਧ ਦੀ ਜਿੰਮੇਵਾਰੀ ਕਿਰਤਵੀਰ ਹੇਅਰ ਨੇ ਨਿਭਾਈ।

TAX & ACCOUNTING
• Personal, Business & Corporate Tax
• Book Keeping & Accounting Service
• RSEP & Education Saving Plan (Get Goverment Grants upto 40%)
• RRSP, TFSA & RDSP
• Payroll & HST Service
• Business & GST Registration
E-FILE
Special Discounts for Groups & Seniors
K.S.C. General SERVICES
I will help you understand the product and provide trusted service to choose the product that fits your needs and life style. Give me a call for all your personal and business needs.
Kirpal Cheema
647-763-4862
www.kirpalcheema.com
INSURANCE
• Life Insurance (Permanent, Universal or Term)
• Disability & Critical Insurance (Money Back)
• Long Term Care Insurance
• Health, Dental & Drug Benefits
• Visitor & Super Visa Insurance (Monthly & Money Back Plan)
• Group Life, Health, Dental & Drug Plans

MAROK LAW OFFICE
Always Taking You Forward
• Corporate Law • Real Estate
Wills • Affidavits • Power of Attorney
VIPANDEEP SINGH MAROK
Barrister, Solicitor & Notary Public M.A., LLB
80 Maritime Ontario Blvd, Unit# 60, Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com

Gill
Truck & Trailer Repair & Mobile Service Lube and Truck Wash
Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com
Paul Dosanjh
Sales Representative

FIVE STAR INSURANCE
Save up to 51%
• Auto • Home • Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
270 Orenda Rd., Unit # 200 Brampton, ON L6T 4X6
905.459.0555



ਸਵੱਦੀ ਕਲਾ ਵਿਖੇ ਲਖੀਮਪੁਰ ਖੀਰੀ ਦੇ ਸਹੀਦਾ ਨੂੰ ਸਰਧਾਂਜਲੀ ਭੇਟ ਕਰਦੇ ਹੋਏ ਗੁਰਮੇਲ ਸਿੰਘ ਭਰੋਵਾਲ, ਕੁਲਵੰਤ ਸਿੰਘ ਸਵੱਦੀ,ਐਡਵੋਕੇਟ ਦਲਵਾਰਾ ਸਿੰਘ, ਮਾ ਅਵਤਾਰ ਸਿੰਘ, ਮਾ ਬਿੰਦਰ ਸਿੰਘ, ਗੁਰਮੇਲ ਸਿੰਘ ਤੱਤਲਾ,ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ। ਫੋਟੋ ਤੇ ਵੇਰਵਾ ਪੱਤਰਕਾਰ ਗੁਰਪ੍ਰੀਤ ਸਿੰਘ ਭਰੋਵਾਲ।


Punjabi Rang Radio
CIAO AM530 (TORONTO) 11 PM-12AM (TORONTO) Every Saturday
Producer/Host
Chamkaur Singh Phulewala
Email punjabirang13@hotmail.com
Cell : 416 662 1313

ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com
202-895 Lawrence Ave E, North York, ON M3C 3L2

Punjab Insurance Inc
SUPER VISA INSURANCE
• Critical Illness Insurance • Life Insurance • Mortgage Insurance
• Disability Insurance • RESP, RRSP
Preet Virk 416-357-1818
7003 Steeles Ave. W,Unit 10 Etobicoke,ON, M9W 0A2
Harveer Kaur Grewal 416-671-1919

HOMELIFE
HomeLife SilverCity Realty Inc. BROKERAGE Independently Owned & Operated
Harbans Singh
Sales Representative
416-817-7142
905-913-8500
dharbans@hotmail.com
11775 Bramalea Rd., Unit #201, Brampton L6R3S7

EXPERIOR FINANCIAL GROUP INC
Representing Many financial institutions
SuperVisa,Life Insurance
Disability, Critical Illness, Health
SPECIAL DISCOUNT FOR VISITORS, TRUCKERS, WORK PERMIT, REFUGE & INTERNATIONAL STUDENTS
LOWEST RATES FREE QUOTE Call
Call: 416.209.6363
Hardeep Atwal Sr. Financial Advisor


GALAXY Frightline inc.
Hiring Drivers/Owners/Operators
We Offer:
*Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
*2 Years Experience
* Clean Current Abstract
* Ability to Cross Border
* Positive, Professional Attitude
For:
*GTA
* ON-QC
* ON-MB-AB-BC
* USA
Balraj Singh Manager
647-701-6991
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2




Kirei
HARJIT S. SAHOTA
Sales Manager
Sales Inc
Tel : 604-593-7755 Fax : 604-593-7722
Email : thekireisales@hotmail.com
12652 82nd Avenue, Surrey, BC Canada
Wholesaler : Plumbing & Kitchen Fixtures




Galaxy Kitchen Cabinets Ltd
Residential & Commercial
* Custom Cabinets
* Countertops
* Vanities Bars
* Entertainment Units
Call for Free Estimate :
Sarbjit S Mangat 778-549-4740
#12 -13325 - 76 Ave. Surrey BC V2W 2V8 | F. 604-503-0058

KENNEDY MECHANICAL LTD.
Plumbing & Radiant Heat
Bob Dhesi
778-709-1115
Sukhi Johal
604-339-8717
7985 133 A Street Surrey, BC V3W 4R4
Plumbing . Gas Fitting . Radiant Heat

Kulwant S. Dhesi ( Kelly)
President & CEO
DHESI
Enterprises
Specialize in: Flatbed, Stepdeck
RGN & Multiple Axle
: (604) 501-3934
: (604) 501-3953
: (604) 780-6115
: kelly@dhesient.com
: www.dhesient.com
12454 - 110 Avenue
Surrey,BC V3V 3J6
Toll Free 1-866-501-3101
Fax Free 1-866-501-3102




WEST COAST
HOME & TRUSS LTD.
Manufacturers of Quality Pre-Engineered Metal Plate Connected Wood Trusses
CUSTOM PRODUCTS AND SERVICES OFFERED :
• Pre-Engineered Roof and Floor Trusses
• Metal Web Floor Trusses
• Custom Heavy Timber Trusses and Timber Framing Kits
• Curved Roof and Ceiling Trusses
• Curved Timber and Laminated Joists
• Curved Fascias and Trims
• Pre-Fab Barreled and Double Barreled Vaulted Ceilings
• Pre-Fab Dome and Elliptical Ceilings
• Structural Engineering and Inspection Services (BC, Alberta & Saskatchewan)
10230-120 Street Surrey, BC, V3V 4G1
www.westcoasttruss.ca | info@westcoasttruss.ca
(604) 580-3275
(778) 896-7194




SimpleX
MECHANICAL LTD
We make customers not sales
HVAC • REFRIGERATION
SERVICES
Townhouse Project Residential Commercial
- AC
- HEAT PUMP
- FURNACE
- HRV - CRV
- SHEET METAL
10 Year Labor Warranty
WE FINANCE TOO
- WALK IN COOLER & FREEZER
WE DO INSTALL & SERVICE
ALL MAJOR BRANDS
Ritesh Vashisht
604.657.9420
York Authorized Dealer
YORK
Email: simplexmechanical@hotmail.com
www.hvacsurreybc.ca




SHAAN
CONSTRUCTION LTD.
• General Contracting
• Quality Custom Homes
• Quality Framing
• 2-5-10 Year Warranty
2 5 10 Year Warranty
25+ years of experience
Call for a Free Estimate
MALKIT SWAICH
778.889.9526




A Class Granite Ltd.
A CLASS GRANITE
PRICED RIGHT AND DONE RIGHT
WWW.ACLASSGRANITE.ORG
CALL FOR A FREE ESTIMATE
MALKIT
778 889 9526
• KITCHEN COUNTERS
• VANITIES
• FIRE PLACES
• STAIRCASES
• INSTALLATIONS
• REPAIRS
#48,49 13315 115 Ave Surrey
Office: 604.496.6746
m.swaich@aclassgranite.org
www.aclassgraniteltd.com

# ਬੁੱਧ ਭ੍ਰਿਸ਼ਟ ਕਰ ਰਿਹਾ ਫੇਸਬੁੱਕੀ ਪ੍ਰੇਤ



ਡਾ. ਬਲਜਿੰਦਰ
94170-79720

ਐਸਐਸਆਰਐਸ ਪਲੇਟਫ਼ਾਰਮ ਵੱਲੋਂ ਸੀਐਨਐਨ ਨੈੱਟਵਰਕ 'ਤੇ ਕੀਤੇ ਗਏ ਇੱਕ ਹਾਲੀਆ ਸਰਵੇ 'ਚ ਇਹ ਗੱਲ ਸਾਹਮਣੇ ਆਈ ਹੈ ਜਿਸ 'ਚ ਚਾਰ 'ਚੋਂ ਤਿੰਨ ਅਮਰੀਕੀ ਬਾਲ਼ਗਾਂ ਨੇ ਕਿਹਾ ਹੈ ਕਿ ਫੇਸਬੁੱਕ ਅਮਰੀਕੀ ਸਮਾਜ ਦਾ ਬੇੜਾ ਗਰਕ ਕਰ ਰਹੀ ਹੈ। ਇਸ ਦੇ ਕਾਰਨਾਂ 'ਚ ਜਾਂਦਿਆਂ 55% ਦਾ ਕਹਿਣਾ ਸੀ ਕਿ ਜੋ ਲੋਕ ਇਸ ਪਲੇਟਫ਼ਾਰਮ ਦੀ ਵਰਤੋਂ ਕਰਦੇ ਹਨ ਉਹ ਹੀ ਇਸ ਦੇ ਦੋਸ਼ੀ ਹਨ ਜਦਕਿ 45% ਦਾ ਕਹਿਣਾ ਸੀ ਕਿ ਇਹ ਸਾਰਾ ਕੁੱਝ ਖ਼ੁਦ ਫੇਸਬੁੱਕ ਦਾ ਚਲਣ-ਢੰਗ ਦਾ ਹੀ ਨਤੀਜਾ ਹੈ। 49% ਅਮਰੀਕਨਾਂ ਦਾ ਕਹਿਣਾ ਸੀ ਕਿ ਉਹ ਕਿਸੇ ਨਾ ਕਿਸੇ ਅਜਿਹੇ ਸ਼ਖਸ ਨੂੰ ਜਾਣਦੇ ਹਨ ਜਿਹੜਾ ਕਿ ਫੇਸਬੁੱਕ 'ਤੇ ਪਾਈ ਜਾਂਦੀ ਸਮੱਗਰੀ ਕਰਕੇ ਸਾਜ਼ਸ਼ੀ ਥਿਊਰੀ 'ਚ ਯਕੀਨ ਨਾ ਕਰਨ ਲੱਗ ਪਿਆ ਹੋਵੇ। ਅਜਿਹੀ ਸੋਚ ਰੱਖਣ ਵਾਲਿਆਂ 'ਚ ਨੌਜਵਾਨਾਂ ਦੀ ਗਿਣਤੀ ਵਧੇਰੇ ਹੈ। 35 ਸਾਲ ਤੋਂ ਘੱਟ ਉਮਰ ਦੇ 61% ਬਾਲ਼ਗਾਂ ਦਾ ਕਹਿਣਾ ਸੀ ਕਿ ਉਹਨਾਂ ਦੀ ਪਹਿਚਾਣ ਦਾ ਕੋਈ ਨਾ ਕੋਈ ਜਣਾ ਫੇਸਬੁੱਕ 'ਤੇ ਪਰੋਸੀ ਜਾਂਦੀ ਸਮੱਗਰੀ ਕਰਕੇ ਅਜਿਹੀ ਸਾਜ਼ਸ਼ ਦਾ ਸ਼ਿਕਾਰ ਹੋਇਆ ਹੈ।

ਸੂਚਨਾਵਾਂ ਦੇ ਆਦਾਨ-ਪ੍ਰਦਾਨ ਦੇ ਨਾਲ-ਨਾਲ ਫੇਸਬੁੱਕ ਅਤੇ ਇੰਸਟਾਗਰਾਮ ਨਾਂ ਦੇ ਦੋਵੇਂ ਸੂਚਨਾ ਤਕਨਾਲੋਜੀ ਪਲੇਟਫ਼ਾਰਮ ਕਿਸ ਹੱਦ ਤੱਕ ਲੋਕਾਂ ਦਰਮਿਆਨ ਨਫ਼ਰਤ, ਵੰਡੀਆਂ ਆਦਿ ਦਾ ਸੰਚਾਰ ਕਰਦੇ ਹਨ, ਲੋਕਾਂ ਖਾਸਕਰ ਬੱਚਿਆਂ ਦੀ ਸਿਹਤ ਨਾਲ ਖਿਲਵਾੜ ਕਰਦੇ ਹਨ- ਇਸਦਾ ਵੀ ਅਜਿਹਾ ਹੀ ਸਨਸਨੀਖ਼ੇਜ਼ ਖੁਲਾਸਾ ਸਾਹਮਣੇ ਆਇਆ ਹੈ।

ਸੰਚਾਰ ਤਕਨਾਲੋਜੀ ਦੇ ਇਹਨਾਂ ਪਲੇਟਫ਼ਾਰਮਾਂ ਨੇ ਆਪਣੇ ਮੁਨਾਫਿਆਂ ਨੂੰ ਮੁੱਖ ਰੱਖਕੇ ਲੋਕਾਂ ਦੀ ਜ਼ਿੰਦਗੀ ਦਾਅ 'ਤੇ ਲਾਈ ਹੋਈ ਹੈ। ਵਪਾਰ, ਵਿਗਿਆਨ ਅਤੇ ਆਵਾਜਾਈ (ਕਮਰਸ, ਸਾਇੰਸ ਐਂਡ ਟਰਾਂਸਪੋਰਟੇਸ਼ਨ) ਨਾਲ ਸਬੰਧਤ ਕੰਜ਼ਿਊਮਰ ਸੁਰੱਖਿਆ, ਪ੍ਰੋਡਕਟ ਸੁਰੱਖਿਆ ਅਤੇ ਡਾਟਾ ਸੁਰੱਖਿਆ ਬਾਰੇ ਗਠਿਤ ਕੀਤੀ ਗਈ ਅਮਰੀਕੀ ਸੈਨੇਟ ਦੀ ਸਬ-ਕਮੇਟੀ ਸਾਹਮਣੇ ਅਕਤੂਬਰ 2021 'ਚ ਵ੍ਹਾਈਟ ਹਾਊਸ 'ਚ ਹੋਈ ਸੁਣਵਾਈ 'ਚੋਂ ਹੋਏ ਖੁਲਾਸਿਆਂ ਨੇ ਆਲਮੀ ਪੱਧਰ ਦੇ ਦੁਨੀਆਂ ਭਰ ਦੇ ਮਨੁੱਖੀ ਅਧਿਕਾਰਾਂ ਲਈ ਸਰਗਰਮ ਇਨਸਾਫਪਸੰਦ ਅਤੇ ਹੋਰਨਾਂ ਸੁਹਿਰਦ ਲੋਕਾਂ ਵੱਲੋਂ ਜ਼ਾਹਰ ਕੀਤੇ ਗਏ ਉਹਨਾਂ ਹੀ ਸ਼ੰਕਿਆਂ 'ਤੇ ਮੁਹਰ ਲਾਈ ਹੈ ਜਿਹਨਾਂ ਦਾ ਉਹ ਪਿਛਲੇ ਕਾਫ਼ੀ ਅਰਸੇ ਤੋਂ ਹੀ ਲੋਕਾਂ 'ਚ ਲੈ ਕੇ ਜਾਂਦੇ ਰਹੇ ਹਨ।

ਇਸ ਸੁਣਵਾਈ 'ਚ ਸਬ ਕਮੇਟੀ ਸਾਹਮਣੇ ਪੇਸ਼ ਹੁੰਦਿਆਂ ਫੇਸਬੁੱਕ ਦੀ ਸਾਬਕਾ ਡਾਟਾ ਵਿਗਿਆਨੀ ਫਰਾਂਸਿਸ ਹਾਗਨ ਨੇ ਦੱਸਿਆ ਕਿ ਫੇਸਬੁੱਕ ਨੇ ਆਪਣੇ ਮੁਨਾਫਿਆਂ ਨੂੰ ਜ਼ਰਬਾਂ ਦੇਣ ਨੂੰ ਅਹਿਮੀਅਤ ਦਿੱਤੀ ਬਨਿਸਬਤ ਇਸ ਦੇ ਕਿ ਫੇਸਬੁੱਕ ਆਪਣੇ ਪਲੇਟਫ਼ਾਰਮਾਂ ਨੂੰ ਸੁਰੱਖਿਅਤ ਰੱਖਣ ਲਈ ਅਤੇ ਹੋਰ ਸੁਰੱਖਿਅਤ ਬਣਾਉਣ ਵੱਲ ਕਦਮ ਵਧਾਉਂਦੀ। ਫੇਸਬੁੱਕ ਨੇ ਆਪਣੀ ਉਸ ਅੰਦਰੂਨੀ ਖੋਜ ਨੂੰ ਵੀ ਕਾਨੂੰਨੀ ਰੂਪ 'ਚ ਸਥਾਪਤ ਸੰਸਥਾਨਾਂ ਤੋਂ ਵੀ ਛੁਪਾਈ ਰੱਖਿਆ ਜਿਹਨਾਂ 'ਚ ਇਹ ਖੁਲਾਸੇ ਹੋਏ ਸਨ ਕਿ ਕਿ ਫੇਸਬੁੱਕ ਦੇ ਉਤਪਾਦ (ਸਾਫਟਵੇਅਰ) ਕਿਵੇਂ ਨੁਕਸਾਨਦੇਹ ਹਨ। ਉਸ ਦਾ ਕਹਿਣਾ ਹੈ ਕਿ "ਫੇਸਬੁੱਕ ਵੱਲੋਂ ਅਜਿਹੇ ਢੰਗ-ਤਰੀਕੇ ਵਰਤੋਂ 'ਚ ਲਿਆਉਣ ਦੇ ਹੀ ਨਤੀਜੇ ਹਨ ਕਿ ਜਿਸ ਕਾਰਨ ਲੋਕਾਂ ਦਰਮਿਆਨ ਵੰਡੀਆਂ ਵਧੀਆਂ ਹਨ, ਬਖੇੜੇ ਵਧੇ ਹਨ, ਝੂਠ ਦਾ ਪਸਾਰਾ ਹੋਇਆ ਹੈ, ਹੋਰ ਵਧੇਰੇ ਧਮਕੀਆਂ ਦਿੱਤੀਆਂ ਗਈਆਂ ਹਨ ਅਤੇ ਹੋਰ ਵਧੇਰੇ ਟਕਰਾਅ ਹੋਏ ਹਨ। ਕਈ ਮਾਮਲਿਆਂ 'ਚ ਅਜਿਹੀ ਆਨਲਾਈਨ ਗੱਲਬਾਤ ਹਕੀਕੀ ਹਿੰਸਾ 'ਚ ਵੀ ਵਟ ਗਈ ਜਿਸਨੇ ਨੁਕਸਾਨ ਪਹੁੰਚਾਇਆ ਅਤੇ ਕਈ ਮਾਮਲਿਆਂ 'ਚ ਲੋਕਾਂ ਦੀ ਜਾਨ ਤੱਕ ਚਲੀ ਗਈ।"

ਕਈ ਹਜ਼ਾਰ ਸਫਿਆਂ ਦੇ ਅੰਦਰੂਨੀ ਖੋਜ ਪੱਤਰਾਂ ਅਤੇ ਦਸਤਾਵੇਜ਼ਾਂ ਦੇ ਹਵਾਲੇ ਦਿੰਦਿਆਂ, ਜਿਹਨਾਂ ਨੂੰ ਦ ਵਾਲ ਸਟ੍ਰੀਟ ਜਰਨਲ ਨੇ ਫੇਸਬੁੱਕ ਫਾਈਲਜ਼ ਦੇ ਉਨਮਾਨ ਤਹਿਤ ਛਾਪਿਆ ਹੈ, ਹਾਗਨ ਦਾ ਕਹਿਣਾ ਹੈ



ਕਿ "ਫੇਸਬੁੱਕ 'ਚ ਕੰਮ ਕਰਦਿਆਂ ਮੈਨੂੰ ਇੱਕ ਭਿਅੰਕਰ ਹਕੀਕਤ ਦਾ ਇਲਮ ਹੋਇਆ ਕਿ ਫੇਸਬੁੱਕ ਤੋਂ ਬਾਹਰ ਲਗ-ਪਗ ਕਿਸੇ ਨੂੰ ਵੀ ਇਸ ਗੱਲ ਦਾ ਅਹਿਸਾਸ ਨਹੀਂ ਕਿ ਫੇਸਬੁੱਕ ਦੇ ਅੰਦਰ ਕੀ ਚੱਲ ਰਿਹਾ ਹੈ। ਕੰਪਨੀ ਆਪਣੀ ਅਤਿ ਅਹਿਮ ਜਾਣਕਾਰੀ ਨੂੰ ਮੁਲਕ ਦੀ ਜਨਤਾ ਤੋਂ, ਅਮਰੀਕੀ ਸਰਕਾਰ ਤੋਂ, ਅਤੇ ਦੁਨੀਆਂ ਭਰ ਦੀਆਂ ਸਰਕਾਰਾਂ ਤੋਂ ਜਾਣਬੁੱਝ ਕੇ ਛੁਪਾ ਕੇ ਰੱਖਦੀ ਹੈ।"

ਇੱਥੇ ਧਿਆਨ ਦੇਣ ਯੋਗ ਗੱਲ ਇਹ ਹੈ ਜਿਹੜੀ ਹਰ ਮਾਮੂਲੀ ਸੋਝੀ ਵਾਲਾ ਸ਼ਖਸ ਵੀ ਜਾਣ ਸਕਦਾ ਹੈ ਕਿ ਜਦੋਂ ਵੀ ਕਦੇ ਅਸੀਂ ਫੇਸਬੁੱਕ 'ਤੇ ਆਪਣੀ ਪ੍ਰੋਫਾਈਲ ਨੂੰ ਕਲਿੱਕ ਕਰਦੇ ਹਾਂ ਤਾਂ ਸਾਡੇ ਮਨਪਸੰਦ/ਬੇਪਸੰਦ ਦੀ ਗੱਲ ਕੀ ਉਸ ਸਾਰੇ ਕੁੱਝ ਦੀ ਲਿਸਟ ਕੰਪਨੀ ਦੇ ਡਾਟਾਬੇਸ 'ਚ ਜਮ੍ਹਾਂ ਪਈ ਹੋਈ ਹੈ ਜਿੱਥੋਂ ਉਹ ਡਾਟਾਬੇਸ ਸਾਨੂੰ ਆਪਣੇ ਗਣਿਤੀ ਫ਼ਾਰਮੂਲਿਆਂ ਰਾਹੀਂ ਉਸੇ ਹੀ ਚੁਰਾਸੀ ਦੇ ਗੇੜ 'ਚ ਪਾਈ ਰੱਖਦਾ ਹੈ ਅਤੇ ਬਾਰਮਬਾਰ ਉਹੀ ਕੁੱਝ ਸਾਡੇ ਸਾਹਮਣੇ ਪ੍ਰਗਟ ਹੁੰਦਾ ਰਹਿੰਦਾ ਹੈ। ਅਤੇ ਜਦ ਕਦੀ ਵੀ ਅਸੀਂ ਜਾਣੇ-ਅਣਜਾਣੇ ਫੇਸਬੁੱਕ 'ਤੇ ਐਡਵਰਟਾਈਜ਼ ਕੀਤੀ ਕਿਸੇ ਵੀ ਵਸਤ ਦੀ ਐਡ (ਇਸ਼ਤਿਹਾਰ) 'ਤੇ ਕਲਿੱਕ ਕਰਦੇ ਹਾਂ ਤਾਂ ਉਹੀ ਇਸ਼ਤਿਹਾਰ ਸਾਨੂੰ ਹਰ ਵਖਤ ਦਿਖਾਈ ਦਿੰਦੀ ਹੈ। ਇੱਕ ਹੋਰ ਗੱਲ ਇਹ ਧਿਆਨ ਦੇਣ ਯੋਗ ਹੈ ਕਿ ਭਾਵੇਂ ਸਾਡੀ ਫਰੈਂਡਸ਼ਿਪ ਲਿਸਟ ਨੂੰ 5000 ਤੱਕ ਦੀ ਸੰਖਿਆ ਤੱਕ ਸੀਮਤ ਕੀਤਾ ਹੋਇਆ ਹੈ ਪਰ ਸਾਡੀ ਕਿਸੇ ਵੀ ਪੋਸਟ ਨੂੰ ਵੱਧ ਤੋਂ ਵੱਧ ਸਿਰਫ ੫੦-60 ਮਿੱਤਰ ਹੀ ਦੇਖ ਪਾਉਂਦੇ ਹਨ, ਬਾਕੀਆਂ ਤੱਕ ਉਹ ਪੋਸਟ ਪਹੁੰਚਦੀ ਹੀ ਨਹੀਂ। ਆਪਣੀ ਹੀ ਸੋਚ ਨੂੰ ਪ੍ਰੋਮੋਟ ਕਰਨ ਲਈ ਅਤੇ ਆਪਣੇ ਗਾਹਕਾਂ ਦੀਆਂ ਵਸਤਾਂ ਵੇਚਣ ਲਈ ਅਜਿਹੇ ਅਲਗੋਅਰਿਦਮ (ਗਣਿਤੀ ਫ਼ਾਰਮੂਲੇ) ਘੜੇ ਗਏ ਹਨ ਜਿਹੜੇ ਅਜਿਹਾ ਕਾਰਜ ਬਾਖ਼ੂਬੀ ਨਿਭਾਉਂਦੇ ਹਨ।

ਤੁਸੀਂ ਸਭ ਨੇ ਕਦੇ ਨਾ ਕਦੇ ਕਿਤੇ ਨਾ ਕਿਤੇ ਇਹ ਪੜ੍ਹਿਆ ਹੀ ਹੋਊ ਕਿ ਫਲਾਣੇ ਇੰਜੀਨੀਅਰਿੰਗ ਕਾਲਜ/ਸੰਸਥਾਨ ਦੇ ਫਲਾਂ-ਫਲਾਂ ਵਿਦਿਆਰਥੀ ਨੂੰ ਫੇਸਬੁੱਕ ਨੇ ਕਰੋੜ ਰੁਪੈ ਸਾਲਾਨਾ ਦੀ ਨੌਕਰੀ ਲਈ ਚੁਣਿਆ ਹੈ। ਉਸ ਵਿਦਿਆਰਥੀ ਨੂੰ ਭਾਗਾਂ ਵਾਲਾ ਦਿਖਾ ਕੇ ਬਾਕੀਆਂ ਦੇ ਨਿਖਿੱਧਪੁਣੇ ਨੂੰ ਸਾਬਤ ਕਰਨ ਦੀ ਮਨਸ਼ਾ ਤਾਂ ਛੁਪੀ ਹੀ ਪਈ ਹੈ ਪਰ ਇਸ ਤੋਂ ਵੀ ਅੱਗੇ ਇਹ ਫੇਸਬੁੱਕ ਅਦਾਰਾ ਐਵੇਂ ਹੀ ਉਸ 'ਹੋਣਹਾਰ' ਵਿਦਿਆਰਥੀ ਨੂੰ ਐਨੇ ਪੈਸੈ ਨਹੀਂ ਦੇ ਰਿਹਾ ਉਹ ਕੰਪਨੀ ਉਸ ਤੋਂ ਅਜਿਹੇ ਫ਼ਾਰਮੂਲੇ ਤਿਆਰ ਕਰਵਾਉਂਦੀ ਹੈ ਜਿਹੜੇ ਉਸ ਨਾਲ ਸਬੰਧਤ ਵਪਾਰਕ ਅਤੇ ਹੋਰ ਭਾਗੀਦਾਰਾਂ ਦੇ ਮਨਸ਼ਿਆਂ ਦੀ ਬਾਖ਼ੂਬੀ ਪੂਰਤੀ ਕਰਦੇ ਹਨ।

ਫੇਸਬੁੱਕ ਦੇ ਅੰਦਰੂਨੀ ਅਧਿਐਨ ਪਰਚੇ ਹੀ ਇਸ ਗੱਲ ਦਾ ਖੁਲਾਸਾ ਕਰਦੇ ਹਨ ਕਿ ਇੰਸਟਾਗਰਾਮ 'ਤੇ ਆਉਣ ਤੋਂ ਬਾਅਦ ਯੂਨਾਈਟਡ ਕਿੰਗਡਮ ਦੀਆਂ ਗਭਰੇਟ (ਟੀਨਏਜ) ਕੁੜੀਆਂ ਅੰਦਰ ਆਤਮਹੱਤਿਆ ਕਰਨ ਦੀ ਪ੍ਰਵਿਰਤੀ 'ਚ 13.5 ਫੀਸਦੀ ਦੀ ਵਾਧਾ ਨੋਟ ਕੀਤਾ ਗਿਆ। ਇੱਕ ਹੋਰ ਅਧਿਐਨ 'ਚ ਇਹ ਪਾਇਆ ਗਿਆ ਕਿ ਇੰਸਟਾਗਰਾਮ ਨਾਲ ਜੁੜਣ ਤੋਂ ਬਾਅਦ 17 ਫੀਸਦੀ ਕੁੜੀਆਂ ਦਾ ਕਹਿਣਾ ਸੀ ਕਿ ਉਹਨਾਂ ਅੰਦਰ ਚੱਲ ਰਹੀ ਨਾ ਖਾਣ ਦੀ ਜਾਂ ਘੱਟ ਖਾਣ ਦੀ ਬਿਮਾਰੀ 'ਚ ਵਾਧਾ ਹੋਇਆ ਹੈ। 32 ਫੀਸਦੀ ਕੁੜੀਆਂ ਦਾ ਕਹਿਣਾ ਸੀ ਕਿ ਜਦ ਵੀ ਕਦੀ ਉਹ ਆਪਣੇ ਸਰੀਰ ਦੀ ਬਣਤਰ ਨੂੰ ਲੈ ਕੇ ਪ੍ਰੇਸ਼ਾਨ ਹੁੰਦੀਆਂ ਸਨ ਤਾਂ ਫਿਰ ਜੇ ਉਹ ਇੰਸਟਾਗਰਾਮ 'ਤੇ ਚਲੀਆਂ ਜਾਂਦੀਆਂ ਤਾਂ ਉਹਨਾਂ ਦੀਆਂ ਉਹ ਅਲਾਮਤਾਂ ਹੋਰ ਵਧੇਰੇ ਵਧ ਜਾਂਦੀਆਂ। ਜਾਣਬੁੱਝ ਕੇ ਗਭਰੇਟ ਕੁੜੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਜਦਕਿ ਐਪ ੧੩ ਸਾਲ ਤੋਂ ਉੱਪਰ ਦੇ ਬੱਚਿਆਂ ਲਈ ਪ੍ਰਵਾਨਤ ਹੈ। ਇਹ ਗੱਲਾਂ ਸਾਹਮਣੇ ਲਿਆਉਂਦੀਆਂ ਹਨ ਕਿ ਫੇਸਬੁੱਕ ਨੇ ਆਪਣੇ ਮੁਨਾਫਿਆਂ ਨੂੰ ਹਰ ਸਮੇਂ ਸਾਹਮਣੇ ਰੱਖਿਆ ਅਤੇ ਬੱਚਿਆਂ ਅਤੇ ਐਪ ਦੇ ਸਾਰੇ ਵਰਤਣ ਵਾਲਿਆਂ ਦੀ ਖ਼ੈਰੀਅਤ ਨੂੰ ਨਜ਼ਰ ਅੰਦਾਜ਼ ਕੀਤਾ। ਇਸ ਤੋਂ ਵੀ ਅੱਗੇ ਫੇਸਬੁੱਕ ਇੰਸਟਾਗਰਾਮ ਦਾ ਇੱਕ ਹੋਰ ਰੂਪ ੧੩ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਇੰਸਟਾਗਰਾਮ ਨਾਂ ਦਾ ਪਲੇਟਫਾਰਮ ਲਾਂਚ ਕਰਨ ਦੀ ਫਿਰਾਕ 'ਚ ਹੈ। ਜਿਸ ਦੇ ਨਤੀਜੇ ਕਿਤੇ ਖ਼ਤਰਨਾਕ ਹੋਣੇ ਹਨ।

ਇੱਕ ਹੋਰ ਇੰਕਸ਼ਾਫ 'ਚ ਇਹ ਦੱਸਿਆ ਗਿਆ ਕਿ ਫੇਸਬੁੱਕ ਅਜਿਹੇ ਗਣਿਤੀ ਫ਼ਾਰਮੂਲੇ ਘੜਦੀ ਹੈ ਜੀਹਦੇ 'ਚ ਕਿਸੇ ਪੋਸਟ ਨੂੰ ਕੋਈ ਕਮੈਂਟ, ਲਾਈਕਸ ਜਾਂ ਕੋਈ ਹੋਰ ਟਿੱਪਣੀਆਂ ਦਰਿਆਫ਼ਤ ਹੁੰਦੀਆਂ ਹਨ ਤਾਂ ਉਸ ਪੋਸਟ ਨੂੰ ਪੂਰੀ ਤੇਜ਼ੀ ਨਾਲ ਜੰਗਲ਼ ਦੀ ਅੱਗ ਦੀ ਰਫ਼ਤਾਰ ਨਾਲ ਉਹ ਗਣਿਤੀ ਫ਼ਾਰਮੂਲੇ ਫੈਲਾਉਂਦੇ ਹਨ ਅਤੇ ਉਸ ਪੋਸਟ ਨੂੰ ਪੂਰੀ ਅਹਿਮ ਜਗ੍ਹਾ ਮੁਹੱਈਆ ਕੀਤੀ ਜਾਂਦੀ ਹੈ। ਇੱਥੇ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਅਜਿਹੀਆਂ ਪੋਸਟਾਂ ਦੇ ਮਾਮਲੇ 'ਚ ਕਿਸੇ ਕਰੋਨੋਲੋਜੀਕਲ ਆਰਡਰ (ਸਮੇਂ ਅਨੁਸਾਰ ਅੱਗੜ-ਪਿੱਛੜ ਕਰਨ ਦਾ ਕਾਰਜ) ਨੂੰ ਬੇਰਹਿਮੀ ਨਾਲ ਉਲ਼ੰਘਿਆ ਜਾਂਦਾ ਹੈ। ਇਸ ਫ਼ਾਰਮੂਲੇ ਤਹਿਤ ਸਨਸਨੀਖੇਜ਼ ਮਸਾਲਾ ਰੌਸ਼ਨੀ ਦੀ ਰਫ਼ਤਾਰ ਨਾਲ ਪਲੇਟਫ਼ਾਰਮ ਰਾਹੀਂ ਸਬੰਧਤ ਭਾਈਚਾਰਿਆਂ ਅੰਦਰ ਫੈਲਦਾ ਹੈ ਅਤੇ ਇਹ ਘ੍ਰਿਣਾ, ਨਫ਼ਰਤ ਅਤੇ ਗਲਤ-ਮਲਤ ਜਾਣਕਾਰੀ ਫੈਲਾਉਣ ਦਾ ਜ਼ਰੀਆ ਮਾਤਰ ਬਣ ਕੇ ਰਹਿ ਜਾਂਦਾ ਹੈ ਜਿਵੇਂ ਕਿ ਜਦੋਂ ਵੀ ਕਿਸੇ ਸਥਾਨ 'ਤੇ ਫਿਰਕੂ/ਨਸਲੀ/ਭਾਸ਼ਾਈ/ਰੰਗਭੇਦੀ/ਇਲਾਕਾਈ ਆਦਿ ਦੰਗੇ ਭੜਕੇ ਹਨ ਤਾਂ ਉਹਨਾਂ ਦੀ ਪਿੱਠਭੂਮੀ 'ਚ ਅਜਿਹੇ ਪਲੇਟਫ਼ਾਰਮਾਂ 'ਤੇ ਉੱਗਲੀ ਗਈ ਜ਼ਹਿਰ ਦਾ ਬਹੁਤ ਅਹਿਮ ਰੋਲ ਨੋਟ ਕੀਤਾ ਗਿਆ। ਨਾਗਰਿਕਤਾ ਵਿਰੋਧੀ ਪ੍ਰਦਰਸ਼ਨਾਂ ਦੌਰਾਨ ਦਿੱਲੀ ਦੇ ਫਿਰਕੂ ਦੰਗਿਆਂ ਦੀ ਮਿਸਾਲ ਸਾਡੇ ਸਾਹਮਣੇ ਹੈ ਜਿਹਨਾਂ ਦੌਰਾਨ ਅਤੇ ਇਹਨਾਂ ਦੰਗਿਆਂ ਤੋਂ ਪਹਿਲਾਂ ਮੁਸਲਿਮ ਵਿਰੋਧੀ ਪ੍ਰਚਾਰ ਪੂਰੇ ਜ਼ੋਰਾਂ 'ਤੇ ਸੀ।

ਇਸ ਦੇ ਨਾਲ ਹੀ ਇਹ ਗੱਲ ਵੀ ਬਹੁਤ ਅਹਿਮ ਹੈ ਕਿ ਫੇਸਬੁੱਕ ਕੋਲ ਜਿਸ ਪੱਧਰ ਦੀ ਜਾਣਕਾਰੀ ਫੇਸਬੁੱਕ ਯੂਜ਼ਰਜ਼ ਬਾਰੇ ਜਮ੍ਹਾਂ ਪਈ ਹੈ ਉਸ ਦੀ ਨਾਜਾਇਜ਼ ਢੰਗ ਨਾਲ ਵਰਤੋਂ ਕੀਤੇ ਜਾਣਨ ਬਾਰੇ ਵੀ ਖ਼ਦਸ਼ੇ ਪਾਏ ਜਾਂਦੇ ਹਨ। ਵਟਜ਼ ਅੱਪ ਬਾਰੇ ਭਾਵੇਂ ਇਹ ਕਿਹਾ ਜਾਂਦਾ ਹੈ ਕਿ ਇਸ ਪਲੇਟਫ਼ਾਰਮ 'ਤੇ ਕੀਤੀ ਗਈ ਗੱਲਬਾਤ ਅਤੇ ਜਾਣਕਾਰੀ ਦਾ ਆਦਾਨ ਪ੍ਰਦਾਨ ਬਿੱਲਕੁੱਲ ਹੀ ਫੂਲਪਰੂਫ (ਯਾਨੀ ਕਿ ਕਿਸੇ ਹੋਰ ਨਾਲ ਸਾਂਝਾ ਕੀਤੇ ਜਾਣ ਦੀ ਸੰਭਾਵਨਾ ਨਾਂਹ ਦੇ ਬਰਾਬਰ ਹੈ) ਪਰ ਨਾਲ ਹੀ ਇਹ ਕਿ ਜਦ ਵੀ ਸਰਕਾਰ ਕਿਸੇ ਵੀ ਸ਼ਖਸ ਬਾਰੇ ਕੋਈ ਵੀ ਜਾਣਕਾਰੀ ਲੈਣੀ ਚਾਹੇ ਉਹ ਮੁਹੱਈਆ ਕੀਤੀ ਜਾਂਦੀ ਹੈ। ਫੇਸਬੁੱਕ 'ਤੇ ਯੂਜ਼ਰਜ਼ ਬਾਰੇ ਜਾਣਕਾਰੀ ਓਪਨ ਹੀ ਹੈ ਭਾਵ ਖੁੱਲ੍ਹੀ ਕਿਤਾਬ ਵਾਂਗ ਨਸ਼ਰ ਹੈ। ਮਿਸਾਲ ਵਜੋਂ ਜਦ ਵੀ ਅਸੀਂ ਕਿਸੇ ਵੀ ਪ੍ਰਾਡਕਟ ਦੀ ਐਡ 'ਤੇ ਕਲਿੱਕ ਕਰਦੇ ਹਾਂ ਤਾਂ ਉਸ ਪ੍ਰਾਡਕਟ ਦੀ ਉਹੀ ਜਾਂ ਉਹਦੇ ਨਾਲ ਮਿਲਦੀਆਂ-ਜੁਲਦੀਆਂ ਐਡਜ਼ ਸਾਡਾ ਖਹਿੜਾ ਨਹੀਂ ਛੱਡਦੀਆਂ। ਭਾਵ ਉਸ ਡਾਟਾ ਨੂੰ ਇਸ ਫੇਸਬੁੱਕ ਪਲੇਟਫ਼ਾਰਮ ਨੇ ਆਪਣੇ ਵਪਾਰਕ ਮੁਫ਼ਾਦਾਂ ਨੂੰ ਮੁੱਖ ਰੱਖਦਿਆਂ ਉਹਨਾਂ ਵਪਾਰਕ ਅਦਾਰਿਆਂ ਨਾਲ ਸਾਂਝਾ ਕੀਤਾ ਹੋਇਆ ਹੈ। ਫੇਸਬੁੱਕ ਨੂੰ ਯੂਜ਼ਰਜ਼ ਦੇ ਸਿਆਸੀ ਝੁਕਾਵਾਂ, ਉਸਦੀ ਪਸੰਦਗੀ-ਨਾਪਸੰਦਗੀ, ਉਸ ਦੀ ਮਿੱਤਰ ਮੰਡਲੀ, ਯੂਜ਼ਰਜ਼ ਦੀ ਲੋਕੇਸ਼ਨ, ਉਹਨਾਂ ਦੀ ਇੱਕ ਥਾਂ ਤੋਂ ਦੂਜੇ ਸਥਾਨ ਵੱਲ ਜਾਣ ਦੀ ਜਾਣਕਾਰੀ, ਕਿਸ ਨਾਲ ਕਿਹੋ ਜਿਹੀਆਂ ਗੱਲਾਂ, ਵਿਚਾਰ ਸਾਂਝਾ ਕਰਦਾ ਹੈ ਬਾਰੇ ਪੂਰਨ ਸਟੀਕ ਜਾਣਕਾਰੀ ਫੇਸਬੁੱਕ ਕੋਲ ਉਪਲਬਧ ਪਈ ਹੈ ਜਿਸ ਨੂੰ ਸਰਕਾਰਾਂ ਅਤੇ ਸਵਾਰਥੀ ਅਨਸਰ ਅਕਸਰ ਹੀ ਆਪਣੇ ਮੁਫ਼ਾਦਾਂ ਲਈ ਵਰਤੋਂ 'ਚ ਲਿਆਉਂਦੇ ਹਨ।

ਪਰ ਇਸ ਦੇ ਨਾਲ ਹੀ ਸਰਕਾਰ ਦੀ ਆਲੋਚਨਾ ਨੂੰ ਮੁੱਢ 'ਚ ਹੀ ਨੱਪ ਦੇਣ ਦਾ ਪੂਰਾ ਬੰਦੋਬਸਤ ਵੀ ਫੇਸਬੁੱਕ ਨੇ ਬਾਖ਼ੂਬੀ ਕੀਤਾ ਹੋਇਆ ਹੈ। ਪਿਛਲਾ ਤਜ਼ਰਬਾ ਦਿਖਾਉਂਦਾ ਹੈ ਕਿ ਕਿਵੇਂ ਸਰਕਾਰ ਦੀ ਕਿਸੇ ਵੀ ਟੀਕਾ-ਟਿੱਪਣੀ ਨੂੰ ਉੱਥੇ ਹੀ ਸਨੱਬ ਕਰ ਦਿੱਤਾ ਜਾਂਦਾ ਹੈ, ਉਸ ਯੂਜ਼ਰ ਨੂੰ ਪੂਰਨ ਰੂਪ 'ਚ ਮਹੀਨੇ ਲਈ ਬਲਾਕ ਕਰ ਦਿੱਤਾ ਜਾਂਦਾ ਹੈ ਇਹ ਕਹਿਕੇ ਕਿ ਉਸਦੀ ਇਹ ਟਿੱਪਣੀ ਸਮਾਜ/ਭਾਈਚਾਰਕ ਮਿਆਰਾਂ ਅਨੁਸਾਰ ਨਹੀਂ ਹੈ ਲਿਹਾਜ਼ਾਂ ਇਹ ਸਮਾਜ ਲਈ ਘਾਤਕ ਹੈ, ਕਿ ਇਹ ਪੋਸਟ ਬਿਨ੍ਹਾਂ ਤੱਥਾਂ ਤੋਂ ਹੈ ਆਦਿ। ਫੇਸਬੁੱਕ ਰਾਹੀਂ ਫੈਲਾਏ ਜਾ ਰਹੇ ਝੂਠ ਤੁਫ਼ਾਨ ਦਾ ਖੁਰਾ-ਖੋਜ ਲੱਭਣ ਲਈ ਕੇਰਲਾ 'ਚ ਫੇਸਬੁੱਕ ਦੇ ਇੱਕ ਖੋਜਾਰਥੀ ਨੇ ਫੇਸਬੁੱਕ 'ਤੇ ਆਪਣਾ ਨਵਾਂ ਖਾਤਾ ਖੋਹਲ ਕੇ ਕੇਰਲਾ ਦੇ ਇੱਕ ਯੂਜ਼ਰ ਦਾ ਤਜ਼ਰਬਾ ਹੱਡੀਂ ਹੰਢਾਉਣ ਦੀ ਵਿਉਂਤ ਬਣਾਈ, ਉਸਨੇ ਆਪਣੇ ਇਸ ਖਾਤੇ ਨੂੰ ਫੇਸਬੁੱਕ ਵੱਲੋਂ ਸੁਝਾਏ ਗਏ ਸਾਰੇ ਫੇਸਬੁੱਕ ਰੇਂਜਾਂ ਨੂੰ ਆਪਣੀ ਗੁਜ਼ਾਰਿਸ਼ਾਂ ਭੇਜੀਆਂ। ਇਸ ਉਪਰੰਤ ਉਸ ਦੀ ਹੈਰਾਨੀ ਦੀ ਕੋਈ ਸੀਮਾ ਨਾ ਰਹੀ ਕਿ ਜਦੋਂ ਉਸਨੇ ਜੋ ਨੋਟ ਕੀਤਾ ਕਿ ਕਿਵੇਂ ਉਸਨੇ ਆਪਣੀ ਨਿਊਜ਼ ਫੀਡ 'ਚ ਮੋਇਆਂ ਦੀਆਂ ਐਨੀਆਂ ਨਿਊਜ਼ ਦੇਖੀਆਂ ਜਿੰਨੇ ਮੋਇਆਂ ਨੂੰ ਕਿ ਉਸਨੇ ਆਪਣੀ ਸਾਰੀ ਜ਼ਿੰਦਗੀ 'ਚ ਦੇਖਿਆ ਹੀ ਨਹੀਂ ਸੀ। ਕਿਉਂਕਿ ਅਜਿਹੀਆਂ ਜਾਹਲੀ ਆਈਡੀਜ਼ ਦੀ ਭਰਮਾਰ ਫੇਸਬੁੱਕ 'ਤੇ ਮੌਜੂਦ ਪਈ ਹੈ। ੧੪ ਫ਼ਰਵਰੀ ਨੂੰ ਪੁਲਵਾਮਾ ਹਮਲੇ ਤੋਂ ਬਾਦ ਦੇ ਅਰਸੇ 'ਚ ਫੇਸਬੁੱਕ ਦੇ ਗਣਿਤੀ ਫ਼ਾਰਮੂਲੇ ਸਿਆਸੀ ਅਤੇ ਫ਼ੌਜੀ ਸਮੱਗਰੀ ਵਾਲੇ ਪੇਜਾਂ ਦੇ ਸੁਝਾਵਾਂ ਨਾਲ ਭਰਪੂਰ ਰਹੇ। ਵਾਚ ਅਤੇ ਲਾਈਵ ਟੈਬਾਂ ਨੂੰ ਕਲਿੱਕ ਕਰਨ 'ਤੇ ਉਹਨੂੰ ਪੋਰਨ (ਲੱਚਰ, ਅਸ਼ਲੀਲ) ਸਮੱਗਰੀ ਅਲਗਾਰਿਦਮ ਨੇ ਪਰੋਸੀ।

ਇੱਥੇ ਇੱਕ ਹੋਰ ਵੀ ਗੱਲ ਨੋਟ ਕਰਨ ਵਾਲੀ ਹੈ ਕਿ ਫੇਸਬੁੱਕ ਨੂੰ ਹੋਣ ਵਾਲੀ 2021 ਦੀ ਪਹਿਲੀ ਚੌਥਾਈ ਦੀ ਆਮਦਨੀ ਦਾ 52.5% ਹਿੱਸਾ ਅਮਰੀਕਾ ਅਤੇ ਕਨੇਡਾ ਤੋਂ ਬਾਹਰ ਤੋਂ ਪ੍ਰਾਪਤ ਹੋਇਆ ਹੈ ਪਰ ਅਜਿਹੀ ਗਲਤ-ਮਲਤ ਸੂਚਨਾਵਾਂ ਪ੍ਰਦਾਨ ਕਰਨ ਲਈ ਕੀਤੇ ਜਾਣ ਵਾਲੇ ਕੁੱਲ ਆਲਮੀ ਖ਼ਰਚੇ ਦਾ 87% ਸਿਰਫ ਅਮਰੀਕਾ 'ਚ ਹੀ ਖ਼ਰਚਿਆ ਜਾਂਦਾ ਹੈ ਅਤੇ ਬਾਕੀ ਦਾ ਨਗੂਨਾ ਸਾਰੇ ਸੰਸਾਰ ਲਈ ਰੱਖਿਆ ਗਿਆ ਹੈ।

ਵਿਗਿਆਨ ਦੀਆਂ ਹੋਰਨਾਂ ਪ੍ਰਾਪਤੀਆਂ ਵਾਂਗ ਸੂਚਨਾ ਤਕਨਾਲੋਜੀ 'ਚ ਹੋਈ ਲਾਜਵਾਬ ਤਰੱਕੀ ਆਸਰੇ ਵੀ ਮਨੁੱਖ ਨੇ ਅਗਾਂਹ ਵੱਲ ਛਲਾਂਗ ਪੁੱਟਣ ਦੀ ਦਿਸ਼ਾ 'ਚ ਕਦਮ ਵਧਾਏ ਹਨ। ਇਸਨੇ ਹਰ ਯੂਜ਼ਰ ਨੂੰ ਲੱਗਦਾ ਹੈ ਕਿ ਫੇਸਬੁੱਕ ਵਰਗਾ ਪਲੇਟਫ਼ਾਰਮ ਉਸਨੂੰ ਲਗ-ਪਗ ਹਰ ਮਾਮਲੇ 'ਤੇ ਹੀ ਆਪਣੇ ਨਿੱਜੀ ਵਿਚਾਰ ਪ੍ਰਗਟ ਕਰਨ ਲਈ ਮੁਹੱਈਆ ਕੀਤਾ ਹੋਇਆ ਹੈ, ਪਰ ਉਸ ਯੂਜ਼ਰ ਦੀ ਖੁਸ਼ਫਹਿਮੀ ਉਦੋਂ ਕਾਫ਼ੂਰ ਹੋ ਜਾਂਦੀ ਹੈ ਜਦੋਂ ਉਹਦੇ ਵਿਚਾਰਾਂ ਨੂੰ 'ਭਾਈਚਾਰੇ ਦੇ ਮਾਨਕਾਂ 'ਤੇ ਪੂਰੇ ਨਾ ਉਤਰਦੇ ਹੋਣ' ਕਰਕੇ ਬਲਾਕ ਕਰਕੇ ਉਸਦਾ ਖਾਤਾ ਸਸਪੈਂਡ ਕਰ ਦਿੱਤਾ ਜਾਂਦਾ ਹੈ।

ਸਾਮਰਾਜੀ ਸਰਮਾਏਦਾਰਾਨਾ ਯੁੱਗ 'ਚ ਵਿਗਿਆਨ ਦੀ ਹਰ ਤਰੱਕੀ ਨੂੰ ਆਪਣੇ ਨਿੱਜੀ ਸਵਾਰਥੀ ਹਿੱਤਾਂ ਦੀ ਪੂਰਤੀ ਲਈ ਲਗਾਤਾਰ ਵਰਤੇ ਜਾਣਾ ਆਮ ਗੱਲ ਹੈ। ਲੋੜ ਹੈ ਹਾਕਮ ਜਮਾਤਾਂ ਵੱਲੋਂ ਆਪਣੇ ਹੱਕ 'ਚ ਵਰਤੀ ਜਾਂਦੀ ਵਿਗਿਆਨ ਦੀ ਹਰ ਤਰਕੀਬ ਨੂੰ ਡੂੰਘਾਈ ਨਾਲ ਸਮਝਣ ਦੀ ਅਤੇ ਵਿਸ਼ਾਲ ਲੋਕਾਈ ਨੂੰ ਇਸ ਬਾਰੇ ਜਾਗਰੂਕ ਕਰਦਿਆਂ ਵਿਗਿਆਨ ਦੀ ਅਜਿਹੀ ਲੋਕ ਦੋਖੀ ਵਰਤੋਂ ਨੂੰ ਬੰਨ੍ਹ ਮਾਰਨ ਦੀ। ਫੇਸਬੁੱਕ ਵਰਗੇ ਸੋਸ਼ਲ ਪਲੇਟਫ਼ਾਰਮਾਂ ਦੀ ਵਰਤੋਂ 'ਚ ਪਾਰਦਰਸ਼ਤਾ ਲਿਆਉਣ ਲਈ ਆਵਾਜ਼ ਬੁਲੰਦ ਕਰਨ ਦੀ। ਸਰਕਾਰ ਅਤੇ ਕਾਰਪੋਰੇਟ ਜਗਤ ਦਰਮਿਆਨ ਪੱਕੇ ਰਿਸ਼ਤੇ ਨੂੰ ਉਜਾਗਰ ਕਰਨ ਦੀ, ਜੱਗ ਜ਼ਾਹਰ ਕਰਨ ਦੀ। ਤਾਂ ਜੋ ਵਿਗਿਆਨ ਦੀ ਅਜਿਹੀ ਤਰੱਕੀ ਨੂੰ ਵਿਸ਼ਾਲ ਲੋਕਾਈ ਦੇ ਹਿੱਤਾਂ 'ਚ ਵਰਤੋਂ 'ਚ ਲਿਆਂਦਾ ਜਾ ਸਕੇ। ਇੱਕ ਵਧੀਆ ਉਸਾਰੂ ਸਮਾਜ ਸਿਰਜਣ ਦੇ ਲੇਖੇ ਲਾਉਣ ਦੀ।

# ਖ਼ੁਰਮ ਪਰਵੇਜ਼ ਨੂੰ ਤੁਰੰਤ ਰਿਹਾਅ ਕੀਤਾ ਜਾਵੇ - ਜਮਹੂਰੀ ਅਧਿਕਾਰ ਸਭਾ

**ਬਲਜਿੰਦਰ ਸਿੰਘ**

ਲੁਧਿਆਣਾ ਅੱਜ ਪ੍ਰੈੱਸ ਬਿਆਨ ਜਾਰੀ ਕਰਕੇ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਏ.ਕੇ.ਮਲੇਰੀ, ਜਨਰਲ ਸਕੱਤਰ ਪ੍ਰੋਫੈਸਰ ਜਗਮੋਹਣ ਸਿੰਘ ਅਤੇ ਪ੍ਰੈੱਸ ਸਕੱਤਰ ਬੂਟਾ ਸਿੰਘ ਨੇ ਜੰਮੂ-ਕਸ਼ਮੀਰ ਤੋਂ ਮਨੁੱਖੀ ਹੱਕਾਂ ਦੇ ਸਿਰਕੱਢ ਕਾਰਕੁੰਨ ਅਤੇ ਮਨੁੱਖਾਂ ਹੱਕਾਂ ਦੀਆਂ ਜੱਥੇਬੰਦੀਆਂ ਦੇ ਸਾਂਝੇ ਮੰਚ ਜੇ.ਕੇ.ਸੀ.ਸੀ.ਐੱਸ (ਜੰਮੂ-ਕਸ਼ਮੀਰ ਕੁਲੀਸ਼ਨ ਆੱਫ ਸਿਵਿਲ ਸੁਸਾਇਟੀ) ਦੇ ਪ੍ਰੋਗਰਾਮ ਕੁਆਰਡੀਨੇਟਰ ਖੁਰਮ ਪਰਵੇਜ਼ ਨੂੰ 'ਕੌਮੀ ਜਾਂਚ ਏਜੰਸੀ (ਐੱਨ.ਆਈ.ਏ) ਵੱਲੋਂ ਗ੍ਰਿਫਤਾਰ ਕਰਨ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ। ਉਸ ਨੂੰ ਪੁੱਛਗਿੱਛ ਦੇ ਬਹਾਨੇ ਹਿਰਾਸਤ ਵਿਚ ਲੈ ਕੇ ਗ੍ਰਿਫ਼ਤਾਰ ਕਰ ਲਿਆ ਗਿਆ। ਖੁਰਮ ਪਰਵੇਜ਼ ਜੇ.ਕੇ.ਸੀ.ਸੀ.ਐੱਸ ਤੋਂ ਇਲਾਵਾ ਏ.ਐੱਫ.ਏ.ਡੀ (ਏਸ਼ੀਅਨ ਫੈਡਰੇਸ਼ਨ ਅਗੇਂਸਟ ਇਨਵੌਲੰਟੀਅਰੀ ਡਿਸਐਪੀਅਰੈਂਸ) ਦੇ ਚੇਅਰਪਰਸਨ ਵੀ ਹਨ। 2006 ਵਿਚ ਕਸ਼ਮੀਰ ਵਿਚ ਮਨੁੱਖੀ ਹੱਕਾਂ ਸੰਬੰਧੀ ਆਵਾਜ਼ ਉਠਾਉਣ ਲਈ ਉਸ ਦੀ ਘਾਲਣਾ ਬਦਲੇ 'ਰਿਬੌਕ ਹਿਊਮਨ ਰਾਈਟਸ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ ਸੀ। ਜੰਮੂ ਵਿਚ ਚੋਣਾਂ ਸਮੇਂ ਉਹ ਬਾਰੂਦੀ ਸੁਰੰਗ ਦੀ ਲਪੇਟ ਵਿਚ ਆ ਗਏ ਸਨ ਜਿਸ ਕਾਰਨ ਉਨ੍ਹਾਂ ਦੀ ਇਕ ਲੱਤ ਕੱਟਣੀ ਪਈ ਸੀ।

14 ਸਤੰਬਰ 2016 ਵਿਚ ਖੁਰਮ ਪਰਵੇਜ਼ ਨੂੰ ਯੂ.ਐੱਨ.ਹਿਊਮਨ ਰਾਇਟਸ ਕਾਉਂਸਲ ਦੇ ਸੈਸ਼ਨ ਵਿਚ ਜਨੇਵਾ ਵਿਚ ਬੋਲਣ ਦਾ ਸੱਦਾ ਦਿੱਤਾ ਗਿਆ ਸੀ। ਪਰ ਭਾਰਤੀ ਸੁਰੱਖਿਆ ਏਜੰਸੀਆਂ ਵੱਲੋਂ ਉਸਨੂੰ ਏਅਰਪੋਰਟ ਉੱਪਰ ਰੋਕ ਲਿਆ ਗਿਆ ਅਤੇ ਗ੍ਰਿਫ਼ਤਾਰ ਕਰ ਲਿਆ। ਉਸ ਨੂੰ 15 ਸਤੰਬਰ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ 'ਚ ਰੱਖਣ ਤੋਂ ਬਾਦ 30 ਨਵੰਬਰ 2016 ਨੂੰ ਰਿਹਾਅ ਕੀਤਾ ਗਿਆ ਸੀ। ਅਕਤੂਬਰ 2020 'ਚ ਵੀ ਖ਼ੁਰਮ ਦੀ ਰਿਹਾਇਸ਼ ਅਤੇ ਦਫ਼ਤਰ ਸਮੇਤ ਜੰਮੂ-ਕਸ਼ਮੀਰ ਵਿਚ ਬਹੁਤ ਸਾਰੇ ਕਾਰਕੁੰਨਾਂ ਅਤੇ ਪੱਤਰਕਾਰਾਂ ਦੇ ਘਰਾਂ 'ਚ ਛਾਪੇਮਾਰੀ ਕੀਤੀ ਗਈ ਸੀ। ਹੁਣ ਫਿਰ ਉਸ ਨੂੰ 'ਦਹਿਸ਼ਤਵਾਦੀ ਜਥੇਬੰਦੀਆਂ' ਨੂੰ ਫੰਡ ਦੇਣ ਦਾ ਇਲਜ਼ਾਮ ਲਗਾ ਕੇ ਇੰਡੀਅਨ ਪੀਨਲ ਕੋਡ ਦੀਆਂ ਸੰਗੀਨ ਧਾਰਾਵਾਂ ਅਤੇ ਯੂ.ਏ.ਪੀ.ਏ ਤਹਿਤ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪਹਿਲਾਂ ਹੀ ਦੇਸ਼ ਦੇ 20 ਦੇ ਕਰੀਬ ਬੁੱਧੀਜੀਵੀ ਅਤੇ ਜਮਹੂਰੀ ਹੱਕਾਂ ਤੇ ਸ਼ਹਿਰੀ ਆਜ਼ਾਦੀਆਂ ਦੇ ਕਾਰਕੁੰਨ ਤਿੰਨ ਸਾਲ ਤੋਂ ਝੂਠੇ ਕੇਸਾਂ ਤਹਿਤ ਜੇਲ੍ਹਾਂ ਵਿਚ ਡੱਕੇ ਹੋਏ ਹਨ। ਖ਼ੁਰਮ ਪ੍ਰਵੇਜ਼ ਦੀ ਗ੍ਰਿਫ਼ਤਾਰੀ ਉਸੇ ਸੂਚੀ ਵਿਚ ਇਕ ਹੋਰ ਵਾਧਾ ਹੈ। ਇਹ ਵਿਚਾਰ ਪ੍ਰਗਟਾਵੇ ਅਤੇ ਆਪਣੇ ਸਮਾਜ ਦੇ ਹਿਤਾਂ ਲਈ ਆਵਾਜ਼ ਉਠਾਉਣ ਦੇ ਜਮਹੂਰੀ ਹੱਕ ਉੱਪਰ ਫਾਸ਼ੀਵਾਦੀ ਹਮਲਾ ਹੈ ਅਤੇ ਸਮੂਹ ਇਨਸਾਫ਼ਪਸੰਦ ਜਮਹੂਰੀ ਤਾਕਤਾਂ ਨੂੰ ਇਸ ਦਾ ਗੰਭੀਰਤਾ ਨਾਲ ਨੋਟਿਸ ਲੈਣਾ ਚਾਹੀਦਾ ਹੈ। ਸਭਾ ਮੰਗ ਕਰਦੀ ਹੈ ਕਿ ਭਾਰਤੀ ਰਾਜ ਜਮਹੂਰੀ ਹੱਕਾਂ ਤੇ ਸ਼ਹਿਰੀ ਆਜ਼ਾਦੀਆਂ ਦੀ ਲਹਿਰ ਉੱਪਰ ਹਮਲੇ ਬੰਦ ਕਰੇ, ਸਾਰੇ ਝੂਠੇ ਕੇਸ ਵਾਪਸ ਲਏ ਜਾਣ ਅਤੇ ਖ਼ੁਰਮ ਪਰਵੇਜ਼ ਸਮੇਤ ਹੱਕਾਂ ਲਈ ਆਵਾਜ਼ ਉਠਾਉਣ ਵਾਲੇ ਸਮੂਹ ਬੁੱਧੀਜੀਵੀਆਂ/ਕਾਰਕੁੰਨਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ।

# ਪੂੰਜੀਵਾਦ ਬਨਾਮ ਧਰਤੀ ਦੀ ਹੋਂਦ

(ਸਫ਼ਾ 2 ਦੀ ਬਾਕੀ)

ਜਾਂਦਾ ਹੈ। ਅਮਰੀਕਾ ਵਰਗਾ ਮੁਲਕ ਆਪਦੇ ਹਥਿਆਰ ਟੈਸਟ ਕਰਨ ਲਈ ਬਿਨਾਂ ਕਿਸੇ ਕਾਰਨ ਦੇ ਕਿਸੇ ਵੀ ਮੁਲਕ ਨੂੰ ਬਲੀ ਦਾ ਬੱਕਰਾ ਬਣਾ ਸਕਦਾ ਹੈ, ਅਤੇ ਲੜਾਈ ਲਾਕੇ ਲੱਖਾਂ ਟਨ ਪਰਦੂਸ਼ਣ ਪੈਦਾ ਕਰ ਦਿੰਦਾ ਹੈ । ਇਰਾਕ ਦੀ ਲੜਾਈ ਤੋਂ ਬਾਦ ਇਸਨੇ ਐਫ 16 ਜਹਾਜ ਵਗੈਰਾ ਵੇਚ ਕੇ ਅਰਬਾਂ ਡਾਲਰ ਬਣਾਏ ਅਤੇ ਬਿਨਾਂ ਮਤਲਬ ਇਰਾਕ ਦੇ ਲੱਖਾਂ ਲੋਕ ਮੌਤ ਦੇ ਘਾਟ ਉਤਾਰ ਦਿੱਤੇ। ਇਰਾਕ ਦੀ ਜਾਂ ਲਿਬੀਆ ਦੀ ਤਬਾਹੀ ਇਸ ਕਰਕੇ ਹੋਈ ਕਿਉਂਕਿ ਅਮਰੀਕਣ ਕੰਪਨੀਆਂ, ਇਹਨਾ ਦੇਸ਼ਾਂ ਦੇ ਤੇਲ ਤੇ ਕਬਜਾ ਕਰਨਾ ਚਾਂਹੁੰਦੀਆਂ ਸਨ । ਹਰ ਸਾਲ ਟਨਾਂ ਦੇ ਟਨ ਹਿਸਾਬ ਨਿਊਕਲੀਅਰ ਵੇਸਟ ਅਫਰੀਕਾ ਦੇ ਟਿੱਬਿਆਂ ਵਿੱਚ ਡੰਪ ਕੀਤਾ ਜਾ ਰਿਹਾ ਹੈ ਯਾਦ ਰਹੇ ਟਿੱਬੇ ਪਾਣੀ ਦੀਆਂ ਰੈਜਰਵੇਅਰਾਂ ਹੁੰਦੇ ਹਨ ਕਿਉਂਕਿ ਬਰਸਾਤੀ ਪਾਣੀ ਟਿੱਬਿਆਂ ਵਿੱਚ ਸਮਾ ਜਾਂਦਾ ਹੈ , ਇਹ ਪਾਣੀ ਤਾਂ ਪਰਦੂਸ਼ਿਤ ਹੋਵੇਗਾ ਹੀ, ਨਾਲ਼ ਹੀ ਮਾਰੂਥਲ ਦੇ ਜੀਅ ਜੰਤ ਵੀ ਮਰਨਗੇ। ਇਹ ਦੁਨੀਆਂ 43 ਬਿੱਲੀਅਨ ਟਨ ਕਾਰਬਨਡਾਇਆਕਸਾਈਡ ਹਵਾ ਵਿੱਚ ਛੱਡ ਰਹੀ ਹੈ, ਇਸ ਨੂੰ ਰੋਕ ਕੌਣ ਪਾਊਗਾ, ਇਹ ਤੇਲ ਕੰਪਨੀਆਂ ਜਾਂ ਕੋਲੇ ਦੀਆਂ ਖਦਾਨਾਂ ਵਾਲ਼ੇ ਮਾਲਕ ਇਹ ਹੋਣ ਦੇਣਗੇ, ਬਿੱਲਕੁੱਲ ਨਹੀਂ। ਗਲਸਾਗੋ ਵਿੱਚ ਇੱਕ ਡਰਾਮਾ ਕੀਤਾ ਜਾਂਦਾ ਹੈ, ਵਾਤਾਵਰਣ ਨੂੰ ਬਚਾਉਣ ਵਾਰੇ ਇੱਕ ਕਾਨਫਰੰਸ ਕੀਤੀ ਜਾਂਦੀ ਹੈ, ਉਥੇ ਇਹਨਾਂ ਲੀਡਰਾਂ ਦੇ ਐਨੇ ਜਹਾਜ ਪਹੁੰਚਦੇ ਹਨ ਕਿ ਏਅਰਪੋਰਟ ਤੇ ਇਹਨਾਂ ਦੇ ਜਹਾਜਾਂ ਨੂੰ ਪਾਰਕ ਕਰਨ ਲਈ ਜਗਾਹ ਵੀ ਨਹੀਂ ਲੱਭਦੀ, ਫਿਰ ਇਹ ਜਹਾਜ ਪਾਰਕ ਕਰਨ ਲਈ ਹੋਰ ਦੂਜੇ ਏਅਰ ਪੋਰਟਾਂ ਤੇ ਭੇਜੇ ਜਾਂਦੇ ਹਨ। ਐਨੇ ਜਹਾਜ ਲਿਜਾ ਕੇ ਪਰਦੂਸ਼ਣ ਫੈਲਾ ਕੇ, ਲੀਡਰ ਵਾਤਾਵਰਣ ਬਚਾਉਣ ਦੀਆਂ ਗੱਲਾਂ ਕਰਦੇ ਹਨ । ਇਹ ਲੀਡਰ ਸਵਾਰੀਆਂ ਵਾਲ਼ੇ ਜਹਾਜਾਂ ਵਿੱਚ ਕਿਉਂ ਨਹੀ ਜਾ ਸਕਦੇ ? ਕਿਉਂਕਿ ਇੱਕ 737 ਜਹਾਜ ਜਿਹੜਾ 174 ਸਵਾਰੀਆਂ ਲਿਜਾ ਸਕਦਾ ਹੈ, ਉਹ ਇਕ ਲੀਡਰ ਲਈ ਵਰਤਿਆ ਜਾ ਰਿਹਾ ਹੈ, ਇੱਕ ਗੱਲ ਚੇਤੇ ਰਹੇ ਕਿ ਇਸ ਜਹਾਜ ਦੀ ਟੈਂਕੀ 32000 ਲੀਟਰ ਤੇਲ ਨਾਲ਼ ਭਰਦੀ ਹੈ। ਇਹਨਾਂ ਮਹਾਨ ਲੀਡਰਾਂ ਨੇ ਪਰਦੂਸ਼ਣ ਨੂੰ ਰੋਕਣ ਵਾਲ਼ੀ ਕਾਨਫਰੰਸ ਕਰਨ ਤੇ ਖੁਦ ਕਿੰਨਾ ਪਰਦੂਸ਼ਣ ਫੈਲਾਇਆ, ਕੌਣ ਇਸਦਾ ਹਿਸਾਬ ਕਰੇਗਾ ? ਇਸ ਕਾਨਫਰੰਸ ਵਿੱਚੋਂ ਨਿੱਕਲ਼ਿਆ ਕੀ ? ਵਾਤਾਵਰਣ ਨੂੰ ਬਚਾਉਣ ਵਾਲ਼ੀ ਗੱਲ ਹਮੇਸ਼ਾ ਦੀ ਤਰਾਂ ਅਗਲੇ ਵੀਹ ਤੀਹ ਸਾਲ ਤੇ ਸੁੱਟ ਦਿੱਤੀ ਗਈ। ਬੇਹੱਦ ਪਰਦੂਸ਼ਣ ਅਸਮਾਨ ਨੂੰ ਚੜਨ ਵਾਲ਼ੇ ਰਾਕਟ ਕਰਦੇ ਹਨ, ਅੱਜ ਕੱਲ ਜੈਫ ਬੀਜੋ ਜਾਂ ਇਲੋਨ ਮਸਕ ਵਰਗੇ ਇਹਨਾਂ ਰਾਕਟਾਂ ਤੇ ਬੈਠ ਕੇ ਧਰਤੀ ਦੇ ਚੱਕਰ ਲਾਂਉਦੇ ਹਨ ਅਤੇ ਇਹ ਸੋਚਕੇ ਹੱਸਦੇ ਹੋਣਗੇ ਕਿ ਅਸੀਂ ਤਾਂ ਸਾਰੇ ਪਲੈਨਿੱਟ ਨੂੰ ਹੀ ਬੁਧੂ ਬਣਾ ਦਿੱਤਾ ਹੈ । ਇਹ ਮੰਗਲ਼ ਤਾਰੇ ਤੇ ਜ਼ਿੰਦਗੀ ਜਿਉਣ ਦੀਆਂ ਹਾਲਤਾਂ ਭਾਲਦੇ ਹਨ ਪਰ ਧਰਤੀ ਨੂੰ, ਜਿਸਤੇ ਸੱਤ ਅਰਬ ਲੋਕਾਂ ਤੋਂ ਬਿਨਾ ਹੋਰ ਪਤਾ ਨਹੀਂ ਕਿੰਨੇ ਅਰਬ ਜੀਅ ਜੰਤੂ ਰਹਿ ਰਹੇ ਹਨ, ਉਸ ਨੂੰ ਤਬਾਹ ਕਰਨ ਤੇ ਤੁਲੇ ਹੋਏ ਹਨ। ਇਹ ਕਾਰਪੋਰੇਟ ਸਿਸਟਮ ਆਪ ਹੀ ਬਿਮਾਰੀਆਂ ਪੈਦਾ ਕਰਦਾ ਹੈ ਅਤੇ ਆਪ ਹੀ ਉਹਨਾਂ ਦੇ ਇਲਾਜ ਦੀਆਂ ਦਵਾਈਆਂ ਵੇਚਦਾ ਹੈ। ਕਿਸੇ ਬਿਮਾਰੀ ਦਾ ਖਾਤਮਾ ਨਹੀਂ ਕਰਦਾ ਸਗੋਂ ਬਿਮਾਰੀ ਦਾ ਡਰਾਵਾ ਦੇ ਕੇ, ਡਰੱਗ ਬਨਾਉਣ ਵਾਲ਼ੀਆਂ ਫੈਕਟਰੀਆਂ ਚਾਲੂ ਰੱਖਦਾ ਹੈ। ਸਮਾਂ ਹੋਵੇ ਯੁੱਧ ਦਾ ਜਾਂ ਸ਼ਾਂਤੀ ਦਾ, ਹਥਿਆਰ ਧੜਾ ਧੜ ਬਣ ਰਹੇ ਹਨ, ਫਿਰ ਇਹਨਾਂ ਨੂੰ ਵੇਚਣ ਲਈ ਲੜਾਈਆਂ ਵੀ ਕਰਾਉਣੀਆਂ ਪੈਣਗੀਆਂ। ਹਥਿਆਰ ਬਨਾਉਣ ਵਾਲ਼ੀਆਂ ਕੰਪਨੀਆਂ ਕਦੋਂ ਚਾਹੁਣਗੀਆਂ ਕਿ ਧਰਤੀ ਤੇ ਸ਼ਾਂਤੀ ਹੋਵੇ ਜਾਂ ਦਵਾਈਆਂ ਬਨਾਉਣ ਵਾਲ਼ੀਆਂ ਕੰਪਨੀਆਂ ਕਦੋਂ ਚਾਹੁਣਗੀਆਂ ਕਿ ਇਸ ਦੁਨੀਆਂ ਵਿੱਚ ਬਿਮਾਰੀਆਂ ਨਾ ਫੈਲਣ। ਧਰਤੀ ਦੇ ਵਧ ਰਹੇ ਤਾਪਮਾਨ ਕਰਕੇ, ਗਲੇਸ਼ੀਅਰ ਖੁਰ ਰਹੇ ਹਨ ਅਤੇ ਸਮੁੰਦਰ ਦੇ ਪਾਣੀ ਦਾ ਲੈਵਲ ਉਚਾ ਹੋ ਰਿਹਾ ਹੈ ਯਾਦ ਰਹੇ ਕਿ ਇੱਕ ਡਿਗਰੀ ਤਾਪਮਾਨ ਵਧਣ ਨਾਲ਼ ਸਮੁੰਦਰ ਦਾ ਲੈਵਲ ਇੱਕ ਮੀਟਰ ਵਧਦਾ ਹੈ। ਇਸ ਸਾਲ ਫਿਜੀ ਅਤੇ ਇੰਡੋਨੇਸ਼ੀਆਂ ਦੇ ਕਈ ਟਾਪੂਆਂ ਦੀ ਹਾਲਤ ਡੁੱਬਣ ਵਾਲ਼ੀ ਹੋ ਗਈ, ਕਿੰਨੇ ਹੀ ਟਾਪੂਆਂ ਦੇ ਲੋਕ ਆਪਦਾ ਘਰ ਬਾਰ ਛੱਡ ਕੇ ਮੇਨਲੈਂਡ ਤੇ ਬੇਘਰ ਹੋਏ ਬੈਠੇ ਹਨ। ਧਰਤੀ ਉਤੇ ਪਰਦੂਸ਼ਣ ਵਧਣ ਕਰਕੇ ਜਾਨਵਰਾਂ ਦੀਆਂ ਕਿੰਨੀਆਂ ਹੀ ਜਾਤੀਆਂ ਅਲੋਪ ਹੋ ਰਹੀਆਂ ਹਨ, ਪੰਜਾਬ ਦੇ ਲੋਕ ਤਾਂ ਸ਼ਰੇਆਮ ਦੇਖ ਰਹੇ ਹਨ ਕਿ ਗਿਰਝਾਂ, ਘੋਗੜ ਤੇ ਹੋਰ ਕਈ ਪੰਛੀ ਤਾਂ ਦਿਸਣੋ ਹੀ ਹਟ ਗਏ ਹਨ ਅਤੇ ਚਿੜੀਆਂ, ਕਾਂ, ਮੋਰ ਵੀ ਬਹੁਤ ਘੱਟ ਦਿਸਦੇ ਹਨ। ਜੇਕਰ ਦੁਨੀ ਆਂ ਦੇ ਹੋਰ ਦੇਸ਼ਾਂ ਤੇ ਨਜ਼ਰ ਮਾਰੀਏ ਤਾਂ, ਅਫਰੀਕਾ ਦਾ ਕਾਲ਼ਾ ਰਾਈਨੋ, ਚਿੱਟੀਆਂ ਡੌਲਫਿਨ, ਪੈਸੰਜਰ ਕਬੂਤਰ, ਸਪੈਨਿਸ਼ ਆਈਬਰੀਅਨ ਬੱਕਰੀਆਂ, ਤਾਸਮੇਨੀਅਨ ਟਾਈਗਰ, ਸਟੈਬਰ ਸਮੁੰਦਰੀ ਗਾਂ, ਵੱਡੇ ਵੱਡੇ ਦੰਦਾ ਵਾਲ਼ੇ ਸ਼ੇਰ, ਜੱਤ ਵਾਲ਼ਾ ਮਮੋਥ ਹਾਥੀ ਵਰਗਾ ਜਾਨਵਰ, ਇਸ ਧਰਤੀ ਤੋਂ ਗਾਇਬ ਹੋ ਚੁੱਕੇ ਹਨ। ਮਨੁੱਖ, ਜਾਨਵਰ, ਬਨਸਪਤੀ ਇੰਟਰਕੁਨੈਕਟਡ ਹਨ, ਇੱਕ ਵਾਰ ਚਾਈਨਾ ਨੂੰ ਲੱਗਿਆ ਕਿ ਚਿੜੀਆਂ ਬਹੁਤ ਅਨਾਜ ਖਾ ਜਾਂਦੀਆਂ ਹਨ ਅਤੇ ਸਰਕਾਰ ਨੇ ਚਿੜੀਆਂ ਮਾਰਨ ਦਾ ਹੁਕਮ ਦੇ ਦਿੱਤਾ। ਲੋਕਾਂ ਨੇ ਸਰਕਾਰ ਦੇ ਹੁਕਮਾਂ ਤੇ ਫੁੱਲ ਚੜਾਏ ਅਤੇ ਬੇਹੱਦ ਚਿੜੀਆਂ ਮਾਰ ਦਿੱਤੀਆਂ, ਫਿਰ ਕੀ ਹੋਇਆ ਚੀਨ ਵਿੱਚ ਅਕਾਲ਼ ਪੈ ਗਿਆ, ਕਿਉਂਕਿ ਚਿੜੀਆਂ ਫਸਲਾਂ ਦੇ ਦੁਸ਼ਮਣ ਕੀੜਿਆਂ ਨੂੰ ਖਾਂਦੀਆਂ ਸਨ। ਇਹਨਾਂ ਕੀੜਿਆਂ ਦੀ ਗਿਣਤੀ ਵਧ ਗਈ ਅਤੇ ਉਹ ਫਸਲਾਂ ਨੂੰ ਖਾ ਗਏ। ਇਸਤੋਂ ਬਾਦ ਫੇਰ ਚੀਨ ਵਿੱਚ ਚਿੜੀਆਂ ਨੂੰ ਮਾਰਨ ਤੇ ਪਾਬੰਦੀ ਲਾ ਦਿੱਤੀ ਗਈ ।ਜਿਸਤਰਾਂ ਧਰਤੀ ਦੇ ਹੋਰ ਜਾਨਵਰ ਖਤਮ ਹੋ ਰਹੇ ਹਨ, ਇਸਤਰਾਂ ਸਾਡੀ ਵਾਰੀ ਵੀ ਇੱਕ ਦਿਨ ਆ ਸਕਦੀ ਹੈ ।

1978 ਵਿੱਚ ਉਤਰੀ ਧਰੁੱਵ ਦੀ ਬਰਫ ਦੀ ਡੂੰਘਾਈ ਪੰਜ ਕਿਲੋਮੀਟਰ ਸੀ ਜਿਹੜੀ ਕਿ 2021 ਵਿੱਚ ਸਿਰਫ ਦੋ ਕਿਲੋਮੀਟਰ ਰਹਿ ਗਈ ਹੈ। ਇਹੀ ਹਾਲ ਦੱਖਣੀ ਧਰੁੱਵ ਦਾ ਹੋਇਆ ਹੈ, ਇਹ ਬਰਫ ਖੁਰ ਕੇ ਸਮੁੰਦਰ ਦਾ ਤਲ ਉਚਾ ਹੀ ਕਰਦੀ ਹੈ। ਜੇਕਰ ਧਰਤੀ ਇਸੇ ਤਰਾਂ ਹੀ ਗਰਮ ਹੁੰਦੀ ਰਹੀ ਤਾਂ ਅਗਲੇ ਦਸ ਵੀਹ ਸਾਲਾਂ ਤੱਕ ਸਮੁੰਦਰੀ ਕਿਨਾਰੇ ਵਾਲ਼ੇ ਸ਼ਹਿਰਾਂ ਦੀ ਹੋਂਦ ਖਤਰੇ ਵਿੱਚ ਪੈ ਜਾਵੇਗੀ, ਕਰੋੜਾਂ ਲੋਕ ਬੇ-ਘਰ ਹੋ ਜਾਣਗੇ। ਅਸੀਂ ਇਸ ਟਾਈਮ 80 ਬਿੱਲੀਅਨ ਟਨ ਮਟੀਰੀਅਲ ਪੈਦਾ ਕਰ ਰਹੇ ਹਾਂ ਜੋ ਵੀ ਅਸੀਂ ਚੀਜਾਂ ਬਣਾ ਰਹੇ ਹਾਂ,ਉਹਨਾਂ ਦਾ ਭਾਰ ਪਰ 2050 ਤੱਕ ਇਹ ਉਤਪਾਦਨ 180 ਬਿੱਲੀਅਨ ਟਨ ਤੱਕ ਚਲਾ ਜਾਵੇਗਾ। ਜੇ ਕਰ ਅਸੀਂ 80 ਬਿੱਲੀਅਨ ਟਨ ਮਟੀਰੀਅਲ ਪੈਦਾ ਕਰਨ ਲਈ ਕੁਦਰਤ ਦਾ ਘਾਣ ਕਰ ਰਹੇ ਹਾਂ ਤਾਂ ਜਦੋਂ ਅਸੀਂ 180 ਬਿੱਲੀਅਨ ਟਨ ਮਟੀਰੀਅਲ ਉਤਪਾਰ ਕਰਾਂਗੇ ਤਾਂ ਅਸੀਂ ਕੁਦਰਤ ਕਿੰਨਾਂ ਘਾਣ ਕਰ ਰਹੇ ਹੋਵਾਂਗੇ। ਜਿਹੜੀ ਅੱਜ ਗਰੋਥ ਹੋ ਰਹੀ ਹੈ ਜੇਕਰ ਹਰ ਇੱਕ ਬੰਦੇ/ਔਰਤ ਨੂੰ 5 ਡਾਲਰ ਘੰਟੇ ਦੇ ਲੈਣ ਦੇ ਕਾਬਲ ਕਰੀਏ ਤਾਂ ਸਾਨੂੰ ਹੁਣ ਦੀ ਗਰੋਥ ਨੂੰ 175 ਗੁਣਾਂ ਵਧਾਉਣਾ ਪਵੇਗਾ। ਅਸੀਂ ਹਰ ਵੇਲ਼ੇ ਗਰੋਥ ਦੀ ਗੱਲ ਕਰਦੇ ਹਾਂ ਪਰ ਸੋਚੋ ਧਰਤੀ ਨੇ ਤਾਂ ਗਰੋ ਨਹੀਂ ਹੋਣਾ ਧਰਤੀ ਓਡੀ ਹੀ ਰਹੇਗੀ, ਫਿਰ ਇਹ ਗਰੋਥ ਧਰਤੀ ਤੇ ਬੋਝ ਹੀ ਬਣੇਗੀ। ਧਰਤੀ ਨੂੰ ਤਬਾਹੀ ਵੱਲ ਲਿਜਾਣ ਲਈ ਤਿੰਨ ਫੈਕਟਰ ਹੋਰ ਵੀ ਹਨ :-

1. **ਕਮੱਰਸ਼ੀਅਲ ਫਿਸ਼ਿੰਗ** : ਵੱਡੇ ਵੱਡੇ ਸਮੁੰਦਰੀ ਜਹਾਜਾਂ/ਕਿਸ਼ਤੀਆਂ ਨਾਲ਼ ਜਦੋਂ ਵੱਡੇ ਨੈਟ ਸੁੱਟ ਕੇ ਮੱਛੀਆਂ ਫੜਨ ਦਾ ਕੰਮ ਕੀਤਾ ਜਾਂਦਾ ਹੈ ਤਾਂ, ਸ਼ਾਰਕ, ਡਾਲਫਿਨ ਜਾਂ ਵੱਡੇ ਕੱਛੂ-ਕੁਮੇ ਵੀ ਇਹਨਾਂ ਜਾਲ਼ਾਂ ਵਿੱਚ ਫਸ ਜਾਂਦੇ ਹਨ। ਬਹੁਤ ਸਾਰੀਆ ਉਹ ਸਮੁੰਦਰੀ ਪਰਜਾਤੀਆਂ ਵੀ ਜਿਹਨਾਂ ਦੀ ਹੋਂਦ ਹੀ ਖਤਮ ਹੋਣ ਵਾਲ਼ੀ ਹੈ ਵੀ ਮਾਰੀਆਂ ਜਾਂਦੀਆਂ ਹਨ। ਕਮੱਰਸ਼ੀਅਲ ਫਿਸ਼ਿੰਗ ਸਮੁੰਦਰੀ ਜੀਵਾਂ ਦੀ ਤਬਾਹੀ ਹੈ, ਇਹ ਬਿੱਲਕੁਲ ਬੰਦ ਹੋਣ ਚਾਹੀਦੀ ਹੈ ਜਾਂ ਕਿਸੇ ਕੰਟਰੋਲ ਥੱਲੇ ਹੋਣੀ ਚਾਹੀਦੀ ਹੈ ।

2. **ਐਨੀਮਲ ਫਾਰਮਿੰਗ** : ਇਹ ਬਹੁਤੇ ਫਾਰਮ ਮੀਟ ਵਾਲ਼ੇ ਜਾਨਵਰਾਂ ਲਈ ਬਣਦੇ ਹਨ। ਹੁਣ ਜਿਹੜਾ ਮੀਟ ਵਾਲ਼ਾ ਜਾਨਵਰ ਹੈ, ਉਸ ਨੂੰ ਚਰਨ ਲਈ ਘੱਟੋ ਘੱਟ ਇੱਕ ਏਕੜ ਚਾਹੀਦਾ ਹੈ ਪਰ ਦੂਜੇ ਪਾਸੇ ਇੱਕ ਏਕੜ ਦੀ ਪੈਦਾਵਾਰ ਨਾਲ਼ ਇੱਕ ਟੱਬਰ ਦਾ ਗੁਜ਼ਾਰਾ ਵੀ ਹੋ ਸਕਦਾ ਹੈ। ਇਹ ਚਰਨ ਵਾਲ਼ੇ ਜਾਨਵਰ ਭੇਡਾਂ ਬੱਕਰੀਆਂ ਤੱਕ ਵੀ ਨਿੱਕੇ ਪੈਦਾ ਹੋਣ ਵਾਲ਼ੇ ਦਰੱਖਤਾਂ ਨੂੰ ਵੀ ਖਾ ਜਾਂਦੇ ਹਨ। ਮੀਟ ਖਾਣਾ ਮਨੁੱਖ ਦੀ ਬੇਸਕ ਲੋੜ ਵੀ ਨਹੀਂ ਹੈ । ਇਹ ਅਮੀਰਾਂ ਨੂੰ ਚਾਹੀਦੇ ਹਨ, ਟੀ-ਬੋਨ ਸਟੇਕਾਂ, ਮੱਛੀਆਂ ਦੇ ਆਂਡੇ 'ਗੈਵੀਅਰ', ਸ਼ਾਰਕ ਮੱਛੀ ਦਾ ਮੀਟ, ਆਮ ਲੋਕ ਤਾਂ ਦੋ ਡੰਗ ਦੀ ਰੋਟੀ ਨੂੰ ਵੀ ਤਰਸੇ ਪਏ ਹਨ। ਇਹ ਐਨੀਮਲ ਫਾਰਮਿੰਗ, ਇਹਨਾਂ ਵੱਡੀਆਂ ਕਾਰਪੋਰੇਸ਼ਨਾਂ ਲਈ ਵੱਡੀ ਆਮਦਨ ਦੇ ਸਾਧਨ ਹਨ, ਫਿਰ ਕੌਣ ਕਹੂਗਾ ਰਾਣੀ ਅੱਗਾ ਢਕ ?

3. **ਕਮੱਰਸ਼ੀਅਲ ਐਗਰੀਕਲਚਰ** : ਇਸ ਸਮੇਂ ਦਾ ਸਭ ਤੋਂ ਭਖਦਾ ਮੁੱਦਾ ਕਮੱਰਸ਼ੀਅਲ ਫਾਰਮਿੰਗ ਬਣ ਚੁੱਕਿਆ ਹੈ। ਹੁਣ ਜਿਹਨਾਂ ਕਿਸਾਨਾਂ ਦੇ ਛੋਟੇ ਛੋਟੇ ਖੇਤ ਹਨ, ਜਦ ਉਹ ਖੇਤਾਂ ਵਿੱਚ ਕੰਮ ਕਰਦੇ ਹਨ ਤਾਂ ਵਿੱਚ ਇੱਕ ਦੋ ਦਰੱਖਤ ਵੀ ਛਾਂ ਦੀ ਖਾਤਰ ਜਰੂਰ ਲਾ ਕੇ ਰੱਖਦੇ ਹਨ। ਕਿਸਾਨ ਦਾ ਸਾਰਾ ਟੱਬਰ ਇੱਕ ਮਾਣ ਜਿਹੇ ਨਾਲ਼ ਖੇਤ ਜਾਂਦਾ ਹੈ, ਪਰ ਜਦ ਕਿਸਾਨਾਂ ਨੂੰ ਖੁੱਲੀ ਵਪਾਰਕ ਮੰਡੀ ਦੇ ਨਾਲ਼ ਕੰਗਾਲ ਕਰ ਦਿੱਤਾ ਗਿਆ ਤੇ ਉਹਨਾਂ ਦੇ ਛੋਟੇ ਛੋਟੇ ਖੇਤ ਕਾਰਪੋਰੇਸ਼ਨਾਂ ਕੋਲ਼ ਆ ਗਏ, ਫਿਰ ਤਾਂ ਕਿਲੋਮੀਟਰ ਲੰਬੇ ਖੇਤ ਵਿੱਚ ਜਦ ਮਸ਼ੀਨਰੀ ਚੱਲੂ ਤਾਂ ਸਭ ਤੋਂ ਪਹਿਲਾਂ ਤਾਂ ਸਾਰੇ ਦਰੱਖਤ ਵੱਡ ਦਿੱਤੇ ਜਾਣਗੇ, ਕਿਉਂਕਿ ਦਰੱਖਤ ਵੱਡੇ ਵੱਡੇ ਟਰੈਕਟਰਾਂ ਨੂੰ ਅੜਿੱਕਾ ਲਾਂਉਦੇ ਹਨ। ਕਾਰਪੋਰੇਸ਼ਨਾਂ ਖੇਤੀ ਵੀ ਡਾਲਰਾਂ ਲਈ ਜਾਂ ਵੱਧ ਤੋਂ ਵੱਧ ਨਫ਼ੇ ਲਈ ਕਰਨਗੀਆਂ ਨਾਂ ਕਿ ਸਥਾਨਕ ਲੋਕਾਂ ਦੀਆਂ ਲੋੜਾਂ ਖਾਤਰ । ਇਸ ਕਰਕੇ ਧਰਤੀ ਦਾ ਘਾਣ ਇਹ ਕਮੱਰਸ਼ੀਅਲ ਖੇਤੀ ਬਹੁਤ ਜਿਅਦਾ ਕਰੂਗੀ, ਦੂਜੀ ਗੱਲ ਕਾਰਪੋਰੇਸ਼ਨਾਂ ਜਮੀਨ ਮਗਰ ਤਾਂ ਪਈਆਂ ਹਨ ਕਿਉਂਕਿ ਇਹ ਉਹਨਾਂ ਦੀ ਨਜ਼ਰ ਵਿੱਚ ਸਭ ਤੋਂ ਸੇਫ ਇਨਵੈਸਟਮੈਂਟ ਹੈ ।

ਲੋਕਾਂ ਨੂੰ ਆਪਦਾ ਸਮਾਨ ਵੇਚਣ ਲਈ, ਐਕਟਰਾਂ ਜਾਂ ਸਲਬਿਰਟੀਆ ਦਾ ਸਹਾਰਾ ਲਿਆ ਜਾਂਦਾ ਹੈ। ਅਸੀਂ ਜਿਹੜੇ ਕਿ ਆਪਦੇ ਆਪ ਨੂੰ, ਗੁਆਂਢੀ ਨਾਲ਼ੋ ਇਹਨਾਂ ਸਲੈਬਰਟੀਆਂ ਦੇ ਨੇੜੇ ਸਮਝਦੇ ਝੱਟ ਉਹਨਾਂ ਦੀ ਮਸ਼ਹੂਰ ਕੀਤੀ ਚੀਜ ਨੂੰ ਆਪਦੀ ਲੋੜ ਵਿੱਚ ਸ਼ਾਮਲ ਕਰ ਲੈਂਦੇ ਹਾਂ, ਬੇਸ਼ੱਕ ਉਹ ਚੀਜ ਪੈਦਾ ਕਰਨ ਲਈ ਕੁਦਰਤ ਦਾ ਕਿੰਨਾ ਵੀ ਨੁਕਸਾਨ ਕਿਉਂ ਨਾ ਹੋਇਆ ਹੋਵੇ ।

ਦੁਨੀਆਂ ਭਰ ਦੀ 65% ਦੌਲਤ ਪਹਿਲਾਂ ਹੀ 1% ਲੋਕਾਂ ਕੋਲ਼ ਇਕੱਠੀ ਹੋ ਗਈ ਹੈ। ਬਿੱਲ ਗੇਟ ਜਾਂ ਅੰਬਾਨੀਆਂ, ਅਡਾਨੀਆਂ ਵਗੈਰਾ ਨੂੰ ਇੱਕ ਦੂਜੇ ਤੋਂ ਮੂਹਰੇ ਲੰਘਣ ਦੀ ਦੌੜ ਲੱਗੀ ਹੋਈ ਹੈ। ਇਹ ਕਾਰਪੋਰੇਟ ਸਰਕਾਰਾਂ ਲੋਕਾਂ ਤੋਂ ਵਿੱਦਿਆ ਦਾ ਹੱਕ ਵੀ ਖੋਹਣਾਂ ਚਾਹੁੰਦੀਆਂ ਹਨ। ਸਰਕਾਰੀ ਸਕੂਲ ਬੰਦ ਹੋ ਰਹੇ ਹਨ ਤੇ ਪ੍ਰਾਈਵੇਟ ਸਕੂਲ ਧੜਾ ਧੜ ਖੁੱਲ ਰਹੇ ਹਨ। ਟੈਕਸ ਪੇਅਰ ਦਾ ਪੈਸਾ ਗਰਾਂਟਾਂ ਦੇ ਰੂਪ ਵਿੱਚ ਪਰਾਈਵੇਟ ਸਕੂਲਾਂ ਨੂੰ ਦਿੱਤਾ ਜਾ ਰਿਹਾ ਹੈ, ਹੁਣੇ ਹੀ ਇੱਕ ਤਾਜ਼ੀ ਖਬਰ ਦੇ ਮੁਤਾਬਿਕ ਬੀ.ਸੀ. 'ਕੈਨੇਡਾ' ਦੀ ਸਰਕਾਰ ਹਰ ਸਾਲ 400 ਮਿਲੀਅਨ ਡਾਲਰ ਪਰਾਈਵੇਟ ਸਕੂਲਾਂ ਨੂੰ ਦਿੰਦੀ ਹੈ। ਇਸਦਾ ਮਤਲਬ ਇਹ ਫੰਡ ਸਰਕਾਰੀ ਸਕੂਲਾਂ ਤੋਂ ਖੋਹ ਕੇ, ਪਰਾਈਵੇਟ ਸਕੂਲਾਂ ਨੂੰ ਦਿੱਤੇ ਜਾ ਰਹੇ ਹਨ। ਇਹ ਕਾਰਪੋਰੇਟ ਸਿਸਟਮ ਚਹੁੰਦਾ ਹੈ ਕਿ ਕਿਤੇ ਆਮ ਲੋਕ ਵਿਦਿਆ ਪਰਾਪਤ ਕਰਕੇ ਆਪਦੇ ਹੱਕਾਂ ਪ੍ਰਤੀ ਚੇਤੰਨ ਨਾ ਹੋ ਜਾਣ, ਇਸ ਕਰਕੇ ਵਿਦਿਆ ਐਨੀ ਮਹਿੰਗੀ ਕਰ ਦਿਓ ਕਿ ਗਰੀਬਾਂ ਦੇ ਬੱਚੇ ਸਿਰਫ ਮਜ਼ਦੂਰੀ ਕਰਨ ਜੋਗੇ ਹੀ ਰਹਿ ਜਾਣ। ਇਸ ਦੁਨੀਆਂ ਦੇ ਅਮੀਰ ਲੋਕ ਅਗਲੀਆਂ ਪੰਜ ਸੱਤ ਪੀੜੀਆਂ ਲਈ ਦੌਲਤ ਦੇ ਅੰਬਾਰ ਲਾਉਣ ਤੇ ਤੁਲੇ ਹੋਏ ਹਨ, ਪਰ ਇਹਨਾਂ ਦਾ ਦਿਮਾਗ ਕਿਉਂ ਨਹੀਂ ਕੰਮ ਕਰਦਾ ਕਿ ਪਾਣੀ ਦੀ ਸਮੱਸਿਆ ਤਾਂ ਅਗਲੀ ਪੀੜੀ ਲਈ ਜਿਉਂ ਦੀ ਤਿਉਂ ਖੜੀ ਹੈ। ਜੇਕਰ ਇਸ ਕਾਰਪੋਰੇਟ ਗਰੀਡ ਤੇ ਛਿੱਕਲ਼ੀ ਨਾ ਪਾਈ ਗਈ ਤਾਂ ਲੱਗਦਾ ਹੈ, ਮਨੁੱਖੀ ਨਸਲ ਜਾਂ ਧਰਤੀ ਦੇ ਹੋਰ ਸਾਰੇ ਜੀਅ ਜੰਤ ਨੂੰ ਸ਼ਾਇਦ ਅਗਲੀ ਸਦੀ ਦੇਖਣੀ ਨਸੀਬ ਨਾ ਹੋਵੇ। ਇੱਕ ਗੱਲ ਸਾਨੂੰ ਕਦੇ ਵੀ ਨਹੀਂ ਭੁੱਲਣੀ ਚਾਹੀਦੀ ਕਿ ਕੋਈ ਅਮੀਰ, ਗਰੀਬ ਲੋਕਾਂ ਨੂੰ ਲੁਟੇ ਬਿਨਾਂ ਅਮੀਰ ਨਹੀਂ ਹੋ ਸਕਦਾ। ਇੱਕ ਹਿਸਾਬ ਲਾਓ ਕਿ ਜਦ ਕੋਈ ਬੰਦਾ ਬਿਲੀਆਨੇਅਰ ਬਣਦਾ ਹੈ ਤਾਂ ਉਹ ਕਿੰਨੇ ਲੱਖ ਲੋਕਾਂ ਦੀਆਂ ਜੇਬਾਂ ਖਾਲੀ ਕਰਕੇ ਬਣਦਾ ਹੈ, ਹੁਣ ਮੋਟਾ ਹਿਸਾਬ ਹੈ, ਐਮਾਜੌਨ ਦਾ ਜੈਫ ਬੀਜੋ ਜਾਂ ਇਲੋਨ ਮਸਕ ਜਾਂ ਬਾਰਨ ਬਫੇ 'ਸਟੌਕ ਬਰੋਕਰ' ਸਾਡੀਆਂ ਜੇਬਾਂ ਚੋਂ ਪੈਸਾ ਕੱਢ ਕੇ ਹੀ ਅਰਬਪਤੀ ਬਣੇ ਹਨ, ਇਹ ਪੈਸਾ ਇਹਨਾਂ ਨੇ ਨੋਟ ਛਾਪ ਕੇ ਤਾਂ ਨਹੀ ਬਣਾਇਆ। ਇਸ ਧਰਤੀ ਨੂੰ ਬਚਾਉਣ ਲਈ ਇਸ ਪੂੰਜੀਵਾਦੀ ਸਿਸਟਮ ਦਾ ਖਾਤਮਾ ਬਹੁਤ ਜਰੂਰੀ ਹੈ । ਹੁਣ ਸਮਾ ਆ ਗਿਆ ਹੈ ਕਿ ਘਰਾਂ, ਕਾਰਾਂ ਦੇ ਦਿਖਾਵੇ ਦਾ ਕਲਚਰ ਛੱਡ ਕੇ ਇਸ ਧਰਤੀ ਨੂੰ ਬਚਾਉਣ ਲਈ ਚੇਤੰਨ ਹੋਈਏ ਨਹੀਂ ਤਾਂ ਸਾਡੇ ਹੱਥਾਂ ਵਿੱਚ ਖੇਡਣ ਵਾਲੇ, ਪੋਤੇ ਪੋਤੀਆਂ ਜਾਂ ਦੋਹਤੇ ਦੋਹਤੀਆਂ ਸਾਨੂੰ ਕਦੇ ਵੀ ਮਾਫ ਨਹੀ ਕਰਨਗੀਆਂ।

# ਸਹੀਦ ਊਧਮ ਸਿੰਘ ਬਾਰੇ ਲੇਖਕ ਰਾਕੇਸ਼ ਕੁਮਾਰ ਦਾ ਨਵਾਂ ਕਿਤਾਬਚਾ ਰਿਲੀਜ਼

ਅੱਜ ਖੋਜੀ ਇਤਿਹਾਸਕਾਰ ਰਾਕੇਸ ਕੁਮਾਰ ਜੀ ਦਾ ਨਵਾਂ ਕਿਤਾਬਚਾ "ਗਦਰੀ ਸਹੀਦ ਊਧਮ ਸਿੰਘ: ਭਾਰਤ ਦੀ ਆਜਾਦੀ ਦਾ ਪਰਵਾਨਾ ਰੀਲੀਜ ਕੀਤਾ ਗਿਆ।

ਲੇਖਕ ਨੇ ਦੱਸਿਆ ਕਿ ਇਹ ਕਿਤਾਬਚਾ ਸਹੀਦ ਊਧਮ ਸਿੰਘ ਦੀ ਜੀਵਨੀ ਤੇ ਉਨ੍ਹਾਂ ਦੀ ਸਹੀ ਵਿਚਾਰਧਾਰਾ ਬਾਰੇ ਵਿਸੇਸ ਤੋਰ ਤੇ ਤਿਆਰ ਕੀਤਾ ਗਿਆ ਹੈ । ਉਹਨਾਂ ਨੇ ਆਪਣੀ ਜ਼ਿੰਦਗੀ ਦੇਸ ਦੀ ਆਜਾਦੀ ਲਈ ਕੁਰਬਾਨ ਕੀਤੀ, ਇਹ ਉਹਨਾਂ ਬਾਰੇ ਹੁਣ ਤੱਕ ਸਾਹਮਣੇ ਆਏ ਪ੍ਰਮਾਨਿਤ ਤੱਥਾਂ ਦੇ ਅਧਾਰਤ ਹੈ ।ਇਹ ਪੜ੍ਹ ਕੇ ਤੁਹਾਨੂੰ ਸਹੀਦ ਊਧਮ ਸਿੰਘ ਦੀ ਜਿੰ?ਦਗੀ ਬਾਰੇ ਬਹੁਤ ਨਵੇਂ ਤੱਥਾਂ ਦਾ ਪਤਾ ਲੱਗੇਗਾ ਜਿਹੜੇ ਪਹਿਲਾਂ ਨਹੀਂ ਪਤਾ।

ਰਾਕੇਸ ਕੁਮਾਰ ਕਾਫੀ ਲੰਮੇ ਸਮੇਂ ਤੋਂ ਸਹੀਦ ਊਧਮ ਸਿੰਘ ਦੀ ਜ਼ਿੰਦਗੀ ਤੇ ਖੋਜ ਕਰ ਰਹੇ ਨੇ ਉਨ੍ਹਾਂ ਉਹਨਾਂ ਨੇ ਕੁਝ ਦੇਰ ਪਹਿਲਾਂ ਸ਼ਹੀਦ ਉਧਮ ਸਿੰਘ ਜੀ ਨਾਲ




ਸਬੰਧਤ 4 ਫਾਈਲਾਂ ਨੈਸਨਲ ਆਰਕਾਈਵਜ ਲੰਡਨ ਤੋਂ ਮੰਗਵਾਇਆ ਸੀ। ਸਹੀਦ ਊਧਮ ਸਿੰਘ ਦੀ ਜੇਲ੍ਹ ਚੋਂ ਰਿਹਾਈ ਤੋਂ ਬਾਅਦ ਕਸਮੀਰ ਪ੍ਰਵਾਸ ਦੌਰਾਨ ਉਨ੍ਹਾਂ ਦੀ ਸਰਗਰਮੀਆਂ ਬਾਰੇ ਉਜਾਗਰ ਕੀਤਾ ਹੈ। ਅਜੇ ਕੁਝ ਦਿਨ ਪਹਿਲਾਂ ਹੀ ਇਨ੍ਹਾਂ ਨੇ ਸਹੀਦ ਊਧਮ ਸਿੰਘ ਵੱਲੋਂ ਆਪਣੇ ਮੁਕੱਦਮੇ ਦੌਰਾਨ ਨਾਲ ਲੈ ਕੇ ਗਏ 8 ਪੇਜਾਂ ਵਿੱਚ ਗੁਰਮੁਖੀ ਵਿਚ ਲਿਖਿਆ ਦੱਸ ਕੁਟੇਸਨਾਂ ਨੂੰ ਇਹ ਪੜ੍ਹਨ ਵਿੱਚ ਕਾਮਯਾਬ ਹੋ ਗਏ ਸਨ ਇਹ ਕੁਟੇਸਨਾਂ ਪਿਛਲੇ ਅੱਸੀ ਸਾਲਾਂ ਤੋਂ ਪਹਿਲੀ ਵਾਰ ਪੜੀਆਂ ਗਈਆਂ ਹਨ।

ਖੋਜੀ ਇਤਿਹਾਸਕਾਰ ਰਾਕੇਸ ਕੁਮਾਰ ਨੇ ਕਿਹਾ ਕਿ ਇਹ ਕਿਤਾਬ ਬਹੁਤ ਮਹੱਤਵਪੂਰਨ ਕਿਤਾਬਚਾ ਹੈ ਨੌਜਵਾਨਾਂ ਨੂੰ ਇਹ ਕਿਤਾਬਚਾ ਜਰੂਰ ਪੜ੍ਹਨਾ ਚਾਹੀਦਾ ਹੈ।

ਗਦਰੀ ਸਹੀਦ ਊਧਮ ਸਿੰਘ ਵਿਚਾਰ ਮੰਚ ਦੇ ਆਗੂ ਬਲਵੀਰ ਚੰਦ ਲੌਂਗੋਵਾਲ ਨੇ ਕਿਹਾ ਕਿ ਸਹੀਦ ਊਧਮ ਸਿੰਘ ਇੱਕ ਇਨਕਲਾਬੀ ਸੀ ਉਸ ਦੀ ਜ਼ਿੰਦਗੀ ਦੇ ਕਈ ਛੁਪੇ ਤੱਥਾਂ ਨੂੰ ਬਾਹਰ ਲੈਕੇ ਆਉਣਾ ਇਕ ਸ਼ਲਾਘਾਯੋਗ ਕਦਮ ਹੈ।

ਰਾਕੇਸ ਕੁਮਾਰ ਜੀ ਹੁਣ ਤੱਕ ਤੇਰਾਂ ਕਿਤਾਬਾਂ ਲਿਖ ਚੁੱਕੇ ਨੇ ਕੁਝ ਦਿਨ ਪਹਿਲਾਂ ਹੀ ਇਨ੍ਹਾਂ ਦੀ ਕਿਤਾਬ ਨੂੰ ਪ੍ਰਿੰਸੀਪਲ ਤੇਜਾ ਸਿੰਘ ਸੰਪਾਦਨ ਦਾ ਸਰਵੋਤਮ ਪੁਰਸਕਾਰ ਮਿਲਿਆ ਸੀ। ਇਨ੍ਹਾਂ ਨੂੰ ਰੇਲਵੇ ਦੇ ਤਿੰਨ ਨੈਸਨਲ ਇਨਾਮ ਸਮੇਤ ਭਾਰਤ ਦੇ ਸਾਰੇ ਰੇਲਵੇ ਕਰਮਚਾਰੀਆਂ ਤੋਂ ਵੱਧ ਇਨਾਮ ਮਿਲੇ ਨੇ। ਇਸ ਮੌਕੇ ਗਦਰੀ ਸਹੀਦ ਊਧਮ ਸਿੰਘ ਵਿਚਾਰ ਮੰਚ ਦੇ ਬਲਬੀਰ ਚੰਦ ਲੌਂਗੋਵਾਲ, ਇਤਿਹਾਸਿਕਾਰ ਰਾਕੇਸ ਕੁਮਾਰ, ਅਨਿਲ ਕੁਮਾਰ, ਕੁਲਦੀਪ ਬੱਸੀ, ਪ੍ਰੇਮਸਰੂਪ ਛਾਜਲੀ, ਰਾਮਸਰੂਪ ਢੇਪਈ, ਦਾਤਾ ਸਿੰਘ ਸਮੇਤ ਹੋਰ ਕਈ ਮੌਜੂਦ ਸਨ

**ਰਾਕੇਸ ਕੁਮਾਰ**
9530503412



www.malwatires.ca
MALWA
TIRES & SERVICES LTD
NOW OPEN AT
UNIT - G, 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
403-899-1984
MOBILE
24/7 SERVICE
services@malwatires.com

# HOMELIFE SILVERCITY

REALTY INC., BROKERAGE

(Independently Owned and Operated)

# #7 CANADA WIDE

## BROKERAGE WITH HOMELIFE BRAND

## 2017 GROSS COMMISSION WISE

New Head Office

**905-913-8500**

50 COTTRELLE BLVD., UNIT 29, BRAMPTON

TEAM OF OVER 600 REALTORS

# HOMELIFE SILVERCITY

REALTY INC., BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS

*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY

# 905.913.8500

www.HomelifeSilvercityTeam.com

**BALJIT GARCHA**
BROKER OF RECORD
647.500.6500

**AJIT GARCHA**
BROKER / PRESIDENT
647.204.9500

Address:
11775 Bramalea Rd. Brampton






AMAR Developments
-Fully serviced 1/4, 1/2 Acre lots.
-Watch For upcoming Commercial Retail
CAMBRIDGE
Cambridge Park - Phase 3
Map & Lot Pricing
Manjit Duhra : 403-690-2885
Rani Duhra : 403-612-7881
Amar Duhra : 403-470-2627
#2 park Drive
T. 403-272-7665 |
F. 403-235-1977
www.amarltd.com
Box 36, Site 6, RR6 | Calgary, Alberta. T2M 4L5


Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500


Calgary Carpet Empire
PROVIDING BEST AND AFFORDABLE FLOORING
2935 19 St NE, Calgary, AB T2E 7A2 | sales@carpetempire.ca | www.carpetempire.ca
CALL FOR FREE ESTIMATES
(403) 510 1515
CARPET • HARDWOOD • LAMINATE • TILES
VINYL PLANKS • CARPET TILES • LINO • ETC.